# CONTENTS

## ARTICLES


| | | |
|---|---|---|
| 1. ਭਲੇ ਅਮਰਦਾਸ ਗੁਣ ਤੇਰੇ | ਪ੍ਰੋ. ਕਿਰਪਾਲ ਸਿੰਘ ਬਡੂੰਗਰ | 01-15 |
| 2. ਅਨੰਦੁ ਸਾਹਿਤ: ਵਸਤੂ ਮੂਲਕ ਅਧਿਐਨ | ਡਾ. ਮਹਿੰਦਰ ਕੌਰ ਗਿੱਲ | 16-39 |
| 3. UNIQUE ARE THY MERITS AND EULOGY AND SOLELY TO THEE BELONG | Dr. Gurnam Kaur | 40-51 |
| 4. ਸਹਿਜ ਅਤੇ ਸਹਿਜ ਅਵਸਥਾ (ਗੁਰ ਅਮਰਦਾਸ ਦੀ ਬਾਣੀ ਦੇ ਸੰਦਰਭ ਵਿਚ) | ਡਾ. ਗੁਲਜ਼ਾਰ ਸਿੰਘ ਕੰਗ | 52-62 |
| 5. ਗੁਰੂ ਅਮਰਦਾਸ: ਜੀਵਨ, ਰਚਨਾ ਅਤੇ ਸਿੱਖਿਆਵਾਂ | ਡਾ. ਪਰਮਵੀਰ ਸਿੰਘ | 63-89 |
| 6. ਗੁਰੂ ਅਮਰਦਾਸ ਬਾਣੀ ਦਾ ਅੰਤਰ-ਧਰਮ ਸੂਝ ਤੇ ਸਹਿਹੋਂਦ ਪ੍ਰਤੀ ਨਜ਼ਰੀਆ:ਇਕ ਅਧਿਐਨ | ਡਾ. ਅਮਰਜੀਤ ਸਿੰਘ | 90-107 |
| 7. 'ਗੁਰੁ ਬੈਠਾ ਅਮਰੁ ਸਰੂਪ ਹੋਇ' (ਗੁਰਿਆਈ ਅਤੇ ਜੋਤਿ ਦੇ ਵਿਸ਼ੇਸ਼ ਹਵਾਲੇ ਵਿਚ) | ਡਾ. ਤੇਜਿੰਦਰ ਪਾਲ ਸਿੰਘ | 108-124 |
| 8. ਗੁਰੂ ਅਮਰਦਾਸ ਅਤੇ ਗੋਇੰਦਵਾਲ ਸਾਹਿਬ | ਹਰਪ੍ਰੀਤ ਸਿੰਘ 'ਨਾਜ਼' | 125-142 |
| 9. ਗੁਰੂ ਅਮਰਦਾਸ ਦਾ ਜੀਵਨ ਚਰਿਤ੍ਰ: ਚਤੁ੍ਰਜੁਗੀ ਗ੍ਰੰਥ ਦੇ ਵਿਸ਼ੇਸ਼ ਸੰਦਰਭ ਵਿਚ | ਡਾ. ਕੁਲਵਿੰਦਰ ਸਿੰਘ | 143-155 |
| 10. ਗੁਰੂ ਅਮਰਦਾਸ ਦੀ ਬਾਣੀ ਵਿਚ ਪ੍ਰਤੀਕ ਅਭਿਵਿਅੰਜਨਾ | ਸੰਦੀਪ ਸਿੰਘ | 156-181 |
| 11. ਸਹਜ ਦਾ ਗੁਰਮਤਿ ਪਰਿਪੇਖ (ਗੁਰੂ ਅਮਰਦਾਸ ਦੀ ਬਾਣੀ ਦੇ ਸੰਦਰਭ ਵਿਚ) | ਹਰਵਿੰਦਰ ਸਿੰਘ | 182-190 |
| 12. ਗੁਰੂ ਅਮਰਦਾਸ ਇਕ ਆਦਰਸ਼ ਸਮਾਜ ਨਿਰਮਾਤਾ (ਮਹਿਮਾ ਪ੍ਰਕਾਸ਼ ਅਤੇ ਗੁਰ ਪ੍ਰਤਾਪ ਗ੍ਰੰਥ ਦੇ ਪ੍ਰਸੰਗ ਵਿਚ) | ਬੇਅੰਤ ਸਿੰਘ | 191-203 |

# ਭਲੇ ਅਮਰਦਾਸ ਗੁਣ ਤੇਰੇ

**ਪ੍ਰੋ. ਕਿਰਪਾਲ ਸਿੰਘ ਬਡੂੰਗਰ***

ਗੁਰੂ ਅਮਰਦਾਸ ਅਤਿ ਸੀਲ ਸੁਭਾਵ, ਨਿਮਰਤਾ, ਸੇਵਾ ਭਾਵ, ਇਕ ਰਸ ਭਗਤੀ ਦੇ ਧਾਰਨੀ ਮਨੁੱਖਤਾ ਦਾ ਭਲਾ ਸੋਚਣ ਵਾਲੇ ਤੇ ਗਰੀਬਾਂ ਦੁਖੀਆਂ ਲਈ ਅਥਾਹ ਹਮਦਰਦੀ ਰੱਖਣ ਵਾਲੇ, ਪਾਰਬ੍ਰਹਮ ਵਿਚ ਲੀਨ, ਗੁਰੂ ਅੰਗਦ ਦੇਵ ਤੋਂ ਬਾਅਦ ਗੁਰੂ ਨਾਨਕ ਦੇਵ ਦੀ ਚਲਾਈ ਗੱਦੀ 'ਤੇ ਬਿਰਾਜਮਾਨ ਹੋਣ ਵਾਲੇ ਤੀਜੇ ਪਾਤਸ਼ਾਹ ਸਨ। ਆਪ ਜੀ ਦਾ ਪ੍ਰਕਾਸ਼ 5 ਮਈ 1439 ਨੂੰ ਪਿੰਡ ਬਾਸਰਕੇ, ਜਿਲ੍ਹਾ ਅੰਮ੍ਰਿਤਸਰ ਵਿਚ ਬਾਬਾ ਤੇਜ਼ ਭਾਨ ਤੇ ਮਾਤਾ ਸੁਲੱਖਣੀ ਦੇ ਗ੍ਰਿਹਿ ਵਿਖੇ ਹੋਇਆ। 62 ਸਾਲ ਦੀ ਉਮਰ (ਸੰਨ 1541) ਵਿਚ ਆਪ ਗੁਰੂ ਅੰਗਦ ਦੇਵ ਦੀ ਸ਼ਰਨ ਵਿਚ ਆਏ ਤੇ ਲਗਭਗ 12 ਸਾਲ ਗੁਰੂ ਘਰ ਵਿਚ ਰਹਿ ਕੇ ਅਣਥਕ ਸੇਵਾ ਕੀਤੀ। 1552 ਈ. ਵਿਚ ਗੁਰੂ ਅੰਗਦ ਦੇਵ ਨੇ ਆਪ ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ। ਭੱਲ ਭੱਟ ਨੇ ਗੁਰੂ ਰੂਪ ਵਿਚ ਗੁਰੂ ਅਮਰਦਾਸ ਦੀ ਵਡਿਆਈ ਨੂੰ ਇਸ ਤਰ੍ਹਾਂ ਵਰਣਨ ਕੀਤਾ ਹੈ:

ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥
ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੁੋ ਗਾਵੈ॥
ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥[1]

(ਗੁਰੂ) ਅਮਰਦਾਸ ਸਰਗੁਣ ਭਗਤੀ ਤੋਂ ਨਿਰਗੁਣ ਭਗਤੀ ਵੱਲ ਪਰਵਰਤਿਤ ਹੋਏ ਕਿਉਂਕਿ ਆਪ ਪਹਿਲਾਂ ਹਰਿਦੁਆਰ ਗੰਗਾ ਇਸ਼ਨਾਨ ਲਈ ਜਾਂਦੇ ਸੀ। ਤਵਾਰੀਖ ਗੁਰੂ ਖ਼ਾਲਸਾ ਦੇ ਕਰਤਾ ਗਿਆਨੀ ਗਿਆਨ ਸਿੰਘ ਅਨੁਸਾਰ "ਜਦ ਵੀਹਵੀਂ ਵਾਰੀ ਗੰਗਾ ਇਸ਼ਨਾਨ ਕਰ ਮੁੜ ਪਰਗਣੇ ਮੁਲਾਣੇ (ਮੇਹੜੇ) ਪਿੰਡ ਦੇ ਬਾਗ ਵਿਚ ਬਿਰਾਜੇ ਹੋਏ ਸੇ ਤਾਂ ਇਕ ਦੁਰਗਾ ਦੱਤ ਪੰਡਿਤ ਸਮੁੰਦ੍ਰੀਕ ਕੇਵਲ ਵਿਦਯਾ ਦੇ ਗਿਆਤਾ ਨੇ ਏਨ੍ਹਾਂ ਦੇ ਚਰਨ ਵਿਚ ਪਦਮ ਦਾ ਚਿੰਨ੍ਹ ਦੇਖ ਕੇ ਆਖਿਆ ਤੁਸੀਂ ਵੱਡੇ ਪੂਜ ਮਾਨਨੀਕ ਪੁਰਖ ਹੋਕੇ ਪਾਤਸ਼ਾਹ ਸਦਾਓਗੇ, ਸੀਸ ਪਰ ਚੌਰ ਝੁਲੇਗਾ, ਰਾਜਾ ਪਰਜਾ ਤੁਹਾਨੂੰ ਨਜ਼ਰ ਭੇਟਾ ਦੇ ਕੇ ਮਿਲਿਆ ਕਰਨਗੇ। ਏਹ ਸੁਣ ਕੇ ਗੁਰੂ ਅਮਰਦਾਸ ਬੋਲੇ "ਜੋ ਕਰਤਾਰ ਦੀ ਰਜ਼ਾ" ਜਦ ਓਸ ਪੰਡਿਤ ਨੂੰ ਚਾਰ ਆਨੇ ਦੀ ਮਿਠਾਈ ਦੇਣ ਲੱਗੇ ਤਾਂ

***ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।**

ਓਸਨੇ ਸਹਿਜ ਸੁਭਾਵਕ ਪੁੱਛਿਆ – "ਆਪ ਦਾ ਗੁਰੂ ਕੌਣ ਹੈ?" ਓਨ੍ਹਾਂ ਆਖਿਆ ਗੁਰੂ ਤਾਂ ਅਜੇ ਕੋਈ ਨਹੀਂ ਲੱਭਾ, ਟੋਲ ਰਹੇ ਹਾਂ। ਪੰਡਤ ਨੇ ਆਖਯਾ ਨਿਗੁਰੇ ਦੇ ਹੱਥੋਂ ਮੈਂ ਕਦੇ ਕੁਛ ਨਹੀਂ ਲੀਤਾ, ਕਿਉਂਕਿ ਨਿਗੁਰੇ ਦਾ ਦਰਸ਼ਨ ਕਰਨਾ ਭੀ ਸ਼ਾਸਤ੍ਰ ਵਿਚ ਦੋਸ਼ ਲਿਖਿਆ ਹੈ। ਸੋ ਜਦੋਂ ਗੁਰੂ ਧਾਰੋਗੇ ਤਦ ਕੁਛ ਲਵਾਂਗਾ" ਤਾਂ ਉਸ ਦਿਨ ਤੋਂ (ਗੁਰੂ) ਅਮਰਦਾਸ ਗੁਰੂ ਦੀ ਭਾਲ ਵਿਚ ਲੱਗ ਗਏ ਅਤੇ ਜਦੋਂ ਆਪਣੀ ਭਰਾ ਦੀ ਨੂੰਹ ਬੀਬੀ ਅਮਰੋ (ਗੁਰੂ ਅੰਗਦ ਦੇਵ ਦੀ ਬੇਟੀ) ਤੋਂ ਮਾਰੂ ਰਾਗ ਦਾ ਇਹ ਸ਼ਬਦ ਸੁਣਿਆ:

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥
ਚਿਤ ਚੇਤਸਿ ਕੀ ਨਹੀ ਬਾਵਰਿਆ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥ ਰਹਾਉ ॥
ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥
ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥ [2]

ਇਹ ਸ਼ਬਦ ਸੁਣਦੇ ਸਾਰ ਹੀ ਮਨ ਵਿਚ ਆਸ ਜਾਗ ਪਈ ਅਤੇ ਬੀਬੀ ਅਮਰੋ ਨੂੰ ਨਾਲ ਲੈ ਕੇ ਗੁਰੂ ਅੰਗਦ ਦੇਵ ਦੀ ਸੇਵਾ ਵਿਚ ਹਾਜ਼ਰ ਹੋਏ। ਇਸ ਤਰ੍ਹਾਂ ਲਗਭਗ 12 ਸਾਲ ਸੇਵਾ ਸਿਮਰਨ ਕਰਦਿਆਂ ਗੁਰਤਾਗੱਦੀ ਦੀ ਦਾਤ ਪ੍ਰਾਪਤ ਹੋਈ।

ਗੁਰੂ ਅੰਗਦ ਦੇਵ ਨੇ ਗੁਰਬਾਣੀ ਨੂੰ ਗੁਰਮੁੱਖੀ ਅਖਰਾਂ ਵਿਚ ਲਿਖਣ ਦੀ ਪ੍ਰਥਾ ਆਰੰਭ ਕਰ ਦਿੱਤੀ ਸੀ। ਸਿੱਖਾਂ ਨੇ ਗੁਰਮੁਖੀ ਅਖਰਾਂ ਦਾ ਗਿਆਨ ਹਾਸਲ ਕਰਨਾ ਸ਼ੁਰੂ ਕਰ ਦਿੱਤਾ ਸੀ। ਗੁਰੂ ਅਮਰਦਾਸ ਨੇ ਸ਼ਬਦ ਗੁਰੂ ਦੇ ਸਿਧਾਂਤ ਅਤੇ ਗੁਰਬਾਣੀ ਦੀ ਮਹੱਤਤਾ ਨੂੰ ਦ੍ਰਿੜ੍ਹ ਕਰਵਾਇਆ। ਉਨ੍ਹਾਂ ਨੇ ਪਰਮਾਤਮਾ ਦੀ ਪ੍ਰਾਪਤੀ ਲਈ ਗੁਰਬਾਣੀ ਨੂੰ ਹੀ ਸਭ ਤੋਂ ਵੱਡਾ ਸਾਧਨ ਮੰਨਿਆ ਹੈ। ਆਪਣੀ ਬਾਣੀ ਵਿਚ ਗੁਰੂ ਜੀ ਨੇ ਸਿੱਖਾਂ ਨੂੰ ਵਾਰ ਵਾਰ ਬਾਣੀ ਪੜ੍ਹਨ ਦੀ ਤਾਕੀਦ ਕੀਤੀ ਹੈ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥ [3]



ਮਨ ਰੇ ਸਦਾ ਅਨੰਦੁ ਗੁਣ ਗਾਇ॥
ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ॥ [4]

ਗੁਰੂ ਜੀ ਨੇ ਦਸਿਆ ਹੈ ਕਿ ਗੁਰਬਾਣੀ ਸਿਰਫ ਪਰਮਾਤਮਾ ਦਾ ਗਿਆਨ ਹੀ ਨਹੀਂ ਦਿੰਦੀ ਇਹ ਪ੍ਰਤੱਖ ਤੌਰ 'ਤੇ ਧਰਤੀ ਉਤੇ ਪਰਮਾਤਮਾ ਦਾ ਰੂਪ ਵੀ ਹੈ। ਗੁਰਬਾਣੀ ਨਾਲ ਮਨ ਜੋੜ ਲੈਣਾ ਪਰਮਾਤਮਾ ਨੂੰ ਹਿਰਦੇ ਵਿਚ ਵਸਾਉਣਾ ਹੀ ਹੈ। ਇਸ ਲਈ ਹੋਰ ਕੋਈ ਵੀ ਮਨੁੱਖੀ ਗੁਰੂ, ਬ੍ਰਾਹਮਣ, ਜੋਗੀ, ਮੁਰਸ਼ਦ ਪੀਰ, ਦੇਵੀ ਦੇਵਤਾ ਤੇ ਅਵਤਾਰ ਪੈਗੰਬਰ ਗੁਰਬਾਣੀ ਦੇ ਤੁਲ ਨਹੀਂ ਹੈ। ਗੁਰਬਾਣੀ ਸਭ ਤੋਂ ਉੱਪਰ ਹੈ ਤੇ ਪੂਜਣ ਯੋਗ ਹੈ ਗੁਰੂ ਜੀ ਦਾ ਫੁਰਮਾਨ ਹੈ:

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥
ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥ [5]

ਪੁਰਾਤਨ ਕਾਲ ਤੋਂ ਹੀ ਸਾਰੀ ਦੁਨੀਆ ਵਿਚ ਇਸਤਰੀ ਦਾ ਦਰਜਾ ਮਰਦ ਤੋਂ ਘੱਟ ਸਮਝਿਆ ਜਾਂਦਾ ਰਿਹਾ ਹੈ। ਸਿਰਫ਼ ਸਿੱਖ ਧਰਮ ਹੀ ਇਕ ਅਜਿਹਾ ਧਰਮ ਹੈ ਜਿਸ ਵਿਚ ਇਸਤਰੀ ਨੂੰ ਮਰਦ ਦੇ ਬਰਾਬਰ ਥਾਂ ਦਿੱਤੀ ਗਈ ਹੈ। ਗੁਰੂ ਨਾਨਕ ਦੇਵ ਨੇ ਸਭ ਤੋਂ ਪਹਿਲਾ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ "[6] ਕਹਿਕੇ ਇਸਤਰੀ ਜਾਤੀ ਦੇ ਹੱਕ ਵਿਚ ਅਵਾਜ਼ ਉਠਾਈ ਅਤੇ ਇਸਤਰੀ ਨੂੰ ਬੁਰਾ ਸਮਝਣ ਦਾ ਖੰਡਨ ਕੀਤਾ ਹੈ। ਗੁਰੂ ਅੰਗਦ ਦੇਵ ਨੇ ਆਪਣੀ ਧਰਮ ਪਤਨੀ ਮਾਤਾ ਖੀਵੀ ਨੂੰ ਲੰਗਰ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ। ਗੁਰੂ ਅਮਰਦਾਸ ਨੇ ਵੀ ਇਸਤਰੀ ਜਾਤੀ ਦੇ ਉਥਾਨ ਲਈ ਕਈ ਠੋਸ ਯਤਨ ਕੀਤੇ। ਉਨ੍ਹਾਂ ਨੇ ਸਭ ਤੋਂ ਪਹਿਲਾਂ ਪਰਦੇ ਦੀ ਰਸਮ ਨੂੰ ਖਤਮ ਕੀਤਾ। ਗੁਰੂ ਜੀ ਦੇ ਦਰਬਾਰ ਵਿਚ ਇਸਤਰੀਆਂ ਨੂੰ ਪਰਦਾ ਕਰਨ ਦਾ ਹੁਕਮ ਨਹੀਂ ਸੀ।

ਇਸ ਤਰ੍ਹਾਂ ਗੁਰੂ ਅਮਰਦਾਸ ਦੇ ਇਸ ਪਰਉਪਕਾਰ ਸਦਕਾ ਪਰਦਾ ਪ੍ਰਥਾ ਦਾ ਖੰਡਨ ਕਰਨ ਨਾਲ ਇਸਤਰੀ ਜਾਤੀ ਨੂੰ ਮਰਦ ਦੀ ਬਰਾਬਰੀ ਅਤੇ ਅਜ਼ਾਦੀ ਨਾਲ ਸੰਗਤ ਵਿਚ ਵਿਚਰਕੇ, ਸੇਵਾ ਆਦਿ ਕਰਨ ਦੀ ਖੁਲ੍ਹ ਮਿਲ ਗਈ ਸੀ। ਉਸ ਵੇਲੇ ਵਿਧਵਾ ਇਸਤਰੀ ਦਾ ਦੁਬਾਰਾ ਵਿਆਹ ਨਹੀਂ ਸੀ ਕੀਤਾ ਜਾਂਦਾ ਪਰ ਮਰਦ ਕਰਵਾ ਸਕਦਾ ਸੀ। ਸਗੋਂ ਵਿਧਵਾ ਦਾ ਤਾਂ ਲੰਘਣਾ ਵੀ ਬੁਰਾ ਸ਼ਗਨ ਮੰਨਿਆ ਜਾਂਦਾ ਸੀ ਕਿਉਂਕਿ ਉਸ ਨੂੰ ਅਭਾਗਣ ਸਮਝਿਆ ਜਾਂਦਾ ਸੀ। ਗੁਰੂ ਨੇ ਵਿਧਵਾ ਇਸਤਰੀਆਂ ਦਾ ਵਿਆਹ ਕਰਨ ਦੀ ਰੀਤ ਦਾ ਆਰੰਭ ਕੀਤਾ। ਸਤੀ ਦੀ ਪ੍ਰਥਾ ਵੀ ਇਸਤਰੀ ਜਾਤੀ ਲਈ ਵੱਡੀ ਲਾਹਨਤ ਸੀ। ਇਸਤਰੀ ਦੀ ਮਰਜ਼ੀ ਦੇ ਖਿਲਾਫ਼ ਉਸਨੂੰ ਮਲੋ ਜ਼ੋਰੀ ਪਤੀ ਦੇ ਨਾਲ ਸੜਨ ਲਈ ਜਿਉਂਦੀ ਨੂੰ ਹੀ ਅੱਗ ਵਿਚ ਸੁੱਟ ਦਿੱਤਾ ਜਾਂਦਾ ਸੀ। ਗੁਰੂ ਨੇ ਸਤੀ ਦੀ ਰਸਮ ਨੂੰ ਵੀ ਬੰਦ ਕਰਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਅਜਿਹੀਆਂ ਇਸਤਰੀਆਂ ਨੂੰ ਸਤੀਆਂ ਨਹੀਂ ਮੰਨਿਆ। ਅਸਲ ਸਤੀ ਦਾ ਸਰੂਪ ਗੁਰੂ ਜੀ ਨੇ ਬਾਣੀ ਵਿਚ

ਇਸ ਤਰ੍ਹਾਂ ਦੱਸਿਆ ਹੈ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨਿਹ ਜਿ ਬਿਰਹੇ ਚੋਟ ਮਰੰਨ੍ਹਿ॥
ਭੀ ਸੋ ਸਤੀਆ ਜਾਣੀਅਨਿ੍ ਸੀਲ ਸੰਤੋਖਿ ਰਹੰਨ੍ਹਿ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥[7]

ਗੁਰੂ ਅਮਰਦਾਸ ਨੇ ਜਿਥੇ ਪਰਦੇ ਦੀ ਰਸਮ, ਵਿਧਵਾ ਵਿਆਹ, ਸਤੀ ਦੀ ਰਸਮ ਆਦਿ ਨੂੰ ਦੂਰ ਕੀਤਾ ਉਥੇ ਕੁੜੀ ਮਾਰ ਦਾ ਵੀ ਡੱਟ ਕੇ ਵਿਰੋਧ ਕੀਤਾ। ਗੁਰੂ ਜੀ ਦੇ ਸਮੇਂ ਲੜਕੀਆਂ ਨੂੰ ਬਦਸ਼ਗਨੀ ਅਤੇ ਪਰਿਵਾਰ ਉੱਤੇ ਬੋਝ ਸਮਝਕੇ ਸਮਾਜ ਦੇ ਲੋਕ ਜੰਮਦਿਆਂ ਹੀ ਮਾਰ ਦਿੰਦੇ ਸਨ ਬਦਕਿਸਮਤੀ ਨਾਲ ਵਰਤਮਾਨ ਵਿਚ ਵੀ ਇਹ ਬਿਮਾਰੀ ਭਰੂਣ ਹੱਤਿਆ ਦੇ ਰੂਪ ਵਿਚ ਪਰਵਰਤਿਤ ਹੋ ਗਈ ਹੈ, ਜਿਸ ਦਾ ਵਿਰੋਧ ਗੁਰੂ ਅਮਰਦਾਸ ਨੇ ਭਲੀ-ਭਾਂਤ ਕੀਤਾ ਸੀ:

ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥ [8]

ਗੁਰੂ ਅਮਰਦਾਸ ਨੇ ਜਿਥੇ ਅਨੇਕ ਸਮਾਜਿਕ ਬੁਰਾਈਆਂ ਦਾ ਡੱਟ ਕੇ ਵਿਰੋਧ ਕੀਤਾ ਉਥੇ ਮਨੁੱਖੀ ਸਰੀਰ ਅਤੇ ਦਿਮਾਗੀ ਸੰਤੁਲਨ ਦਾ ਘਾਣ ਕਰਨ ਵਾਲੀ ਸਮਾਜਿਕ ਬੁਰਾਈ ਨਸ਼ਿਆਂ ਤੋਂ ਰੋਕਣ ਲਈ ਵੀ ਪ੍ਰੇਰਿਤ ਕੀਤਾ:

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥ [9]

ਅਜਿਹੇ ਮਾਰੂ ਨਸ਼ੇ ਸਰੀਰ ਨੂੰ ਖੋਖਲੇ ਕਰ ਦਿੰਦੇ ਹਨ। ਨਸ਼ਿਆਂ ਵਿਚ ਗਲਤਾਨ ਹੋ ਕੇ ਮਨੁੱਖ ਨੂੰ ਆਪਣੇ ਸਰੀਰ ਨੂੰ ਫਜ਼ੂਲ ਖਰਾਬ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਮਨੁੱਖੀ ਸਰੀਰ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ। ਜਿਸ ਵਿਚ ਪਰਮਾਤਮਾ ਦਾ ਵਾਸਾ ਅਤੇ ਬੇਅੰਤ ਅਖੁੱਟ ਭੰਡਾਰਾ ਹੈ। ਅਜਿਹੇ ਮਨੁੱਖੀ ਸਰੀਰ ਨੂੰ ਗੁਰੂ ਅਮਰਦਾਸ ਜੀ ਨੇ ਹਰਿਮੰਦਰ ਦੀ ਸੰਗਿਆ ਦਿੱਤੀ ਹੈ:

ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥ [10]



(ਗੁਰੂ) ਅਮਰਦਾਸ ਨੇ ਆਪ ਲਗਭਗ 12 ਸਾਲ ਗੁਰੂ ਅੰਗਦ ਦੇਵ ਦੀ ਸੇਵਾ ਕੀਤੀ। ਜਿਸ ਸੱਦਕਾ ਗੁਰੂ ਜੀ ਨੂੰ ਇੱਕ ਸਾਲ ਬਾਅਦ ਇਕ ਸਿਰੋਪਾਓ ਦੀ ਬਖਸਿਸ਼ ਹੁੰਦੀ ਸੀ ਅਤੇ 12 ਸਾਲ ਸੇਵਾ ਕਰਨ ਉਪਰੰਤ ਜਦੋਂ ਗੁਰਿਆਈ ਦੀ ਦਾਤ ਪ੍ਰਾਪਤ ਹੋਈ ਉਸ ਸਮੇਂ ਗੁਰੂ ਅਮਰਦਾਸ ਨੂੰ 12 ਵਰ ਬਖਸਿਸ਼ ਕੀਤੇ। ਜਿਸ ਦਾ ਜ਼ਿਕਰ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਕੀਤਾ ਹੈ:

ਤੁਮਹੋ ਨਿਥਾਵਨ ਥਾਨ। ਕਰਿ ਹੋ ਨਿਮਾਨਹਿ ਮਾਨ।
ਬਿਨ ਓਟ ਕੀ ਤੁਮ ਓਟ। ਨਿਧਰੇਨ ਕੀ ਧਿਰ ਕੋਟ।
ਬਨ ਜੋਰ ਕੇ ਤੁਮ ਜੋਰ। ਸਮ ਕੋ ਨ ਹੈ ਤੁਮ ਹੋਰ।
ਬਿਨ ਧੀਰ ਕੋ ਬਡ ਧੀਰ। ਸਭਿ ਪੀਰ ਕੋ ਬਡ ਪੀਰ।
ਤੁਮ ਹੋ ਸੁ ਗਈ ਬਹੋੜ। ਨਰ ਬੰਧ ਕੋ ਤਿਹ ਛੋੜ।
ਘੜ ਭੰਨਿਬੇ ਸਮਰੱਥ ਜਗ। ਜਗ ਜੀਵਕਾ ਤੁਮ ਹੱਥ। [11]

ਗੁਰੂ ਅਮਰਦਾਸ ਨੇ ਬਾਣੀ ਵਿਚ ਗੁਰੂ ਦੀ ਸੇਵਾ ਕਰਨ 'ਤੇ ਬਹੁਤ ਜ਼ੋਰ ਦਿੱਤਾ ਹੈ। ਗੁਰੂ ਜੀ ਅਨੁਸਾਰ ਗੁਰੂ ਦੀ ਸੇਵਾ ਨਾਲ ਹੀ ਹਿਰਦਾ ਸ਼ੁਧ ਹੁੰਦਾ ਹੈ, ਹਉਮੈ ਦੂਰ ਹੁੰਦੀ ਹੈ ਤੇ ਪਰਮਾਤਮਾ ਦਾ ਨਾਮ ਮਨ ਵਿਚ ਵਸਦਾ ਹੈ। ਜੇ ਕੋਈ ਵੀ ਚਿਤ ਲਾ ਕੇ ਗੁਰੂ ਦੀ ਸੇਵਾ ਕਰੇਗਾ ਉਸਨੂੰ ਅਧਿਆਤਮ ਵਿਚ ਨਿਸਚੇ ਹੀ ਸਫਲਤਾ ਮਿਲੇਗੀ। ਗੁਰੂ ਜੀ ਫੁਰਮਾਉਂਦੇ ਹਨ:

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥
ਮਨ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥ [12]

ਗੁਰੂ ਇਸ ਸੰਸਾਰ ਦਾ ਭਲਾ ਕਰਨ ਵਾਲਾ ਤੇ ਗਿਆਨ ਦੇਣ ਵਾਲਾ ਹੈ। ਗੁਰੂ ਤੋਂ ਬਿਨਾ ਜੀਵ ਨਾ ਪਰਮਾਤਮਾ ਨੂੰ ਪਾ ਸਕਦਾ ਹੈ ਨਾ ਹੀ ਉਸ ਦੀ ਮੁਕਤੀ ਹੋ ਸਕਦੀ ਹੈ। ਜੀਵ ਦੇ ਸਾਰੇ ਦੁੱਖਾਂ ਦਾ ਦਾਰੂ ਤੇ ਮੁਕਤੀ ਦਾ ਦਾਤਾ ਗੁਰੂ ਹੀ ਹੈ। ਗੁਰੂ ਤੋਂ ਬੇਮੁਖ ਹੋ ਜਾਣ ਵਾਲੇ ਤੇ ਗੁਰੂ ਦੇ ਮਹੱਤਵ ਨੂੰ ਨਾ ਸਮਝਣ ਵਾਲੇ ਜੀਵਾਂ ਨੂੰ ਗੁਰੂ ਅਮਰਦਾਸ ਨੇ ਸਖਤ ਤਾੜਨਾ ਕੀਤੀ ਹੈ:

ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥
ਅਨਦਿਨ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ ॥
ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥[13]

ਇਹ ਸੰਸਾਰ ਆਦਿ ਕਾਲ ਤੋਂ ਹੀ ਨੇਕੀ ਤੇ ਬਦੀ ਦਾ ਖੇਤਰ ਰਿਹਾ ਹੈ। ਨੇਕੀ ਤੇ ਬਦੀ ਦੇ ਵਿਚਾਰ ਨੂੰ ਮੁਖ ਰਖਦੇ ਹੋਏ ਗੁਰਮਤਿ ਵਿਚ ਦੋ ਪ੍ਰਕਾਰ ਦੇ ਮਨੁੱਖ ਮੰਨੇ ਗਏ ਹਨ। ਇਕ ਨੇਕੀ ਦੀ ਪ੍ਰਤੀਨਿਧਤਾ ਕਰਦੇ ਹਨ ਇਹ ਗੁਰੂ ਦੀ ਆਗਿਆ ਵਿਚ ਰਹਿੰਦੇ ਹਨ ਇਨ੍ਹਾਂ ਨੂੰ ਗੁਰਮੁਖ ਕਿਹਾ ਗਿਆ ਹੈ। ਦੂਜੇ ਬਦੀ ਦਾ ਪ੍ਰਤੀਕ ਹਨ ਇਹ ਆਪਣੇ ਮਨ ਦੇ ਆਖੇ ਚਲਦੇ ਹਨ

ਇਨ੍ਹਾਂ ਲਈ ਮਨਮੁਖ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਗੁਰੂ ਅਮਰਦਾਸ ਨੇ ਗੁਰਮੁਖ ਅਤੇ ਮਨਮੁਖ ਦੋਵਾਂ ਦੇ ਚਰਿਤਰਾਂ ਵਿਚ ਅੰਤਰ ਨੂੰ ਬੜੀ ਸਪਸ਼ਟਤਾ ਨਾਲ ਦਰਸਾਇਆ ਹੈ ਅਤੇ ਦੋਵਾਂ ਦੇ ਵੇਰਵੇ ਸਹਿਤ ਲਛਣ ਵਰਣਨ ਕੀਤੇ ਹਨ। ਗੁਰਮੁਖ ਸਦਾ ਗੁਰੂ ਜੀ ਵੱਲੋਂ ਬਖਸਿਸ ਕੀਤੀ ਅੰਮ੍ਰਿਤ ਬਾਣੀ ਬੋਲਦੇ ਹਨ ਉਹ ਸਭ ਦੇ ਅੰਦਰ ਪਰਮਾਤਮਾ ਦੀ ਹੋਂਦ ਸਮਝਦੇ ਹਨ। ਉਨ੍ਹਾਂ ਦੇ ਜੀਵਨ ਦਾ ਅਧਾਰ ਸਚ ਹੁੰਦਾ ਹੈ। ਉਹ ਆਪਣਾ ਜਨਮ ਸਵਾਰਦੇ ਹਨ ਆਪਣੀ ਕੁਲ ਨੂੰ ਵੀ ਤਾਰਦੇ ਹਨ। ਗੁਰਮੁਖ ਪਰਮਾਤਮਾ ਨਾਲ ਮਿਲੇ ਹੋਣ ਕਰਕੇ ਕਦੇ ਬੁੱਢੇ ਨਹੀਂ ਹੁੰਦੇ। ਗੁਰੂ ਜੀ ਨੇ ਫੁਰਮਾਇਆ ਹੈ:

ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ॥
ਏਕੋ ਸੇਵਨਿ ਏਕੁ ਅਰਾਧਹਿ ਗੁਰਮੁਖਿ ਅਕਥ ਕਹਾਣੀ॥[14]
ਗੁਰਮੁਖ ਹਰਿ ਦਰਿ ਸੋਭਾ ਪਾਏ॥
ਗੁਰਮੁਖਿ ਵਿਚਹੁ ਆਪੁ ਗਵਾਏ॥
ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ॥[15]
ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ॥
ਗੁਰਮੁਖਿ ਸਚੁ ਕਮਾਵੈ ਕਰਣੀ॥
ਸਚ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ॥[16]
ਗੁਰਮੁਖਿ ਬੁਢੇ ਕਦੇ ਨਾਹੀਂ ਜਿਨ੍ਹਾ ਅੰਤਰਿ ਸੁਰਤਿ ਗਿਆਨੁ॥[17]

ਮਨਮੁਖ ਦਾ ਕਿਰਦਾਰ ਗੁਰਮੁੱਖ ਤੋਂ ਬਿਲਕੁਲ ਉਲਟ ਹੁੰਦਾ ਹੈ। ਗੁਰਮੁਖ ਗੁਰੂ ਦੀ ਸ਼ਰਨ ਵਿਚ ਰਹਿੰਦਾ ਹੈ। ਮਨਮੁਖ ਗੁਰੂ ਤੋਂ ਬੇਮੁੱਖ ਹੁੰਦਾ ਹੈ। ਮਨਮੁਖ ਦੇ ਮਨ ਵਿਚ ਦੁਰਮਤਿ ਤੇ ਅਹੰਕਾਰ ਭਰਿਆ ਹੁੰਦਾ ਹੈ। ਉਹ ਸਦਾ ਕੂੜ ਕੁਸੱਤ ਨੂੰ ਹੀ ਮੁੱਖ ਰੱਖਦਾ ਹੈ ਇਸ ਲਈ ਜੀਵਨ ਦੇ ਉਦੇਸ਼ ਨੂੰ ਭੁਲਕੇ ਕੁਰਾਹੇ ਭਟਕਦਾ ਰਹਿੰਦਾ ਹੈ। ਮਨਮੁਖ ਦੂਜਿਆਂ ਨੂੰ ਕੌੜਾ ਬੋਲਦਾ ਹੈ। ਮਨਮੁਖ ਬਹੁਤ ਕਠੋਰ ਚਿਤ ਹੁੰਦਾ ਹੈ ਉਸਦਾ ਕੋਈ ਕਿੰਨਾ ਭਲਾ ਕਰੇ ਉਸ ਦੇ ਅੰਦਰੋਂ ਜ਼ਹਿਰ ਖਤਮ ਨਹੀਂ ਹੁੰਦੀ। ਉਹ ਨਾਸ਼ੁਕਰਾ ਅਤੇ ਨਿਗੁਰਾ ਹੀ ਹੁੰਦਾ ਹੈ। ਮਨਮੁਖ ਆਪਣੇ ਆਪ ਨੂੰ ਬਹੁਤ ਚੰਗਾ ਸਮਝਦਾ ਹੈ, ਗੱਲਾਂ ਬਹੁਤ ਕਰਦਾ ਹੈ ਪਰ ਉਸਦੇ ਜੀਵਨ ਵਿਚ ਚੰਗਿਆਈ ਤੇ ਅਮਲ ਨਹੀਂ ਹੁੰਦਾ। ਮਨਮੁਖ ਨੂੰ ਬਾਣੀ ਦਾ ਗਿਆਨ ਨਹੀਂ ਹੁੰਦਾ ਨਾ ਉਨ੍ਹਾਂ ਨੂੰ ਗੁਰੂ ਦੇ ਬਚਨ ਤੇ ਵਿਸ਼ਵਾਸ ਹੁੰਦਾ ਹੈ। ਗੁਰੂ ਜੀ ਨੇ ਇਸ ਤਰ੍ਹਾਂ ਫੁਰਮਾਇਆ ਹੈ:

ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥
ਗੁਰਮੁਖ ਸਨਮੁਖੁ ਮਨਮੁਖਿ ਵੇਮੁਖੀਆ॥[1]
8 ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥



ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥
ਕੂੜੁ ਕੁਸਤੁ ਓਹੁ ਪਾਪ ਕਮਾਵੈ॥
ਕਿਆ ਓਹੁ ਸੁਣੈ ਕਿਆ ਆਖ ਸੁਣਾਵੈ॥[19]
ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ ॥[20]
ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥
ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ॥[21]
ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ ॥
ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ ॥
ਓਨਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ॥ [22]

ਮਨੁੱਖ ਦਾ ਰਿਸ਼ਤਾ ਪਰਮਾਤਮਾ ਨਾਲ ਜੋੜਨ ਲਈ ਗੁਰਬਾਣੀ ਵਿਚ ਸ਼ਬਦ ਗੁਰੂ ਦੇ ਮਹੱਤਵ ਨੂੰ ਪ੍ਰਗਟ ਕੀਤਾ ਗਿਆ ਹੈ। ਗੁਰਬਾਣੀ ਵਿਚ ਥਾਂ-ਥਾਂ ਸਿੱਖਾਂ ਨੂੰ ਸ਼ਬਦ ਨਾਲ ਹੀ ਜੁੜਨ ਦਾ ਉਪਦੇਸ਼ ਕੀਤਾ ਗਿਆ ਹੈ। ਅੱਜ ਵਾਂਗ ਉਸ ਸਮੇਂ ਵੀ ਕਈ ਦੰਭੀ ਲੋਕ ਵਡਿਆਈ ਕਰਵਾਉਣ ਲਈ ਆਪਣੇ ਆਪ ਨੂੰ ਗੁਰੂ ਸਦਾਉਂਦੇ ਸਨ। ਉਨ੍ਹਾਂ ਦੇ ਚੇਲੇ ਵੀ ਲੋਕਾਂ ਨੂੰ ਭਰਮਾਉਣ ਲਈ ਗੁਰੂ ਦੀ ਵਡਿਆਈ ਬਾਰੇ ਕੂੜ ਕਹਾਣੀਆਂ ਜੋੜ-ਜੋੜ ਦੇ ਲੋਕਾਂ ਨੂੰ ਸੁਣਾਉਂਦੇ ਸਨ। ਅੱਜ ਵੀ ਕਈ ਅਜਿਹੇ ਡੇਰੇਦਾਰ ਹਨ ਜੋ ਸਿਖ ਇਤਿਹਾਸ ਨੂੰ ਵਿਗਾੜ ਕੇ ਆਪਣੇ ਆਪ ਨੂੰ ਗੁਰੂ ਸਿੱਧ ਕਰਨ ਦਾ ਯਤਨ ਕਰਦੇ ਹਨ। ਅਜਿਹੇ ਗੁਰੂਆਂ ਦੇ ਚੇਲੇ ਥੋੜਾ ਬਹੁਤ ਧਨ ਦੇ ਬਦਲੇ ਉਨ੍ਹਾਂ ਦਾ ਝੂਠਾ ਪ੍ਰਚਾਰ ਕਰਦੇ ਰਹਿੰਦੇ ਹਨ। ਅਜਿਹੇ ਦੰਭੀ ਗੁਰੂ ਤੇ ਉਨ੍ਹਾਂ ਦੇ ਸਿੱਖ ਗਿਆਨ ਹੀਣ ਹੁੰਦੇ ਹਨ ਉਹ ਅਕਾਲ ਪੁਰਖ ਦੇ ਹੁਕਮ ਅਗੇ ਸਿਰ ਝੁਕਾਉਣ ਦੀ ਥਾਂ ਆਪਣੀ ਭੁਖ ਪੂਰੀ ਕਰਨ ਲਈ ਪਾਖੰਡ ਕਰਦੇ ਹਨ ਤੇ ਝੂਠ 'ਤੇ ਝੂਠ ਬੋਲਦੇ ਰਹਿੰਦੇ ਹਨ। ਗੁਰੂ ਜੀ ਨੇ ਅਜਿਹੇ ਗੁਰੂਆਂ ਤੇ ਸਿੱਖਾਂ ਦੀ ਸਖਤ ਨਿਖੇਧੀ ਕਰਦੇ ਹੋਏ ਫੁਰਮਾਇਆ ਹੈ:

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥ [23]

ਗੁਰੂ ਸਾਹਿਬਾਨ ਨੇ ਮਨੁੱਖ ਨੂੰ ਨਿਰੋਲ ਸਚ ਦਾ ਗਿਆਨ ਦ੍ਰਿੜ੍ਹ ਕਰਵਾਇਆ ਹੈ। ਗੁਰਮਤਿ ਅਨੁਸਾਰ ਗੁਰ-ਪਰਮੇਸਰ ਮਨੁੱਖ ਦੇ ਹਿਰਦੇ ਵਿਚ ਹੀ ਵਸਦਾ ਹੈ। ਉਸਦੀ ਪ੍ਰਾਪਤੀ ਲਈ ਬਾਹਰ ਭਟਕਣ ਦੀ ਜਾਂ ਪਾਖੰਡੀ ਲੋਕਾਂ ਦੀ ਮੁਹਤਾਜੀ ਕਰਨ ਦੀ ਲੋੜ ਨਹੀਂ। ਗੁਰੂ ਅਮਰਦਾਸ ਨੇ ਫੁਰਮਾਇਆ ਹੈ ਕਿ ਸਭ ਦਾ ਮੂਲ ਪਰਮਾਤਮਾ ਹੈ। ਮਨ ਆਪਣੇ ਮੂਲ ਨੂੰ ਪਛਾਣ ਕੇ ਹੀ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ। ਬਾਹਰੀ ਜਗਤ ਵਿਚ ਭਾਲ ਕਰਨ ਦੀ ਥਾਂ ਮਨੁੱਖ ਨੂੰ ਆਪਣੇ ਅੰਦਰ ਝਾਤੀ ਮਾਰਨੀ ਤੇ ਸੁਰਤ ਟਿਕਾਉਣੀ ਚਾਹੀਦੀ ਹੈ। ਹਰੀ-ਪ੍ਰਭੂ

ਸਦਾ ਹੀ ਮਨ ਦੇ ਨਾਲ-ਨਾਲ ਹੁੰਦਾ ਹੈ ਮਨੁੱਖ ਉਸਦੀ ਹੋਂਦ ਦਾ ਅਨੰਦੁ ਆਪਣੇ ਅੰਦਰ ਹੀ ਮਾਣ ਸਕਦਾ ਹੈ। ਗੁਰੂ ਜੀ ਨੇ ਇਸ ਮਹਾਂਵਾਕ ਰਾਹੀਂ ਇਹ ਸੋਝੀ ਦਿੱਤੀ ਹੈ:

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥[24]

ਗੁਰੂ ਅਮਰਦਾਸ ਨੇ ਗੁਰੂ ਕੇ ਲੰਗਰ ਦੀ ਪ੍ਰਥਾ ਨੂੰ ਹੋਰ ਮਜ਼ਬੂਤ ਕੀਤਾ। ਉਨ੍ਹਾਂ ਨੇ 'ਪਹਿਲੇ ਪੰਗਤ ਪਾਛੇ ਸੰਗਤ' ਦੀ ਮਰਿਆਦਾ ਸਥਾਪਤ ਕੀਤੀ। ਗੁਰੂ ਜੀ ਦੇ ਦਰਸ਼ਨਾਂ ਲਈ ਆਉਣ ਵਾਲੇ ਹਰ ਵਿਅਕਤੀ ਨੂੰ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਪੈਂਦਾ ਸੀ। ਗੁਰੂ ਜੀ ਦਾ ਆਸ਼ਾ ਸਭ ਨੂੰ ਇਕ ਪੰਗਤ ਵਿਚ ਲੰਗਰ ਛਕਾ ਕੇ ਜਾਤ-ਪਾਤ, ਛੂਤ-ਛਾਤ, ਵੱਡਾ-ਛੋਟਾ, ਊਚ-ਨੀਚ ਦੀ ਭਾਵਨਾ ਸੰਗਤ ਵਿਚੋਂ ਖਤਮ ਕਰਨਾ ਸੀ। ਬਾਦਸ਼ਾਹ ਅਕਬਰ ਨੂੰ ਵੀ ਗੁਰੂ ਅਮਰਦਾਸ ਦੇ ਸਮੇਂ ਗੁਰੂ ਘਰ ਵਿਚੋਂ ਲੰਗਰ ਛੱਕਣਾ ਪਿਆ ਸੀ। ਜਦੋਂ ਬਾਦਸ਼ਾਹ ਅਕਬਰ ਦਿੱਲੀ ਤੋਂ ਲਾਹੌਰ ਜਾ ਰਿਹਾ ਸੀ ਤਾਂ ਉਸ ਸਮੇਂ ਲਾਹੌਰ ਜਾਣ ਲਈ ਮੁੱਖ ਸੜਕ ਗੋਇੰਦਵਾਲ ਸਾਹਿਬ ਹੋ ਕੇ ਜਾਂਦੀ ਸੀ, ਰਸਤੇ ਵਿਚ ਜਦੋਂ ਬਾਦਸ਼ਾਹ ਅਕਬਰ ਨੇ ਸ੍ਰੀ ਗੁਰੂ ਅਮਰਦਾਸ ਦੇ ਦਰਸ਼ਨ ਕਰਨ ਦੀ ਇੱਛਾ ਜ਼ਾਹਰ ਕੀਤੀ ਤਾਂ ਬਾਦਸ਼ਾਹ ਨੂੰ ਵੀ ਗੁਰੂ ਘਰ ਦੀ ਮਰਿਆਦਾ "ਪਹਿਲੇ ਪੰਗਤ  ਪਾਛੇ ਸੰਗਤ" ਬਾਰੇ ਦੱਸਿਆ ਗਿਆ ਅਤੇ ਬਾਦਸ਼ਾਹ ਨੇ ਵੀ ਗੁਰੂ ਕਾ ਲੰਗਰ ਪੰਗਤ ਵਿਚ ਬੈਠ ਕੇ ਛੱਕਣ ਉਪਰੰਤ ਹੀ ਗੁਰੂ ਜੀ ਦੇ ਦਰਸ਼ਨ ਕੀਤੇ।

ਇਸ ਤਰ੍ਹਾਂ ਲੰਗਰ ਦੀ ਮਰਿਆਦਾ ਨਿਭਾਉਂਦੇ ਹੋਏ ਗੁਰੂ ਅਮਰਦਾਸ ਦੇ ਸਮੇਂ ਭਾਵੇਂ ਕੋਈ ਵੀ ਆ ਜਾਵੇ ਉਸ ਨੂੰ ਲੰਗਰ ਲਾਜ਼ਮੀ ਛੱਕਣਾ ਪੈਂਦਾ ਸੀ। ਬਾਦਸ਼ਾਹ ਅਕਬਰ ਵਾਲੀ ਘਟਨਾ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਵੀ ਇਸ ਤਰ੍ਹਾਂ ਕਰਦੇ ਹਨ, "ਸੰਮਤ 1622 ਬਿਕਰਮੀ (1565 ਈ.) ਨੂੰ ਅਕਬਰ ਬਾਦਸ਼ਾਹ ਲਾਹੌਰ ਵੱਲ ਆਯਾ ਤੇ ਬਿਆਸ ਲੰਘਕੇ ਗੋਇੰਦਵਾਲ ਲੰਗਰ ਦਾ ਕੜਾਹ ਪ੍ਰਸ਼ਾਦ ਛਕਕੇ ਗੁਰੂ ਜੀ ਦੇ ਦਰਸ਼ਨ ਪਾਏ, ਪੰਜ ਸੌ ਸੁੱਖਯਾਂ ਦੀ ਮੋਹਰ ਨਜ਼ਰ ਕੀਤੀ, ਫੇਰ ਵਜੀਰ ਨੂੰ ਆਖਣ ਲੱਗਾ ਪੀਰ ਦੇ ਦੰਦ ਦਾੜਾਂ ਨਹੀਂ ਰਹੇ ਤਾਹੀਂ ਹਲੂਆ ਖਾਂਦਾ ਹੈ, ਤਾਂ ਬਾਬੇ ਬੁੱਢਾ ਨੇ ਆਖਿਆ ਏਹ ਪ੍ਰਸ਼ਾਦ ਗਰੀਬਾਂ ਤੇ ਸਿੱਖਾਂ ਸਾਧਾਂ ਨੂੰ ਮਿਲਦਾ ਹੈ, ਪੀਰ ਤਾਂ ਕੇਵਲ ਓਗਰਾ ਛਕਦੇ ਹਨ। ਬਾਦਸ਼ਾਹ ਬੋਲਿਆ ਓਹੋ ਪ੍ਰਸ਼ਾਦ ਮੈਨੂੰ ਬਖਸ਼ੋ? ਬਾਬੇ ਜੀ ਨੇ ਸਵਾ ਮਣ ਤਿਆਰ ਕਰਾਕੇ ਬਾਦਸ਼ਾਹ ਦੇ ਡੇਰੇ ਭੇਜ ਦਿੱਤਾ। ਲਿਖਣਾ ਹੈ ਕਿ ਖਾਣਾ ਖਾਣ ਦੇ ਸਮੇਂ ਜਦ ਵਜੀਰਾਂ ਅਮੀਰਾਂ ਨਾਲ ਬੈਠਕ ਬਾਧਸ਼ਾਹ ਨੇ ਓਗਰਾ ਮੂੰਹ ਪਾਯਾ ਤਾਂ ਜਿਤਨੀਆਂ ਗ੍ਰਾਹੀਆਂ ਪਾਈਆਂ ਓਤਨੇ ਹੀ ਵਖਰੇ 2 ਸੁਆਦ ਆਏ, ਏਸੇ ਤਰ੍ਹਾਂ ਸਾਰਾ ਹੀ ਖਾ ਗਏ ਤੇ ਆਪਸ ਵਿਚ ਸੁਆਦ ਵਰਨਣ ਕਰਕੇ ਅਚਰਜ ਹੋ ਰਹੇ। ਵਜੀਰ ਅੱਬੁਲ ਫਜ਼ਲ ਨੇ ਕਿਹਾ ਏਸ ਓਗਰੇ ਵਿਚ ਸ਼ਾਇਦ ਅੰਮ੍ਰਤੀ ਜੜ੍ਹੀ ਯਾ ਰਸਾਇਣੀ ਕੁਸ਼ਤਾ ਹੈ ਜੋ ਏਤਨਾ ਸ੍ਵਾਦ ਤੇ



ਤਾਕਤਵਰ ਹੈ। ਅਮੀਰ ਬੋਲੇ ਹਾਂ ਬੇਸ਼ਕ ਐਸੀਆਂ ਚੀਜ਼ਾਂ ਏਹੋ ਜੇਹੇ ਸਾਮਰਥ ਫਕੀਰਾਂ ਪਾਸ ਹੁੰਦੀਆਂ ਭੀ ਹਨ, ਬਾਦਸ਼ਾਹ ਨੂੰ ਪੁੱਛਣ ਦਾ ਪ੍ਰੇਮ ਜਾਗਿਆ, ਤੀਸਰੇ ਪਹਿਰ ਗੁਰੂ ਜੀ ਦੇ ਦਰਸ਼ਨ ਨੂੰ ਆਯਾ ਅਤੇ ਗੁਰੂ ਸਾਹਿਬ ਦੇ ਲੰਗਰ ਦੇਣ ਦੀ ਮਹਿਮਾ ਸੁਣਕੇ ਬਹੁਤ ਖੁਸ਼ੀ ਹੋਯਾ, ਬਾਰਾਂ ਪਿੰਡ ਪ੍ਰਗਣੇ ਚੁਭਾਲ ਦਾ ਪਟਾ ਲਿਖਵਾਕੇ ਗੁਰੂ ਜੀ ਦੀ ਭੇਟਾ ਕੀਤਾ, ਪਰ ਗੁਰੂ ਸਾਹਿਬ ਨੇ ਜਾਗੀਰ ਨੂੰ ਕਲੇਸ਼ ਤੇ ਪਰਾਧੀਨਤਾ ਦਾ ਭੰਡਾਰ ਸਮਝ ਕੇ ਲੈਣ ਤੋਂ ਜਵਾਬ ਦੇਕੇ ਆਖਿਆ ਏਹ ਲੰਗਰ ਭੀ ਬਾਦਸ਼ਾਹ ਦਾ ਹੈ, ਅਸੀਂ ਏਤਨਾਂ ਹੀ ਵੰਡਣ ਦੀ ਸ਼ਕਤੀ ਰੱਖਦੇ ਹਾਂ, ਅੱਧਕ ਪਕਾਉਂਣਾ ਵੰਡਣਾ ਭਾਰ ਮਲੂਮ ਹੁੰਦਾ ਹੈ।

ਬਾਦਸ਼ਾਹ ਅਕਬਰ ਨੇ ਆਖਿਆ ਜੇ ਆਪ ਨਹੀਂ ਲੈਂਦੇ ਤਾਂ ਜੈਸੀ ਆਪ ਦੀ ਬੇਟੀ ਬੀਬੀ ਭਾਨੀ ਹੈ ਤੈਸੀ ਹੀ ਮੇਰੀ ਹੈ ਅਸੀਂ ਓਸ ਨੂੰ ਦਿੱਤਾ।" ਇਸ ਤਰ੍ਹਾਂ 84 ਪਿੰਡਾਂ ਦੀ ਜਗੀਰ ਬੀਬੀ ਭਾਨੀ ਦੇ ਨਾਂ ਲਗਵਾ ਕੇ ਬਾਦਸ਼ਾਹ ਅਕਬਰ ਨੇ ਗੁਰੂ ਘਰ ਦੀ ਪ੍ਰਸੰਨਤਾ ਪ੍ਰਾਪਤ ਕੀਤੀ।

ਗੁਰੂ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਤਿਆਰ ਕਰਵਾਈ। ਇਸ ਵਿਚ ਇਸ਼ਨਾਨ ਕਰਨ ਦੀ ਸਭ ਨੂੰ ਖੁਲ੍ਹ ਸੀ। ਇਸ ਤਰ੍ਹਾਂ ਗੁਰੂ ਜੀ ਨੇ ਮਨੁੱਖੀ ਏਕਤਾ ਤੇ ਭਾਈਚਾਰੇ ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ ਅਤੇ ਇਸ ਦੇ ਨਾਲ ਹੀ ਸਿੱਖ ਸੰਗਤ ਦੀ ਜੱਥੇਬੰਦੀ ਨੂੰ ਮਜਬੂਤ ਅਤੇ ਆਪਸੀ ਪ੍ਰੇਮ-ਭਾਵ ਪੈਦਾ ਕਰਨ ਲਈ ਭਾਈ ਪਾਰੋ-ਜੁਲਕਾ ਆਦਿ ਗੁਰਸਿੱਖਾਂ ਦੀ ਬੇਨਤੀ ਅਨੁਸਾਰ ਵੈਸਾਖੀ ਦਾ ਮੇਲਾ 'ਗੋਇੰਦਵਾਲ ਸਾਹਿਬ' ਮਨਾਉਣਾ ਆਰੰਭ ਕੀਤਾ। ਸਿੱਖ ਵਿਦਵਾਨਾਂ ਅਨੁਸਾਰ ਗੋਇੰਦਵਾਲ  ਸਾਹਿਬ ਨੂੰ ਸਿੱਖੀ ਦਾ ਧੁਰਾ ਮੰਨਿਆ ਜਾਂਦਾ ਹੈ। ਗੁਰੂ ਰਾਮਦਾਸ ਨੇ ਗੁਰੂ ਅਮਰਦਾਸ ਦਾ ਬਚਨ ਮੰਨ ਕੇ ਹੀ ਨਵਾਂ ਨਗਰ ਅੰਮ੍ਰਿਤਸਰ ਵਸਾਇਆ ਸੀ। ਇਹ ਅਸਥਾਨ ਅੱਜ ਸਿੱਖ ਧਰਮ ਦਾ ਮੁੱਖ ਕੇਂਦਰ ਹੈ। ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਚੋਣਵੇਂ ਸਿੱਖਾਂ ਨੂੰ ਵੀ ਜ਼ਿੰਮੇਵਾਰੀ ਦਿੱਤੀ। ਉਨ੍ਹਾਂ ਨੇ ਦੂਰ ਦੁਰਾਡੇ ਇਲਾਕਿਆਂ ਵਿਚ ਸਿੱਖੀ ਦਾ ਪ੍ਰਸਾਰ ਤੇ ਪ੍ਰਚਾਰ ਕਰਨ ਹਿਤ 22 ਮੰਜੀਆਂ ਸਥਾਪਤ ਕੀਤੀਆਂ। ਜਿਹਨਾਂ ਦਾ ਵੇਰਵਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਸ ਤਰ੍ਹਾਂ ਦਿੱਤਾ ਗਿਆ ਹੈ:

ਅੱਲਾਯਾਰ (ਲਾਹੌਰ), ਸੱਚਨ ਸੱਚ (ਲਾਹੌਰ), ਸਾਧਾਰਨ (ਗੋਇੰਦਵਾਲ), ਸਾਵਣ ਮੱਲ (ਗੋਇੰਦਵਾਲ), ਸੁੱਖਣ (ਧਮਿਆਲ), ਹੰਦਾਲ (ਜੰਡਿਆਲਾ), ਕੇਦਾਰੀ (ਵਟਾਲਾ), ਖੇਡਾ (ਖੇਮਕਰਨ), ਗੰਗੂਸ਼ਾਹ (ਗੜ੍ਹਸ਼ੰਕਰ), ਦਰਬਾਰੀ (ਮਜੀਠਾ), ਪਾਰੋ ਜੁਲਕਾ (ਡੱਲਾ), ਫੇਰਾ (ਮੀਰਾਪੁਰ-ਜੰਮੂ), ਬੂਆ (ਹਰਿਗੋਬਿੰਦਪੁਰ), ਬੇਣੀ (ਚੂਹਣੀਆਂ-ਲਾਹੌਰ), ਮਹੇਸਾ (ਸੁਲਤਾਨਪੁਰ), ਮਾਈਦਾਸ (ਨਰੋਲੀ), ਮਾਣਕਚੰਦ (ਵੈਰੋਵਾਲ), ਮਥੋ ਮੁਰਾਰੀ (ਖਾਈ ਪਿੰਡ-ਲਾਹੌਰ), ਰਾਜਾਰਾਮ (ਪਿੰਡ ਸੰਧਮਾ  ਜਲੰਧਰ) ਰੰਗਸ਼ਾਹ (ਮੱਲੂਪੋਤਾ  ਜਲੰਧਰ), ਰੰਗਦਾਸ (ਘੜੂੰਆਂ), ਲਾਲੋ (ਡੱਲਾ)।

ਗੁਰੂ ਅਮਰਦਾਸ ਨੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਕਈ ਅਸਥਾਨਾਂ ਦੀ ਯਾਤਰਾਵਾਂ ਵੀ ਕੀਤੀਆਂ। ਜਿਸ ਦਾ ਜ਼ਿਕਰ ਗੁਰੂ ਰਾਮਦਾਸ ਨੇ ਰਾਗ ਤੁਖਾਰੀ ਵਿਚ ਕੀਤਾ ਹੈ:

ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥
ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ ॥
ਦੇਖਣਿ ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ ॥
ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ ॥
ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ ॥
ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥
ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥
ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ ॥
ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ ॥
ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥
ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭ ਛੁਟਕਿ ਗਇਆ ॥
ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ ॥
ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ ॥
ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ ਸਭ ਭਾਗਿ ਸਤਿਗੁਰ ਪਿਛੈ ਪਈ ॥
ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ ਭੰਨਿ ਬੋਲਕਾ ਸਭਿ ਉਠਿ ਗਇਆ ॥
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥ [25]

ਇਥੇ ਇਹ ਸਪੱਸਟ ਕਰਨਾ ਲਾਜ਼ਮੀ ਹੈ ਕਿ ਗੁਰੂ ਜੀ ਦਾ ਤੀਰਥਾਂ 'ਤੇ ਜਾਣਾ ਲੋਕਾਂ ਵਿਚ ਪਏ ਹੋਏ ਕਰਮਕਾਂਡੀ ਭਰਮ ਭੁਲੇਖੇ ਦੂਰ ਕਰਕੇ ਕੇਵਲ ਜੀਆਂ ਦੇ ਭਲੇ ਲਈ ਸੀ। ਜਿਸ ਦਾ ਜ਼ਿਕਰ ਇਸ ਤਰ੍ਹਾਂ ਹੈ:

ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥ [26]

ਆਪਣੀ ਯਾਤਰਾ ਦੌਰਾਨ ਗੁਰੂ ਅਮਰਦਾਸ ਸਭ ਤੋਂ ਪਹਿਲਾਂ ਕੁਰਕਸ਼ੇਤਰ ਪਹੁੰਚੇ ਜਿਥੇ ਉਨ੍ਹਾਂ ਦੀ ਗੋਸ਼ਟੀ ਜੋਗੀ, ਜੈਨੀ, ਸੰਨਿਆਸੀ ਅਤੇ ਛੇ ਦਰਸ਼ਨਾਂ ਦੇ ਧਾਰਨੀਆਂ ਨਾਲ ਹੋਈ।ਉਪਰੰਤ ਆਪ ਜੀ ਯਮੁਨਾ, ਗੰਗਾ (ਹਰਿਦੁਆਰ) ਆਦਿ ਅਸਥਾਨਾਂ 'ਤੇ ਗਏ ਅਤੇ ਯਾਤਰਾ ਟੈਕਸ ਨੂੰ



ਖਤਮ ਕੀਤਾ ਅਤੇ ਗੁਰਮਤਿ ਦਾ ਪ੍ਰਚਾਰ ਕੀਤਾ।

ਗੁਰੂ ਅਮਰਦਾਸ ਦੇ ਸਮੇਂ ਬੇਅੰਤ ਸਿੱਖਾਂ ਨੇ ਸਿੱਖੀ ਧਾਰਨ ਕੀਤੀ। ਜਿਨ੍ਹਾਂ ਦੀ ਗਿਣਤੀ ਕਰਨੀ ਔਖੀ ਹੈ ਪਰ ਫਿਰ ਵੀ ਭਾਈ ਗੁਰਦਾਸ ਨੇ ਕੁਝ ਵਿਸੇਸ਼ ਸਿੱਖਾਂ ਦਾ ਜ਼ਿਕਰ ਆਪਣੀ ਗਿਆਰਵੀਂ ਵਾਰ ਵਿਚ ਕੀਤਾ ਹੈ, ਜਿਹਨਾਂ ਵਿਚੋਂ ਭਾਈ ਪ੍ਰਿਥੀ ਮੱਲ, ਤੁਲਸਾ ਭੱਲਾ, ਮੱਲਣ, ਰਾਮੂ, ਦੀਪਾ ਉਗ੍ਰਸੈਣ, ਨਾਗਉਰੀ, ਮੋਸਣੁ, ਰਾਮੂ, ਮਹਿਤਾ, ਅਮਰੂ, ਗੋਪੀ, ਸਹਾਰੂ, ਗੰਗੂ, ਖਾਨੁ ਛੁਰਾ, ਤਾਰੂ, ਉਗਰੂ, ਨੰਦੂ ਸੂਦ, ਪੂਰੋ ਝੰਟਾ, ਮਲੀਆ, ਪਾਂਧਾ, ਬੂਲਾ ਆਦਿ ਸਿੱਖ ਡੱਲੇ ਨਿਵਾਸੀ ਹੋਏ:

ਪਿਰਥੀ ਮਲ ਤੁਲਸਾ ਭਲਾ ਮਲਣ ਗੁਰ ਸੇਵਾ ਹਿਤਕਾਰੀ ॥
ਰਾਮੂ ਦੀਪਾ ਉਗ੍ਰਸੈਣੁ ਨਾਗਉਰੀ ਗੁਰ ਸਬਦ ਵੀਚਾਰੀ ॥
ਮੋਸਣੁ ਰਾਮੂ ਮਹਤਿਆ ਅਮਰੂ ਗੋਪੀ ਹਉਮੈ ਮਾਰੀ ॥
ਸਹਾਰੂ ਗੰਗੂ ਭਲੇ ਭਾਗੂ ਭਗਤੁ ਭਗਤਿ ਹੈ ਪਿਆਰੀ ॥
ਖਾਨੁ ਛੁਰਾ ਤਾਰੂ ਤਰੇ ਵੇਗਾ ਪਾਸੀ ਕਰਣੀ ਸਾਰੀ ॥
ਉਗਰੂ ਨੰਦੂ ਸੂਦਨਾ ਪੂਰੋ ਝੰਟਾ ਪਾਰਿ ਉਤਾਰੀ ॥
ਮਲੀਆ ਸਹਾਰੂ ਭਲੇ ਛੀਂਬੇ ਗੁਰ ਦਰਗਹ ਦਰਬਾਰੀ ॥
ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ ॥
ਡਲੇ ਵਾਸੀ ਸੰਗਤਿ ਭਾਰੀ ॥ [27]

ਗੁਰੂ ਅਮਰਦਾਸ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 17 ਰਾਗਾਂ ਵਿਚ 869 ਸ਼ਬਦ (ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ) ਦਰਜ ਹਨ ਜਿਹਨਾਂ ਵਿਚ ਚਾਰ ਵਾਰਾਂ (ਗੂਜਰੀ, ਸੂਹੀ, ਰਾਮਕਲੀ, ਮਾਰੂ) ਅਨੰਦ ਸਾਹਿਬ, ਪੱਟੀ, ਅਲਾਹਣੀਆਂ, ਤਿਥੀ, ਵਾਰ ਸਤ ਆਦਿ ਮੁੱਖ ਬਾਣੀਆਂ ਵੀ ਸ਼ਾਮਲ ਹਨ। ਇਥੇ ਗੁਰੂ ਜੀ ਦੀਆਂ ਮੁੱਖ ਬਾਣੀਆਂ ਦਾ ਜ਼ਿਕਰ ਕਰਨਾ ਲਾਜ਼ਮੀ ਬਣਦਾ ਹੈ।

**ਅਨੰਦੁ ਸਾਹਿਬ:**

ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਰਾਗ ਵਿਚ 917 ਤੋਂ 922 ਅੰਗ ਤਕ ਦਰਜ ਹੈ। ਜਿਸ ਦੀਆਂ 40 ਪਉੜੀਆਂ ਹਨ। ਇਹ ਬਾਣੀ ਹਰ ਖੁਸ਼ੀ-ਗਮੀ ਦੇ ਅਵਸਰ 'ਤੇ ਰੋਜ਼ਾਨਾ ਸਮਾਗਮਾਂ ਦੇ ਭੋਗ ਦੇ ਸਮੇਂ (6 ਪਉੜੀਆਂ) ਪੜੀ ਜਾਂਦੀ ਸੀ ਅਤੇ ਨਿਤਨੇਮ ਤੇ ਅੰਮ੍ਰਿਤ ਸੰਚਾਰ ਸਮੇਂ ਇਸ ਦੇ ਪਠਨ-ਪਾਠਨ ਦੀ ਮਰਿਆਦਾ ਹੈ। ਅਨੰਦੁ ਦਾ ਅਰਥ ਹੈ ਖੁਸ਼ੀ, ਪ੍ਰਸੰਨਤਾ ਆਦਿ ਪਰ ਇਹ ਖੁਸ਼ੀ ਜਾਂ ਅਨੰਦੁ ਦੁਨਿਆਵੀ ਅਨੰਦ ਤੋਂ ਸ੍ਰੇਸ਼ਠ ਹੈ। ਇਹ "(SUPREME BLISS) ਹੈ। ਜੋ ਸਤਿਗੁਰੂ ਦੀ ਪ੍ਰਾਪਤੀ ਅਤੇ ਉਸ ਨਾਲ ਓਤ ਪੋਤਿ ਹੋਣਾ

ਹੀ ਪ੍ਰਾਪਤੀ ਹੁੰਦੀ ਹੈ:

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥ [28]
ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥ [29]

ਇਸ ਅਨੰਦੁ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਦੁਆਰਾ ਹੁੰਦੀ ਹੈ। ਅਨੰਦੁ ਇਕ ਅਦਰਸ਼ਮਈ ਅਨੁਭਵੀ ਅਵਸਥਾ ਹੈ ਜੋ ਪ੍ਰਭੂ ਨਾਲ ਇਕ ਸੁਰ ਹੋ ਕੇ ਪ੍ਰਾਪਤ ਹੁੰਦੀ ਹੈ। ਇਸ ਦੀ ਅੰਤਲੀ ਪਉੜੀ ਵਿਚ ਮਹਾਤਮ ਦਰਸਾਇਆ ਗਿਆ ਹੈ:

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥ [30]

**ਪਟੀ:**

ਪਟੀ ਇਕ ਕਾਵਿ ਰੂਪ ਹੈ ਜੋ ਉਸ ਤਖਤੀ ਨੂੰ ਕਹਿੰਦੇ ਹਨ ਜਿਸ ਉੱਤੇ ਬੱਚੇ ਵਰਨਮਾਲਾ ਲਿੱਖਣਾ ਸਿੱਖਦੇ ਹਨ। ਇਸ ਰਵਾਇਤ ਅਨੁਸਾਰ ਹੀ ਇਸ ਬਾਣੀ ਨੂੰ ਪੰਜਾਬੀ ਭਾਸ਼ਾ ਵਿਚ ਪਟੀ ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਟੀ ਸਿਰਲੇਖ ਹੇਠ ਆਸਾ ਰਾਗ ਵਿਚ ਦੋ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ। ਪਹਿਲੀ ਗੁਰੂ ਨਾਨਕ ਦੇਵ ਦੀ ਜੋ 432 ਤੋਂ 434 ਅੰਗ ਤਕ ਹੈ। ਜਿਸ ਦੇ 35 ਪਦੇ ਹਨ। ਦੂਜੀ ਪਟੀ ਬਾਣੀ ਗੁਰੂ ਅਮਰਦਾਸ ਦੀ 434 ਤੋਂ 435 ਅੰਗ ਤਕ ਹੈ। ਜਿਸ ਦੇ 18 ਪਦੇ ਹਨ। ਇਸ ਦੀ ਰਹਾਉ ਦੀ ਪੰਗਤੀ ਹੈ:

ਮਨ ਐਸਾ ਲੇਖਾ ਤੂੰ ਕੀ ਪੜਿਆ॥
ਲੇਖਾ ਦੇਣਾ ਤੇਰੈ ਸਿਰਿ ਰਹਿਆ॥ [31]

ਇਸ ਦਾ ਭਾਵ ਹੈ ਕਿ ਇਸ ਅਖਰੀ ਗਿਆਨ ਨਾਲ ਮਨੁੱਖ ਦਾ ਲੇਖਾ ਨਹੀਂ ਮੁੱਕਦਾ ਇਸ ਲਈ ਗੁਰੂ ਜੀ ਨੇ ਦੁਨਿਆਵੀ ਲੇਖੇ ਮੁਕਾਉਣ ਲਈ ਸੱਚੇ ਗਿਆਨ ਦੀ ਬਖਸਿਸ਼ ਕੀਤੀ।

**ਅਲਾਹੁਣੀਆਂ:**

ਉਸ ਸਮੇਂ ਸਮਾਜ ਅੰਦਰ ਬੰਦੇ ਦੇ ਮਰਨ ਉਪਰੰਤ ਕੀਰਨੇ (ਸੋਗਮਈ ਰੋਣਾ) ਪਾਏ ਜਾਂਦੇ ਸਨ ਗੁਰੂ ਜੀ ਨੇ ਅਲਾਹੁਣੀਆਂ ਸਿਰਲੇਖ ਹੇਠ ਬਾਣੀ ਦਰਜ ਕਰਕੇ ਮਨੁੱਖ ਨੂੰ ਜਿੰਦਗੀ



ਅਤੇ ਮੌਤ ਦੇ ਰਹੱਸ ਦਾ ਗਿਆਨ ਕਰਾਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਲਾਹੁਣੀਆਂ ਸਿਰਲੇਖ ਹੇਠ ਸ੍ਰੀ ਗੁਰੂ ਨਾਨਕ ਦੇਵ ਦੇ ਵਡਹੰਸ ਰਾਗ ਵਿਚ 578 ਤੋਂ 582 ਅੰਗ ਤਕ ਪੰਜ ਸ਼ਬਦ ਦਰਜ ਹਨ ਅਤੇ ਇਸ ਦੇ ਨਾਲ ਹੀ ਗੁਰੂ ਅਮਰਦਾਸ ਦੇ 582 ਤੋਂ 585 ਅੰਗ ਤਕ ਚਾਰ ਸ਼ਬਦ ਦਰਜ ਹਨ। ਭਾਵੇਂ ਇਸ ਦਾ ਸਿਰਲੇਖ ਅਲਾਹੁਣੀਆਂ ਨਹੀਂ ਪਰ ਇਹਨਾਂ ਸ਼ਬਦਾਂ ਨੂੰ ਅਲਾਹੁਣੀਆਂ ਦਾ ਨਾਮ ਹੀ ਦਿੱਤਾ ਜਾਂਦਾ ਹੈ। ਇਸ ਬਾਣੀ ਵਿਚ ਗੁਰੂ ਅਮਰਦਾਸ ਨੇ ਅਗਿਆਨੀ ਮਨੁੱਖ ਨੂੰ ਸੁਚੇਤ ਕੀਤਾ ਹੈ ਅਤੇ ਵਿਯੋਗ ਦੀ ਸਹੀ ਅਵਸਥਾ ਨੂੰ ਵੀ ਸਪੱਸ਼ਟ ਕੀਤਾ ਹੈ ਅਤੇ ਇਸ ਦੇ ਨਾਲ ਹੀ ਸ਼ਬਦ ਦੀ ਪ੍ਰਧਾਨਤਾ ਪ੍ਰਗਟਾਈ ਹੈ:

ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ॥
ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ॥ [32]

**ਵਾਰ ਸਤ:**

ਵਾਰ ਸਤ ਨੂੰ ਸਤਵਾਰਾ ਵੀ ਕਿਹਾ ਜਾਂਦਾ ਹੈ। ਸਤਵਾਰੇ ਦਾ ਭਾਵ ਹੈ ਸਪਤਾਹ ਦੇ ਸੱਤ ਦਿਨ। ਵਾਰ ਸਤ ਸਿਰਲੇਖ ਅਧੀਨ ਗੁਰੂ ਅਮਰਦਾਸ ਦੀ ਬਾਣੀ ਬਿਲਾਵਲ ਰਾਗ ਵਿਚ 841 ਤੋਂ 843 ਅੰਗ ਤਕ ਦਰਜ ਹੈ। ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ, "ਸਤਵਾਰਾ ਬਾਰਾਮਾਹਾ ਸਤ ਦਿਨਾਂ ਬਾਰੇ ਗਿਆਨ ਦਿਤਾ ਹੈ ਕਿ ਸਮਝਾਇਆ ਹੈ ਕਿ ਕੋਈ ਦਿਨ ਮਾੜਾ ਜਾਂ ਚੰਗਾ ਨਹੀਂ ਹੈ ਇਹ ਮਨੁੱਖੀ ਮਨ ਦਾ ਭੁਲੇਖਾ ਹੈ ਜੋ ਕਰਮ-ਕਾਂਡੀਆਂ ਵਲੋਂ ਫੈਲਾਇਆ ਹੋਇਆ ਹੈ। ਹਰ ਇਕ ਵਾਰ ਨੂੰ ਲੈ ਕੇ ਦਸਦੇ ਹਨ ਕਿ ਮਨੁੱਖ ਨੂੰ ਹਰੀ ਆਪ ਹੀ ਆਪਣੇ ਪਾਸੇ ਲਗਾਉਂਦਾ ਹੈ। ਇਹ ਗੱਲ ਗੁਰੂ ਤੋਂ ਸਮਝ ਆਉਂਦੀ ਹੈ। ਵਾਰ ਸਤ ਦੀ ਰਹਾਉ ਦੀ ਪੰਗਤੀ ਇਸ ਤਰ੍ਹਾਂ ਹੈ:

ਹਿਰਦੈ ਜਪਨੀ ਜਪਉ ਗੁਣਤਾਸਾ॥
ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ
ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ॥ [33]

ਇਸ ਤਰ੍ਹਾਂ ਗੁਰੂ ਅਮਰਦਾਸ ਨੇ 17 ਰਾਗਾਂ ਵਿਚ ਬਾਣੀ ਉਚਾਰਣ ਕੀਤੀ ਅਤੇ ਆਪਣੇ ਸਰੀਰ ਦਾ ਅੰਤਲਾ ਸਮਾਂ ਜਾਣ ਕੇ ਆਪਣੇ ਦੋ ਪੁਤਰਾਂ ਮੋਹਨ ਅਤੇ ਮੋਹਰੀ ਦੀ ਥਾਂ ਆਪਣੇ ਦਮਾਦ, ਬੀਬੀ ਭਾਨੀ ਦੇ ਪਤੀ ਭਾਈ ਜੇਠਾ (ਗੁਰੂ ਰਾਮਦਾਸ) ਨੂੰ ਗੁਰਗੱਦੀ ਦੇ ਯੋਗ ਸਮਝਦਿਆਂ ਗੁਰਗੱਦੀ 'ਤੇ ਬਿਰਾਜਮਾਨ ਕੀਤਾ:

ਜੇਠਾ ਜੀ ਇਸਨਾਨ ਕਰ ਪਹਰੇ ਬਸਤ੍ਰ ਨਵੀਨ।
ਸਤਿਗੁਰ ਕੀ ਚਰਨੀ ਲਗੇ ਭਈ ਜੋਤ ਜੋਤ ਮੋ ਲੀਨ। [34]

ਜਦੋਂ ਗੁਰੂ ਰਾਮਦਾਸ ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ ਉਦੋਂ ਸਭ ਤੋਂ ਪਹਿਲਾਂ ਗੁਰੂ ਅਮਰਦਾਸ ਦੇ ਹੁਕਮ ਅਨੁਸਾਰ ਗੁਰੂ ਪੁੱਤਰਾਂ ਵਿਚੋਂ ਬਾਬਾ ਮੋਹਰੀ ਨੇ ਉੱਠ ਕੇ ਗੁਰੂ ਰਾਮਦਾਸ ਨੂੰ

ਮੱਥਾ ਟੇਕਿਆ, ਜਿਸ ਦਾ ਜ਼ਿਕਰ ਬਾਬਾ ਸੁੰਦਰ ਰਾਮਕਲੀ ਸਦ ਵਿਚ ਇਸ ਤਰ੍ਹਾਂ ਕਰਦੇ ਹਨ:

ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥ [35]

ਇਸ ਤਰ੍ਹਾਂ ਗੁਰੂ ਅਮਰਦਾਸ ਨੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਗੁਰੂ ਨਾਨਕ ਦੇਵ ਦੇ ਮਿਸ਼ਨ ਅਨੁਸਾਰ ਗੁਰਬਾਣੀ ਦੀ ਸੰਭਾਲ, ਸੇਵਾ ਦਾ ਸੰਕਲਪ, ਲੰਗਰ ਦੀ ਮਰਿਆਦਾ, ਸਤੀ ਪ੍ਰਥਾ, ਵਿਧਵਾ ਵਿਆਹ, ਕੁੜੀ ਮਾਰ, ਨਾਮ ਜਪਣ ਦੇ ਸਿਧਾਂਤ ਦਾ ਪਹਿਰਾ ਦਿਤਾ ਅਤੇ ਲਗਭਗ 12 ਸਾਲ ਗੁਰਤਾਗੱਦੀ ਰੂਪ ਬੂਟੇ ਨੂੰ ਪ੍ਰਫੁਲਤ ਕਰਦਿਆਂ 1 ਸਤੰਬਰ 1574 ਨੂੰ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।

**ਹਵਾਲੇ:**


1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1396.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 990 .
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920.
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 36.
5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 515.
6. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473.
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 787.
8. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1413.
9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 554.
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1346.
11. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 644.
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 29.
14. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 69.
15. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 124.
16. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1058.
17. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1418.
18. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 131.
19. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 314.
20. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 508.





21. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 755.
22. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1415.
23. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 951.
24. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 441.
25. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1116.
26. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1116.
27. ਵਾਰਾਂ ਭਾਈ ਗੁਰਦਾਸ, ਵਾਰ 11, ਪਉੜੀ 16.
28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 917.
29. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 917.
30. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 922.
31. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 434.
32. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 583.
33. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 841.
34. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ।
35. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 923.

# ਅਨੰਦੁ ਸਾਹਿਤ: ਵਸਤੂ ਮੂਲਕ ਅਧਿਐਨ

**ਡਾ. ਮਹਿੰਦਰ ਕੌਰ ਗਿੱਲ***

ਮੂਲ ਪ੍ਰਸ਼ਨ ਹੈ, ਅਨੰਦੁ ਆਪਣੇ ਆਪ ਵਿਚ ਕੀ ਹੈ? ਤਾਂ ਤੇ ਅਨੰਦੁ ਸਾਹਿਬ ਦਾ ਸੰਕਲਪ ਜਾਨਣਾ ਉਚਿਤ ਰਹੇਗਾ। 'ਅਨੰਦੁ' ਦਾ ਵਸਤੂ ਅਧਿਐਨ ਕਰਨ ਤੋਂ ਪਹਿਲਾਂ ਇਸ ਰਚਨਾ ਦੀ ਮੂਲ ਇਕਾਈ ਅਨੰਦੁ ਦਾ ਵਿਸ਼ਲੇਸ਼ਣ ਕਰ ਲੈਣਾ ਉਚਿਤ ਪ੍ਰਤੀਤ ਹੁੰਦਾ ਹੈ। ਆਚਾਰੀਆਂ ਨੇ ਅਨੰਦੁ ਦੀਆਂ ਵੱਖੋ-ਵੱਖ ਲੱਸਾਂ ਉਪਰ ਆਪਣਾ ਧਿਆਨ ਕੇਂਦਰਿਤ ਕਰਦੇ ਹੋਏ ਚਾਰ ਪ੍ਰਕਾਰੀ ਅਨੰਦੁ ਨੂੰ ਸਵੀਕਾਰ ਕੀਤਾ ਹੈ:-

ਵਸਤੂ-ਅਨੰਦੁ
ਕਾਵਿ ਜਾਂ ਕਲਾ-ਅਨੰਦੁ
ਬੌਧਿਕ ਅਨੰਦੁ
ਅਧਿਆਤਮਕ ਅਨੰਦੁ

ਅਨੁਭਵ ਦਾ ਅਰਥ ਹੈ, ਵਾਸਤਵਿਕ ਜਗਤ ਦੇ ਕਿਸੇ ਵੇਰਵੇ ਨੂੰ ਮਹਿਸੂਸ ਕਰਨ ਜਾਂ ਉਸਦੀ ਗਹਿਰਾਈ ਵਿਚ ਜਾਣਾ ਆਦਿ। ਅਨੁਭਵ ਭਾਵਾਤਮਕ ਵੀ ਹੋ ਸਕਦਾ ਹੈ ਤੇ ਬੌਧਿਕ ਵੀ। ਧਾਰਮਕ ਅਨੁਭਵ ਇਕ ਤਰ੍ਹਾਂ ਦਾ ਅੰਤ੍ਰਿਕ ਭਾਵਾਤਮਕ (Inner emotional) ਅਨੁਭਵ ਹੁੰਦਾ ਹੈ। ਅਨੁਭਵ ਅਨੰਦੁ ਦੀ ਬੁਨਿਆਦ ਹੈ। ਬਾਅਦ ਵਿਚ ਇਸੇ ਉਪਰ ਅਨੰਦੁ ਦੀ ਉਸਾਰੀ ਹੁੰਦੀ ਹੈ। ਦੂਸਰੇ ਸ਼ਬਦਾਂ ਵਿਚ ਅਨੰਦੁ-ਪ੍ਰਾਪਤੀ ਲਈ ਅਨੁਭਵ ਇਕ ਮਾਧਿਅਮ ਹੈ, ਇਕ ਸਾਧਨ ਹੈ, ਇਕ ਜੁਗਤ ਹੈ।

ਅਨੰਦੁ ਆਪਣੇ ਆਪ ਵਿਚ ਸੰਜੁਗਤੀ ਮੂਲਕ ਸਥਿਤੀ ਹੈ ਜਿਥੇ ਮਾਣਨਹਾਰ ਉਸਦੇ ਕਾਰਣ ਤੋਂ ਅਵੇਸਲਾ ਕੇਵਲ ਰਸੀਆ ਹੀ ਹੁੰਦਾ ਹੈ। ਅਨੰਦੁ ਸਾਧਾਰਣ ਖੁਸ਼ੀ, ਪ੍ਰਸੰਨਤਾ ਤੇ ਖੇੜੇ ਤੋਂ ਕਿਤੇ ਉਚੇਰੀ ਅਵਸਥਾ ਦਾ ਨਾਮ ਹੈ। ਇਹ ਤਿੰਨੇ ਸ਼ਬਦ ਮਨ ਦੀ ਉਸ ਅਵਸਥਾ ਨਾਲ ਸੰਬੰਧਿਤ ਹਨ ਜੋ ਛਿਣ ਭੰਗਰੀ ਹੁੰਦੀ ਹੈ। ਵਿਹਾਰ ਵਿਚ ਮਨੁੱਖ ਨੂੰ ਸਭ ਤੋਂ ਵੱਧ ਅਨੰਦੁ ਭਾਵਨਾ-ਸੰਸਾਰ ਵਿਚੋਂ ਮਿਲਦਾ ਹੈ। ਕਿਸੇ ਹੱਸਦੇ ਚਿਹਰੇ ਨੂੰ ਵੇਖ ਕੇ ਚਿਹਰੇ ਉਪਰ ਖੁਸ਼ੀ ਦਾ ਪ੍ਰਭਾਵ ਆ ਜਾਂਦਾ ਹੈ ਪਰ ਅੱਖ ਦੇ ਫੋਰ ਵਿਚ ਹੀ ਗੁਆਚ ਵੀ ਜਾਂਦਾ ਹੈ। ਅਜਿਹੀ ਖੁਸ਼ੀ

* ਰਿਟਾ. ਪ੍ਰਿਸੀਪਲ, ਨਵੀਂ ਦਿੱਲੀ।



ਭਾਵਨਾਤਮਕ ਅਨੰਦੁ ਤੋਂ ਕਿਤੇ ਪਿੱਛੇ ਰਹਿ ਜਾਂਦੀ ਹੈ। ਭਾਵਨਾਤਮਕ ਅਤੇ ਵਸਤੂ-ਅਨੰਦੁ ਸਹਿ-ਧਰਮੀ ਹਨ? ਉੱਤਰ ਹੋਵੇਗਾ ਹਾਂ। ਮਨੁੱਖ ਕੋਈ ਵਸਤੂ ਜਾਂ ਪਦਾਰਥ ਚਾਹੁੰਦਾ ਹੈ, ਸੋ ਮਿਲ ਜਾਂਦਾ ਹੈ। ਅਜਿਹੇ ਛਿਣ ਖੁਸ਼ੀ ਰਤਾ ਕੁ ਵਧੇਰੇ ਵਕਫ਼ੇ ਵਿਚ ਫੈਲ ਜਾਂਦੀ ਹੈ। ਕੀ ਇਸੇ ਨੂੰ ਵਸਤੂ-ਅਨੰਦੁ ਕਿਹਾ ਜਾ ਸਕਦਾ ਹੈ? ਉੱਤਰ ਹੋਵੇਗਾ ਨਹੀਂ। ਅਸਲ ਵਿਚ ਮਨ-ਇੱਛਤ ਵਸਤੂ ਦੀ ਪ੍ਰਾਪਤੀ ਉਪਰੰਤ ਭੋਗ ਵਿਚੋਂ ਪ੍ਰਾਪਤ ਸੁਆਦ ਨੂੰ ਵਸਤੂ-ਅਨੰਦੁ ਕਿਹਾ ਜਾਂਦਾ ਹੈ। ਇਸ ਅਨੰਦੁ ਦੀ ਉਮਰ ਵਸਤੂ ਦੇ ਮਾਣਨ ਤਕ ਹੀ ਸੀਮਤ ਹੁੰਦੀ ਹੈ ਤੇ ਬਸ!

ਕਾਵਿ-ਅਨੰਦੁ ਵਸਤੂ-ਅਨੰਦੁ ਤੋਂ ਵੱਖਰੀ ਤਰ੍ਹਾਂ ਦਾ ਅਨੰਦੁ ਹੈ। ਕਾਵਿ ਵਿਚ ਵਾਸਤਵਿਕ ਵਸਤੂ ਨਹੀਂ ਹੁੰਦੀ ਸਗੋਂ ਉਸ ਦੇ ਅਨੁਕਰਣ ਤੋਂ ਉਪਜਣ ਵਾਲਾ ਭੌਤਿਕ ਅਨੰਦੁ ਹੀ ਹੁੰਦਾ ਹੈ। ਅਰਸਤੂ ਨੇ ਇਸ ਦੀ ਵਿਆਖਿਆ ਕਰਦੇ ਹੋਏ ਇਸ ਨੂੰ ਇਕ ਵਿਸ਼ੇਸ਼ ਪ੍ਰਕਾਰ ਦੀ ਪਛਾਣ ਦਾ ਅਨੰਦੁ ਕਿਹਾ ਹੈ। ਇਸ ਪਛਾਣ ਦੀ ਆਧਾਰ ਕਲਪਨਾ ਹੁੰਦੀ ਹੈ। ਇਸ ਨੂੰ ਪ੍ਰਤੱਖ ਇੰਦ੍ਰੀ ਅਨੰਦੁ ਵੀ ਨਹੀਂ ਕਿਹਾ ਜਾ ਸਕਦਾ। ਕਵੀ ਆਪਣੀ ਕਲਪਨਾ ਤੇ ਅਨੁਭਵ ਦੇ ਸਹਾਰੇ ਇਕ ਅਜਿਹਾ ਬਿੰਬ ਪੇਸ਼ ਕਰਦਾ ਹੈ ਜਿਸ ਨਾਲ ਪਾਠਕ ਇਕ ਸਾਂਝ ਬਣਾਂਦਾ ਹੈ ਤੇ ਇਹੀ ਸਾਂਝ ਪਛਾਣੂ ਅਨੰਦੁ ਦਾ ਸਿਰਜਨ ਕਰਦੀ ਹੈ। ਇਹ ਅਨੰਦੁ ਇੰਦ੍ਰੀਆਂ ਦੇ ਸਾਖਿਆਤ ਅਨੁਭਵ ਤੋਂ ਵੱਖਰਾ ਹੁੰਦਾ ਹੈ ਤੇ ਕਾਵਿ-ਸ਼ਿਲਪ ਦੇ ਪ੍ਰਭਾਵ ਤੋਂ ਵੀ। ਸੰਖੇਪ ਵਿਚ, ਕਾਵਿ ਦਾ ਆਨੰਦ ਨਾ ਤਾਂ ਪ੍ਰਤੱਖ ਇੰਦਰੀ ਅਨੰਦੁ ਹੈ ਤੇ ਨਾ ਹੀ ਕਾਲਪਨਿਕ। ਇਹ ਤਾਂ ਪਛਾਣ ਦਾ ਅਨੰਦੁ ਹੈ, ਜਿਸ ਦਾ ਆਧਾਰ ਕਲਪਨਾ ਤੇ ਭਾਵ ਦੀ ਸੰਜੁਗਤ ਇਕਾਈ ਹੁੰਦੀ ਹੈ। ਇਹ ਆਨੰਦ ਪ੍ਰਤੱਖ ਇੰਦੀਆਵੀ ਮਾਨਸਿਕ ਅਨੰਦੁ ਨਾਲੋਂ ਵਧੇਰੇ ਸੂਖਮ ਹੁੰਦਾ ਹੈ।

ਬੁਧੀ ਦਾ ਧਰਮ ਹੈ ਨਿਖੇੜਾ ਕਰਨਾ। ਇਹੀ ਨਿਖੇੜਾ ਬਿਰਤੀ ਸਾਨੂੰ ਗਿਆਨ ਨਾਲ ਜੋੜਦੀ ਹੈ। ਗਿਆਨ ਦਾ ਸਾਧਾਰਨ ਅਰਥ ਹੈ, ਅਗਿਆਤ ਵਸਤੂ ਦਾ ਬੋਧ। ਇਸ ਦੀ ਯਾਤਰਾ ਪੂਰਬ ਦੇਖੀ ਵਸਤੂ ਵੱਲ ਨਹੀਂ ਹੁੰਦੀ ਸਗੋਂ ਵਸਤੂ ਵਿਸ਼ੇਸ਼ ਨੂੰ ਨਿਖੇੜਨ ਵਲ ਹੁੰਦਾ ਹੈ। ਕੁਲ ਮਿਲਾ ਕੇ, ਇਹ ਪਛਾਣ ਤੋਂ ਵੱਖਰੀ ਤਰ੍ਹਾਂ ਦਾ ਅਨੰਦੁ ਹੈ। ਸਾਧਾਰਣ ਤੌਰ ਤੇ ਵਾਸਤਵਿਕ ਡਿੱਠੀ ਨਾਲ ਸਿਆਣ ਪੈਦਾ ਹੁੰਦੀ ਹੈ। ਕਾਵਿ ਕਿਰਤ ਇਸੇ ਦਾ ਪੁਨਰ ਨਿਰਮਾਣ ਕਰਕੇ ਕਾਵਿ-ਅਨੰਦੁ ਦਾ ਸਿਰਜਨ ਕਰਦੀ ਹੈ। ਬੌਧਿਕ ਅਨੰਦੁ ਵਿਚ ਵਸਤੂ ਵਿਸ਼ੇਸ਼ ਦੇ ਨਿੱਕੇ ਨੰਨੇ ਵੇਰਵਿਆਂ ਨਾਲ ਸਾਂਝ ਪੈਣ ਉਪਰੰਤ ਬੌਧਿਕਾਨੰਦ ਉਦੈ ਹੁੰਦਾ ਹੈ। ਕਾਵਿ-ਅਨੰਦੁ ਜੇ ਕਲਪਨਾ ਦਾ ਆਨੰਦ ਹੈ ਤਾਂ ਬੌਧਿਕ ਅਨੰਦੁ ਵੇਰਵੇ ਤੇ ਵਿਸ਼ਲੇਸ਼ਣ ਦਾ ਆਨੰਦ ਹੈ। ਵਸਤੂ ਵਿਸ਼ੇਸ਼ ਦੇ ਬਰੀਕ ਤੋਂ ਬਰੀਕ ਵੇਰਵਿਆਂ ਦਾ ਗਿਆਨ ਇਕ ਖ਼ਾਸ ਤਰ੍ਹਾਂ ਦੀ ਪ੍ਰਕਾਸ਼ ਸਥਿਤੀ ਪੈਦਾ ਕਰਦਾ ਹੈ। ਪ੍ਰਚੰਡ ਗਿਆਨ-ਸਥਿਤੀ ਦੀ ਪ੍ਰਤੀਤੀ ਹੀ ਬੌਧਿਕ ਆਨੰਦ ਦੀ ਸਥਿਤੀ ਹੈ।

ਅੰਤ ਵਿਚ, ਅਧਿਆਤਮਕ ਆਨੰਦ ਬਾਰੇ ਵਿਚਾਰ ਕਰਨੀ ਜੋਗ ਪ੍ਰਤੀਤ ਹੁੰਦੀ ਹੈ,

ਅਧਿ ਦਾ ਸੰਧੀ ਅਵਛੇਦ ਰੂਪ ਅ+ਧਿ, ਇਥੇ ਅ ਦਾ ਅਰਥ ਹੈ ਰਹਿਤ ਤੇ ਧਿ ਦਾ ਅਰਥ ਹੈ ਬੁੱਧੀ। ਇਸੇ ਦਾ ਅਨਵੈ ਵਿਤਰੇਕ ਵਿਧੀ ਰਾਹੀਂ ਵਾਕ ਬਣਦਾ ਹੈ: ਬੁਧੀ ਤੋਂ ਰਹਿਤ ਬੁੱਧੀ ਲੌਕਿਕ ਵਿਸ਼ਿਆਂ ਦਾ ਆਸਵਾਦਨ ਕਰਦੀ ਹੈ ਪਰ ਅਧਿਆਤਮਕ ਅਨੰਦੁ ਬੁੱਧੀ ਦਾ ਵਿਸ਼ਾ ਹੀ ਨਹੀਂ। ਇਹ ਨਿਪਟ ਪ੍ਰਤੀਤੀ ਦੀ ਵਸਤ ਹੈ। ਇਹ ਅਨੰਦੁ ਸਾਧਾਰਨ ਕਰਮ, ਧਰਮ, ਸਾਧਨ, ਸੁੱਚ, ਸੰਜਮ, ਤਪ ਤੇ ਯੱਗ ਆਦਿ ਤੋਂ ਉਚੇਰੀ ਵਸਤੂ ਹੈ। ਭਾਰਤੀ ਧਰਮਾਂ ਵਿਚ ਅਨੰਦੁ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ। ਇਥੇ ਕੁਝ ਆਚਾਰੀਆਂ ਦੀ ਦ੍ਰਿਸ਼ਟੀ ਜਾਣਨੀ ਸੰਗਤ ਹੈ।

ਉਪਨਿਸ਼ਦ ਅਨੁਸਾਰ

ਭਾਰਤੀ ਅਧਿਆਤਮਕ ਚਿੰਤਨ ਵਿਚ ਅਨੰਦੁ ਦਾ ਸੰਕਲਪ (Concept) ਬਹੁਤ ਹੀ ਪੁਰਾਣਾ ਤੇ ਮਹੱਤਵਪੂਰਣ ਹੈ। ਤੈਤੱਰੀਯ ਉਪਨਿਸ਼ਦ ਵਿਚ ਅੰਕਿਤ ਬ੍ਰਹਮ ਸੂਤਰ (ਅੰਕ 12 ਤੋਂ 19) ਇਸ ਉਪਰ ਭਰਵੀਂ ਵਿਚਾਰ ਕਰਦੇ ਹਨ। ਇਸ ਅਨੁਸਾਰ ਜੀਵ ਆਨੰਦ ਵਿਚ ਹੀ ਪੈਦਾ ਹੁੰਦੇ, ਅਨੰਦੁ ਵਿਚ ਵਿਚਰਦੇ ਤੇ ਮਰ ਜਾਂਦੇ ਹਨ। ਇਸ ਤੋਂ ਛੁੱਟ ਬ੍ਰਹਮ ਜਗਤ ਦਾ ਮੂਲ ਕਾਰਣ, ਆਧਾਰ ਅਤੇ ਸੰਘਾਰਕ ਹੋਣ ਕਰਕੇ ਹੀ ਵਿਸਮੈ-ਰੂਪ ਹੈ। ਇਹ ਸਾਰੀ ਕਿਰਿਆ ਆਨੰਦਿਤ ਕਰਨ ਵਾਲਾ ਕ੍ਰਿਸ਼ਮਾ ਹੈ। ਨਿਸਚੈ ਹੀ ਬ੍ਰਹਮ ਅਤੇ ਅਨੰਦੁ ਪ੍ਰਯਾਇਵਾਦੀ ਹਨ।

ਵੇਦਾਂਤ ਅਨੁਸਾਰ

ਵੰਨਸੁਵੰਨ ਪਾਸਾਰ ਪਿੱਛੇ ਇਕੋ ਸ਼ਕਤੀ ਨੂੰ ਅਨੁਭਵਣਾ ਆਨੰਦ ਹੈ। ਸ਼ੰਕਰ ਭਾਸ਼ ਵਿਚ ਸਰਵੱਗ ਦੇ ਦੋ ਅਰਥ ਕੀਤੇ ਹਨ। ਪਹਿਲਾ, ਸਭ ਕੁਝ ਜਾਣਨ ਵਾਲਾ ਤੇ ਦੂਜਾ, ਗਿਆਨ-ਸਰੂਪ। ਵੇਦਾਂਤ ਅਨੁਸਾਰ ਗਿਆਨ ਹੀ ਸਾਧਨ ਹੈ, ਗਿਆਨ ਹੀ ਸਿੱਧ ਹੈ। ਬ੍ਰਹਮ ਦਾ ਸਰਬ ਸ੍ਰੇਸ਼ਟ ਲੱਛਣ ਹੈ ਹੀ ਗਿਆਨ-ਸਾਰੂਪਤਾ।

ਵੇਦਾਂਤੀਆਂ ਅਨੁਸਾਰ ਪ੍ਰਕਰਣ ਬਦਲਣ ਨਾਲ ਹੀ ਅਨੰਦੁ ਦੀ ਬਹਰੰਗਤਾ ਹੋਂਦ ਵਿਚ ਆਉਂਦੀ ਹੈ। ਫ਼ਰਕ ਕੇਵਲ ਅਨੰਦੁ ਦੀ ਮਾਤਰਾ ਦਾ ਹੁੰਦਾ ਹੈ। ਅਨੰਦੁ ਦਾ ਅਭਾਵ ਕਦੇ ਨਹੀਂ ਹੁੰਦਾ। ਬ੍ਰਹਮਾਨੰਦ ਨੂੰ ਨਿਆਇਪੂਰਵਕ ਸਮਝਣ ਲਈ ਉਨ੍ਹਾਂ ਨੇ ਪੰਜ ਕੋਸ਼ਾਂ ਦਾ ਜ਼ਿਕਰ ਕੀਤਾ ਹੈ।

ਕੋਸ਼ ਦਾ ਅਰਥ ਹੈ, ਗਿਲਾਫ਼ ਜਾਂ ਪੜਦਾ। ਆਤਮਾ ਮਾਇਆ-ਆਵਰਣ ਨਾਲ ਇਕ ਪ੍ਰਕਾਰ ਦੇ ਕੋਸ਼ ਨਾਲ ਢੱਕੀ ਹੁੰਦੀ ਹੈ। ਇਸ ਨੂੰ ਸਮਝੇ ਬਿਨਾਂ ਅਧਿਆਤਮੀ ਨੂੰ ਤੱਤ ਗਿਆਨ ਦਾ ਸਾਰ ਪ੍ਰਾਪਤ ਨਹੀਂ ਹੁੰਦਾ। ਕੋਸ਼ ਦੀ ਯਾਤਰਾ ਤੱਥ ਤੋਂ ਤੱਤ, ਸਥੂਲ ਤੋਂ ਸੂਖਮ ਵਲ ਦੀ ਹੈ। ਮਿਸਾਲ ਵਜੋਂ ਭੁੱਖ ਪਿਆਸ ਦਾ ਰੂਪ ਨਹੀਂ ਹੁੰਦਾ ਪਰ ਖਾਣ ਪੀਣ ਤੋਂ ਬਾਅਦ ਭੁੱਖ ਪਿਆਸ ਮਿਟ ਜਾਂਦੀ ਹੈ। ਭੁੱਖ ਪਿਆਸ ਸੂਖਮ ਹੁੰਦੀ ਹੈ ਪਰ ਖਾਣ ਦੇ ਪਦਾਰਥ ਸਥੂਲ। ਅਧਿਆਤਮਕ ਅਨੰਦੁ ਦੀ ਯਾਤਰਾ ਬਰੀਕ ਤੋਂ ਬਰੀਕ ਵੇਰਵਿਆਂ ਵਿਚੋਂ ਦੀ ਗੁਜ਼ਰਕੇ ਅਖ਼ੀਰ ਅੰਤਿਮ ਪੜਾ



ਉਪਰ ਪੁੱਜਦੀ ਹੈ। ਇਥੇ ਕੋਸ਼ਾਂ ਨੂੰ ਸਮਝਣਾ ਉਚਿੱਤ ਹੈ।

1. ਅਨੰਮਯ ਕੋਸ਼

ਸਰੀਰ ਰਕਤ ਤੇ ਬਿੰਦ ਤੋਂ ਉਪਜਦਾ ਹੈ। ਜਿਸ ਦਾ ਆਧਾਰ ਅੰਨ ਪਾਣੀ ਹੁੰਦਾ ਹੈ। ਰਕਤ-ਬਿੰਦ ਤੋਂ ਬਿਨਾਂ ਸਰੀਰ ਨਹੀਂ ਉਪਜਦਾ ਤੇ ਨਾ ਹੀ ਸਰੀਰ ਬਿਨਾਂ ਰਕਤ-ਬਿੰਦ। ਇਹ ਉਹ ਨਿਰੰਤਰ ਗਤੀ ਹੈ ਜਿਸ ਵਿਚ ਦੋਵੇਂ ਅੰਤਰ ਸੰਬੰਧਿਤ ਵੀ ਤੇ ਅੰਤਰ-ਨਿਰਭਰ ਵੀ। ਅੰਨ ਪਾਣੀ ਨਾਲ ਪਲੇ ਹੋਏ ਸਰੀਰ ਵਿਚ ਅੱਠ ਧਾਤਾਂ ਬਣਦੀਆਂ ਹਨ: ਰਸ, ਰਕਤ, ਮਾਸ, ਚਰਬੀ, ਹੱਡੀ, ਮੇਦਾ, ਸ਼ੁਗਰ ਤੇ ਕੇਸ। ਸਾਧਨ ਇਹ ਮੂਲ ਨੁਕਤੇ ਨੂੰ ਜਾਣੇ ਬਿਨਾਂ ਬਿਆਨ ਮਾਰਗ ਵਿਚ ਉਨਤੀ ਨਹੀਂ ਕਰ ਸਕਦਾ।

2. ਪ੍ਰਾਣਮਯ ਕੋਸ਼

ਮਨੁੱਖੀ ਸਰੀਰ ਸਥੂਲ ਹੈ। ਇਸ ਵਿਚ ਪੰਜ ਕਰਮ ਇੰਦ੍ਰੀਆਂ: ਹੱਥ, ਪੈਰ, ਮੂੰਹ, ਗੁੱਦਾ ਅਤੇ ਲਿੰਗ ਹਨ। ਪਰ ਜੇ ਦੇਹ ਵਿਚ ਪ੍ਰਾਨ ਨਾ ਹੋਣ ਤਾਂ ਕਰਮ ਇੰਦ੍ਰੀਆਂ ਸਮੇਤ ਸਰੀਰ ਮੁਰਦਾ ਹੋ ਜਾਂਦਾ ਹੈ। ਇਥੇ ਪ੍ਰਾਣ ਬਾਰੇ ਵਿਚਾਰ ਕਰਨੀ ਸੰਗਤ ਹੈ। ਵੇਦਾਂਤੀਆਂ ਨੇ ਪੰਜ ਪ੍ਰਕਾਰ ਦੇ ਪ੍ਰਾਣ ਮੰਨੇ ਹਨ:

ਪ੍ਰਾਣ: ਇਹ ਇਕ ਤਰ੍ਹਾਂ ਦੀ ਹਵਾ ਹੀ ਹੁੰਦੀ ਹੈ ਜੋ ਸਰੀਰ ਦੇ ਵੱਖ-ਵੱਖ ਅੰਗਾਂ ਵਿਚ ਵੱਖੋ-ਵੱਖਰਾ ਕਾਰਜ ਕਰਦੀ ਹੈ।

ਅਪਾਨ: ਸਰੀਰ ਵਿਚ ਉਹ ਹਵਾ ਜੋ ਟੱਟੀ ਪਿਸ਼ਾਬ ਦਾ ਨਿਕਾਸ ਕਰਦੀ ਹੈ।

ਵਿਆਨ: ਸਰੀਰ ਦੇ ਅੰਗਾਂ ਨੂੰ ਫੈਲਾਣ, ਸੰਕੋਚਣ ਤੇ ਤੁਰਨ ਦੀ ਕਿਰਿਆ ਹੈ।

ਉਦਾਨ: ਪੇਟ ਤੇ ਦਿਮਾਗ ਦੀ ਕਿਰਿਆ ਨੂੰ ਉਪਰ ਥੱਲੇ ਭੇਜਣ ਵਾਲੀ ਹਵਾ ਜਿਵੇਂ ਨਿੱਛ, ਹਿਚਕੀ ਆਦਿ।

ਪ੍ਰਾਣਮਯ ਕੋਸ਼ ਦੇਹ ਤੇ ਕਰਮ ਇੰਦ੍ਰੀਆਂ ਦੇ ਕਾਰਜ ਦਾ ਗਿਆਨ ਕਰਵਾਉਣ ਕਰਕੇ ਹੀ ਗਿਆਨ ਦਾ ਅਗਲਾ ਡੰਡਾ ਹੈ।

3. ਮਨੋਮਯ ਕੋਸ਼

ਸਥੂਲ ਦੇਹ, ਕਰਮ ਇੰਦ੍ਰੀਆਂ ਤੇ ਪ੍ਰਾਣ ਦਾ ਗਿਆਨ, ਇੰਦ੍ਰੀਆਂ ਦਾ ਵੇਰਵੇ ਸਹਿਤ ਪਰਿਚਯ, ਮਨੋਮਯ ਕੋਸ਼ ਦੇ ਅੰਤਰਗਤ ਆਉਂਦਾ ਹੈ। ਅੱਖ, ਕੰਨ, ਨੱਕ, ਜੀਭ ਤੇ ਚਮੜੀ ਨੂੰ ਗਿਆਨ ਇੰਦ੍ਰੀਆਂ ਕਿਹਾ ਗਿਆ ਹੈ। ਇਹਨਾਂ ਸਾਰਿਆਂ ਤੋਂ ਬਲਵਾਨ ਹੈ: ਮਨ ਜੋ ਨਿਪਟ ਫੁਰਨਾ-ਰੂਪ ਹੈ। ਹਵਾ ਦੀ ਤਰੰਗ ਹੈ। ਮਨ ਹਵਾ ਦੇ ਤਰੰਗ ਨਾਲ ਅੰਦਰ ਬਾਹਰ ਆਉਂਦਾ ਜਾਂਦਾ ਤੇ ਭਟਕਦਾ ਰਹਿੰਦਾ ਹੈ। ਮਨ ਦਾ ਮੂਲ ਸੰਬੰਧ ਗਿਆਨ ਇੰਦ੍ਰੀਆਂ ਹਨ। ਗਿਆਨ-ਇੰਦ੍ਰੀਆਂ ਤੋਂ ਪ੍ਰਾਪਤ ਆਨੰਦ ਅਧਿਆਤਮਕ ਅਨੰਦੁ ਦੇ ਨੇੜੇ ਤੇੜੇ ਪਹੁੰਚਦਾ ਹੈ।

4. ਵਿਗਿਆਨਮਯ ਕੋਸ਼

ਸਥੂਲ ਦੇਹ, ਕਰਮ ਇੰਦਰੇ ਤੇ ਪ੍ਰਾਣ, ਗਿਆਨ-ਇੰਦਰੇ ਤੇ ਮਨ ਨੂੰ ਜਾਣਨ ਉਪਰੰਤ ਇੰਦ੍ਰੀਆਂ ਦੇ ਵਿਸ਼ੇ ਜਾਣਨੇ ਉਚਿਤ ਹਨ। ਸ਼ਬਦ, ਸਪਰਸ਼, ਰੂਪ, ਰਸ, ਗੰਧ ਗਿਆਨ ਇੰਦ੍ਰੀਆਂ ਦੇ ਵਿਸ਼ੇ ਹਨ। ਇਹਨਾਂ ਨੂੰ ਬੁੱਧੀ ਦੀ ਪੱਧਰ ਉਪਰ ਸਮਝਿਆ ਜਾ ਸਕਦਾ ਹੈ। ਇਹ ਅਵਸਥਾ ਅਨੰਦੁ ਦਾ ਅਭਾਸ ਕਰਾਉਂਦੀ ਹੈ।

5. ਆਨੰਦਮਯ ਕੋਸ਼

ਸਥੂਲ ਦੇਹ, ਕਰਮ ਇੰਦਰੇ ਤੇ ਪ੍ਰਾਣ, ਗਿਆਨ ਇੰਦਰੇ ਤੇ ਮਨ, ਗਿਆਨ ਇੰਦ੍ਰੀਆਂ ਦੇ ਵਿਸ਼ੇ ਤੇ ਬੁੱਧੀ ਆਦਿ ਨੂੰ ਕ੍ਰਮਵਾਰ ਸਮਝਣ ਉਪਰੰਤ ਆਨੰਦਮਯ ਕੋਸ਼ ਪਕੜ ਵਿਚ ਆਉਂਦਾ ਹੈ। ਇਥੇ ਇੰਦ੍ਰਆਵੀ ਅਨੰਦੁ ਵਿਚੋਂ, ਸਭ ਤੋਂ ਵੱਧ ਮਹੱਤਵ ਭੋਗਾਨੰਦ ਨੂੰ ਮਿਲਿਆ ਹੈ। ਇਹ ਸਪਰਸ਼ ਅਨੰਦੁ ਦੀ ਸੀਮਾ ਹੈ। ਇਸ ਰਾਹੀਂ ਆਤਮਾਨੰਦ ਦਾ ਅਭਾਸ ਕੀਤਾ ਜਾ ਸਕਦਾ ਹੈ। ਇਹ ਪੁਰਖ ਤੇ ਇਸਤ੍ਰੀ ਦੇ ਸੰਜੋਗ ਤੋਂ ਸ੍ਰਿਸ਼ਟੀ ਦੀ ਰਚਨਾ ਪ੍ਰਕਿਰਿਆ ਦੀ ਸੂਝ-ਬੂਝ ਦੇਂਦਾ ਹੈ। ਜ਼ਾਹਿਰ ਹੈ, ਬ੍ਰਹਮ ਤੇ ਜਗਤ ਦੀ ਮੂਲ ਕਿਰਿਆ ਨੂੰ ਸਮਝਣ ਲਈ ਸੰਜੋਗ ਸੰਬੰਧ ਇਕ ਜੁਗਤ ਹੈ, ਇੰਦਰੀ ਰਸ ਪਰਮ ਰਸ ਨੂੰ ਸਮਝਣ ਦਾ ਸਾਧਨ ਮਾਤਰ ਹੈ। ਜੀਵਾਤਮਾ ਅਬਿਨਾਸੀ ਤੱਤ ਦਾ ਅਨੁਭਵ ਇੰਦ੍ਰੀਆਂ ਦੇ ਵਿਸ਼ੇ ਰਾਹੀਂ ਪ੍ਰਾਪਤ ਕਰਦੀ ਹੋਈ ਪਰਮਾਨੰਦ ਨੂੰ ਪ੍ਰਾਪਤ ਹੁੰਦੀ ਹੈ।

ਅਨੰਦੁ ਰੂਪ ਪ੍ਰਮੇਸ਼ਰ ਹੀ ਅੰਨਮਯ ਆਦਿ ਸਾਰੇ ਕੋਸ਼ਾਂ ਦਾ ਅੰਤਰਾਤਮਾ ਹੈ। ਇਹ ਕੋਸ਼ ਬ੍ਰਹਮ ਦੇ ਸਥੂਲ ਰੂਪ ਹਨ। ਇਸੇ ਲਈ ਇਹਨਾਂ ਵਿਚ ਅਨੰਦੁ ਅਨੁਭਵ ਕਰਕੇ ਬ੍ਰਹਮ ਬੁੱਧੀ ਪੈਦਾ ਹੁੰਦੀ ਹੈ। ਇਸ ਅਨੰਦੁ ਰੂਪ ਬ੍ਰਹਮ ਦਾ ਅੰਸ਼ ਮਾਤਰ ਅਨੰਦੁ ਅਨੁਭਵ ਕਰਕੇ ਸਾਰੇ ਪ੍ਰਾਣੀ ਅਨੰਦੁ ਵਿਚ ਹੀ ਜੀਊਣਾ ਚਾਹੁੰਦੇ ਹਨ। ਕੋਈ ਵੱਖ ਪ੍ਰਾਣੀ ਅਨੰਦੁ-ਰਹਿਤ ਜੀਵਨ ਜੀਊਣਾ ਨਹੀਂ ਚਾਹੁੰਦਾ। ਉਸ ਪਾਰਬ੍ਰਹਮ ਅਨੰਦ-ਰੂਪ ਦੀ ਪ੍ਰੇਰਣਾ ਨਾਲ ਹੀ ਚੰਦ ਸੂਰਜ ਪਉਣ ਪਾਣੀ ਆਦਿ ਆਪਣੀ ਸਾਰੀ ਕਿਰਿਆ ਕਰਦੇ ਹਨ, ਜਿਸ ਕਰਕੇ ਸਾਰੇ ਪ੍ਰਾਣੀ ਜੀਉਂਦੇ ਹਨ।

ਇਸ ਪਰਮ ਅਨੰਦੁ ਨੂੰ ਜਾਣਨ ਵਾਲਾ ਨਾ ਤੇ ਇਹ ਕਹਿ ਸਕਦਾ ਹੈ ਕਿ ਮੈਂ ਜਾਣਦਾ ਹਾਂ ਤੇ ਨਾ ਹੀ ਇਹ ਕਹਿ ਸਕਦਾ ਹੈ ਕਿ ਮੈਂ ਨਹੀਂ ਜਾਣਦਾ। ਜੋ ਪਰਮ ਅਨੰਦੁ-ਰੂਪ ਪਰਮੇਸ਼ਰ ਸਾਰੇ ਜੀਵਾਂ ਦੀ ਉੱਤਪਤੀ ਦਾ ਕਾਰਨ ਹੈ ਜਿਹੜਾ ਪੁਰਸ਼ ਅਤੇ ਸੂਰਜ ਵਿਚ ਸਮਾਨ ਜੋਤ ਕਰਕੇ ਵਿਆਪਕ ਹੈ। ਜਿਹੜਾ ਮਨੁੱਖ ਏਸ ਤੱਤ ਨੂੰ ਜਾਣ ਲੈਂਦਾ ਹੈ ਉਹ ਵਰਤਮਾਨ ਸਰੀਰ ਤੋਂ ਅਲੱਗ ਹੋ ਕੇ ਪਰਮ ਅਨੰਦੁ-ਰੂਪ ਬ੍ਰਹਮ ਵਿਚ ਹੀ ਅਭੇਦ ਹੋ ਜਾਂਦਾ ਹੈ।

ਕੁਲ ਮਿਲਾ ਕੇ, ਅਨੁਭਵ ਦੀ ਗਹਿਰਾਈ ਨੂੰ ਸਮਝਣ ਲਈ ਕਰਮ ਇੰਦ੍ਰੀਆਂ ਤੇ ਪ੍ਰਾਣ, ਗਿਆਨ ਇੰਦ੍ਰੀਆਂ ਤੇ ਮਨ, ਗਿਆਨ ਇੰਦ੍ਰੀਆਂ ਤੇ ਵਿਸ਼ੇ ਅਥਵਾ ਬੁੱਧੀ, ਆਦਿ ਦਾ ਨਿਖੇੜਾ ਹੀ ਵਿਸਮਾਦ ਭਰੀ ਅਵਸਥਾ ਵਿਚ ਪੁਚਾ ਦੇਂਦਾ ਹੈ। ਇਹੀ ਪਰਮਾਨੰਦ ਹੈ।



ਜੋਗ ਮਤ ਅਨੁਸਾਰ

ਆਨੰਦ ਦੇ ਸੰਬੰਧ ਉਪਰ ਗੁਰੂ ਨਾਨਕ ਦੇਵ ਨੇ ਵੀ ਸਿਧ ਗੋਸ਼ਟਿ ਵਿਚ ਸਿੱਧਾਂ ਨਾਲ ਸੰਵਾਦ ਰਚਾਇਆ। ਗੁਰੂ ਅਮਰਦਾਸ ਕਿਸੇ ਵਾਦ ਵਿਵਾਦ ਵਿਚ ਭਾਵੇਂ ਨਹੀਂ ਪਏ, ਪਰ ਉਹਨਾਂ ਨੇ ਜੋਗ ਮਤ ਦੀ ਪਰਿਭਾਸ਼ਿਕ ਸ਼ਬਦਾਵਲੀ ਦੀ ਵਰਤੋਂ ਇਹ ਰਚਨਾ ਵਿਚ ਨਿਰਸੰਕੋਚ ਕੀਤੀ ਹੈ। ਇਸ ਤੋਂ ਛੁੱਟ ਪੰਚ ਸ਼ਬਦ, ਪੰਚ ਧੁਨ ਵਾਜੈ, ਅਨਹਤ ਬਾਣੀ, ਪਾਉਣ ਦਾ ਵਾਜਾ, ਆਦਿ ਦਾ ਪ੍ਰਯੋਗ ਮੰਗਲਮਈ ਅਵਸਥਾ ਦੇ ਨਿਰੂਪਣ ਲਈ ਕੀਤਾ ਹੈ। ਬਹੁਤ ਥਾਈਂ ਅਨਹਤ ਨੂੰ ਆਨੰਦਮਈ ਅਵਸਥਾ ਦੇ ਨਿਰੂਪਣ ਲਈ ਵਰਤਿਆ ਹੈ। ਆਮ ਜੀਵਨ-ਵਿਧੀ ਵਿਚ ਖੁਸ਼ੀ ਪ੍ਰਾਪਤ ਕਰਨ ਦੇ ਅਨੇਕਾਂ ਸਾਧਨ ਹਨ ਪਰ ਖੁਸ਼ੀ ਦੇ ਮੌਕੇ ਦਾ ਜਸ਼ਨ ਆਮ ਤੌਰ ਤੇ ਵਾਜੇ ਦੀ ਧੁਨ ਨਾਲ ਹੀ ਮਨਾਇਆ ਜਾਂਦਾ ਹੈ। ਇੰਜ ਮਾਲੂਮ ਹੁੰਦਾ ਹੈ, ਗੁਰੂ ਅਮਰਦਾਸ ਨੇ ਆਤਮਨੰਦ ਨੂੰ ਵਖਿਆਰਾਉਣ ਕਾਰਣ ਹੀ ਇਸ ਦਾ ਸੰਬੰਧ ਅਨਹਤ ਨਾਦ ਨਾਲ ਜੋੜਿਆ ਹੈ ਜੋ ਜੋਗ ਮਤ ਦਾ ਪ੍ਰਾਣ-ਤੱਤ ਹੈ।

ਇਥੇ ਇਸ ਉਪਰ ਵਿਚਾਰ ਕਰ ਲੈਣੀ ਉਚਿਤ ਹੈ। ਅਨਹਤ ਨਾਦ ਬਾਕੀ ਦੇ ਸਾਰੇ ਨਾਦਾਂ ਨਾਲੋਂ ਸੂਖਮ ਅਤੇ ਉੱਤਮ ਗਿਣਿਆ ਗਿਆ ਹੈ। ਨਿਰਘੰਟੂ ਵਿਚ ਉਸਤਤ ਕਰਨ ਜੋਗ ਵਾਕ ਨੂੰ ਨਾਦ ਕਿਹਾ ਗਿਆ ਹੈ। ਸੰਗੀਤ ਵਿਚ ਨਾਦ ਦਾ ਅਰਥ ਇਸ ਤੋਂ ਵੱਖਰਾ ਹੈ। ਇਥੇ 'ਨਾ' ਦਾ ਅਰਥ ਹੈ, ਪ੍ਰਾਣ ਤੇ 'ਦ' ਦਾ ਅਰਥ ਹੈ, ਅਗਨੀ ਅਥਵਾ ਸਰੀਰ ਦੀ ਅਗਨੀ ਤੋਂ ਜੋ ਸਵਰ ਉਪਜੇ ਉਹ ਨਾਦ ਹੈ। ਵਿਧੀ ਵਿਸ਼ੇਸ਼ ਨਾਲ ਕੀਤਾ ਅਭਿਆਸ ਨਾਦ ਨੂੰ ਅਨਹਤ ਵਿਚ ਬਦਲ ਦੇਂਦਾ ਹੈ। ਆਮ ਤੌਰ ਤੇ ਸੰਗੀਤ-ਰਸ ਸਾਜ਼ ਉਪਰ ਚੋਟ ਕੀਤਿਆਂ ਪੈਦਾ ਹੋਵੇ ਅਨਹਤ ਰਸ ਹੈ। ਇੰਜ ਮਾਲੂਮ ਹੁੰਦਾ ਹੈ, ਸਾਧਾਰਣ ਸੰਗੀਤ ਦਾ ਅਧਿਆਤਮੀਕਰਣ ਕਰਕੇ ਨਾਦ ਤੋਂ ਅਨਹਤ ਨਾਦ ਬਣਾ ਲਿਆ ਗਿਆ ਹੈ। ਇਕ ਉਹ ਅਨੰਦ ਹੈ ਜਿਸ ਲਈ ਸੰਗੀਤ ਸਾਜ 'ਤੇ ਸੁਰਾਂ ਦੀ ਲੋੜ ਨਹੀਂ ਪੈਂਦੀ, ਇਹ ਆਤਮ ਸੰਗੀਤ ਹੈ ਜੋ ਕੰਨਾਂ ਦਾ ਵਿਸ਼ਾ ਨਹੀਂ। ਚਿੱਤ ਦੀ ਇਕਾਗਰਤਾ ਨਾਲ ਅਭਿਆਸੀ ਯੋਗੀ ਸੁਣਦਾ ਹੈ ਤੇ ਨਾਮ ਰਸੀਆ ਵੀ। ਤਾਂ ਸੁਆਲ ਪੈਦਾ ਹੁੰਦਾ ਹੈ? ਗੁਰੂ ਅਮਰਦਾਸ ਨੇ ਅਨੇਕ ਵਾਰ ਪੰਜ ਸ਼ਬਦ, ਪੰਜ ਧੁਨਾਂ ਦੇ ਵਜਣ ਦਾ ਜ਼ਿਕਰ ਕੀਤਾ ਹੈ। ਇਹਨਾਂ ਉਪਰ ਵਿਚਾਰ ਕਰਨ ਤੋਂ ਪਹਿਲਾਂ ਪੰਕਤੀਆਂ ਵਾਚਣੀਆਂ ਉਚਿਤ ਹਨ:

(ੳ) ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਧਾਈਆ ॥ [1]

(ਅ) ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥ [2]

(ੲ) ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥

– – – –

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥ [3]

(ਸ) ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥ [4]

(ਹ) ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥ [5]

ਉਪਰੋਕਤ ਪੰਕਤੀਆਂ ਦੇ ਪਾਠ ਤੋਂ ਇਹ ਤੱਥ ਉੱਭਰ ਕੇ ਸਾਹਮਣੇ ਆ ਜਾਂਦਾ ਹੈ ਕਿ ਅਨਹਤ ਦੀ ਅਵਸਥਾ ਪੰਜ ਪ੍ਰਕਾਰੀ ਧੁਨਾਂ ਤੋਂ ਬਾਅਦ ਆਉਂਦੀ ਹੈ। ਇੱਥੇ ਇਹਨਾਂ ਪੰਜਾਂ ਨੂੰ ਜਾਣਨਾ ਸੰਗਤ ਪ੍ਰਤੀਤ ਹੁੰਦਾ ਹੈ:

(ੳ) ਤੰਤੀ: ਤੰਤੀ ਸਾਜ਼ ਜੇਹਾ ਕਿ ਸਿਤਾਰ, ਰਬਾਬ, ਤਾਨਪੁਰਾ ਆਦਿ

(ਅ) ਵਿੱਤ: ਚਮੜੇ ਨਾਲ ਮੜ੍ਹੇ ਹੋਏ ਸਾ ਜ਼ਜੇਹਾ ਕਿ ਢੋਲ, ਤਬਲਾ, ਮ੍ਰਿਦੰਗ ਆਦਿ।

(ੲ) ਘਨ: ਧਾਤੂ ਤੋਂ ਬਣੇ ਹੋਏ ਸਾਜ਼ ਜੇਹਾ ਕਿ ਛੈਣੇ ਘੰਟੀਆਂ ਆਦਿ

(ਸ) ਨਾਦ: ਘੜੇ ਦੇ ਪੁਲਾੜ ’ਚੋਂ ਹੱਥ ਨਾਲ ਪੈਦਾ ਹੋਣ ਵਾਲਾ ਸੰਗੀਤ

(ਹ) ਸੁਖਰ: ਫੂਕ ਨਾਲ ਵੱਜਣ ਵਾਲੇ ਸਾਜ਼ ਜੇਹਾ ਕਿ ਨਫ਼ੀਰੀ, ਬੰਸਰੀ ਆਦਿ।

ਸਪੱਸ਼ਟ ਹੈ, ਗਾਇਨ ਵਾਦਨ (ਵਜਾਣਾ) ਤੇ ਲੈਅ ਦੇ ਸੰਗੀਤ ਦੀ ਮਧੁਰਤਾ ਦੇ ਅਨੁਭਵ ਨਾਲ ਚਿੱਤ ਟਿਕਾਊ ਵਿਚ ਆ ਜਾਂਦਾ ਹੈ। ਅਸਲ ਵਿਚ ਇਹ ਬਾਹਰੀ ਸੰਗੀਤ ਰੂਪਕ ਮਾਤ੍ਰ ਹਨ। ਵਸਤੂ ਤੱਥ ਨੂੰ ਸਮਝਣ ਦੇ ਉਪਕਰਣ ਮਾਤ੍ਰ। ਪੰਜ ਤਰ੍ਹਾਂ ਦਾ ਸੰਗੀਤ ਜਾਂ ਨਾਦ ਸ਼ਬਦ ਵਾਸਤਵਿਕ ਹੈ, ਪਰ ਅਨਹਤ ਆਤਮਕ। ਸੰਗੀਤ ਦਾ ਪ੍ਰਭਾਵ ਟਿਕਾਉ ਵਾਲਾ ਹੈ। ਸੰਗੀਤ ਦੀ ਯਾਤਰਾ ਬਾਹਰ ਤੋਂ ਅੰਦਰ ਵਲ ਦੀ ਹੈ। ਵਸਤੂ-ਮੂਰਤ ਤੋਂ ਅਮੂਰਤ ਹੋਣ ਦੀ। ਸਾਜ਼ਾਂ ਨਾਲ ਵਜਾਇਆ ਤੇ ਸੁਰੀਲੀ ਆਵਾਜ਼ ਵਿਚ ਗਾਇਆ ਸੰਗੀਤ ਆਪਣੇ ਅੰਤਿਮ ਰੂਪ ਵਿਚ ਕੇਵਲ ਇਕਾਗਰ ਕਰਨ ਵਾਲਾ ਪ੍ਰਭਾਵ ਹੀ ਹੁੰਦਾ ਹੈ, ਜਿਸ ਨੂੰ ਕੇਵਲ ਮਾਣਿਆ ਜਾ ਸਕਦਾ ਹੈ। ਇਹ ਪ੍ਰਭਾਵ ਆਪਣੀ ਪ੍ਰਕਿਰਤੀ ਵਿਚ ਸੁਖਾਤਮਕ ਹੁੰਦਾ ਹੈ। ਨਾਮ ਅਭਿਆਸੀ ਨੂੰ ਸੰਗੀਤ ਤੋਂ ਵੀ ਉਚੇਰਾ ਅਨੰਦੁ ਪ੍ਰਾਪਤ ਹੁੰਦਾ ਹੈ। ਇਹ ਪ੍ਰਭੂ ਨੂੰ ਅਨੁਭਵ ਸਿੱਧ ਕਰ ਲੈਣ ਉਪਰੰਤ ਵਾਸਤਵਿਕ ਸੰਗੀਤਨੰਦ ਤੋਂ ਅਗਲੇਰੀ ਵਿਕਸਤ ਅਵਸਥਾ ਅਨਹਤ ਨੂੰ ਪ੍ਰਾਪਤ ਹੋ ਜਾਂਦੇ ਹਨ। ਜਿਥੇ ਪਹੁੰਚ ਕੇ ਸਾਰਾ ਬ੍ਰਹਿਮੰਡ ਸੰਗੀਤ-ਰਸ ਵਿਚ ਬੰਨ੍ਹਿਆ ਪ੍ਰਤੀਤ ਹੁੰਦਾ ਹੈ। ਮਨ ਸਦਾ ਵਿਗਾਸ (ਖੁਸ਼ੀ) ਅਤੇ ਚਾਉ ਭਰਪੂਰ ਅਵਸਥਾ ਵਿਚ ਰਹਿੰਦਾ ਹੈ। ਯੋਗੀ ਦੀ ਇਸ ਭਾਵਨਾ-ਦਸਾਂ ਨੂੰ ਦਸਮ ਦੁਆਰ ਵਿਚ ਪਹੁੰਚਣ ਦਾ ਨਾਮ ਦਿੱਤਾ ਗਿਆ ਹੈ। ਜਿਥੇ ਉਹ ਆਤਮਕ ਤੌਰ ਤੇ ਅਜਿਹੇ ਸੰਗੀਤ ਰਸ ਨਾਲ ਜੁੜ ਜਾਂਦਾ ਹੈ ਜੋ ਆਪਣੀ ਪ੍ਰਕਿਰਤੀ ਵਿਚ ਰਸ-ਭਿੰਨਾ ਤੇ ਅਨਾਹਤ ਹੁੰਦਾ ਹੈ। ਗੁਰੂ ਅਮਰਦਾਸ ਸਭ ਤੋਂ ਉਚੇਰਾ ਆਤਮ ਸੰਗੀਤ ਨੂੰ ਅਨਹਤ ਬਾਣੀ ਗੁਰ ਸਬਦ ਜਾਣੀ (34) ਕਹਿ ਕੇ ਵਡਿਆਉਂਦੇ ਹਨ। ਗੁਰਬਾਣੀ- ਮੈਂ ਬਹੁਤ ਵਾਰ ਬਿਨਾਂ ਸੰਕੋਚ ਕੀਤਿਆਂ ਆਪਣੇ ਮਤ ਦਾ ਇਜ਼ਹਾਰ ਕਰ ਜਾਂਦੀ ਹੈ:



ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥ [6]

ਸਤਿਗੁਰੂ ਦੇ ਚਰਨਾਂ ਨਾਲ ਜੁੜਨਾ ਹੀ ਅਨਹਦ ਨਾਦ ਨੂੰ ਸੁਣਨਾ ਹੈ। ਲੌਕਿਕ ਖੁਸ਼ੀ ਦੇ ਸਮਾਗਮ ਉਤੇ ਸ਼ਾਮਲ ਹੋਣ ਵਾਲੇ ਵਿਅਕਤੀ ਆਪਣੀ ਖੁਸ਼ੀ ਦਾ ਪ੍ਰਗਟਾ ‘ਵਧਾਈ’ ਦੇ ਕੇ ਕਰਦੇ ਹਨ। ਇਹ ਵਧਾਈ ਲੈਣ ਤੇ ਦੇਣ ਵਾਲੇ ਦੋਹਾਂ ਵਿਅਕਤੀਆਂ ਲਈ ਸੁਖਾਵੀ ਹੁੰਦੀ ਹੈ। ਇਹ ਤਾਂ ਹੋਇਆ ਇਕ ਉਦਾਹਰਣ। ਦੂਸਰੇ ਪਾਸੇ, ਜਿਹਨਾਂ ਨੂੰ ਦੈਵ-ਸੁਖ ਦੀ ਪ੍ਰਾਪਤੀ ਹੈ ਉਹਨਾਂ ਦੀ ਇਸ ਆਨੰਦਾਤਮਕ ਅਵਸਥਾ ਵਿਚ ਪਰਾਸਰੀਰਕ ਸ਼ਕਤੀਆਂ ਨੂੰ ਵੀ ਸ਼ਾਮਲ ਅਨੁਭਵਿਆ ਜਾਂਦਾ ਹੈ। ਹੋਰ ਤਾਂ ਹੋਰ ਰੰਗ (ਸੰਗੀਤ) ਰਤਨ (ਰਾਗ ਦੇ ਪੁੱਤਰ) ਪਰੀਆਂ (ਰਾਗਾਂ ਦੀਆਂ ਪਤਨੀਆਂ) ਵੀ ਮਹਿਮਾ ਭਰੇ ਬੋਲ ਉਚਾਰ ਦੇ ਪ੍ਰਤੀਤ ਕੀਤੇ ਜਾਂਦੇ ਹਨ। ਸਾਡੇ ਲੋਕ ਵਿਸ਼ਵਾਸ ਵਿਚ ਪਰੀ ਇਕ ਉਹ ਸ਼ਕਤੀ ਹੈ ਜਿਸ ਨਾਲ ਮਨੁੱਖ ਦਾ ਸੁਖਾਤਮਕ ਰਿਸ਼ਤਾ ਹੈ। ਲੌਕਿਕ ਖੁਸ਼ੀ ਦੇ ਸਮਾਗਮ ਉਪਰ ਪ੍ਰਸੰਨਤਾ ਦਾ ਜਸ਼ਨ ਵਾਜੇ ਵਜਾ ਕੇ ਮਨਾਇਆ ਜਾਂਦਾ ਹੈ। ਇਹ ਧਾਰਮਿਕ ਬਿਰਤੀ ਦਾ ਕਮਾਲ ਹੈ ਕਿ ਦੁਨਿਆਵੀ ਵਾਜਿਆਂ ਦਾ ਅਧਿਆਤਮੀਕਰਣ ਕਰਕੇ ਪੰਜ ਪ੍ਰਕਾਰੀ ਸੰਗੀਤ ਦਾ ਸੰਬੰਧ ਅਨਹਤ ਨਾਦ ਨਾਲ ਜੋੜ ਕੇ ‘ਨਾਮ ਜਿਨ ਕੇ ਮਨ ਵਸਿਆ ਵਾਜੇ ਸਬਦ ਘਨੇਰੇ’ ਕਹਿ ਕੇ ਉਪਮਾਇਆ ਗਿਆ ਹੈ। ਸੰਖੇਪ ਵਿਚ, ਅਨੰਦੁ ਸਾਹਿਬ ਵਿਚ ਜੋਗੁ ਮਤ ਦੇ ਇਹ ਸ਼ਬਦ ਅਲੰਕਾਰ ਵਜੋਂ ਵਰਤੇ ਗਏ ਹਨ। ਪਰ ਇਹ ਧਿਆਨ ਰਹੇ, ਗੁਰੂ ਜੀ ਦਾ ਆਪਣਾ ਹਰ ਹਾਲ ਵਿਚ ਅਡੋਲ ਅਤੇ ਦ੍ਰਿੜ ਹੈ।

ਪੁਰਾਣ ਅਨੁਸਾਰ:

ਅੰਮ੍ਰਿਤ ਦਾ ਸੰਬੰਧ ਨਾ ਕੇਵਲ ਆਰਿਆਈ ਧਰਮਾਂ ਵਿਚ ਹੀ ਹੈ ਸਗੋਂ ਸਾਮੀ ਧਰਮਾਂ ਵਿਚ ਵੀ ਮੌਜੂਦ ਹੈ। ਇਸਾਈ ਮਤ ਵਿਚ ਵੀ (Baptism) ਦਾ ਸੰਕਲਪ ਵੇਖਿਆ ਜਾਂਦਾ ਹੈ। ਭਾਰਤੀ ਮਿਥਿਹਾਸ ਅਨੁਸਾਰ ਇਕ ਵੇਰਾਂ ਦੇਵਤਿਆਂ ਨੇ ਸਮੁੰਦਰ ਨੂੰ ਰਿੜਕਿਆ ਤੇ ਜੋ ਚੌਦਾਂ ਰਤਨ (ਵਸਤੂਆਂ) ਪ੍ਰਾਪਤ ਹੋਣ ਉਹਨਾਂ ਵਿਚੋਂ ਅੰਮ੍ਰਿਤ ਇਕ ਸੀ। ਅੰਮ੍ਰਿਤ ਅਜਿਹਾ ਪਾਣੀ ਸੀ ਜਿਸ ਦੇ ਪੀਣ ਨਾਲ ਮ੍ਰਿਤੂ ਨਹੀਂ ਸੀ ਹੁੰਦੀ। ਬਾਅਦ ਵਿਚ ਸਮੇਂ ਨਾਲ ਇਹ ਸਿੱਖ ਧਰਮ ਵਿਚ ਵੀ ਇਕ ਰਸਮ ਵਾਂਗ ਸਾਹਮਣੇ ਆਈ। ਅਸਲ ਵਿਚ ਇਹ ਇਕ ਸੰਕਲਪ ਜਿਸਦੀ ਪਰਿਕਲਪਨਾ ਅਮਰਾਨੰਦ ਦੇ ਰੂਪ ਵਿਚ ਹੋਈ ਲਗਦੀ ਹੈ। ਇਹ ਇਕ ਅਮੂਰਤ ਸੰਕਲਪ ਹੈ। ਇਸ ਦਾ ਮੂਲ ਭਾਵ ਹੈ, ਮ੍ਰਿਤੂ ਦੇ ਭੈਅ ਤੋਂ ਮੁਕਤ ਹੋਣਾ। ਇਸਦੇ ਅਮਰਤੱਵ ਨੂੰ ਧਿਆਨ ਵਿਚ ਰੱਖਦੇ ਹੋਏ ਰਿਖੀ ਮੁਖੀ ਇਸ ਨੂੰ ਪ੍ਰਾਪਤ ਕਰਨਾ ਲੋੜਦੇ ਸਨ:

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥ [7]

ਗੁਰੂ ਅਮਰਦਾਸ ਇਸ ਲੋਕ ਵਿਸ਼ਵਾਸ ਦੇ ਭਰਮ ਨੂੰ ਤੋੜਦੇ ਹਨ। ਅੰਮ੍ਰਿਤ ਪਦਾਰਥ ਨਹੀਂ। ਅੰਮ੍ਰਿਤ ਤਾਂ ਨਾਮ-ਰਸ ਹੈ ਜਿਸ ਦੇ ਪੀਣ ਨਾਲ ਲਬ, ਲੋਭ, ਅਹੰਕਾਰ, ਖਤਮ ਹੋ ਜਾਂਦੇ

ਹਨ। ਸਤਿਗੁਰੂ ਦੀ ਰਜ਼ਾ ਚੰਗੀ ਲੱਗਣ ਲਗ ਪੈਂਦੀ ਹੈ। ਭੁੱਲੇ ਭਟਕੇ ਅੰਮ੍ਰਿਤ ਦੀ ਤਲਾਸ਼ ਵਸਤੂ-ਰੂਪ ਵਿਚ ਨਾ ਕਰਨ, ਇਹ ਨਿਪਟ ਹਰਿਨਾਮ ਜਪਣ ਨਾਲ ਹੀ ਪ੍ਰਾਪਤ ਹੁੰਦਾ ਹੈ। ਗੁਰਮਤਿ ਵਿਚ ਅੰਮ੍ਰਿਤ ਪਾਰਬ੍ਰਹਮ ਦਾ ਵੀ ਪਰਿਆਈ ਹੈ। ਕੇਵਲ ਪਾਰਬ੍ਰਹਮ ਹੀ ਅਜਿਹਾ ਹੈ ਜਿਸ ਨੂੰ ਮਰਣ ਨਹੀਂ ਵਿਆਪਦਾ। ਜੋ ਜੰਮਦਾ ਨਹੀਂ ਉਸ ਦਾ ਮਰਨ ਕੈਸਾ? ਉਹ ਆਪ ਅਮਰ ਹੈ ਤੇ ਆਤਮਾ ਨੂੰ ਅਮਰਤੱਵ ਪ੍ਰਦਾਨ ਕਰ ਸਕਦਾ ਹੈ। ਉਸ ਦਾ ਨਾਮ ਹੀ ਅੰਮ੍ਰਿਤ ਹੈ। ਤੀਸਰੇ ਪਾਤਸ਼ਾਹ ਨੇ "ਕਹੈ ਨਾਨਕ ਅੰਮ੍ਰਿਤ ਨਾਮ ਸੁਣਹੁ" ਕਹਿ ਕੇ ਨਾਮ ਅਤੇ ਅੰਮ੍ਰਿਤ ਵਿਚ ਅਭੇਦਤਾ ਸਥਾਪਿਤ ਕਰ ਦਿੱਤੀ ਹੈ।

ਰਸ ਆਚਾਰੀਆ ਅਨੁਸਾਰ:

ਅਨੰਦੁ-ਸੰਬੰਧ ਬਾਰੇ ਜਿਥੇ ਦਾਰਸ਼ਨਿਕ ਚਿੰਤਕਾਂ ਨੇ ਵਿਸ਼ੇਸ਼ ਧਿਆਨ ਦਿੱਤਾ ਹੈ ਉਥੇ ਰਸਾਚਾਰੀਅਜਾ ਵੀ ਪਿੱਛੇ ਨਹੀਂ ਰਹੇ। ਰਸਾਚਾਰੀਆਂ ਨੇ ਰਸ-ਅਨੁਭੂਤੀ ਲਈ ਦੋ ਤੱਤ ਸਵੀਕਾਰ ਕੀਤੇ ਹਨ: ਪਹਿਲਾ ਚਿੱਤ, ਦੂਸਰਾ ਚੇਤਨ। ਪਹਿਲੇ ਦਾ ਸੰਬੰਧ ਚਿੱਤ ਦੀਆਂ ਬਿਰਤੀਆਂ ਨਾਲ ਹੈ ਦੂਜੇ ਦਾ ਬ੍ਰਹਮ ਨਾਲ। ਸਮਾਨਯ ਰਸ ਕਵੀ ਦਾ ਮੂਲਧਾਰ ਚਿੱਤ ਬਿਰਤੀਆਂ ਹਨ ਤੇ ਅਧਿਆਤਮੀ ਲਈ ਸਗਲਾ ਬ੍ਰਹਮੰਡ ਪਾਸਾਰ। ਅਚਰਜ ਤਾਂ ਇਹ ਹੈ, ਰਸਾਚਾਰੀਆਂ ਵੀ ਕਾਵਿ-ਰਸ ਨੂੰ ਬ੍ਰਹਮ ਸਹੋਦਰ ਮੰਨਦੇ ਹਨ। ਕਾਵਿ ਜਗਤ ਵਿਚ ਰਸ ਪ੍ਰਤੀਤੀ ਵਿਸ਼ੇਸ਼ ਦੇ ਅਰਥ ਰੱਖਦਾ ਹੈ। ਪਰ ਅਧਿਆਤਮ ਜਗਤ ਵਿਚ ਰਸ ਗਿਆਨ ਵਿਸ਼ੇਸ਼ ਦੀ ਅਨੁਭੂਤੀ ਦਾ ਲਖਾਇਕ ਹੈ। ਸੰਖੇਪ ਵਿਚ, ਬ੍ਰਹਮ ਗਿਆਨ ਦੀ ਪ੍ਰਕ੍ਰਿਤੀ ਹੈ ਹੀ ਅਨੰਦ-ਰੂਪ।[8] ਬ੍ਰਹਮ ਗਿਆਨ ਦੀ ਪ੍ਰਤੀਤੀ ਦਾ ਅਰਥ ਹੀ ਦੁੱਖ-ਬੋਧ ਤੋਂ ਮੁਕਤ ਹੋਣਾ ਹੈ। ਮੋਟੇ ਤੌਰ ਤੇ ਦੋ ਪ੍ਰਕਾਰੀ ਦੁਖ ਮੰਨੇ ਗਏ ਹਨ: ਪਹਿਲੇ, ਉਹ ਜੋ ਲੌਕਿਕ ਹਨ, ਦੂਜੇ ਉਹ ਜੋ ਲੋਕਤੰਤਰ ਜਿਹਾ ਕਿ ਜਮਦੂਤ ਨਰਕ ਆਦਿ ਦਾ ਡਰ। ਬ੍ਰਹਮ ਗਿਆਨ ਦੋਹਾਂ ਤਰ੍ਹਾਂ ਦੇ ਦੁਖਾਂ ਤੋਂ ਅਭੈ ਕਰਦਾ ਹੈ। ਦੁਨਿਆਵੀ ਪਦਾਰਥ ਖੁਸ਼ੀ ਦਾ ਸਾਧਨ ਹਨ ਤੇ ਬ੍ਰਹਮ-ਗਿਆਨ ਅਨੰਦੁ ਦਾ।

ਉਪਨਿਸ਼ਦ, ਵੇਦਾਂਤ, ਜੋਗ ਮਤ, ਪੁਰਾਣ ਤੇ ਰਸਾਚਾਰੀਆਂ ਦੇ ਵਿਚਾਰ ਜਾਣਨ ਤੋਂ ਬਾਅਦ ਹੁਣ ਹਲਕਾ ਜੇਹਾ ਨਿਖੇੜਾ ਕਰਮ ਅਤੇ ਅਨੰਦੁ ਉਪਰ ਕਰਨਾ ਵੀ ਉਚਿਤ ਜਾਪਦਾ ਹੈ।

ਕਰਮ ਅਤੇ ਅਨੰਦੁ:

ਅਨੰਦੁ ਸੰਬੋਧ ਨੂੰ ਉਪਨਿਸ਼ਦਕਾਰਾਂ, ਵੇਦਾਂਤੀਆਂ ਤੇ ਰਸਾਚਾਰੀਆਂ ਦੀ ਦ੍ਰਿਸ਼ਟੀ ਜਾਣਨ ਤੋਂ ਬਾਅਦ ਇਕ ਹੀ ਨੁਕਤਾ ਹੋਰ ਰਹਿ ਜਾਂਦਾ ਹੈ ਕਿ ਰਹਿਮਤ (Grace) ਅਤੇ ਅਨੰਦੁ ਵਿਚ ਕੀ ਭੇਦ ਹੈ? ਰਹਿਮਤ ਨੂੰ ਸਾਧਾਰਣ ਖੁਸ਼ੀ ਨਾਲੋਂ ਨਿਖੇੜ ਕੇ ਵੇਖਿਆ ਜਾਏ ਤਾਂ ਖੁਸ਼ੀ ਦਾ ਸੰਬੰਧ ਆਪਣੇ ਤਤਕਾਲੀ ਵਾਤਾਵਰਣ ਨਾਲ ਹੁੰਦਾ ਹੈ। ਜੋ ਇਸ ਨਾਲੋਂ ਕਿਤੇ ਗੰਭੀਰ ਤੇ ਪਵਿੱਤਰ ਹੁੰਦੀ ਹੈ।[9] ਰਹਿਮਤ ਆਪਣੀ ਪ੍ਰਕ੍ਰਿਤੀ ਵਿਚ ਇਕ ਅੰਤ੍ਰੀਵ ਅਨੁਭਵ ਹੁੰਦਾ ਹੈ ਜੋ ਦੈਵ ਦੇ ਨਿਕਟ ਸੰਜੋਗੀ ਅਨੁਭਵ ਵਿਚੋਂ ਪੈਦਾ ਹੁੰਦੀ ਹੈ।[10] ਈਸਾਈ ਮਤ ਅਨੁਸਾਰ ਰਬੀ ਰਹਿਮਤ ਵਿਚ ਪ੍ਰਤੱਖੀ ਕਿਰਤ ਸਚਾਈ ਹੈ। ਅਭਿਆਸੀ ਨੂੰ ਸਹਿਜੇ ਹੀ ਇਕ ਭਰੋਸਾ ਪ੍ਰਾਪਤ ਹੁੰਦਾ ਹੈ। ਦੈਵ ਪਿਤਾ ਵਾਂਗ ਦੁਲਾਰਦਾ ਪ੍ਰਤੀਤ ਹੁੰਦਾ ਹੈ। ਲੌਕਿਕ, ਅਲੌਕਿਕ ਦੁੱਖਾਂ ਭੁੱਖਾਂ ਤੋਂ ਮੁਕਤੀ ਮਿਲ ਜਾਂਦੀ ਹੈ ਤੇ ਤ੍ਰਿਸ਼ਨਾਵਾਂ ਸੁੱਤੇ-ਸਿੱਧ ਤ੍ਰਿਪਤ ਹੋ ਜਾਂਦੀਆਂ ਹਨ। ਅਨੁਭਵੀ ਉਦੋਂ ਆਪਣੇ ਆਪ ਨੂੰ ਬਾਲਕ ਦੇ ਦੈਵ ਨੂੰ ਪਿਤਾ ਅਨੁਭਵਣ ਲਗਦਾ ਹੈ। ਸਭ ਤਰ੍ਹਾਂ ਦੀਆਂ ਅਕਾਂਖਿਆਵਾਂ ਤੋਂ ਨਵਿਰਤ ਹੋ ਕੇ ਆਪਣੇ ਆਪ ਨੂੰ ਕਿਸੇ ਅਗੰਮੀ ਗੋਦ ਵਿਚ ਅਨੁਭਵਦਾ ਹੈ। ਇਹੀ ਉਹ ਅਨੰਦੁ ਭਰਪੂਰ ਘੜੀ ਹੁੰਦੀ ਹੈ ਜਦੋਂ ਮੈਂ ਤੇ ਤੂੰ ਅਭੇਦ ਹੋ ਜਾਂਦੇ ਹਨ। ਚਿੱਤ ਵਿਚ ਆਕਸਮਿਕਤਾ ਤੇ ਅਸਚਰਜਤਾ ਦੇ ਭਾਵ ਜਾਗਦੇ ਹਨ ਪਰ ਅਨੁਭਵੀ ਵਿਸਮਾਦ ਦੇ ਘਰ ਵਿਚ ਆਇਆ ਅਨੰਦੁ ਦੇ ਅਸਲੀ ਮਰਮ ਨੂੰ ਪ੍ਰਾਪਤ ਹੁੰਦਾ ਹੈ।



ਕੁਲ ਮਿਲਾ ਕੇ, ਉਪਨਿਸ਼ਦਕਾਰ ਆਨੰਦ ਦੀ ਪ੍ਰਤੀਤੀ ਬ੍ਰਹਿਮੰਡ ਦੇ ਵਿਰਾਟ ਪਾਸਾਰ ਵਿਚ ਕਰਦੇ ਹਨ। ਵੇਦਾਂਤੀ ਆਨੰਦ ਦੀ ਯਾਤਰਾ ਸਥੂਲ ਸਰੀਰ ਤੋਂ ਆਰੰਭ ਕਰਕੇ ਸੂਖਮ ਪਾਬ੍ਰਹਮ ਜਾਂ ਪਰਮਾਨੰਦ ਉਪਰ ਸਮਾਪਤ ਕਰਦੇ ਹਨ। ਜੋਗਮਤ ਵਿਚ ਆਨੰਦ ਦੀ ਯਾਤਰਾ ਨਾਦ ਤੋਂ ਆਰੰਭ ਹੋ ਕੇ ਅਨਾਹਤ ਅਨੰਦ ਸੰਕਲਪ ਨੂੰ ਜਾਨਣ ਉਪਰੰਤ ਹੁਣ ਅਨੰਦੁ ਬਾਣੀ ਦੀ ਵਸਤੂ-ਸਮੱਗਰੀ ਦਾ ਭਾਵ ਜਾਨਣਾ ਉਚਿਤ ਹੈ।

ਅਨੰਦੁ ਸਾਹਿਬ ਦਾ ਮੂਲ ਭਾਵ

ਟਨੰਦੁ ਸੰਕਲਪ ਨੂੰ ਜਾਨਣ ਉਪਰੰਤ ਹੁਣ ਅਨੰਦੁ ਬਾਣੀ ਦੀ ਵਸਤੂ-ਸਮੱਗਰੀ ਦਾ ਭਾਵ ਜਾਨਣਾ ਉਚਿਤ ਹੈ। ਗੁਰੂ ਅਮਰਦਾਸ ਨੇ ਅਨੰਦੁ ਦੀ ਪਰਿਭਾਸ਼ਾ ਨਹੀਂ ਕੀਤੀ, ਅਨੰਦੁ ਬਾਣੀ ਦੀ ਆਰੰਭਕ ਪੰਕਤੀ:

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥[11] ਤੋਂ ਹੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਬਾਣੀ ਦੇ ਰਚਣਹਾਰ ਅਨੰਦਿਤ ਅਵਸਥਾ ਦਾ ਕਥਨ ਕਰ ਰਹੇ ਹਨ। ਰਚਣਹਾਰ ਨਾ ਤਾਂ ਸੰਵਾਦ ਰਚਾਉਂਦੇ ਹਨ ਤੇ ਨਾ ਹੀ ਵਾਦ-ਵਿਵਾਦ ਵਿਚ ਪਰਿਵਿਰਤ ਹੁੰਦੇ ਹਨ। ਕੇਵਲ ਇਕ ਪੰਕਤੀ ਰਾਹੀਂ ਅਨੰਦੁ-ਸੰਬੋਧ ਪ੍ਰਤੀ ਆਪਣਾ ਮੱਤ, ਸਪੱਸ਼ਟ ਕਰ ਦੇਂਦੇ ਹਨ:

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥[12]

ਇਸ ਰਚਨਾ-ਪਾਠ ਦੀ ਪਹਿਲੀ ਪੰਕਤੀ ਪੁਸਤਕ-ਮੁਖ ਵੈਦਿਕ ਪੱਧਤੀ ਨੂੰ ਨਕਾਰਦੀ ਹੈ ਤੇ ਦੂਸਰੀ ਆਪਣੇ ਮਤ ਦਾ ਇਜ਼ਹਾਰ ਕਰਦੀ ਹੈ ਭਾਵ ਗੁਰੂ-ਮੁਖ ਪੱਧਤੀ ਦੀ ਪੁਸ਼ਟੀ ਕਰਦੀ ਹੈ। ਇਥੇ ਇਸ ਤੱਥ ਨੂੰ ਰਤਾ ਕੁ ਨਿਖੇੜਨਾ ਉਚਿਤ ਹੈ। ਗੁਰਮਤਿ ਦੀ ਚਿੰਤਨ-ਵਿਧੀ ਗੁਰੁਮੁਖ

ਹੈ। ਗੁਰਬਾਣੀ ਸਾਹਿਤ ਤੋਂ ਪਹਿਲਾਂ ਦੋ ਚਿੰਤਨ-ਵਿਧੀਆਂ ਸਪੱਸ਼ਟ ਵਿਖਾਈ ਦੇਂਦੀਆਂ ਹਨ:

1. ਗਿਆਨ-ਮੁਖ ਚਿੰਤਨ ਵਿਧੀ। ਇਸ ਦੇ ਅੰਤਰਗਤ ਵੈਦਿਕ ਤੇ ਵੇਦਾਂਤਕ ਸਾਹਿਤ ਆ ਜਾਂਦਾ ਹੈ। ਇਸੇ ਨੂੰ ਵੈਦਿਕ ਪੱਧਤੀ ਕਿਹਾ ਗਿਆ ਹੈ।
2. ਗੁਰੂ-ਮੁਖ ਚਿੰਤਨ ਵਿਧੀ। ਇਸ ਦੇ ਅਧੀਨ ਸਿੱਧ, ਨਾਥ, ਸੰਤ ਸਾਹਿਤ ਆ ਜਾਂਦਾ ਹੈ। ਇਸ ਨੂੰ ਅਵੈਦਿਕ ਪੱਧਤੀ ਦਾ ਨਾਮ ਦਿੱਤਾ ਗਿਆ ਹੈ।

ਇਹਨਾਂ ਦੋਹਾਂ ਵਿਧੀਆਂ ਦੀ ਆਪੋ ਆਪਣੀ ਵੱਖਰਤਾ ਹੈ। ਪਹਿਲੀ ਦਾ ਬਲ ਗਿਆਨ ਉਪਰ ਹੈ ਤੇ ਦੂਜੀ ਦਾ ਅਨੁਭਵ ਉਪਰ। ਇਕ ਤਰ੍ਹਾਂ ਇਹ ਗਿਆਨ ਅਤੇ ਅਨੁਭਵ ਦਾ ਹੀ ਅੰਤਰ ਹੈ। ਗਿਆਨ ਜੋ ਪੁਸਤਕਾਂ ਵਿਚੋਂ ਪ੍ਰਾਪਤ ਹੁੰਦਾ ਹੈ ਤੇ ਅਨੁਭਵ, ਜੋ ਗੁਰੂ ਦੇ ਦੱਸੇ ਮਾਰਗ ਰਾਹੀਂ ਪ੍ਰਾਪਤ ਹੁੰਦਾ ਹੈ।

ਗੁਰਮਤਿ ਆਚਾਰੀਆਂ ਨੇ ਗੁਰੂ-ਮੁਖ ਚਿੰਤਨ ਵਿਧੀ ਉਪਰ ਵਧੇਰੇ ਬਲ ਦਿੱਤਾ ਹੈ। ਇਸ ਦਾ ਇਹ ਅਰਥ ਕਦਾਇਤ ਨਹੀਂ ਕਿ ਗੁਰੂ ਸਾਹਿਬਾਨ ਨੇ ਗਿਆਨ-ਮੁਖ ਚਿੰਤ ਵਿਧੀ ਨੂੰ ਅਸਲੋਂ ਹੀ ਨਕਾਰ ਦਿੱਤਾ ਹੈ। ਇਥੇ ਕੇਵਲ ਇਤਨਾ ਹੀ ਨਿਵੇਦਨ ਹੈ ਕਿ ਗੁਰਮਤਿ ਇਹਨਾਂ ਦੋਹਾਂ ਦਾ ਸੁਮੇਲ ਕਰਦੀ ਹੈ। ਗੁਰਬਾਣੀ ਸਾਹਿਤ ਵਿਚ ਤੱਤ ਸਾਰ ਦਾ ਮਹੱਤਵ ਅਨੇਕ ਥਾਈਂ ਬਿਆਨਿਆ ਗਿਆ ਹੈ ਪਰ ਅਸਲ ਗਿਆਨ ਉਹ ਹੈ ਜੋ ਗੁਰੂ ਤੋਂ ਗ੍ਰਹਿਣ ਕੀਤਾ ਜਾਏ। ਦੂਸਰੇ ਸ਼ਬਦਾਂ ਵਿਚ ਗੁਰਮਤਿ-ਚਿੰਤਨ-ਵਿਧੀ ਗਿਆਨ ਅਤੇ ਅਨੁਭਵ ਦਾ ਸਮਤੋਲ ਹੈ ਤੇ ਇਹੀ ਇਸ ਦੀ ਵਿਲੱਖਣਤਾ ਵੀ ਹੈ।

ਉਪਰਲੀ ਪੰਕਤੀ "ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ" ਗੁਰੂ ਤੋਂ ਬਿਨਾਂ ਤੱਤ-ਗਿਆਨ ਜਾਣਿਆ ਹੀ ਨਹੀਂ ਜਾ ਸਕਦਾ ਭਾਵੇਂ ਕੋਈ ਜਿੰਨਾ ਮਰਜ਼ੀ ਸਿਮ੍ਰਤੀਆਂ ਤੇ ਸ਼ਾਸਤਰਾਂ ਬਾਰੇ ਵਿਚਾਰ ਕਰ ਲਵੇ। "ਤਤੈ ਸਾਰ ਨ ਜਾਣੀ" ਦਾ ਤੁਕਾਂਗ ਦੋ ਪੰਕਤੀਆਂ ਵਿਚ ਤਿੰਨ ਵੇਰ ਦੁਹਰਾ ਕੇ ਰਚੈਤਾ ਨੇ ਆਪਣੇ ਮਤ ਬਾਰੇ ਸਪੱਸ਼ਟਤਾ ਦੇ ਦਿੱਤੀ ਹੈ। ਜ਼ਾਹਿਰ ਹੈ, ਰਚਣਹਾਰ ਅਨੰਦੁ-ਸੰਬੰਧ ਜਿਸ ਦਾ ਸੰਬੰਧ ਕੇਵਲ ਗਿਆਨ ਦੇ ਗ੍ਰੰਥਾਂ ਨਾਲ ਹੈ, ਵਲੋਂ ਉਦਾਸੀਨ ਹੀ ਹਨ। ਉਹਨਾਂ ਦਾ ਮਤ ਹੈ:

(ੳ) ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥ [13]

(ਅ) ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥ [14]

ਇਥੇ ਇਹ ਧਿਆਨ ਰਹੇ ਅਨੰਦੁ ਬਾਣੀ ਵਿਚ ਗੁਰੂ, ਸਤਿਗੁਰੂ, ਪ੍ਰਭੂ, ਹਰਿ ਤੇ ਹਰਿ ਰਸ ਬ੍ਰਹਮ ਦੇ ਪ੍ਰਯਾਇ ਕਰਕੇ ਹੀ ਵਰਤੇ ਗਏ ਹਨ। ਸਤਿਗੁਰੂ ਦੀ ਪ੍ਰਾਪਤੀ ਹੀ ਅਨੰਦੁ ਹੈ। ਇਥੇ ਅਨੰਦੁ ਸ਼ਬਦ ਅਨੰਦੁ-ਸੰਬੋਧ ਨਾਲੋਂ ਅਨੰਦੁ-ਅਵਸਥਾ ਦਾ ਲਖਾਇਕ ਹੈ। ਜੋ ਆਪਣੇ ਆਪ ਵਿਚ ਇਕ ਉਚੇਰੀ ਅਭੇਦਤਾ ਦੀ ਅਵਸਥਾ ਮੰਨਦੇ ਹਨ। ਪਰ ਇਹ ਅਵਸਥਾ



ਸਤਿਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦੀ। ਸਤਿਗੁਰੂ ਦਾ ਪਿਆਰਾ ਸਿੱਖ (ਆਵਹੁ ਸਿੱਖ ਸਤਿਗੁਰੂ ਕੇ ਪਿਆਰਿਹੁ) ਸਚੀ ਬਾਣੀ ਦਾ ਸਿਮਰਨ ਕਰਕੇ ਹੀ ਸਦੀਵੀ ਅਨੰਦੁ ਦੀ ਪ੍ਰਾਪਤੀ ਕਰਦਾ ਹੈ। ਸਿਧਾਂਤਕ ਸ਼ਬਦਾਂ ਵਿਚ ਆਤਮਾ ਅਤੇ ਪਰਮਾਤਮਾ ਦੀ ਅਦਵੈਤ ਕਲਪਨਾ ਹੀ ਗੁਰਮਤਿ ਦਾ ਕੇਂਦਰ-ਬਿੰਦੂ ਹੈ। ਦਰਸ਼ਨ (ਗਿਆਨ) ਸਾਧਨ ਤੇ ਸਾਧਕ ਦੀ ਗਡਵਡਤਾ ਹੀ ਅਨੰਦੁ-ਰੂਪ ਸਥਿਤੀ ਹੈ। ਇਸ ਰਚਨਾ ਦਾ ਆਰੰਭ ਆਨੰਦਾਤਮਕ ਅਵਸਥਾ ਦੇ ਨਿਰੂਪਣ ਨਾਲ ਹੁੰਦਾ ਹੈ:

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥ [15]
ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥ [16]

ਆਨੰਦਮਈ ਅਵਸਥਾ ਦਾ ਅਨੁਭਵ ਕੇਵਲ ਉਸਨੂੰ ਹੁੰਦਾ ਹੈ, ਜਿਸ ਨੂੰ ਇਹ ਵਿਆਪਦੀ ਹੈ। ਇਸਦਾ ਕਥਨ ਨਹੀਂ ਕੀਤਾ ਜਾ ਸਕਦਾ:

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥ [17]

ਪਰ ਜਾਣਦਾ ਉਹੀ ਹੈ ਜਿਸ ਦਾ ਮਨ ਸਵੱਛ ਹੁੰਦਾ ਹੈ ਨਾਲ ਹੀ ਰੱਬੀ ਰਜ਼ਾ ਵਿਚ ਵਿਚਰਦਾ ਹੈ:

ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥ [18]

ਇਥੇ ਇਹ ਧਿਆਨ ਰਹੇ ਹੁਕਮ ਵਿਚ ਵਿਚਰਣ ਦਾ ਰਾਜ਼ ਵੀ ਉਹਨਾਂ ਨੂੰ ਹੀ ਸਮਝ ਵਿਚ ਆਉਂਦਾ ਹੈ, ਜਿਹਨਾਂ ਦੇ ਮਸਤਕ ਵਿਚ ਧੁਰ ਤੋਂ ਹੀ ਲਿਖਿਆ ਹੈ:

ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥ [19]

ਜਿਹਨਾਂ ਦੇ ਮਨ ਵਿਚ ਵਸ ਉਹਨਾਂ ਦੇ ਸਾਰੇ ਸ਼ੰਕੇ ਦੂਰ ਹੋ ਜਾਂਦੇ ਹਨ ਤੇ ਉਹਨਾਂ ਨੂੰ ਇਕ ਖਾਸ ਤਰ੍ਹਾਂ ਦਾ ਸਹਿਜ ਪ੍ਰਾਪਤ ਹੋ ਜਾਂਦਾ ਹੈ:

ਕਹੈ ਨਾਨਕ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥ [20]

ਸਹਿਜ ਆਪਣੇ ਆਪ ਵਿਚ ਸੁਖਾਤਮਕ ਅਨੁਭਵ ਹੈ। ਹਰ ਵੇਲੇ ਚਾਉ ਦੀ ਅਵਸਥਾ ਬਣੀ ਰਹਿੰਦੀ ਹੈ:

ਮਨਿ ਚਾਉ ਭਇਆ ਪ੍ਰਭਿ ਆਗਮੁ ਸੁਣਿਆ ॥
ਹਰਿ ਮੰਗਲੁ ਗਾਉ ਸਖੀ ਗ੍ਰਿਹ ਮੰਦਰੁ ਬਣਿਆ ॥ [21]
.... .... ...
ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥ [22]

ਸੰਖੇਪ ਵਿਚ, ਇਹ ਰਚਨਾ ਆਨੰਦਮਈ ਅਵਸਥਾ ਦੇ ਨਿਰੂਪਣ ਨਾਲ ਆਰੰਭ ਹੋ ਕੇ

ਸਿੱਖ ਲਈ ਸਾਧਨ-ਮਾਰਗ ਦਾ ਨਿਰਦੇਸ਼ ਕਰਦੀ ਹੋਈ ਅਖੀਰ ਸਾਧਕ ਨੂੰ ਅਨੰਦੁ ਵਿਚ ਅਭੇਦ ਹੋਣ ਦੀ ਅਵਸਥਾ ਤਕ ਪਹੁੰਚਾ ਦੇਂਦੀ ਹੈ। ਗੁਰੂ ਦਾ ਸਿੱਖ, ਸਤਿਗੁਰੂ ਦੀ ਸਚੀ ਬਾਣੀ ਦਾ ਸਿਮਰਨ ਕਰਕੇ ਸਦੀਵੀ ਸੁਖ ਨੂੰ ਪ੍ਰਾਪਤ ਹੁੰਦਾ ਹੈ। ਇਹੀ ਇਸ ਰਚਨਾ ਦਾ ਅਸਲੀ ਮਰਮ ਹੈ। ਇਹੀ ਉਹ ਅਨੰਦੁ ਹੈ, ਜਿਸ ਦਾ ਜੈਕਾਰ ਅਨੰਦੁ ਬਾਣੀ ਵਿਚ ਕੀਤਾ ਗਿਆ ਹੈ।

ਆਨੰਦੁ ਬਾਣੀ ਦੀਆਂ ਕਾਵਿਕ ਵਿਸ਼ੇਸ਼ਤਾਈਆਂ

ਧਰਮ ਦਾ ਆਧਾਰ ਦਰਸ਼ਨ ਅਤੇ ਕਰਮ ਹੁੰਦਾ ਹੈ। ਦਰਸ਼ਨ ਦਾ ਇਕ ਅੰਗ ਸ਼ੁਧ ਤੱਤ ਨਾਲ ਸੰਬੋਧਤ ਹੋਣ ਕਰਕੇ ਫ਼ਲਸਫ਼ਾ ਹੈ। ਦੂਜਾ, ਅੰਗ ਕਰਮ ਨਾਲ ਸੰਬੰਧਿਤ ਹੋਣ ਕਰਕੇ ਧਰਮ ਹੈ। ਦਰਸ਼ਨ ਸਾਨੂੰ ਕੁਝ ਕੁ ਸੰਬੋਧ ਦੇਂਦਾ ਹੈ ਜਿਹਨਾਂ ਦੇ ਸਹਾਰੇ ਅਸੀਂ ਜੀਵ ਜਗਤ ਤੇ ਬ੍ਰਹਮ ਨੂੰ ਸਮਝਣ ਬੁੱਝਣ ਦੇ ਯੋਗ ਹੋ ਜਾਂਦੇ ਹਾਂ। ਧਰਮ-ਕਰਮ ਇਹਨਾਂ ਸੰਬੰਧਾਂ ਦੇ ਨਾਲ-ਨਾਲ ਅਜਿਹਾ ਸਾਧਨ ਹੈ ਜਿਸਦੇ ਸਹਾਰੇ ਅਸੀ ਜਗਤ ਵਿਚ ਰਹਿਣ ਦੀ ਜੁਗਤ ਸਿੱਖਦੇ ਹਾਂ। ਇਹੀ ਜੁਗਤ ਵਿਸ਼ੇਸ਼ ਧਰਮ ਨੂੰ ਸੰਪ੍ਰਦਾਇਕਤਾ ਪ੍ਰਦਾਨ ਕਰਦੀ ਹੈ। ਗੁਰੂ ਨਾਨਕ ਦੇਵ ਦੀ ਚਿੰਤਨ-ਵਿਧੀ ਭਾਵੇਂ ਧਰਮ-ਬਾਹਰੀ ਸੀ ਪਰ ਤਾਂ ਵੀ ਸੰਪ੍ਰਦਾਇਕ ਅੰਸ਼ ਇਸ ਵਿਚ ਬੀਜ ਮਾਤ੍ਰ ਮੌਜੂਦ ਸਨ। ਗੁਰੂ ਨਾਨਕ ਦੇਵ ਤੋਂ ਬਾਅਦ ਪਰਵਰਤੀ ਗੁਰੂ ਸਾਹਿਬਾਨ ਦੇ ਸਾਹਮਣੇ ਇਹ ਸੰਸਥਾ ਨਿਸਚਿਤ ਨੁਹਾਰ ਲੈ ਚੁੱਕੀ ਸੀ। ਨਤੀਜੇ ਵਜੋਂ, ਗੁਰਬਾਣੀ ਵਿਚ ਸੰਪ੍ਰਦਾਇਕ ਅੰਸ਼ ਆਉਣੇ ਸ਼ੁਰੂ ਹੋ ਗਏ। ਗੁਰੂ ਸਾਹਿਬਾਨ ਨੇ ਜਿਥੇ ਆਪਣੇ ਦਾਰਸ਼ਨਿਕ ਵਿਚਾਰਾਂ ਦਾ ਸਪੱਸ਼ਟੀਕਰਣ ਦਿੱਤਾ ਉਥੇ ਸੰਪ੍ਰਦਾਇ ਨੂੰ ਨਾਲੋਂ ਨਾਲ ਮਜ਼ਬੂਤ ਕਰਨ ਦੇ ਉਪਰਾਲੇ ਕੀਤੇ। 'ਅਨੰਦੁ ਸਾਹਿਬ' ਵਿਚ ਇਹ ਦੋਵੇਂ ਤੱਤ ਮੌਜੂਦ ਹਨ।[3] ਇਕ ਪਾਸੇ ਅਨੰਦ-ਸੰਬੋਧ ਨੂੰ ਗੁਰਮਤਿ ਅਨੁਸਾਰ ਸਪੱਸ਼ਟ ਕਰਦੀ ਹੈ। ਦੂਜੇ ਪਾਸੇ ਸੰਸਥਾ ਮੁਲਕ ਬਿਰਤੀ ਨੂੰ ਦ੍ਰਿੜ੍ਹ ਕਰਾਉਂਦੀ ਹੈ।

ਅਨੰਦੁ ਸਾਹਿਬ ਵਿਚ ਸਤਿਗੁਰੂ ਦੀ ਸਿਰਮੌਰਤਾ ਹੈ। ਸਤਿਗੁਰੂ ਰਚਿਤ ਬਾਣੀ ਦਾ ਗਾਵਣਹਾਰ ਸਿੱਖ ਹੀ ਹੈ। ਸਿੱਖ ਨੂੰ ਸੱਚੀ ਬਾਣੀ ਰਾਹੀਂ ਸੱਚਾ ਉਪਦੇਸ਼ ਦਿੱਤਾ ਗਿਆ ਹੈ। ਇਹੀ ਉਪਦੇਸ਼ ਹੀ ਅਨੰਦੁ-ਰੂਪ ਹੈ। ਇਸੇ ਦਾ ਸਹਿਜ ਜੈਕਾਰ ਅਨੰਦੁ ਸਾਹਿਬ ਵਿਚ ਹੋਇਆ ਹੈ।

ਪਰੰਪਰਾ ਪੁਖਤਾ ਨੇ ਇਸ ਰਚਨਾ ਵਿਚ ਆਪਣਾ ਮਹੱਤਵਪੂਰਣ ਰੋਲ ਅਦਾ ਕੀਤਾ ਹੈ। ਪਰੰਪਰਾ ਦੀ ਨਿਰੰਤਰਤਾ ਭਵਿੱਖ ਮੁਖ ਹੁੰਦੀ ਹੈ। ਭਵਿੱਖ ਦੀ ਰੱਖਿਆ ਕਰਨ ਲਈ ਸਮੇਂ ਦੇ ਰਹਿਬਰਾਂ ਨੇ ਆਪਣੇ ਅਨੁਆਈਆਂ ਨੂੰ ਅਜਿਹੇ ਉਪਦੇਸ਼ ਵੀ ਦਿੱਤੇ ਹਨ ਜਿਨ੍ਹਾਂ ਦਾ ਸੰਬੰਧ ਸੰਸਥਾ ਦੀ ਦਾਰਸ਼ਨਿਕਤਾ ਨਾਲ ਵੀ ਹੁੰਦਾ ਹੈ ਸਮਾਜਿਕਤਾ ਨਾਲ ਵੀ। ਇਕ ਪਾਸੇ, ਇਹ ਰਚਨਾ ਸਿੱਖ ਸੰਗਤ ਨੂੰ ਸੰਬੋਧਿਤ ਹੈ। ਦੂਜੇ ਪਾਸੇ, ਸਚੀ ਬਾਣੀ ਨਾਲ ਜੁੜਨ ਦਾ ਵੀ ਉਪਦੇਸ਼ ਹੈ।

ਇਸ ਦੀ ਰਚਨਾ-ਬੁਣਤੀ ਵਿਚ ਨਿਸਚੈ ਹੀ ਗਡਵਡਤਾ ਹੈ। ਇਹ ਗਡਵਡਤਾ ਨਿਰਾ ਸਦਾਚਾਰਕ ਨੇਮਾਂ ਦਾ ਕੋਡ ਬਣ ਕੇ ਰਹਿ ਜਾਂਦੀ ਹੈ ਤੇ ਅਜਿਹੀ ਰਚਨਾ ਵਿਚ ਦਰਸ਼ਨ ਵਿਸ਼ੇਸ਼ ਦੀ ਆਪਣੀ ਥਾਂ ਹੁੰਦੀ ਹੈ। ਦੋਹਾਂ ਦੀ ਖੂਬਸੂਰਤੀ ਇਹ ਹੈ, ਦਰਸ਼ਨ ਤੇ ਨੇਮ ਆਪਣੀ ਵਿਲੱਖਣ



ਪਹਿਚਾਣ ਦੇ ਨਾਲ-ਨਾਲ ਇਕਰੂਪਤਾ ਨੂੰ ਧਾਰਨ ਕਰ ਲੈਂਦੇ ਹਨ।

ਅਨੰਦੁ-ਰਚਨਾ ਅਜਿਹੇ ਕਥਨਾ ਨਾਲ ਭਰੀ ਹੁੰਦੀ ਹੈ। ਸੰਸਥਾ ਮੂਲਕ ਬਿਰਤੀ ਦੀ ਵਿਲੱਖਣ ਪਹਿਚਾਣ ਇਹ ਹੈ- ਇਸ ਵਿਚ ਸੰਬੋਧਨੀ ਸੁਰ ਵਿਸ਼ੇਸ਼ ਹੁੰਦਾ ਹੈ। ਸੰਬੋਧਨ ਮੁਖਤਾ ਦਾ ਵੱਡਾ ਕਾਰਣ ਆਪਣੇ ਸ੍ਰੋਤਿਆਂ ਨਾਲ ਸਿੱਧਾ ਸੰਬੰਧ ਕਾਇਮ ਕਰਨਾ ਹੁੰਦਾ ਹੈ। ਇਸ ਤਰ੍ਹਾਂ ਵਕਤਾ ਤੇ ਸ੍ਰੋਤਾ ਇਕ ਦੂਜੇ ਨੂੰ ਸਨਮੁਖ ਹੋ ਕੇ ਸਫਲ ਸੰਚਾਰ ਦੇ ਸੁਆਮੀ ਬਣਦੇ ਹਨ। ਇਸੇ ਨੁਕਤੇ ਨੂੰ ਧਿਆਨ ਵਿਚ ਰੱਖਦੇ ਹੋਏ ਅਨੰਦੁ ਸਾਹਿਬ ਵਿਚ ਪੇਸ਼ ਹੋਈ ਸੰਬੋਧਨੀ ਸ਼ੈਲੀ ਦੇ ਨਮੂਨੇ ਹਾਜ਼ਰ ਹਨ:

1. ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥[23]
2. ਗੁਰਮੁਖਿ ਨਾਮੁ ਦਾਨੁ ਇਸਨਾਨੁ ॥[24]

| | |
|---|---|
| (ੳ) ਕਹੈ ਨਾਨਕੁ ਸੁਣਹੁ ਸੰਤਹੁ<br>ਸਬਦਿ ਧਰਹੁ ਪਿਆਰੋ ॥[25] | (4) ਪਹਿਲੀ ਪੰਕਤੀ ਦਾ ਅੱਧ ਸੰਬੋਧਨ ਹੈ ਦੂਜਾ ਤੁਕਾਂਗ ਸੰਬੋਧਨ ਯੁਕਤ ਉਪਦੇਸ਼ ਹੈ |
| (ਅ) ਆਵਹੁ ਸੰਤ ਪਿਆਰਿਹੋ<br>ਅਕਥ ਕੀ ਕਰਹ ਕਹਾਣੀ ॥[26] | (9) ਪੰਕਤੀ ਦਾ ਪਹਿਲਾ ਅੱਧ ਸੰਬੋਧਨ ਹੈ ਦੂਜਾ ਸੰਬੋਧ ਯੁਕਤ ਉਪਦੇਸ<br>(ਸੰਤ-ਸੰਬੋਧਿਤ) |
| (ੲ) ਏ ਮਨ ਚੰਚਲਾ ਚੁਤਰਾਈ ਕਿਨੈ ਨ ਪਾਇਆ ॥[27] | (10) ਉਪਰਲਾ ਪੈਟਰਨ<br>(ਸੰਤ-ਸੰਬੋਧਿਤ) |
| (ਸ) ਏ ਮਨ ਪਿਆਰਿਆ ਤੂਸਦਾ ਸਚੁ ਸਮਾਲੇ ॥[28] | (11) ਉਹੀ<br>(ਸੰਤ-ਸੰਬੋਧਿਤ) |
| (ਹ) ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥[29] | (12) ਉਹੀ<br>(ਸਹਿਜ ਸੰਬੋਧਨ) |
| (ਕ) ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥[30] | (39) ਪੰਕਤੀ ਦਾ ਪਹਿਲਾ ਅੱਧ ਕਥਨ ਹੈ ਦੂਜਾ ਅੱਧ ਉਪਦੇਸ਼ ਹੈ<br>(ਸਹਿਜ ਸੰਬੋਧਨ) |
| (ਖ) ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ<br>ਗਾਵਹੁ ਸਚੀ ਬਾਣੀ ॥[31] | (23) ਪੰਕਤੀ ਦੇ ਪਹਿਲੇ ਅੱਧ ਵਿਚ ਬੁਲਾਵਾ-ਰੂਪ ਸੰਬੋਧਨ ਹੈ ਤੇ ਦੂਜੇ ਵਿਚ ਉਪਦੇਸ਼<br>(ਸਿੱਖ-ਸੰਬੋਧਨ) |
| (ਗ) ਏ ਰਸਨਾ ਤੂਅਨ ਰਸਿ ਰਾਚਿ<br>ਰਹੀ ਤੇਰੀ ਪਿਆਸ ਨ ਜਾਇ ॥[32] | (32) ਜੀਭ ਨੂੰ ਸੰਬੋਧਤ ਹੈ ਤੇ ਜੀਭ ਦੀ ਪ੍ਰਕ੍ਰਿਤੀ ਬਾਰੇ ਕਥਨ ਹੈ |
| (ਘ) ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ<br>ਤਾ ਤੂ ਜਗ ਮਹਿ ਆਇਆ ॥[33] | (33) ਸਰੀਰ-ਸੰਬੋਧਤ ਤੇ ਉਪਦੇਸ਼ |
| (ਙ) ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ | (35) ਸਰੀਰ ਨੂੰ ਸੰਬੋਧਨ ਉਪਰੰਤ |

| | | |
|---|---|---|
| ਕਿਆ ਤੁਧੁ ਕਰਮ ਕਮਾਇਆ ॥ [34] | | ਕਰਨੀ ਲਈ ਪ੍ਰਸ਼ਨ ਹੈ |
| (ਚ) ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥ [35] | (36) | ਅੱਖਾਂ ਨੂੰ ਸੰਬੋਧਨ, ਨੇਤ੍ਰ-ਜੋਤ ਬਾਰੇ ਕਥਨ ਉਪਰੰਤ ਉਪਦੇਸ਼ |
| (ਛ) ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥ [36] | (37) | ਕੰਨਾਂ ਨੂੰ ਸੰਬੋਧਨ ਤੇ ਉਸ ਦੇ ਜ਼ਿੰਮੇ ਲੱਗੀ ਡਿਊਟੀ ਪ੍ਰਤੀ ਸੁਚੇਤ ਕੀਤਾ ਗਿਆ ਹੈ |

ਸੰਬੋਧਨ ਸਾਮਗ੍ਰੀ ਉਪਰ ਜੇ ਧਿਆਨ-ਕੇਂਦਰਿਤ ਕੀਤਾ ਜਾਏ ਤਾਂ ਇੰਜ ਮਾਲੂਮ ਹੁੰਦਾ ਹੈ, ਰਚਨਹਾਰ ਸੰਬੋਧਨ ਮੁਖਤਾ ਵਿਚ ਵਿਸ਼ਵਾਸ ਵੀ ਰੱਖਦੇ ਹਨ ਤੇ ਉਸ ਤੋਂ ਮੁਕਤ ਵੀ ਹੋਣਾ ਚਾਹੁੰਦੇ ਹਨ। ਪੂਰੀ ਰਚਨਾ ਸੰਬੋਧਨ-ਯੁਕਤ ਨਹੀਂ। ਟਨੰਦੁ ਦੀਆਂ ਚਾਲੀ ਪਉੜੀਆਂ ਵਿਚੋਂ ਬਾਰਾਂ ਸੰਬੋਧਨ ਵਿਸ਼ੇਸ਼ ਨਾਲ ਯੁਕਤ ਹਨ। ਇਹ ਸੰਬੋਧਨ ਇਕ ਥਾਂ ਉਪਰ ਟਿਕਦਾ ਨਹੀਂ। ਪਰ ਇੰਨਾ ਕੁ ਸਪੱਸ਼ਟ ਹੀ ਹੈ ਜਿਸ ਦਾ ਮੂਲ ਸੰਬੰਧ ਸੰਸਥਾ ਦੇ ਅਨੁਆਈਆਂ ਨਾਲ ਹੀ ਹੈ। ਚਾਹੇ ਉਹ ਸੰਬੋਧਨ ਸੰਤ ਨੂੰ ਜਾਂ ਸਿੱਖ ਨੂੰ। ਉਪਦੇਸ਼ ਦੋਹਾਂ ਹਾਲਤਾਂ ਵਿਚ ਇਕੋ ਹੈ:

(ੳ) ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ [37]

(ਅ) ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥ [38]

ਕਰਮ-ਜੁਗਤ ਦਾ ਨਿਖੇੜਾ ਵੀ ਸਪੱਸ਼ਟ ਹੈ। ਅਕਥ ਦੀ ਕਹਾਣੀ ਕਰੀਏ ਤੇ ਸਚੀ ਬਾਣੀ ਗਾਈਏ। ਕਹਾਣੀ ਕਰਨ ਤੇ ਸਚੀ ਬਾਣੀ ਗਾਣ ਦਾ ਸੰਬੰਧ ਵੀ ਸਿੱਖ ਦੀ ਮਾਨਸਿਕਤਾ ਨਾਲ ਹੈ। ਅਗਮ ਅਗੋਚਰ ਦੀ ਵਿਚਾਰ ਵੀ ਕੀਤੀ ਜਾ ਸਕਦੀ ਹੈ ਤੇ ਮਹਿਮਾ ਭਰੇ ਬੋਲ ਵੀ ਗਾਵੇ ਜਾ ਸਕਦੇ ਹਨ। ਮਨ ਮਨੁੱਖੀ ਸਰੀਰ ਦਾ ਚਾਲਕ ਹੈ। ਮਨ ਨੂੰ ਜਦੋਂ ਵੀ ਸੰਬੋਧਿਤ ਕੀਤਾ ਗਿਆ ਹੈ ਸਚ ਸੰਭਾਲਣ ਦੀ ਪ੍ਰੇਰਣਾ ਦਿੱਤੀ ਗਈ ਹੈ। ਮਨ ਹੀ ਗਿਆਨ ਇੰਦ੍ਰੀਆਂ ਦੀ ਇਕਾਗਰਤਾ ਦਾ ਸਾਧਨ ਬਣ ਸਕਦਾ ਹੈ। ਰਚੈਤਾ ਨੇ ਮਨ ਦੇ ਘਰ ਸਰੀਰ ਤੇ ਸਰੀਰ ਦੇ ਅੰਗ ਪ੍ਰਤੀ ਅੰਗ ਦੀ ਵਖੋ ਵੱਖਰੀ ਸੰਵੇਦਨਾ ਨੂੰ ਉਭਾਰਿਆ ਹੈ। ਸਰੀਰ ਸੰਬੋਧਨ ਦੀਆਂ ਪੰਕਤੀਆਂ ਵਿਚੋਂ ਪਉੜੀ ਅੰਕ ਤੇਤੀ (ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂੰ ਜਗ ਮਹਿ ਆਇਆ) ਵਿਚ ਸਰੀਰ ਤੇ ਆਤਮਾ ਦੇ ਸੁਮੇਲ ਦਾ ਨਿਰੂਪਣ ਤੱਥ ਦੀ ਪੱਧਰ ਉਪਰ ਕੀਤਾ ਗਿਆ ਹੈ। ਪਰ ਅਗਲੀ ਹੀ ਪਉੜੀ ਵਿਚ ਸਰੀਰ ਨੂੰ ਪ੍ਰਸ਼ਨ-ਚਿੰਨ੍ਹ ਕਰ ਦਿੱਤਾ ਗਿਆ ਹੈ ਤੇ ਚੰਗੀ ਕਾਰ ਕਮਾਉਣ ਤੇ ਹਰਿ ਨਾਮ ਦੇ ਜਪਣ ਉਪਰ ਬਲ ਦਿੱਤਾ ਗਿਆ ਹੈ। ਇਸੇ ਤਰ੍ਹਾਂ 'ਏ ਰਸਨਾ ਤੂੰ ਅਨਰਸ ਰਾਚਿ ਰਹੀ' ਵਿਚ ਮਨੁੱਖ ਦੀਆਂ ਸਦਾ ਤੋਂ ਹੀ ਅਤ੍ਰਿਪਤ ਤ੍ਰਿਸ਼ਨਾਵਾਂ ਦਾ ਜ਼ਿਕਰ ਕਰਕੇ ਹਰਿ ਰਸ ਪੀਣ ਦਾ ਸੁਝਾਓ ਦਿੱਤਾ ਹੈ। ਇਹੀ ਉਹ ਉਤਮ ਸਾਧਨ ਹੈ ਜਿਸ ਨਾਲ ਮਨ ਦੀਆਂ ਸਾਰੀਆਂ ਤ੍ਰਿੱਖਾਂ ਤ੍ਰਿਪਤ ਹੋ ਜਾਂਦੀਆਂ ਹਨ। 'ਏ ਨਤ੍ਰਹ ਮੇਰਿਹੋ' ਨੂੰ ਹਰ ਹਾਲ ਵਿਚ ਹਰੀ ਦਾ ਰੂਪ ਨਿਹਾਰਣ ਲਈ ਹੀ ਆਦੇਸ਼ ਹੈ। 'ਏ ਸ੍ਰਵਣਹੁ ਮੇਰਿਹੋ' ਨੂੰ ਸਰੀਰ ਲਾ ਕੇ ਬਾਣੀ



ਸੁਣਨ ਦਾ ਉਪਦੇਸ਼ ਦਿੱਤਾ ਗਿਆ ਹੈ।

ਸੰਸਥਾ ਮੂਲਕ ਮਾਨਸਿਕਤਾ ਦਾ ਇਕ ਹੋਰ ਉੱਘਾ ਲੱਛਣ ਹੈ, ਆਪਣੇ ਸਿੱਖ ਜਾਂ ਪੈਰੋਕਾਰ ਨੂੰ ਉਹਨਾਂ ਦੇ ਸਾਰੇ ਗੁਣ-ਔਗੁਣਾਂ ਤੋਂ ਜਾਣੂ ਕਰਾਉਣਾ ਹੈ ਜੋ ਸੰਸਥਾ ਦੇ ਨੇਮਾਂ ਦੀ ਉਲੰਘਣਾ ਕਰਦੇ ਹਨ ਤਥਾ ਉਹਨਾਂ ਉਪਰ ਅਮਲ ਕਰਦੇ ਹਨ। ਗੁਰੂ ਦਾ ਸਿੱਖ ਉਹੀ ਹੈ, ਜੋ ਗੁਰੂ ਦੇ ਸਨਮੁਖ ਰਹਿੰਦਾ ਹੈ (21) ਸਨਮੁਖ ਰਹਿਣ ਵਾਲੇ ਦੇ ਗੁਣ-ਲੱਛਣਾਂ ਦਾ ਕਥਨ ਵੀ ਇਸੇ ਲਈ ਕੀਤਾ ਜਾਪਦਾ ਹੈ ਕਿ ਸੰਸਥਾ ਦੇ ਪੈਰੋਕਾਰ ਆਪਸ ਵਿਚ ਹੀ ਸ਼ੱਕ ਨਾ ਹੋ ਜਾਣ। ਇਸੇ ਤਰ੍ਹਾਂ ਜੋ ਗੁਰੂ ਤੋਂ ਬੇਮੁਖ ਹੋ ਜਾਂਦਾ ਹੈ, ਉਸ ਨੂੰ ਕਿਹੋ ਜਿਹੇ ਆਤਮਕ ਸੰਕਟ ਵਿਚੋਂ ਲੰਘਣਾ ਪੈਂਦਾ ਹੈ (22) ਉਹ ਸਦਾ ਵੰਨਸੁਵੰਨ ਜੂਨਾ ਵਿਚ ਜੰਮਦਾ ਮਰਦਾ ਰਹਿੰਦਾ ਹੈ ਤੇ ਕਦੀ ਵੀ ਮੁਕਤ ਅਵਸਥਾ ਨੂੰ ਪ੍ਰਾਪਤ ਨਹੀਂ ਹੁੰਦਾ (22) ਸਨਮੁਖ ਤੇ ਬੇਮੁਖ ਦੇ ਗੁਣ-ਲੱਛਣ ਦੇ ਕਥਨ ਉਪਰੰਤ ਸਤਿਗੁਰੂ ਦੇ ਪਿਆਰੇ ਸਿੱਖ ਨੂੰ ਸਰਬ ਸ਼ਿਰੋਮਣੀ ਸਚੀ ਬਾਣੀ ਜੋ ਗੁਰੂਦੁਆਰਾ ਉਚਰਿਤ ਹੈ ਪੜ੍ਹਨ, ਸੁਣਨ ਤੇ ਦੂਜਿਆ ਨੂੰ ਦੱਸਣ (24) ਅਜਿਹੇ ਸਿੱਖਾਂ ਲਈ ਗੁਰੂ ਦਾ ਸ਼ਬਦ ਹੀ ਹੀਰੇ, ਰਤਨ ਵਾਂਗ ਅਮੋਲਕ ਹੈ। ਉਸ ਨੂੰ ਹਿਰਦੇ ਵਿਚ ਵਸਾਉਣਾ ਹੀਰੇ ਨੂੰ ਜੜਾਉਣ ਵਾਂਗ ਹੈ। ਜਿਥੇ ਰਚਨਾ ਵਿਚ ਸਿੱਧਾ ਸੰਬੋਧਨ ਪੇਸ਼ ਹੁੰਦਾ ਹੈ ਉਥੇ ਕਦੀ-ਕਦੀ ਪ੍ਰੋਖ ਸੰਬੋਧਨ ਵੀ ਰਚਨਾਂ ਦਾ ਅੰਗ ਬਣਦਾ ਹੈ। 'ਇਹ ਸਾਚਾ ਸੋਹਲਾ ਸਾਚੇ ਘਰੁ ਗਾਵਹੁ' ਇਥੇ ਪ੍ਰੇਰਣਾ ਦੇਣ ਵਾਲਾ ਤੇ ਗਾਉਣ ਵਾਲਾ ਦੋਵੇਂ ਧਿਰਾਂ ਗਾਇਬ ਹਨ ਪਰ ਤਾਂ ਵੀ ਇਕ ਸਿਹਜ-ਸੰਬੋਧਨ ਇਸ ਰਚਨਾ ਵਿਚ ਵਿਦਮਾਨ ਹੈ ਕੁਲ ਮਿਲਾ ਕੇ, ਇਸ ਰਚਨਾ ਦੀ ਮੂਲ ਮਾਨਸਿਕਤਾ ਸੰਸਥਾ ਨਾਲ ਜੁੜੀ ਹੋਣ ਕਰਕੇ ਸਰੋਤੇ ਜਾਂ ਸਿੱਖ ਨੂੰ ਇਸ 'ਚ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਸਿੱਖ ਨਾਲ ਸਿੱਧਾ ਸੰਬੰਧ ਜੋੜਨ ਦੀ ਜੁਗਤ ਹੀ ਸਿੱਧਾ-ਸੰਬੋਧਨ ਹੈ। ਪਰ ਇਸ ਰਚਨਾ ਦਾ ਵਡੇਰਾ ਭਾਗ ਸੰਬੋਧਨ-ਮੁਕਤ ਹੈ। ਇਸ ਰਚਨਾ ਦੀਆਂ ਅਠਾਈ ਪਉੜੀਆਂ ਕਥਨ ਸ਼ੈਲੀ ਦੀ ਪੱਧਰ ਉਪਰ ਵਿਚਰਦੀਆਂ ਹਨ। ਪਰ ਦੋਹਾਂ ਹਾਲਤਾਂ ਵਿਚ ਬਾਣੀ-ਸੰਚਾਰ ਦਾ ਪ੍ਰਵਾਹ ਬਣਿਆ ਰਹਿੰਦਾ ਹੈ। ਇਸ ਦਾ ਸਰੋਤੇ ਉਪਰ ਇਕ ਖ਼ਾਸ ਤਰ੍ਹਾਂ ਦਾ ਪ੍ਰਭਾਵ ਪੈਂਦਾ ਹੈ। ਉਸ ਨੂੰ ਇਕ ਖ਼ਾਸ ਤਰ੍ਹਾਂ ਦੀ ਉਤੇਜਨਾ ਮਿਲਦੀ ਹੈ। ਸੰਬੋਧਨ ਤੇ ਸੰਚਾਰ ਉਂਞ ਵੀ ਸਾਡੀ ਰਚਨਾ-ਪਰੰਪਰਾ ਵਿਚ ਡੂੰਘੇ ਲਹਿ ਗਏ ਹਨ।

ਕਥਨ ਸ਼ੈਲੀ

ਹੁਣੇ ਹੀ ਉਪਰ ਸੰਕੇਤ ਕੀਤਾ ਗਿਆ ਹੈ ਅਨੰਦੁ ਰਚਨਾ ਦਾ ਵਡੇਰਾ ਭਾਗ ਕਥਨ-ਸ਼ੈਲੀ ਸੰਬੋਧਿਤ ਹੈ। ਇਥੇ ਹਲਕੀ ਜਿਹੀ ਵਿਚਾਰ ਕਥਨ-ਸ਼ੈਲੀ ਬਾਰੇ ਕਰ ਲੈਣੀ ਸੰਗਤ ਹੈ। ਬਾਣੀ ਆਪਣੀ ਸਹਿਜ ਪ੍ਰਕਿਰਤੀ ਵਿਚ ਅਨੁਭਵ ਚਿੰਤਨ ਤੇ ਧਾਰਮਿਕ ਵਿਸ਼ਵਾਸ ਦਾ ਸੁਮੇਲ ਹੈ। ਇਹੀ ਕਾਰਣ ਹੈ ਇਹ ਧਰਮ ਵਿਸ਼ੇਸ਼ ਦੇ ਅਧਿਆਤਮ ਮੂਲਕ ਪੱਖ ਨੂੰ ਰਹੱਸਾਤਮਕ ਰੰਗਣ ਰਾਹੀਂ ਪੇਸ਼ ਕਰਦੀ ਹੈ ਤੇ ਅਨੇਕ ਵਾਰ ਅਧਿਆਤਮਕ ਸੰਬੋਧਨ ਕਥਨ ਦੀ ਪੱਧਰ ਉਪਰ ਪੇਸ਼

ਹੁੰਦੇ ਹਨ ਤੇ ਸ਼ਾਇਦ ਇਹ ਇਸ ਦੀ ਮਜਬੂਰੀ ਵੀ ਹੈ।

ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥
ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ ॥
ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥
ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ ॥
ਕਹੈ ਨਾਨਕ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ ॥ [39]

ਇਹ ਰਚਨਾ ਨਿਰੇ ਦਾਰਸ਼ਨਿਕ ਸੰਬੋਧਾਂ ਦੀ ਪੇਸ਼ਕਾਰੀ ਹੀ ਕਥਨ ਦੀ ਪੱਧਰ ਉਤੇ ਨਹੀਂ ਕਰਦੀ। ਉਚੇਰੇ ਮਾਨਵੀ ਗੁਣਾਂ ਤੇ ਸਿੱਖ ਦਾ ਸਦਾਚਾਰਕ ਜ਼ਾਬਤਾ ਵੀ ਵਰਣਨ-ਵਿਧੀ ਰਾਹੀਂ ਪੇਸ਼ ਹੋਇਆ ਹੈ। ਕੁਝ ਪੰਕਤੀਆਂ ਹਾਜ਼ਰ ਹਨ:

ਬਾਬਾ ਜਿਸੁ ਤੂੰ ਦੇਹਿ ਸੋਈ ਜਨੁ ਪਾਵੈ ॥ [40]
ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ[41]
ਭਗਤਾ ਕੀ ਚਾਲ ਨਿਰਾਲੀ[42]
ਜਿਉ ਤੂੰ ਚਲਾਵਹਿ ਤਿਉ ਚਲਾ[43]
ਏਹੁ ਸੋਹਿਲਾ ਸਬਦੁ ਸੁਹਾਵਾ ॥ [44]
ਪਵਿਤੁ ਹੋਏ ਸੇ ਜਨਾ[45]
ਜੀਅਹੁ ਮੈਲੇ ਬਾਹਰਹੁ ਨਿਰਮਲ ॥ [46]
ਜੀਅਹੁ ਨਿਰਮਲ ਬਾਹਰਹੁ ਨਿਰਮਲ ॥ [47]
ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥ [48]
ਜੇ ਕੋ ਗੁਰ ਤੇ ਵੇਮੁਖੁ ਹੋਵੈ[49]
ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ[50]
ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ [51]
ਗੁਰ ਕਾ ਸਬਦ ਰਤੰਨੁ ਹੈ[52]
ਸਿਵ ਸਕਤਿ ਆਪਿ ਉਪਾਇ ਕੈ[53]
ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ[54]
ਜੈਸੀ ਅਗਨਿ ਉਦਰ ਮਹਿ[55]
ਹਰਿ ਆਪਿ ਅਮੁਲਕੁ ਹੈ[56]
ਹਰਿ ਰਾਸਿ ਮੇਰੀ ਮਨੁ ਵਣਜਾਰਾ[57]
ਮਨਿ ਚਾਉ ਭਇਆ[58]



ਹਰਿ ਜੀਉ ਗੁਫਾ ਅੰਦਰਿ ਰਖਿ ਕੈ [59]

ਪ੍ਰਸ਼ਨੋਤਰੀ ਸ਼ੈਲੀ

ਕਿਧਰੇ-ਕਿਧਰੇ ਪ੍ਰਸ਼ਨੋਤਰੀ ਸ਼ੈਲੀ ਵੀ ਝਾਵਲਾ ਦੇਂਦੀ ਹੈ ਪਰ ਇਹ ਧਿਆਨ ਰਹੇ ਜਿਥੇ ਵੀ ਕਥਨ ਦੀ ਪੱਧਰ ਲੁਪਤ ਨਹੀਂ ਹੁੰਦੀ:

(ੳ) ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥ [60]

(ਅ) ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥ [61]

ਉਪਰ ਅੰਕਿਤ ਦੂਸਰੀ ਪੰਕਤੀ ਵਿਚ ਪ੍ਰਸ਼ਨ ਹੀ ਪੇਸ਼ ਹੁੰਦਾ ਹੈ, ਉਤਰ ਨਹੀਂ। ਅਸਲ ਵਿਚ ਇਸ ਨੂੰ ਸੰਵਾਦੀ ਸ਼ੈਲੀ ਵੀ ਪੂਰੀ ਤਰ੍ਹਾਂ ਨਹੀਂ ਕਿਹਾ ਜਾ ਸਕਦਾ। ਸੰਵਾਦ ਵਿਚ ਦੋਵੇਂ ਧਿਰਾਂ ਸ਼ਾਮਲ ਹੁੰਦੀਆਂ ਹਨ ਪਰ ਇਥੇ ਇਕ ਹੀ ਧਿਰ ਪ੍ਰਸ਼ਨ ਉਠਾਂਦੀ ਹੈ ਤੇ ਆਪ ਹੀ ਉਤਰ ਵੀ ਦੇ ਦੇਂਦੀ ਹੈ। ਉਦਾਹਰਣ ਪੇਸ਼ ਹੈ:

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ
ਕਿਆ ਤੁਧੁ ਕਰਮ ਕਮਾਇਆ ॥
ਕਿ ਕਰਮ ਕਮਾਇਆ ਤੁਧੁ ਸਰੀਰਾ
ਜਾ ਤੂ ਜਗ ਮਹਿ ਆਇਆ ॥
ਜਿਨਿ ਹਰਿ ਤੇਰਾ ਰਚਨੁ ਰਚਿਆ
ਸੋ ਹਰਿ ਮਨਿ ਨ ਵਸਾਇਆ ॥
ਗੁਰ ਪਰਸਾਦੀ ਹਰਿ ਮੰਨਿ ਵਸਿਆ
ਪੂਰਬਿ ਲਿਖਿਆ ਪਾਇਆ ॥ [62]

ਅਲੰਕਾਰ ਸ਼ੈਲੀ

ਇਸ ਦੇ ਰਚਣਹਾਰ ਸਰੋਤਾ, ਸੰਬੋਧਨ, ਸੰਚਾਰ, ਕਥਨ, ਸੰਵਾਦ ਵਿਚ ਇਤਨੇ ਗਹਿਰੇ ਖੁਭ ਗਏ ਹਨ ਕਿ ਇਸ ਰਚਨਾ ਵਿਚ ਬਿੰਬ ਅਲੰਕਾਰ ਤੇ ਪ੍ਰਤੀਕ ਦੀ ਵਰਤੋਂ ਅਤਿ ਵਿਰਲੀ ਹੋਈ ਹੈ। ਸੰਦੇਹ ਨਹੀਂ, ਸ਼ਬਦ ਅਲੰਕਾਰਾਂ ਵਿਚੋਂ ਅਨੁਪ੍ਰਾਸ ਦੀ ਵਰਤੋਂ ਸੰਘਣੀ ਹੋਈ ਹੈ। ਪਰ ਅਰਥਾਲੰਕਾਰਾਂ ਵਿਚੋਂ ਰੂਪਕ ਉਪਮਾ ਤੇ ਦ੍ਰਿਸ਼ਟਾਂਤ ਆਦਿ ਨਾਲ ਕੰਮ ਸਾਰ ਲਿਆ ਗਿਆ ਹੈ। ਇਥੇ ਅਲੰਕਾਰ ਪੰਕਤੀਆਂ ਹਾਜ਼ਰ ਹਨ:

(ੳ) ਏਹੁ ਸੋਹਿਲਾ ਸਬਦੁ ਸੁਹਵਾ
ਸਬਦੋ ਸੁਹਾਵਾ ਸਦਾ ਸੋਹਿਲਾ
ਸਤਿਗੁਰੂ ਸੁਣਾਇਆ ॥ [63]

(ਅ) ਗੁਰ ਕਾ ਸਬਦ ਰਤੰਨ ਹੈ ਹੀਰੇ ਜਿਤੁ ਜੜਾਉ ॥ (ਰੂਪਕ)[64]

(ੲ) ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥ (ਦ੍ਰਿਸ਼ਟਾਂਤ)[65]

ਇਸ ਦਾ ਇਹ ਅਰਥ ਕਦਾਇਤ ਨਹੀਂ ਕਿ ਇਸ ਦੇ ਰਚੈਤਾ ਕਾਵਿ-ਜੁਗਤਾਂ ਪ੍ਰਤੀ ਸੁਚੇਤ ਨਹੀਂ। ਇਥੇ ਇਤਨਾ ਹੀ ਕਹਿਣਾ ਬਣਦਾ ਹੈ, ਗੁਰੂ ਅਮਰਦਾਸ ਅਲੰਕਾਰ ਮੁਖ ਨਹੀਂ ਸਨ। ਅਨੁਭਵ ਦਾ ਸਹਿਜ ਪ੍ਰਗਟਾ ਇਹਨਾਂ ਦੀ ਰਚਨਾ ਦਾ ਮੀਰੀ ਗੁਣ ਹੈ। ਹੋਰ ਤਾਂ ਹੋਰ ਦਾਰਨਿਕ ਸੰਬੋਧ ਦੀ ਪੇਸ਼ਕਾਰੀ ਸਮੇਂ ਵੀ ਸਹਿਜ-ਸਾਧਾਰਣ ਪ੍ਰਗਟਾ-ਸ਼ਕਤੀ ਆਪਣੇ ਆਪ ਵਿਚ ਜਲਾਲਵੰਤ ਹੁੰਦੀ ਹੈ:

ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ॥ [66]

ਅਚਰਜ ਤਾਂ ਇਹ ਹੈ ਜਦੋਂ ਇਸ ਦੇ ਰਚੈਤਾ ਕਿਸੇ ਤੱਥ ਨੂੰ ਨਕਾਰ ਰਹੇ ਹੋਣ ਉਦੋਂ ਹੀ ਕਿਸੇ ਉਚੇਚ ਦਾ ਸਹਾਰਾ ਨਹੀਂ ਲੈਂਦੇ:

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥
ਤਤੈ ਸਾਰ ਨ ਜਾਣੀ ਗੁਰੂਬਾਝਹੁ ਤਤੈ ਸਾਰ ਨਾ ਜਾਣੀ॥ [67]

ਪ੍ਰਤੀਕ ਸ਼ੈਲੀ

ਇਸ ਰਚਨਾ ਵਿਚ ਪ੍ਰਤੀਕ-ਵਰਤੋਂ ਵੀ ਬੜੀ ਵਿਰਲੀ ਹੈ। ਹਰਿ, ਹਰਿਰਸ, ਗੁਰ, ਸਤਿਗੁਰ, ਪ੍ਰਭ ਆਦਿ ਪ੍ਰਤੀਕਾਂ ਦਾ ਪ੍ਰਯੋਗ ਹੀ ਇਸ ਰਚਨਾ ਦਾ ਸ਼ਿੰਗਾਰ ਹਨ। ਇਹ ਸਾਰੇ ਦੇ ਸਾਰੇ ਅਮੂਰਤ ਅਮਾਨਵੀ ਧਿਰ ਨਾਲ ਸੰਬੰਧਿਤ ਹਨ। ਗੁਰਮਤਿ ਸਾਹਿਤ ਦਾ ਆਪਣਾ ਵਿਲੱਖਣ-ਪ੍ਰਤੀਤ 'ਧਨ-ਪਿਰ' ਹੈ ਜੋ ਪਰੰਪਰਾ ਤੋਂ ਸਰਬ ਪ੍ਰਵਾਣਿਤ ਰਿਹਾ ਹੈ, ਉਸ ਦਾ ਵੀ ਇਸ ਰਚਨਾ ਵਿਚ ਅਭਾਵ ਹੈ। ਧਿਆਨ ਰਹੇ ਗੁਰੂ ਅਮਰਦਾਸ ਨੇ 'ਧਨ-ਪਿਰ' ਪ੍ਰਤੀਕ ਦਾ ਪ੍ਰਯੋਗ ਆਪਣੀਆਂ ਹੋਰ ਰਚਨਾਵਾਂ ਵਿਚ ਕੀਤਾ ਵੀ ਹੈ। ਇਹੀ ਹਾਲ ਮਿੱਥ ਪ੍ਰਯੋਗ ਦਾ ਹੈ। ਕੇਵਲ ਇਕ ਪੰਕਤੀ 'ਸੁਰ ਨਰ ਮੁਨਿ ਜਨ ਅੰਮ੍ਰਿਤ ਖੋਜਦੇ' ਹੀ ਇਸ ਜੁਗਤ ਵਲ ਸੰਕੇਤ ਕਰਦੀ ਹੈ। ਆਦਿ ਗ੍ਰੰਥ ਦੀ ਬਾਣੀ-ਰਚਨ-ਵਿਧੀ ਅਨੁਸਾਰ ਇਸ ਰਚਨਾ ਵਿਚ ਰਹਾਉ ਦਾ ਪ੍ਰਯੋਗ ਨਹੀਂ ਕੀਤਾ ਗਿਆ ਜਿਸ ਦਾ ਇਕ ਹੀ ਭਾਵ ਹੋ ਸਕਦਾ ਹੈ- ਪੂਰੀ ਰਚਨਾ ਨੂੰ ਇਕਾਗਰ-ਚਿੱਤ ਹੋ ਕੇ ਪੜ੍ਹਿਆ ਜਾਏ। ਤੁਕ ਦੇ ਪੱਖੋਂ ਵੀ ਵੰਨ-ਸੁਵੰਨਤਾ ਨਜਰ ਨਹੀਂ ਆਉਂਦੀ। ਦੋ ਤਰ੍ਹਾਂ ਦੀ ਲੈਅ ਦਾ ਪ੍ਰਯੋਗ ਕੀਤਾ ਗਿਆ ਹੈ। ਰਚਨਾ ਦੀਆਂ ਕੁਲ ਚਾਲੀ ਪਉੜੀਆਂ ਵਿਚੋਂ ਤੇਤੀ ਪਉੜੀਆਂ ਪੰਜ ਤੁਕੀਆਂ ਹਨ ਤੇ ਸਤ ਪਉੜੀਆਂ ਛੇ ਤੁਕੀਆਂ। ਤੁਕਾਂਗ ਦਾ ਦੁਹਰਾਉ ਇਸ ਰਚਨਾ ਦਾ ਸ਼ਿੰਗਾਰ ਹੈ। ਇਸੇ ਵਿਧੀ ਨਾਲ ਹੀ ਵਧੇਰੇ ਕਰਕੇ ਅਨੁਪ੍ਰਾਸ ਪੈਦਾ ਕੀਤਾ ਗਿਆ ਹੈ। ਛੰਦ ਦੀ ਦ੍ਰਿਸ਼ਟੀ ਤੋਂ ਇਹ ਰਚਨਾ ਪਉੜੀ ਛੰਦ ਵਿਚ ਰਚੀ ਗਈ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਛੰਦ ਦਿਵਾਕਰ ਵਿਚ ਪਉੜੀ ਦੇ 30 ਭੇਦ ਮੰਨੇ ਹਨ। ਛੰਦ-ਦ੍ਰਿਸ਼ਟੀ ਤੋਂ ਅਨੰਦੁ ਬਾਣੀ ਇਕ ਵਖਰੇ ਖੋਜ-ਪੱਤਰ ਦੀ ਮੰਗ ਕਰਦੀ ਹੈ। ਹਾਲ ਦੀ ਘੜੀ ਇੰਨਾ ਸੰਕੇਤ ਹੀ ਕਾਫ਼ੀ ਹੈ ਕਿ



ਛੰਦ-ਲੈਅ ਦੀ ਦ੍ਰਿਸ਼ਟੀ ਤੋਂ ਇਹ ਪਉੜੀ-ਚਾਲ ਨੂੰ ਰੂਪਮਾਨ ਕਰਦੀ ਹੈ।

ਅਨੰਦੁ ਬਾਣੀ ਦੀ ਭਾਸ਼ਾ ਬੁਣਤੀ ਵਿਚ ਪਰੰਪਰਾਗਤ ਸ਼ਬਦਾਵਲੀ ਦਾ ਪ੍ਰਯੋਗ ਵਧੇਰੇ ਹੈ। ਇਸ ਰਚਨਾ ਦੀ ਬਣਤਰ ਇਕਹਿਰੀ ਹੈ। ਇਕੋ ਧਿਰ ਨੂੰ ਅਮੂਰਤ ਸੰਬੋਧਾਂ ਰਾਹੀਂ ਪ੍ਰਸਤੁਤ ਕੀਤਾ ਗਿਆ ਹੈ, ਅਗਮ, ਅਗੋਚਰ, ਅਕਥ, ਅਲਖ, ਗੁਰੂ, ਸਤਿਗੁਰੂ, ਪ੍ਰਭੁ ਪਾਰਬ੍ਰਹਮ, ਅਮੁਲਕੁ ਕਰਣਾਕਾਰਣ, ਸੁਆਣੀ ਹਰਿ ਹਰਿਰਾਸਿ। ਕਿਧਰੇ-ਕਿਧਰੇ ਇਸੇ ਭਾਵ ਨੂੰ ਪੇਸ਼ ਕਰਨ ਲਈ ਆਮ ਮੁਹਾਵਰੇ ਦੇ ਸ਼ਬਦਾਂ ਦਾ ਪ੍ਰਯੋਗ ਵੀ ਹੋਇਆ ਹੈ ਜਿਹਾ ਕਿ ਸਾਚੇ ਸਾਹਿਬਾ, ਖਸਮ ਆਦਿ। ਇਸੇ ਤਰ੍ਹਾਂ ਪਰੰਪਰਾਗਤ ਸ਼ੈਲੀ ਦੇ ਕੁਝ ਹੋਰ ਸੰਕਲਪ ਸ਼ਬਦ ਵੀ ਪੇਸ਼ ਹੋਏ ਹਨ। ਹੁਕਮ, ਮਾਇਆ, ਮੋਹਣੀ, ਅੰਮ੍ਰਿਤ, ਪੰਚਦੂਤ, ਪੰਜ ਵਾਜੇ, ਦਹਦਿਸ ਭਾਣਾ ਆਦਿ। ਦੂਜੀ ਧਿਰ ਮਾਨਵੀ ਹੈ। ਉਸ ਲਈ ਸਿਖ, ਸੰਤ, ਗੁਰਮੁਖ, ਕੁਟੰਬ, ਮਾਤਾ, ਪਿਤਾ, ਬੇਮੁਖ, ਆਦਿ ਦਾ ਪ੍ਰਯੋਗ ਦਿਖਾਈ ਦਿੰਦਾ ਹੈ। ਇਨ੍ਹਾਂ ਵਿਚੋਂ ਪਹਿਲੇ ਤਿੰਨ ਸ਼ਬਦ ਸੰਸਥਾਮੂਲਕ ਬਿਰਤੀ ਦੇ ਲਖਾਇਕ ਹਨ ਤੇ ਪਿੱਛੇ ਤਿੰਨ ਗੌਣ ਰੂਪ ਵਿਚ ਵਰਤੇ ਗਏ ਹਨ। ਕੁਲ ਮਿਲਾ ਕੇ, ਇਸ ਬਾਣੀ ਦਾ ਰਜਿਸਟਰ ਗੁਰੂ-ਸੰਸਥਾ ਮੂਲਕ ਹੈ। ਇਸ ਵਿਚ ਸਾਧ ਭਾਖਾ ਦੇ ਸ਼ਬਦ: ਨਿਰਮਲ, ਸ਼ਬਦ, ਵਾਣੀ, ਸਤਿਗੁਰੂ, ਸੋਹਿਲਾ ਆਦਿ ਦਾ ਪ੍ਰਯੋਗ ਵੀ ਹੈ ਤੇ ਅੰਗੀਕਾਰ, ਕਿਲਵਿਖ, ਪੁਨੀਤ, ਪਵਿੱਤ੍ਰ, ਨਿਰਮਲ, ਉਦਰ, ਸੰਤਾਪ ਦਾ ਵੀ।

ਸਥਿਤੀ ਮੰਡਲ

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ, ਇਸ ਰਚਨਾ ਵਿਚੋਂ ਪ੍ਰਤੀਬਿੰਬਤ ਸਥਿਤੀ-ਮੰਡਲ (Millieu) ਦਾ ਇਕ ਆਪਣਾ ਹੀ ਘੇਰਾ ਹੈ। ਪਾਠਕ ਇਕ ਖਾਸ ਤਰ੍ਹਾਂ ਦੇ ਮਾਹੌਲ ਵਿਚ ਪਰਿਚਤ ਹੁੰਦਾ ਹੈ। ਇਸ ਦਾ ਫੈਲਾਉ ਸੰਸਥਾ ਤੋਂ ਸੰਸਥਾ ਤਕ ਹੈ। 'ਹਰਿ' ਜਿਸ ਦਾ ਆਦਿ-ਬਿੰਦੂ ਹੈ। ਇਹ ਆਦਿ-ਬਿੰਦੂ ਹੀ ਵਿਸਮੈ ਕਰਨ ਵਾਲੀ ਸਥਿਤੀ ਹੈ। 'ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ' ਇਸ ਵਿਚ ਸੋਗੀ ਭਾਵਾਂ ਨੂੰ ਆਉਣ ਦੀ ਇਜਾਜ਼ਤ ਹੀ ਨਹੀਂ, ਪੂਰੀ ਰਚਨਾ ਇਕ ਆਨੰਦੁਤਮਕ ਵਾਯੂ ਮੰਡਲ ਉਸਾਰਦੀ ਹੈ। ਇਸ ਵਿਚ ਪੰਜ ਸ਼ਬਦਾਂ ਦੇ ਸੁਭਾਗੇ ਵਾਜੇ ਵਜਦੇ ਹਨ, ਵਧਾਈਆਂ ਮਿਲਦੀਆਂ ਹਨ, ਰਾਗ, ਰਤਨ ਤੇ ਪਰੀਆਂ ਸ਼ਬਦ ਗਾਉਣ ਆਉਂਦੀਆਂ ਹਨ, ਸੁਆਵੇ ਸੋਹਲੇ ਪੜ੍ਹੇ ਜਾਂਦੇ ਹਨ, ਮੰਗਲ-ਗਾਇਨ ਹੁੰਦਾ ਹੈ, ਅਨਹਦ ਦੇ ਵਾਜੇ ਤੂਰੇ (ਵਜਦੇ) ਜਾਂਦੇ ਹਨ, ਰਚਨਾ ਅਨੰਦਾਤਮਿਕ ਸਥਿਤੀ ਤੋਂ ਉਭਰਦੀ ਹੈ, ਟਾਨੰਦਾਮਿਕ ਸਥਿਤੀ ਵਿਚੋਂ ਵਿਚਰਕੇ ਅਨੰਦੁ ਉਪਰ ਹੀ ਸਮਾਪਤ ਹੋ ਜਾਂਦੀ ਹੈ।

ਬਾਣੀ ਅਸਲ ਵਿਚ ਬਾਣੀਕਾਰਾਂ ਦਾ ਅਨੁਭਵ ਵੀ ਹੈ ਤੇ ਅਨੁਭਵ ਦਾ ਕਥਨ ਵੀ। ਇਸ ਰਚਨਾ ਵਿਚ ਅਨੰਦੁ ਦਾ ਅਨੁਭਵ ਪੇਸ਼ ਹੋਇਆ ਹੈ ਤੇ ਅਨੁਭਵ ਦਾ ਪ੍ਰਗਟਾ ਬਹੁਤ ਹੀ ਵਿਰਲਾ ਹੈ। ਅਪਵਾਦ ਤੋਂ ਬਚਣ ਲਈ ਅਨੰਦ-ਅਨੁਭਵ ਤੇ ਅਨੰਦ-ਅਨੁਭਵ-ਕਥਨ ਦਾ

ਅੰਤਰ ਸਪੱਸ਼ਟ ਕਰ ਲੈਣਾ ਚਾਹੀਦਾ ਹੈ। ਕੁਝ ਪੰਕਤੀਆਂ ਹਾਜ਼ਰ ਹਨ:

(ੳ) ਆਨੰਦੁ ਆਨੰਦੁ ਸਭੁ ਕੋ ਕਹੈ
ਆਨੰਦੁ ਗੁਰੂ ਤੇ ਜਾਣਿਆ॥
ਜਾਣਿਆ ਆਨੰਦੁ ਸਦਾ ਗੁਰ ਤੇ
ਕ੍ਰਿਪਾ ਕਰੇ ਪਿਆਰਿਆ॥[68]

(ਅ) ਮਿਲਿ ਸਖੀਆ ਪੁਛਹਿ ਕਹੁ ਕੰਤ ਨਿਸਾਣੀ॥
ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ॥[69]

ਉਪਰੋਕਤ ਅੰਕਿਤ ਦੋਹਾਂ ਬਾਣੀ-ਅੰਸ਼ਾਂ ਵਿਚਲਾ ਅੰਤਰ ਬੜਾ ਸਪੱਸ਼ਟ ਹੈ। ਪਹਿਲਾ, ਬਾਣੀ-ਅੰਸ਼ ਅਨੁਭਵ ਦੇ ਕਥਨ ਨਾਲ ਸੰਬੰਧਿਤ ਹੈ। ਦੂਜਾ, ਅਨੁਭਵ ਦੇ ਪ੍ਰਗਟਾਵੇ ਵਲ। ਕਾਵਿ ਸੰਸਾਰ ਵਿਚ ਕਾਵਿ-ਜੁਗਤਾਂ ਦਾ ਸਭ ਤੋਂ ਵਧ ਮਹੱਤਵਪੂਰਣ ਰੋਲ ਹੈ ਹੀ ਇਸੇ ਗੁਣਾ ਵਿਚ ਕਿ ਉਹ ਅਨੁਭਵ ਦੇ ਪ੍ਰਗਟਾਵੇ ਦਾ ਮਾਧਿਅਮ ਬਣ ਜਾਂਦੀਆਂ ਹਨ। ਦੂਸਰਾ ਬਾਣੀ-ਅੰਸ਼ ਆਪਣੇ ਆਪ ਵਿਚ ਸੰਪੂਰਣ ਰੂਪਕ ਹੈ। ਇਕ ਧਿਰ ਸਖੀਆਂ ਦੀ ਹੈ ਤੇ ਦੂਜੀ ਧਿਰ ਨਵ-ਵਿਆਹੁਤਾ ਦੀ। ਸਖੀਆਂ ਨਵ-ਵਿਆਹੁਤਾ ਨੂੰ ਉਸਦੇ ਪਤੀ ਬਾਰੇ ਪੁੱਛ-ਗਿੱਛ ਕਰਦੀਆਂ ਹਨ ਪਰ ਉਹ ਉਸ ਮੇਲ ਤੋਂ ਪ੍ਰਾਪਤ ਹੋਏ ਆਨੰਦ ਨੂੰ 'ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ॥'[70] ਦੇ ਸ਼ਬਦਾਂ ਰਾਹੀਂ ਰੂਪਮਾਨ ਕਰਦੀ ਹੈ। ਸੰਦੇਹ ਨਹੀਂ, ਸ਼ਬਦ-ਸ਼ਕਤੀਆਂ ਦੇ ਪ੍ਰਯੋਗ ਨਾਲ ਇਸ ਬਾਣੀ-ਪੰਕਤੀ ਦਾ ਅਰਥ-ਸੰਚਾਰ ਬਦਲ ਜਾਏਗਾ। ਪਰ ਹਾਲ ਦੀ ਘੜੀ ਇਤਨਾ ਕੁ ਸਾਫ ਹੈ, ਅਨੰਦੁ ਬਾਣੀ ਅਨੁਭਵ ਦੇ ਅਲੰਕਾਰਕ ਪ੍ਰਗਟਾਵੇ ਵਲ ਰੁਚਿਤ ਨਾ ਹੋ ਕੇ ਅਨੁਭਵ ਦਾ ਕਥਨ ਸਿੱਧੇ ਸਰਲ ਰੂਪ ਵਿਚ ਕਰਦੀ ਹੈ। 'ਮਨ ਚਾਉ ਭਇਆ ਪ੍ਰਭੁ ਅੰਗਮ ਸੁਣਿਆ' ਆਦਿ ਪੰਕਤੀਆਂ ਇਸੇ ਮਤ ਦੀ ਪ੍ਰੋੜ੍ਹਤਾ ਕਰਦੀਆਂ ਹਨ। ਜ਼ਾਹਿਰ ਹੈ, ਅਨੰਦੁ ਬਾਣੀ ਵਿਚ ਇਸੇ ਕਰਕੇ ਸ਼ਿਲਪ ਜੁਗਤਾਂ ਨੂੰ ਵਧੇਰੇ ਸਥਾਨ ਨਹੀਂ ਮਿਲਿਆ। ਅਨੁਭਵ ਪ੍ਰਗਟਾਵੇ ਲਈ ਜਿਸ ਤਰ੍ਹਾਂ ਦੀ ਸ਼ਿਲਪ ਨਿਪੁੰਨਤਾ ਦੀ ਲੋੜ ਹੁੰਦੀ ਹੈ ਉਸਦਾ ਲਗਭਗ ਅਨੰਦੁ ਵਿਚ ਅਭਾਵ ਹੈ। ਅਨੰਦੁ ਬਾਣੀ ਦਾ ਨਕਸ਼ ਅਨੁਭਵ ਵਾਲਾ ਹੈ ਅਨੁਭਵ ਦੇ ਪ੍ਰਗਟਾਵੇ ਵਾਲਾ ਨਹੀਂ।

ਇਥੇ ਅਨੰਦੁ ਦੀ ਅਵਸਥਾ, ਅਨੰਦੁ-ਸੰਬੋਧ ਤੇ ਅਨੰਦੁ ਨੂੰ ਜਨਾਉਣ ਵਾਲੀ ਧਿਰ ਤਿੰਨੇ ਇਕ ਦੂਜੇ ਵਿਚ ਓਤਪੋਤ ਹਨ। ਇਹੀ ਪ੍ਰਮਾਣਿਕ ਅਨੁਭੂਤੀ ਦੀ ਪਛਾਣ ਵੀ ਹੈ। ਅਨੰਦੁ ਬਾਣੀ ਦਾ ਅਤਿਅੰਤ ਨਿਖੜਵਾਂ ਗੁਣ ਇਹ ਹੈ, ਇਹ ਭਾਵਿਤ ਕਰਦਾ ਹੈ, ਪ੍ਰਭਾਵਿਤ ਨਹੀਂ। ਚਾਉ, ਪੈਦਾ ਕਰਦਾ ਹੈ ਉਤੇਜਨਾ ਨਹੀਂ ਦੇਂਦਾ। ਇਹ ਬਾਣੀ ਸਾਨੂੰ ਝੰਜੋੜਦੀ ਹੈ ਕੁਝ ਕਰਨ ਲਈ ਪ੍ਰੇਰਿਤ ਹੁੰਦੇ ਹਾਂ ਤੇ ਝਟ ਹੀ ਆਪਣੀ ਸੰਸਥਾ ਨਾਲ ਜੁੜ ਜਾਂਦੇ ਹਾਂ। ਇਹ ਬਾਣੀ ਸ਼ੁਧ ਪ੍ਰੇਰਨਾ ਦੀ ਬਾਣੀ ਹੈ।

ਇਹ ਕਿਸੇ ਵਿਲੱਖਣ ਪ੍ਰਤੀਕ, ਬਿੰਬ, ਅਲੰਕਾਰ ਆਦਿ ਦਾ ਸਿਰਜਨ ਨਹੀਂ ਕਰਦੀ



ਸਗੋਂ ਸਾਡੀ ਚੇਤਨਾ ਨੂੰ ਬਾਰ-ਬਾਰ ਕੁਰੇਦਣ ਦੀ ਬਜਾਇ ਸਹਿਜ ਸਾਧਾਰਣ ਅਵਸਥਾ ਵਿਚ ਪਹੁੰਚਾ ਦਿੰਦੀ ਹੈ। ਅਨੰਦੁ ਸਾਨੂੰ ਜਾਗ੍ਰਤ ਕਰਦਾ ਹੈ। ਕਰਮ ਲਈ ਪ੍ਰੇਰਦਾ ਹੈ ਤੇ ਅਜਿਹਾ ਉਦਮ ਹੀ ਅਨੰਦੁ ਦਾ ਸੋਮਾ ਹੈ। ਕੁਲ ਮਿਲਾ ਕੇ, ਗੁਰੂ ਅਮਰਦਾਸ ਜੀਵਨ ਦੇ ਕਿਰਿਆਵੰਤ ਪੱਖ ਰਾਹੀਂ, ਅਨੰਦੁ ਪ੍ਰਾਪਤੀ ਦਾ ਰਾਹ ਸੁਝਾਉਂਦੇ ਹਨ। ਇਹ ਰਾਹ ਪੁਸਤਕੀ-ਵਿਧੀ ਉਪਰ ਆਧਾਰਿਤ ਨਹੀਂ। ਇਹੀ ਇਸ ਵਿਚਲੇ ਅਨੰਦੁ ਦਾ ਰਾਜ਼ ਵੀ ਹੈ। ਗੁਰੂ-ਵਿਹੂਣਾ 'ਅਨੰਦੁ-ਅਨੰਦੁ' ਨਹੀਂ ਪੁਸਤਕੀ ਸੰਬੋਧ ਹੈ। ਗੁਰੂ ਪ੍ਰਾਪਤੀ ਹੀ ਅਸਲ ਅਨੰਦੁ ਹੈ।

**ਹਵਾਲੇ:**


1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 917.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 917.
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 917.
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 921.
5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 922.
6. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 922.
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 918.
8. T.M.P. Mahade Van, *The Philosophy of Advaita,* p. 275.
9. James Hasings (ed.), *Encyclopedia of Religion and Ethics*, New York, 1908, Vol. II, p. 675.
10. Ibid, p. 676.
11. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920.
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 917.
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 917.
14. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 917.
15. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 917.
16. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 917.
17. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 918.
18. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 918.
19. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 919.
20. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 919.

21. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 922.
22. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 2.
23. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 942.
24. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 917.
25. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 918.
26. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 918.
27. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 918.
28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 918.
29. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 922.
30. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920.
31. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 921.
32. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 921.
33. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 922.
34. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 922.
35. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 922.
36. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920.
37. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 918.
38. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 918.
39. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 918.
40. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 918.
41. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 918.
42. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 919.
43. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 919.
44. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 919.
45. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 919.
46. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 919.
47. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 919.
48. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920.



49. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920.
50. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 922.
51. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920.
52. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920.
53. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920.
54. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 921.
55. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 921.
56. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 921.
57. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 921.
58. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 922
59. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 919.
60. ਸ੍ਰੀ ਗੁਰੂ ਗ੍ਰੰਥ ਸਾਹਿਬ, , ਪੰਨਾ 920.
61. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920.
62. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 922.
63. ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 919.
64. ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 920.
65. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920.
66. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920.
67. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920.
68. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 917.
69. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 459.
70. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 459.

# UNIQUE ARE THY MERITS AND EULOGY AND SOLELY TO THEE BELONG

*Dr. Gurnam Kaur**

These words are told by Sallh and Bhall, the Bhattas, in praise of Guru Amar Das in Swayyas contained in Sri Guru Granth Sahib. Bhatt Sallh and Bhall while describing the merits of Guru Amar Das, the third Guru on the Throne of Guru Nanak Dev, says that as the number of drops in the cloud are beyond count, of flowers and grass blades during the spring, as the computations of rays of sun and moon are beyond measure, the expanse and extent of ocean and the number of waves of Ganga; As there is no measure to the meditation of Shiva and illumination of the Guru and one might sing laudation of these. Similarly, thou Amar Das, unique are thy merits and eulogy, and solely to thee belong.[1] Previous to this Bhatt Jalap has described how Guru Amar Das believed only in One Supreme Being. He says that Guru Amar Das contemplated One sole Supreme Being, meditated on One and believed only in One Supreme Being. Guru Amar Das's eyes see none other than the One, had expressed the One in his words and he has known none other than the One sole Supreme Being. None of the studying of scriptures of Mohammedans or Hindus or their rites has weakened Guru's conviction. The Sole Creator who is manifested in million fold forms and is inaccessible is expressed by the Guru as the One Reality. Guru Amar Das is devoted to the One and has faith in One and only One God.[2] Then Bhatt Bhikkha while describing the importance of the Guru, according to Sikh faith, says that it is because of the enlightenment and meditation granted by the Guru

*Retd. Prof. Punjabi University, Patiala*



that the self is united to the Divine Essence. One realizes the Divine Truth by meditating on the Lord with concentrated mind and devotion to truth. By subduing lust and wrath, controlling his mind from wandering like the breeze; abiding in the Divine Realm and realizing the Divine Will he obtains realization. Only those who have done good deeds in their previous births behold Divine face in the Kali Yuga. Bhatt Bhikkha says that we have found a Preceptor in Guru Amar Das whose sight granted spontaneous joy.[3]

All the sayings of Bhatt poets mentioned above refer to the conviction of Guru Amar Das, the way he carried on further the philosophy of Sikhism as propounded by Guru Nanak Dev, the founder Guru. The third Guru, Amar Das, was born at village Basarke in Amritsar district on 5th May, 1479 A.D. His father Tej Bhan Bhalla (commonly called Tejo) was a village trader and mother's name was Sulakhni (also known Lasshmi). He got married to Mansa Devi and had two sons Baba Mohri and Baba Mohan ji, two daughters Bibi Dani and Bibi Bhani. From his very early life he had been the devoted follower of devi and frequently used to visit Haridwar and Jwalamukhi etc. Bibi Amro, daughter of the second Guru Angad Dev was married to (Guru) Amar Das's nephew at Basarke. She used to sing the hymns of Guru Nanak Dev's bani in the morning while doing her household chores. He had been listening to these hymns which had a soothing impression on his mind and one day he enquired about what was she singing. Bibi Amro told him about Guru Nanak and his bani and also that her father Guru Angad Dev was serving as second Guru on the Throne of Guru Nanak Dev at Khadur. After hearing this he immediately expressed his desire to visit Guru Angad Dev at Khadur. Bibi Amro accompanied him to Khadur. He met Guru Angad Dev and made up his mind to stay at

Khadur and serve the Guru. He was 62 years old at that time. He regularly served the Guru with utmost devotion, worked in the community kitchen (Langar) at such a mature age and it proved the Sikh faith that age is no boundary for the seekers of truth, as told by Guru Amar Das himself in his compositions, "Age never overpowers the Guru-oriented people in whose selves is lodged God-consciousness and realization. They always contemplate Divine merits and serene meditation is lodged inside them. They ever abide in joy and wisdom, sorrow and joy are same to them. They behold the Sole Pervasive Divine Being in all creation."[4] Impressed by his devotion, service and faith Guru Angad Dev bestowed Guruship on him in 1552 A.D. and asked him to leave Khadur and establish the new place at Goindwal as the center of his activities as Guru. He was almost 73 years old at that time.

Rai Balwand and Satta in their Ramkali ki Var while mentioning about the Guruship of Guru Amar Das has termed him as the grandson of Guru Nanak Dev, the founder Guru, meaning thereby that the same Divine light permeated in all the Gurus, the Guru joti and the Guru jugat, the Divine light and the praxis was the same. It is told, "With the self-same paste-mark, throne and in the self-same court the grandson was acknowledged like father and grandfather. He who made the serpent of the evil mind the churn-string and spiritual mind the churn; who churned the ocean with mount Sumeru as the churning-rod and extracting the fourteen jewels spread illumination. Poised devotion his steed, continence his saddle, with the bow of purity, shot the arrow of Divine laudation. Amid the darkness of Kali-Yuga arose the sun, casting rays. The field of noble qualities he cultivated, and of noble qualities spread the canopy…."[5] From the above description we can understand the concept of Sikh revelation as continual process from the first Guru Nanak



Dev, to the next successor Gurus and also that it is an independent phenomenon which has nothing to do with the Vedic or any other earlier revelations. Bhai Gurdas has highlighted the same continual process of Sikh revelation in his compositions when he remarks about the inheritance of Guruship by Guru Amar Das from Guru Angad Dev, the second Guru in succession, "With the same mark of Guruship on the forehead, the same canopy he radiated on the Throne. It was publically proclaimed all around that the power which Guru Nanak had is now with Guru Angad Dev. Guru Angad Dev left Kartarpur (the center of preaching established by Guru Nanak Dev) established Khadur as the center and scattered his light;" Bhai Gurdas further remarks that, "Action seeds of the previous births sprout; all other ingenuities are false. Whatever Bhai Lahina (Guru Angad Dev) inherited from Guru Nanak Dev now came to the house of (Guru) Amar Das. Having received the celestial gift from Guru Angad Dev, in the form of Amar Das is seated. Guru Amar Das (carrying the same tradition) left Khadur and founded the new center Goindwal. The wondrous play was beyond sight. Gift received from the earlier Gurus further enhanced the grandeur of the (Divine) Light."[6]

As we know when Guru Nanak Dev founded Sikh religion the Indian society was divided into many castes and sub-castes based upon the theory of Varan-Ashram dharma as given by the Vedic thought. Based on this social stratification human being used to be exploited by the humans, especially the lower sections of the society and the women folk was the most sufferers. Their status was lower than the animals even as for example cow was considered poise and worthy of worshiping but the lower section of the society was untouchable and the women had no identity of her own and bear all the hardships at the hands of man. Guru Nanak Dev raised his voice against all these discriminations and

established the new religion based on equality of all sections of the society and social justice for all. He not only gave the theoretical basis for the equality of all human beings as 'the same Divine Light is pervasive in all, so all are equal' but also took practical steps to implement his ideology of 'to earn one's own livelihood with honest means, to share one's earnings with the needy and to always remember the Name Divine." Guru Angad Dev carried on the same mission at Khadur which was started by Guru Nanak Dev at Kartarpur. Guru Amar Das took it further and strengthened it with more zeal and vigorousness. As mentioned by Guru Amar Das all human beings are equal, "Let none entertain the pride of caste, one who realizes the Supreme Being is alone a Brahmin. You the ignorant fool do not entertain the pride of caste. By such pride arise manifold mischief. All talk of the four castes, know that all creation has arisen from the Divine Essence. From the same clay has appeared the whole universe. The Potter however, makes the vessels in numerous forms. From five elements is made the form of the body who may consider which has less or more of these? Self is bound by the previous actions, liberation does not come without the Master's guidance."[7] Guru Nanak Dev started the institution of Langar (community kitchen) at Kartarpur which were also carried on by Guru Angad Dev and Mata Khivi, Guru Angad Dev's wife took the whole charge of Langar at Khadur. This has been mentioned by Rai Balvand and Satta in their Var in Ragu Ramkali. Guru Amar Das's instructions, "pehle pangat pashe sangat" means first dine in the Langar sitting together with all in the same row, then come to the congregation to see the Guru. These instructions making it mandatory for all to dine in the Langar before coming to the congregation strengthened the practice of social equality. Even the person like Emperor Akbar had also to dine



with others in the Langar before he met the Guru when he visited Goindwal.

Guru Nanak Dev gave the equal status to woman. According to the philosophy founded by Guru Nanak Dev human being is not high or low because of his/her birth, caste, status or gender. All are equal in the eyes of the Creator because all share the same Divine Essence and all have the equal right to realize the Divine Light residing in him/her. As for the down trodden section of the society he said, "The lowest among the low-caste; those still lower and contemned Nanak is by their side; He envies not the great of the world. Lord! Thy grace falls on the land where the poor are cherished."[8] Guru Nanak Dev in very strong words awakened the woman of her status and at the same time made the society conscious of the importance of woman in the social set-up. He told, "From woman is man born and inside her he is conceived. To woman is man engaged and he marries woman. With woman is man's companionship. From woman originates new generations. Should woman die, another woman is sought. By woman's help is man kept in restraint. Why revile her of whom are born great ones of the earth? Nanak says the holy Eternal alone with woman dispense. The tongue by which the Lord is praised is fortunate and rendered beautiful. Such a face in the Divine court is found radiant."[9] It is quite evident from this that Guru Nanak Dev made the family life a strong basis for spiritual realization which grants the importance of woman's status in the society. In those times the custom of sati was very common among the Hindus and the widow was compelled to burn herself on the funeral pyre of the deceased husband. Guru Amar Das preached against this custom and encouraged for the widow remarriage very strongly. According to the Guru the real sati is one who ever remembers her lord, "Those are not the true satis that parish on their

husbands funeral pyres. Those are true satis who suffer agony of separation. Such too are known as satis who pass their life in noble conduct and content; Serve their lord and rising each day remember him. Widowed women perish in flames with their lord; with true love, separation is grievous suffering. Nanak says indifferent to their lord's burn not in flames. In life and in death they are ever estranged from them."[10] Guru Amar Das instructed all the women not to veil their faces. It was strictly asked that no woman would come to the congregation with a veil on her face. Bibi Bhani, Guru Amar Das's daughter was allowed to do service to the Guru-father like a son which was a rare thing in those times. All these decisions were very important from the point of view of the woman's liberation and empowerment.

From the organizational and institutionalize point of view of Sikhism Guru Amar Das took many steps. We have already referred to the institution of Langar, the way Guru Amar Das strengthened it and made it compulsory for all who came to see the Guru. For the preaching of Gurmat philosophy Guru Amar Das established preaching centers. He divided the whole area into twenty two sections and named them as manjis. He appointed a local Sikh as a preacher on every manji. These Sikh preachers were men and women both. Along with this he established small centers also named as piris. On these piris, it is told that he sent fifty two women and ninety four men. It shows how Guru Amar Das empowered Sikh woman and gave her equal rights to spiritual realization and worldly life. With the establishment of the manjis he organized the scattered Sikh Sangat into a unified whole as with the help of these centers the Sikhs were united with the Guru. He also evolved a system to organize at least two gatherings in a year with the Sikh Sangat from all over the country. The Guru was conscious of the religious as



well as the temporal needs of the Sangat and to fulfill both he established the baoli at Goindwal which have eighty four steps with the help of the Sikh Sangat. He along with the bani of Guru Nanak Dev collected the compositions of the bhagats and added his own compositions also to the collection. Bhai Jetha, husband of Bibi Bhani was a very devoted Sikh of Guru Amar Das. Guru before his final departure from this world bestowed Guruship on Bhai Jetha and he became the fourth Guru Ram Das who carrying on the tradition, under the orders of Guru Amar Das established the new city Amritsar which was known as Ram Das Chak and also the sarovar Santokhsar.

In Rag Ramkali the bani 'Anandu' is a very famous and important composition by Guru Amar Das. This is the one composition which is recited during the 'bhog' ceremony. The recitation of this bani is considered necessary whether it is the occasion of some happiness or sorrow. Though it is not possible to go into the detailed discussion of this bani at this point but it is very important to know that in this bani the Guru has taken many points together related with human birth, life and death, human body and the Divine light residing in it, the purpose of human body coming to this world, the definition of a Sikh and his relation with the Guru, the unique way of life a of God's devotees, distinction between true revelation (sachi bani) and false revelation (kachi bani), the real bliss, how to attain it and the worldly enjoyment so on and so forth. We can only indicate a few of them. In this bani it is told by the Guru that human being arrives in this world when God Almighty places the Divine Light in it. So this body should be respected, it is a temple where the joti resides. So while having a human birth one should do such deeds which pleases his Creator. The purpose of human birth is to realize the Divine light residing inside this body. The true bliss is achieved when the seeker of truth meets

the true Preceptor. The true Preceptor is that who himself has realized the Divine light and united with God. The true revelation is that which is uttered by the true Preceptor, the other utterances are false. It is the duty of Sikh, who is very dear to the Guru to get together and sing the bani, the praise of God and who sing His praise are the very fortunate because they have the grace of God. One should rise above the sorrows and happiness of the world. It is possible when, "On the Divine King, who annuls all sin, remover of fear, ocean of joy, compassionate to the humble and shatters the suffering, Nanak says ever meditate the Name Divine."[11] Guru Amar Das after bestowing Guruship on Guru Ram Das left for his heavenly abode on 1 September, 1574 A.D.

**Note:-** For English translation help has been taken from late pro. G.S.Talib's translation.

***References:***


1. ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥
ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹੁ ਜੁੋ ਗਾਵੈ ॥
ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1396.

2. ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ ॥
ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ ॥
ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ ॥
ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ ॥
ਇਕਹੁ ਜਿਹ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਵਰਨਿਅਉ ॥
ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1396.

3. ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥





ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥
ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥
ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥
ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ ॥
ਗੁਰੁ ਮਿਲ੍ਯਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1395.

4. ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥
ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ॥
ਤਿਨਾ ਨਦਰੀ ਇਕੋ ਆਇਆ ਆਤਮਰਾਮੁ ਪਛਾਨੁ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1418.

5. ਸੋ ਟਿਕਾ ਸੋ ਬੈਹਣਾਸੋਈ ਦੀਬਾਣੁ ॥
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ ॥
ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ ॥
ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ ॥
ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ ॥
ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ ॥
ਧਣਖੁ ਚੜਾਇਓਸਤ ਦਾ ਜਸ ਹੰਦਾ ਬਾਣੁ ॥
ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ ਭਾਣੁ ॥
ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ ॥ .........
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 967-68.

6. ਸੋ ਟਿਕਾ ਸੋ ਛਤ੍ਰੁ ਸਿਰਿ ਸੋਈ ਸਚਾ ਤਖਤੁ ਟਿਕਾਈ।
ਗੁਰ ਨਾਨਕ ਹੰਦੀ ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।
ਦਿਤਾ ਛੋੜਿ ਕਰਤਾਰ ਪੁਰੁ ਬੈਠਿ ਖਡੂਰੇ ਜੋਤਿ ਜਗਾਈ।
ਜੰਮੇ ਪੂਰਬਿ ਬੀਜਿਆ ਵਿਚਿ ਵਿਚਿ ਹੋਰੁ ਕੂੜੀ ਚਤੁਰਾਈ।
ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।
ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਦਿ ਇਲਾਹੀ।
ਫੇਰਿ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ।

ਧਾਤਿ ਜੋਤਿ ਖਸਮੈ ਵਡਿਆਈ॥
ਵਾਰਾਂ ਭਾਈ ਗੁਰਦਾਸ, ਸ਼੍ਰੋ.ਗੁ.ਪ੍ਰ.ਕਮੇਟੀ, ਅੰਮ੍ਰਿਤਸਰ।

7. ਜਾਤਿ ਕਾ ਗਰਬੁ ਨ ਕਰੀਅਹੁ ਕੋਈ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥
ਚਾਰੇ ਵਰਨ ਆਖੈ ਸਭੁ ਕੋਈ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥
ਮਾਟੀ ਏਕ ਸਗਲ ਸੰਸਾਰਾ॥
ਬਹੁ ਬਿਧਿ ਭਾਂਡੇਘੜੈ ਕੁਮ੍ਹਾਰਾ॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥
ਘਟਿ ਵਧਿ ਕੋ ਕਰੈ ਬੀਚਾਰਾ॥
ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1128.

8. ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 15.

9. ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473.



10. ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟਿ ਮਰੰਨਿ॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ॥
ਖੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ॥
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ॥
ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ॥
ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 787.

11. ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 917.

# ਸਹਿਜ ਅਤੇ ਸਹਿਜ ਅਵਸਥਾ
# (ਗੁਰ ਅਮਰਦਾਸ ਦੀ ਬਾਣੀ ਦੇ ਸੰਦਰਭ ਵਿਚ)

**ਡਾ. ਗੁਲਜ਼ਾਰ ਸਿੰਘ ਕੰਗ***

ਅਧਿਆਤਮਕ ਮਾਰਗ ਤੇ ਚਲਣ ਵਾਲੇ ਜਗਿਆਸੂ ਦੀ ਸੁਰਤਿ ਦਾ ਸ਼ਬਦ ਵਿਚ ਅਭੇਦ ਹੋ ਜਾਣਾ ਸਹਿਜ ਅਵਸਥਾ ਹੈ। ਸੁਰਤਿ ਜੋ ਅੰਤਹਕਰਨ ਦਾ ਹਿੱਸਾ ਹੈ, ਇਥੇ ਪਹੁੰਚ ਕੇ ਇਸ ਨੇ ਨਿਹਚਲ ਹੋਣਾ ਹੁੰਦਾ ਹੈ। ਇਹ ਸਾਧਨਾ ਦੀ ਗੂੜ੍ਹ ਅਵਸਥਾ ਹੈ ਜਿਥੇ ਭਟਕਣ ਦੇ ਸਾਰੇ ਆਲ-ਜੰਜਾਲ ਟੁੱਟ ਜਾਂਦੇ ਹਨ। ਭਾਈ ਰਣਧੀਰ ਸਿੰਘ ਇਸ ਅਵਸਥਾ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ- 'ਗੁਰਮਤਿ ਨਾਮ ਅਭਿਆਸ ਦੀ ਕਮਾਈ ਕਰਦਿਆਂ- ਕਰਦਿਆਂ ਸੁਤੇ ਸਹਿਜ ਦੀ ਇਕ ਆਤਮਿਕ ਅਵਸਥਾ ਆ ਜਾਂਦੀ ਹੈ ਕਿ ਸ਼ਬਦ ਦਾ ਪ੍ਰਾਣਾ ਜਾਪ, ਬਿਲੋਵਨਾ, ਰਸ-ਜੋਤਿ- ਅਨੰਦ ਰਿਦੰਤਰਿ ਹੀ ਪ੍ਰਕਾਸ਼ਤ ਕਰ ਦਿੰਦਾ ਹੈ'।[1] ਇਸੇ ਰਸ-ਜੋਤਿ-ਅਨੰਦ ਦੀ ਪ੍ਰਕਾਸ਼ਤ ਅਵਸਥਾ ਨੂੰ 'ਸਹਿਜ ਅਵਸਥਾ' ਕਹਿੰਦੇ ਹਨ। ਜੇਕਰ ਪਰਿਭਾਸ਼ਤ ਰੂਪ ਵਿਚ ਕਹਿਣਾ ਹੋਵੇ ਤਾਂ ਸਹਿਜ ਉਹ ਅਡੋਲ , ਸਥਿਰ, ਪਰਿਵਰਤਨ ਰਹਿਤ, ਇਕ-ਰਸ, ਅਨੰਦ ਰੂਪ ਅਵਸਥਾ ਹੈ ਜੋ ਆਤਮਾ ਨੂੰ ਮਨ- ਮਾਇਆ ਅਤੇ ਕਾਲ ਦੇ ਤ੍ਰੈਗੁਣੀ ਮੰਡਲਾਂ ਤੋਂ ਪਾਰ ਚੌਥੇ ਪਦ (ਸਚਖੰਡ) ਵਿਚ ਪਹੁੰਚ ਕੇ ਪ੍ਰਾਪਤ ਹੁੰਦੀ ਹੈ।

ਭਾਸ਼ਾਈ ਨਜ਼ਰੀਏ ਤੋਂ 'ਸਹਿਜ' ਸੰਸਕ੍ਰਿਤ ਭਾਸ਼ਾ ਦਾ ਲਫ਼ਜ਼ ਹੈ ਜਿਸ ਦੇ ਵਿਉਤਪਤੀ ਮੂਲਕ ਅਰਥ 'ਨਾਲ ਹੋਏ' ਹਨ।[2] 'ਪੰਜਾਬੀ ਸਹਿਤ ਕੋਸ਼'[3] ਅਨੁਸਾਰ 'ਸਹਿ' ਦਾ ਅਰਥ ਨਾਲ ਅਤੇ 'ਜ' ਦਾ ਅਰਥ ਪੈਦਾ ਹੋਣਾ ਹੈ ਭਾਵ ਨਾਲ ਹੀ ਪੈਦਾ ਹੋਣ ਵਾਲਾ ਅਰਥਾਤ ਸੁਭਾਵਿਕ। ਡਾ: ਨਿਹਾਰਰੰਜਨ ਰੇ[4] ਅਤੇ ਡਾ. ਸ਼ਸ਼ੀ ਭੂਸ਼ਨ ਦਾਸ ਗੁਪਤਾ[5] ਸਹਿਜ ਦੇ ਸ਼ਬਦਿਕ ਅਰਥ 'ਜਨਮ ਦੇ ਨਾਲ ਪੈਦਾ ਹੋਇਆ' ਕਰਦੇ ਹਨ। ਚੀਨੀ ਭਾਸ਼ਾ ਵਿਚ ਸਹਿਜ ਦੇ ਅਰਥਾਂ ਦੇ ਸੰਕੇਤ ਉਸ ਦੇਵਤੇ ਤੋਂ ਮਿਲਦੇ ਹਨ, ਜੋ ਕਿਸੇ ਵਿਅਕਤੀ ਦੀ ਰੱਖਿਆ ਕਰਨ ਲਈ ਉਸ ਦੇ ਨਾਲ ਹੀ ਪੈਦਾ ਹੋ ਜਾਂਦਾ ਹੈ।[6] ਇਹ ਅਰਥ ਵੀ ਨਾਲ ਜੰਮਣ ਦੇ ਹਨ। ਗੁਰਬਾਣੀ ਵਿਚ ਸਹਿਜ ਸ਼ਬਦ ਇਕ ਤੋਂ ਵਧੇਰੇ ਵਾਰ ਜਿਵੇਂ ਸੁਭਾਅ (Temper), ਸੁਭਾਵਿਕ (Natural Evolution), ਗਿਆਨ (Knowledge), ਅਤੇ ਸਮਾਨਵਤਾ (Equanimity) ਜੋ ਮੁਕਤ ਅਵਸਥਾ ਹੈ ਦੇ ਅਰਥਾਂ ਵਿਚ ਵਰਤਿਆ ਗਿਆ ਹੈ।[7] ਸੰਕਲਪੀ ਰੂਪ ਵਿਚ ਸਹਿਜ ਜੀਵ ਦੀ ਮੁਕਤ ਤੇ ਅਨੰਦਮਈ

***ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ।**



ਅਵਸਥਾ ਦਾ ਨਾਮ ਹੈ। ਭਗਤ ਕਬੀਰ 'ਸਹਿਜ' ਨੂੰ ਪਰਿਭਾਸ਼ਤ ਕਰਦੇ ਹੋਏ ਕਹਿੰਦੇ ਹਨ- 'ਸਹਿਜ ਸਮੇਂ ਤੇ ਸਥਾਨ ਦੇ ਪ੍ਰਭਾਵ ਤੋਂ ਮੁਕਤ ਅਵਸਥਾ ਦਾ ਨਾਮ ਹੈ ਜਿਥੇ 'ਧੁੱਪ- ਛਾਂ', 'ਦੁੱਖ-ਸੁੱਖ', 'ਹਰਖ-ਸੋਗ', 'ਉਤਪਤ-ਪਰਲੋ', 'ਜੀਵਨ-ਮੌਤ', 'ਰਾਤ-ਦਿਵਸ', 'ਪਵਨ-ਪਾਵਕ', ਦਾ ਵਿਤਕਰਾ ਮਿਟ ਜਾਂਦਾ ਹੈ।[8]

ਉਪਰੋਕਤ ਇਹਨਾਂ ਸਾਰੇ ਅਰਥਾਂ ਵਿਚ 'ਸਹਿਜ' ਅਖੰਡਤਾ(Indivisibility) ਅਤੇ ਅਦਵੈਤ (Non-Duality) ਦਾ ਲਖਾਇਕ ਹੈ। ਇਸੇ ਅਧਾਰ ਉੱਤੇ ਤਾਂਤ੍ਰਿਕ ਸਾਧਨਾ ਦਾ ਵਿਆਖਿਆਕਾਰ ਡਾ. ਗੁਐਥਰ[9] ਸਹਿਜ ਦਾ ਅੰਗਰੇਜੀ ਅਨੁਵਾਦ spontaneity ਅਤੇ togetherness ਕਰਦਾ ਹੈ। ਸਹਿਜ ਨੂੰ ਸਾਧਨਾ ਦੀ ਪਰੰਪਰਾ ਵਿਚ ਵੇਖਿਆ ਜਾਵੇ ਤਾਂ ਸਹਿਜ ਦੋ ਤੱਤਾਂ ਦੇ ਅਖੰਡ ਮੇਲ ਅਤੇ ਅਦੈਵਤਾ ਨੂੰ ਨਿਰੂਪਣ ਕਰਦਾ ਹੈ। ਮਹਾਯਾਨੀਆਂ ਵਿਚ 'ਸ਼ੂੰਨਯਤਾ ਅਤੇ ਕਰੁਣਾ' ਦੀ ਏਕਤਾ, ਬੋਧ-ਸਿੱਧਾਂ ਵਿਚ 'ਯਗਨਯ-ਪ੍ਰਗਿਆਉਪਾਇ', ਨਾਥਾਂ ਜੋਗੀਆਂ ਵਿਚ 'ਸ਼ਿਵ-ਸਕਤੀ' ਜਾਂ 'ਨਾਦ-ਬਿੰਦੂ' ਦੀ ਸਮਸਵਰਤਾ ਹੈ। ਗੁਰਮਤਿ ਵਿਚ ਸਹਿਜ ਜੀਵ-ਆਤਮਾ (Individual Self ) ਅਤੇ ਪਰਮਾਤਮਾ (Universal Self ) ਦੀ ਏਕਤਾ ਹੈ।

ਸ਼ਹਿਜ ਪਦ ਨੂੰ ਭਾਰਤੀ ਸਾਧਨਾ ਦੇ ਸੰਦਰਭ ਵਿਚ ਵੇਖਿਆ ਜਾਵੇ ਤਾਂ ਇਸ ਨੂੰ ਵੱਖ-ਵੱਖ ਢੰਗਾਂ ਨਾਲ ਪ੍ਰਸਤੁਤ ਕੀਤਾ ਗਿਆ ਹੈ। ਇਕ ਮਤ ਅਨੁਸਾਰ 'ਸਹਿਜ' ਸਤਿਪੁਰਸ਼ ਦੇ ਛੇ ਪੁੱਤਰਾਂ (ਸਹਿਜ, ਅੰਕੁਰ, ਇੱਛਾ, ਸੋਹੰ, ਅਚਿੰਤ, ਅੱਖਰ) ਵਿਚੋਂ ਇਕ ਹੈ।[10] ਸਹਿਜ ਨੂੰ ਦਵੰਦ-ਰਹਿਤ ਅਵਸਥਾ ਪਰਵਾਨ ਕਰਦਿਆਂ 'ਕਵੈਲਯ-ਪਦ' ਵੀ ਕਿਹਾ ਗਿਆ ਹੈ। ਸਿੱਧਾਂ ਨੇ ਇਸ ਨੂੰ 'ਸ਼ੂੰਨਯ-ਪਦ' ਕਿਹਾ ਹੈ ਅਤੇ ਸਹਿਜਯਾਨੀ ਇੰਦ੍ਰਆਵੀ ਬੋਧ ਦੀ ਬਜਾਏ ਅਨੁਭਵ ਦੀ ਅਵਸਥਾ ਮੰਨਦੇ ਹਨ।[11] ਸਮੁੱਚੇ ਰੂਪ ਵਿਚ ਵੇਖਿਆ ਜਾਵੇ ਤਾਂ ਸਹਿਜ ਇਕ ਰਸ ਰਹਿਣ ਵਾਲੀ ਜੀਵਨ-ਵਿਧੀ (spontaneous way of life) ਹੈ, ਜਿਸ ਵਿਚ ਸਾਧਕ ਨੂੰ ਦੁਖ-ਸੁਖ, ਹਰਖ-ਸੋਗ, ਵੈਰੀ-ਮਿੱਤਰ ਇਕ ਸਮਾਨ ਲਗਦੇ ਹਨ।

ਸਹਿਜ ਦੇ ਪਿਛੋਕੜ ਬਾਰੇ ਵਿਦਵਾਨਾ ਵਿਚ ਮੱਤਭੇਦ ਹਨ। ਡਾ. ਪ੍ਰਬੋਧ ਚੰਦਰ ਬਾਗਚੀ ਇਸ ਨੂੰ ਚੀਨੀ ਧਰਮ ਸਿਧਾਂਤ 'ਤਾਓਵਾਦ' ਦਾ ਸੰਸਕ੍ਰਿਤ ਅਨੁਵਾਦ ਮੰਨਦਾ ਹੈ। ਉਸ ਦਾ ਮਤ ਹੈ ਕਿ ਤਾਓ ਸਾਧਨਾ ਦੀਆਂ ਬਹੁਤ ਸਾਰੀਆਂ ਪੱਧਤੀਆਂ ਅਤੇ ਸ਼ਬਦਾਵਲੀ ਬੋਧ-ਤੰਤ੍ਰਾਂ ਨਾਲ ਮਿਲਦੀ ਜੁਲਦੀ ਹੈ।[12] ਜੇਕਰ ਵਿਦਵਾਨ ਦੀ ਰਾਇ ਨੂੰ ਮੰਨ ਲਿਆ ਜਾਵੇ ਤਾਂ ਸੰਭਾਵਨਾ ਇਹ ਵੀ ਹੋ ਸਕਦੀ ਹੈ ਕਿ 'ਤਾਓਵਾਦ' ਭਾਰਤੀ ਸਹਿਜ ਸਾਧਨਾ ਤੋਂ ਪ੍ਰਭਾਵਿਤ ਹੋਇਆ ਹੋਵੇ, ਕਿਉਂਕਿ ਚੀਨੀ ਧਰਮ ਪਰੰਪਰਾ ਉਪਰ ਬੁੱਧ ਮਤ ਦੀ ਬਹੁਤ ਸਾਰੀ ਸ਼ਬਦਾਵਲੀ ਦਾ ਅਸਰ ਹੈ। ਭਾਰਤੀ ਪਰੰਪਰਾ ਵਿਚ ਸਹਿਜ ਸ਼ਬਦ ਬਹੁਤ ਪ੍ਰਾਚੀਨ ਹੈ। 'ਰਿਗਵੇਦ' ਦੇ ਪਹਿਲੇ ਮੰਡਲ ਦੇ

ਅਠਵੰਜਵੇਂ ਸੂਕਤ ਦੇ ਪਹਿਲੇ ਮੰਤ੍ਰ ਵਿਚ ਸ਼ਬਦ ਸਹੋਜ (ਨੂ ਚਿਤ ਸਹੋਜਾ ਅਮਰਤੋ) ਰੂਪ ਵਿਚ ਆਇਆ ਹੈ। ਇਵੇਂ ਹੀ ਇਸੇ ਵੇਦ ਦੇ ਦਸਵੇਂ ਮੰਡਲ ਦੇ ਪੰਜਵੇਂ ਸੂਕਤ ਵਿਚ ਇਹ ਸ਼ਬਦ ਦੁਬਾਰਾ ਦੁਹਰਾਇਆ ਗਿਆ ਹੈ। ਡਾ. ਰਾਜਦੇਵ ਸਿੰਘ [13] ਨੇ 'ਸਹੋਜਾ' ਦਾ ਅਰਥ 'ਸਾਥ ਸਾਥ ਉਤਪੰਨ ਹੋਣ ਵਾਲਾ' ਕੀਤਾ ਹੈ। ਇਕ ਮਤ ਅਨੁਸਾਰ ਸਹਿਜ ਸ਼ਬਦ ਦੀ ਵਰਤੋਂ 'ਅਥਰਵ ਵੇਦ' ਵਿਚ ਵੀ ਹੋਈ ਮੰਨੀ ਗਈ ਹੈ।

ਸਾਧਨਾ ਦੇ ਪੱਖੋਂ 'ਸਹਿਜ' ਸ਼ਬਦ ਦੀ ਖੁਲ੍ਹ ਕੇ ਵਰਤੋਂ 'ਵਿਸ਼ਨੂੰ-ਪੁਰਾਣ' ਵਿਚ 'ਸਹਿਜ-ਸਿਧੀ' ਦੇ ਰੂਪ ਵਿਚ ਹੋਈ ਹੈ। ਬੋਧਾਂ ਨੇ ਜਦ ਇਸ ਸ਼ਬਦ ਨੂੰ ਕਬੂਲਿਆ ਤਦ ਇਸ ਦੇ ਪ੍ਰਗਿਅਉਪਾਇ-ਯੁਗਨਧ'[14] ਪਰਕ ਅਰਥ ਲਏ। ਤਾਂਤ੍ਰਿਕ ਪੱਧਤੀਆਂ ਨੇ ਸਹਿਜ ਨੂੰ ਸਵੀਕਾਰ ਕਰਕੇ ਇਸ ਨੂੰ ਨਵੇਂ ਗੁਪਤ (ਰਹੱਸਵਾਦੀ) ਅਰਥ ਦਿੱਤੇ, ਪਰ ਹੌਲੀ-ਹੌਲ਼ੀ ਇਹ ਸਾਧਨਾ ਭੋਗੀ ਸੰਯੋਗ (ਮੈਥੁਨ) ਦੇ ਰੂਪ ਵਿਚ ਰਸਾਤਲਗਾਮੀ ਨੂੰ ਪਹੁੰਚ ਗਈ।[15] ਭਾਵੇਂ ਸਹਿਜ ਦੇ ਤੱਤ ਵੈਸ਼ਨਵ, ਸ਼ੈਵ ਅਤੇ ਤੰਤ੍ਰ-ਗ੍ਰੰਥਾਂ ਵਿਚ ਮਿਲਦੇ ਹਨ ਪਰ ਵਿਦਵਾਨਾਂ ਦਾ ਇਕ ਗੁਟ[16] ਇਸ ਦੇ ਦਾਰਸ਼ਨਿਕ ਆਧਾਰਾਂ ਦਾ ਵਿਸ਼ਲੇਸ਼ਣ ਕਰਦਾ ਹੋਇਆ ਇਸ ਦਾ ਖੁਰਾ ਖੋਜ 'ਸਹਜਯਾਨ' ਵਿਚੋਂ ਢੂੰਡਦਾ ਹੈ। ਸਹਜਯਾਨ ਬੁੱਧ-ਮਤ ਦੀ ਇਕ ਸੰਪਰਦਾ ਸੀ। ਸਿੱਧਾਂ ਨੇ ਆਪਣੀ ਸਾਧਨਾ ਵਿਚ ਸਹਿਜ ਨੂੰ ਏਨਾਂ ਮਹੱਤਵ ਦਿੱਤਾ ਕਿ ਉਨ੍ਹਾਂ ਨੇ ਸਹਿਜ ਨਾਲ ਸੰਬੰਧਿਤ 'ਸਹਜ- ਕਾਇਆ', 'ਸਹਜ-ਗਿਆਨ', 'ਸਹਜ-ਸੁਖ', 'ਸਹਜ-ਅਨੰਦ', 'ਸਹਜ-ਸਮਾਧੀ', 'ਸਹਜ-ਮਾਰਗ', ਆਦਿ ਅਨੇਕਾਂ ਸੰਕਲਪਾਂ ਦੀ ਕਲਪਨਾ ਕੀਤੀ ਹੈ। ਮਧਕਾਲ ਦੀ ਹਰ ਧਰਮ ਪਰੰਪਰਾ ਨੇ ਆਪਣੇ ਆਪ ਨੂੰ 'ਸਹਿਜ' ਕਹਿਣ ਅਤੇ ਦੂਜੇ ਨੂੰ ਅਸਹਿਜ ਕਹਿਣ ਦਾ ਯਤਨ ਕੀਤਾ ਹੈ। ਇਸੇ ਕਰਕੇ ਭਗਤ ਕਬੀਰ ਕਹਿੰਦੇ ਹਨ- 'ਸਹਜ ਸਹਜ ਸਬ ਕੋ ਕਹੈ ਸਹਜ ਨ ਚੀਨੈ ਕੋਇ॥ ਜਾ ਸਹਜੈ ਸਾਹਿਬ ਮਿਲੈ ਸਹਜ ਕਹਾਵੈ ਸੋਇ॥ [17] ਇਵੇਂ ਸੰਤ-ਪਰੰਪਰਾ ਸਹਿਜ ਦੇ ਭੇਖੀ ਰੂਪ ਨੂੰ ਨਕਾਰਦੀ ਹੋਈ ਤਾਂਤ੍ਰਿਕ ਸਹਿਜ ਸਾਧਨਾ ਦੇ ਭੋਗ ਦੀ ਥਾਂ ਪ੍ਰੇਮ ਅਤੇ ਜੋਗ ਦੀ ਥਾਂ ਭਗਤੀ ਨੂੰ ਮਹੱਤਵ ਦਿੰਦੀ ਹੈ।

ਸਿੱਖ-ਚਿੰਤਨ ਵਿਚ 'ਸਹਿਜ' ਆਤਮਾ-ਪਰਮਾਤਮਾ ਦੇ ਸੰਯੋਗ ਦੀ ਅਵਸਥਾ ਹੈ। ਇਸ ਨੂੰ ਜੀਵਨ ਦੀ ਅੰਤਿਮ ਅਸਲੀਅਤ (Ultimate Reality) ਵੀ ਕਿਹਾ ਗਿਆ ਹੈ। ਇਸ ਅਵਸਥਾ ਵਿਚ ਆਤਮਾ ਸ਼ਾਂਤ ਅਤੇ ਅਡੋਲ ਹੋ ਕੇ ਆਪਣੇ ਅਸਲੀ ਰੂਪ ਜਾ ਨਿੱਜ-ਘਰ ਵਿਚ ਟਿਕ ਜਾਂਦੀ ਹੈ। ਗੁਰਬਾਣੀ ਵਿਚ ਇਸ ਅਵਸਥਾ ਨੂੰ ਉਜਾਗਰ ਕਰਨ ਲਈ 'ਚਉਥਾ-ਪਦ' 'ਪਰਮ-ਪਦ', 'ਪਰਮਗਤਿ', 'ਮੋਖੰਤਰ', 'ਅਮਰਪਦ', 'ਮੋਖ-ਦੁਆਰ', 'ਨਿਰਭੈ-ਪਦ', 'ਸਦਾ-ਬਿਗਾਸ' ਸ਼ਬਦਾਂ ਦੀ ਵਰਤੋਂ ਵੀ ਹੋਈ ਹੈ। ਇਹਨਾਂ ਸ਼ਬਦਾਂ ਦੀ ਸਾਂਝ ਤੋਂ ਸਿੱਖ ਸਾਧਨਾ ਦੀ 'ਸਹਿਜ ਅਵਸਥਾਂ' ਨੂੰ ਪਰੰਪਰਾ ਦੀ ਨਿਰੰਤਰਤਾ ਵਿਚੋਂ ਨਹੀਂ ਵੇਖਣਾ ਚਾਹੀਦਾ,



ਸਗੋਂ ਇਹ ਆਪਣੇ ਆਪ ਵਿਚ ਗੁਰਮਤਿ ਦਾ ਮੌਲਿਕ ਸੰਕਲਪ ਹੈ। ਸਾਧਨਾ ਦੇ ਪੱਖੋਂ ਸੰਤ ਕਬੀਰ 'ਸਹਿਜ' ਦੇ ਪਰੰਪਰਾਗਤ ਸੰਦਰਭ ਨੂੰ ਬਿਲਕੁਲ ਰੱਦ ਕਰ ਦਿੰਦੇ ਹਨ। ਇਸ ਦੇ ਪ੍ਰਮਾਣ ਕਬੀਰ ਬਾਣੀ ਵਿਚੋਂ ਵੇਖੇ ਜਾ ਸਕਦੇ ਹਨ।[18] ਸਿੱਖ ਚਿੰਤਨ ਪਰੰਪਰਾ ਦੀਆਂ ਰੂੜੀਆਂ ਤੋਂ ਮੁਕਤ ਹੈ। ਇਸੇ ਕਰਕੇ ਡਾ. ਦਲਜੀਤ ਸਿੰਘ[19] ਕਬੀਰ ਦੀ ਪਰੰਪਰਾ ਨਾਲੋਂ ਸਿੱਖ ਵਿਚਾਰਧਾਰਾ ਨੂੰ ਓਨਾ ਹੀ ਦੂਰ ਮੰਨਦਾ ਹੈ, ਜਿੰਨਾ ਕਬੀਰ ਵੈਸ਼ਨਵਾਂ ਨਾਲੋਂ ਦੂਰ ਹੈ।

ਗੁਰਮਤਿ ਵਿਚ ਸਹਿਜ ਅਵਸਥਾਂ ਜਗਿਆਸੂ (ਗੁਰਮੁਖ) ਦਾ ਆਦਰਸ਼ ਹੈ। ਗੁਰੂ ਅਮਰਦਾਸ ਸਿਰੀ ਰਾਗ ਦੀ ਇਕ ਅਸ਼ਟਪਦੀ ਵਿਚ ਸਹਿਜ ਦਾ ਸਾਰ-ਵਿਸਥਾਰ ਬਿਆਨ ਕਰਦੇ ਹੋਏ ਇਸ ਦੇ ਵਿਵਿਧ ਪਾਸਾਰਾਂ ਤੇ ਸਾਧਨਾ ਪੱਧਤੀ ਨੂੰ ਖੁਲ੍ਹ ਕੇ ਸਾਹਮਣੇ ਲਿਆਉਂਦੇ ਹਨ। ਇਸ ਦੇ ਵਿਵਿਧ ਪੱਖਾਂ ਨੂੰ ਉਜਾਗਰ ਕਰਨ ਲਈ, ਇਸ ਅਸ਼ਟਪਦੀ ਦਾ ਸਮੁੱਚਾ ਮੂਲ-ਪਾਠ ਵਿਚਾਰਨ ਦੀ ਲੋੜ ਹੈ ਜੋ ਇਸ ਪ੍ਰਕਾਰ ਹੈ:

ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ॥
ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ॥
ਭਾਈ ਰੇ ਗੁਰ ਬਿਨੁ ਸਹਜੁ ਨ ਹੋਇ॥
ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ॥
ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥
ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥
ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ॥
ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ॥
ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥
ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥
ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ॥
ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥

ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥
ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ॥
ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ॥
ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ॥
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ॥
ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ॥
ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥
ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ॥
ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ॥ [20]

ਸ਼ਹਿਜ ਬਾਰੇ ਇਸ ਅਸ਼ਟਪਦੀ ਵਿਚ ਹੇਠ ਲਿਖੀਆਂ ਗੱਲਾਂ ਸਪਸ਼ਟ ਹੁੰਦੀਆਂ ਹਨ:

(ੳ) ਹਰ ਜਗਿਆਸੂ ਸਹਿਜ ਅਵਸਥਾਂ ਪ੍ਰਾਪਤ ਕਰਨ ਦੀ ਲੋਚਾ ਰੱਖਦਾ ਹੈ। ਲੋਚੀ ਜਾ ਰਹੀ ਇਹ ਅਵਸਥਾ ਸੁਰਤਿ ਦਾ ਨਿੱਜ-ਘਰ ਹੈ ਜਿਸ ਵਿਚ ਟਿਕ ਕੇ ਇਸ ਨੇ ਸ਼ਾਤ, ਅਡੋਲ ਅਤੇ ਟਿਕਾਓ ਵਿਚ ਆਉਣਾ ਹੈ। ਇਥੇ ਅਕਲਾਂ-ਬੁੱਧੀ, ਵੇਦ-ਪਾਠ, ਪੜਾਈਆਂ, ਤਰਕ-ਵਿਤਰਕ, ਭੇਖ, ਅਡੰਬਰ ਸਭ ਵਿਆਰਥ ਹਨ। ਇਸ ਦਾ ਸਮਰਥ ਸਾਧਨ ਸ਼ਬਦ (ਗਿਆਨ) ਹੈ ਜਿਸ ਦੀ ਪ੍ਰਾਪਤੀ ਗੁਰੂ ਪਾਸੋਂ ਹੋਣੀ ਹੈ।ਇਹ ਕਰਮ ਕਮਾਉਣ ਦਾ ਮਜ਼ਬੂਨ ਨਹੀਂ, ਦੈਵੀ ਨਦਰਿ ਦਾ ਫਲ ਹੈ। ਪੰਡਤ, ਜੋਤਸ਼ੀ ਤੇ ਭੇਖਧਾਰੀ ਗੁਰੂ ਕਿਰਪਾ ਤੋਂ ਵਾਂਝੇ ਹੋਣ ਕਰਕੇ ਭਰਮਾਂ ਵਿਚ ਭਟਕਦੇ ਫਿਰਦੇ ਹਨ। ਇਸ ਵਿਚ ਕਰਮ- ਕਾਂਡ ਦੀ ਕੋਈ ਥਾਂ ਨਹੀਂ, ਇਹ ਤਾਂ ਗੁਰੂ ਅਤੇ ਸ਼ਬਦ ਨਾਲ ਕੇਂਦਰਿਤ ਹੋਣ ਦਾ ਨਿਰਾਲਾ ਵਿਧਾਨ ਹੈ।

(ਅ) ਸਹਿਜ ਅਵਸਥਾ ਜਦ ਪ੍ਰਾਪਤ ਹੋ ਜਾਂਦੀ ਹੈ ਤਾਂ ਇਸ ਵਿਚ ਜੋ ਉਚਾਰਿਆ ਜਾਂਦਾ ਹੈ, ਉਹ ਪਰਮਾਤਮ ਜੱਸ ਹੁੰਦਾ ਹੈ ਅਤੇ ਸਹਿਜ ਤੋਂ ਬਿਨਾ ਉਚਾਰੇ ਸਭ ਕਥਨ ਵਾਦ-ਵਿਵਾਦ ਹੁੰਦੇ ਹਨ। ਗੁਰੂ ਅਮਰਦਾਸ ਸਹਿਜ ਅਵਸਥਾ ਉਤਪੰਨ ਹੋਣ ਦੀਆਂ ਦੈਵੀ-ਅਲਾਮਤਾਂ ਦਾ ਵਰਣਨ ਕਰਦੇ ਕਹਿੰਦੇ ਹਨ ਕਿ ਸਭ ਤੋਂ ਪਹਿਲਾਂ ਜਗਿਆਸੂ ਦੇ ਹਿਰਦੇ ਅੰਦਰ ਪਿਆਰ ਉਤਪੰਨ ਹੁੰਦਾ ਹੈ, ਫਿਰ ਪਿਆਰ ਵਿਚੋਂ ਵੈਰਾਗ। ਵੈਰਾਗ ਵਿਚ ਆ ਕੇ ਕੀਤੀ ਜਾ ਰਹੀ ਨਿਰੰਤਰ ਸਿਫਤ ਸਾਲਾਹ



ਜਗਿਆਸੂ ਨੂੰ 'ਸਹਿਜ-ਸਮਾਧੀ' ਵਿਚ ਲੈ ਜਾਂਦੀ ਹੈ, ਜੋ ਸ਼ਾਂਤ-ਚਿਤ-ਅਨੰਦ ਦੀ ਅਨਭੂਤੀ ਹੈ। ਇਸ ਨੂੰ ਲਿਵ-ਲੀਨਤਾ ਵੀ ਕਿਹਾ ਜਾਂਦਾ ਹੈ ਤੇ ਇਹੀ ਸਹਿਜ ਅਵਸਥਾ ਹੈ।

(ੲ) ਸਹਿਜ ਦੀ ਪ੍ਰਾਪਤੀ ਵਿਚ ਮਾਇਆ ਸਭ ਤੋਂ ਵੱਡੀ ਰੁਕਾਵਟ ਹੈ ਕਿਉਂਕਿ ਇਹ 'ਦੂਜੇ ਭਾਇ' ਅਤੇ 'ਮਨਮੁਖ ਕਰਮ ਕਮਾਵਣੇ ਦੀ ਹਉਮੈ ਹੈ। ਮਾਇਆ ਦਾ ਘੇਰਾ ਤਿੰਨਾਂ ਗੁਣਾਂ (ਰਜ-ਤਮ-ਸਤ) ਤੱਕ ਹੈ ਅਤੇ ਸਹਿਜ ਇਹਨਾਂ ਤਿੰਨਾਂ ਤੋਂ ਮੁਕਤ ਚਉਥਾ ਪਦ ਹੈ। ਤ੍ਰਿਲੋਕੀ ਤਕ ਦੀ ਰਚਨਾ ਤਿੰਨਾਂ ਗੁਣਾਂ ਦੀ ਰਚਨਾ ਹੈ ਅਤੇ ਇਸ ਤੋਂ ਉਪਰਲਾ ਰੂਹਾਨੀ ਮੰਡਲ ਚਉਥਾ ਲੋਕ ਹੈ। ਤ੍ਰਿਕੁਟੀ ਮਨ ਦਾ ਨਿਜ-ਘਰ ਹੈ ਪਰ ਚਉਥਾ ਪਦ ਆਤਮਾ ਦਾ ਮੰਡਲ ਹੈ। ਮਨ-ਮਾਇਆ ਦੀ ਗੰਢ ਬੱਝੀ ਹੋਈ ਹੈ ਤੇ ਇਹ ਆਤਮਾ ਤੇ ਭਾਰੂ ਹੋ ਕੇ ਇਸ ਨੂੰ ਤਿੰਨਾਂ ਗੁਣਾਂ (ਤ੍ਰੈਲੋਕੀ) ਵਿਚ ਭਜਾਈ ਫਿਰਦੇ ਹਨ। ਗੁਰੂ ਕਿਰਪਾ ਤੇ ਨਾਮ ਅਭਿਆਸ ਦੇ ਜ਼ਰੀਏ ਜਦ ਆਤਮਾ ਦੀਆਂ ਮੈਲਾਂ ਧੋਤੀਆਂ ਜਾਂਦੀਆਂ ਹਨ ਤਾਂ ਇਹ ਰੂਹਾਨੀ ਮੰਡਲ (ਦਸਮ-ਦੁਆਰ) ਵਿਚ ਪਹੁੰਚ ਕੇ ਆਪਣਾ ਨਿਰਮਲ ਸਰੂਪ ਪ੍ਰਾਪਤ ਕਰ ਲੈਂਦੀ ਹੈ। ਫਿਰ ਆਤਮਾ, ਮਨ-ਮਾਇਆ ਤੇ ਕਰਮਾਂ-ਸੰਸਕਾਰਾਂ ਦੇ ਹਰ ਤਰ੍ਹਾਂ ਦੇ ਪ੍ਰਭਾਵਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਂਦੀ ਹੈ। ਇਥੋਂ ਆਤਮਾ ਸਤਿ ਲੋਕ (ਸਚਖੰਡ) ਵਿਚ ਪਹੁੰਚ ਕੇ ਸਤਿਪੁਰਖ ਵਿਚ ਲੀਨ ਹੋ ਜਾਂਦੀ ਹੈ। ਇਹ ਪੂਰਨ ਅਦਵੈਤ ਅਤੇ ਪੂਰਨ ਸਹਿਜ ਦੀ ਅਵਸਥਾ ਹੈ। ਜਿਥੋਂ ਤਕ ਦਵੈਤ ਹੈ ਸਹਿਜ ਦਾ ਅਭਾਵ ਹੈ। ਪੂਰਨ ਸਹਿਜ, ਅਦਵੈਤ ਦਾ ਸੁਭਾਵਿਕ ਫਲ ਹੈ।

(ਸ) ਅਦਵੈਤ ਜਾਂ ਚਉਥੇ ਪਦ ਦੇ ਅਧਿਕਾਰੀ ਗਿਆਨੀ ਪੁਰਖ (ਗੁਰਮੁਖ) ਹੁੰਦੇ ਹਨ ਉਹ ਸਹਿਜ ਦਾ ਵਿਉਪਾਰ ਨਾਮ ਧਨ ਨਾਲ ਕਰਕੇ ਆਪਣੇ ਅੰਤਹਕਰਨ ਦਾ ਭੰਡਾਰ ਭਰ ਲੈਂਦੇ ਹਨ। ਸਹਿਜ ਸਾਧਨਾ ਵਿਚ 'ਗੁਰੂ' ਅਤੇ 'ਨਾਮ' ਦੀ ਸਭ ਤੋਂ ਵੱਧ ਮਹੱਤਤਾ ਹੈ। ਨਾਮ 'ਗੁਰੂ ਕਿਰਪਾ' ਹੈ ਅਤੇ ਕੇਂਦਰ ਨਾਲ ਜੁੜ੍ਹੇ ਰਹਿਣ ਦੀ ਨਿਰੰਤਰਤਾ 'ਨਾਮ ਜਪੀ ਨਾਮੀ ਸਹਜਿ ਸਮਾਵਾ' ਰਾਹੀਂ ਉਜਾਗਰ ਹੁੰਦੀ ਹੈ।

(ਹ) ਸਹਿਜ ਕਰਮਾਂ ਦੀ ਖੇਡ ਨਹੀਂ , ਇਹ ਤਾਂ ਨਦਰਿ ਕਰਮ ਦਾ ਦੈਵੀ ਫਲ ਹੈ। ਜਦ ਗੁਰੂ ਦੀ ਨਿਹਾਲੀ ਨਦਰਿ ਪੈਂਦੀ ਹੈ ਤਾਂ ਮਾਨਸਿਕ ਭਟਕਣਾ ਸ਼ਾਂਤ ਹੋ ਜਾਂਦੀ ਹੈ। ਭਟਕਣਾ ਦੇ ਸ਼ਾਂਤ ਹੋਣ ਨਾਲ ਸੁਭਾਵਿਕ ਰੂਪ ਵਿਚ ਉਪਜਿਆ ਸਹਿਜ ਮਾਨਸਿਕ ਸੰਤੁਲਨ ਨੂੰ ਸਾਧਦਾ ਵੀ ਹੈ ਅਤੇ ਸੁਆਰਦਾ ਵੀ ਹੈ। ਇਸ ਅਡੋਲਤਾ ਵਿਚ ਆਵਾਗਵਨ ਦਾ ਸੰਸਾ ਵੀ ਖ਼ਤਮ ਹੋ ਜਾਂਦਾ ਹੈ। ਸਾਰੀਆਂ ਮੈਲਾਂ ਧੁਪ ਜਾਂਦੀਆਂ ਸਨ, ਸਾਰੇ ਭਰਮ, ਚਿੰਤਾਵਾਂ ਤੇ ਫਿਕਰਾਂ ਦੀ ਨਿਵਰਤੀ ਹੋ ਜਾਂਦੀ ਹੈ। ਗੁਰੂ ਅਮਰਦਾਸ ਅਨੰਦ ਬਾਣੀ ਵਿਚ ਸਹਿਜ ਤੇ ਸੰਸੇ ਦੇ ਵਿਰੋਧ ਨੂੰ ਇਉਂ ਬਿਆਨ ਕਰਦੇ ਹਨ:

ਕਰਮੀ ਸਹਜੁ ਨ ਉਪਜੈ ਵਿਣੁ ਸਹਜੈ ਸਹਸਾ ਨ ਜਾਇ॥

ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥
ਸਹਸੈ ਜੀਉ ਮਲੀਣ ਹੈ ਕਿਤੁ ਸੰਜਮਿ ਧੋਤਾ ਜਾਏ ॥
ਮਨ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕ ਗੁਰਪ੍ਰਸਾਦੀ ਸਹਜੁ ਉਪਜੈ ਇਹੁ ਸਹਿਸਾ ਇਵ ਜਾਇ ॥ [21]

ਮਨਮੁਖ ਵਿਅਕਤੀ ਮਨ ਦੀ ਮਤ ਪਿੱਛੇ ਲੱਗ ਕੇ ਕਰਮ-ਕਾਂਡ ਦੇ ਭਰਮਾਂ ਵਿਚ ਉਲਝਿਆ ਹੋਇਆ ਅੰਦਰ ਦੀਆਂ ਚਿੰਤਾਵਾਂ, ਫਿਕਰਮੰਦੀਆਂ ਤੇ ਉਨੀਂਦਰੇ ਦੇ ਸੰਸਿਆਂ ਨੂੰ ਹੰਡਾਉਂਦਾ ਹੈ। ਗੁਰਮੁਖ, ਗੁਰੂ ਦੀ ਮਤ ਤੇ ਚਲਦਾ ਹੋਇਆ ਸਹਜ ਵਿਚ ਹੀ ਜਾਗਦਾ ਤੇ ਸਹਜ ਵਿਚ ਹੀ ਸੌਂਦਾ ਹੈ-

ਮਨਮੁਖ ਭਰਮੈ ਸਹਸਾ ਹੋਵੈ ॥
ਅੰਤਰਿ ਚਿੰਤਾ ਨੀਦ ਨ ਸੋਵੈ ॥
ਗਿਆਨੀ ਜਾਗਹਿ ਸਵਹਿ ਸੁਭਾਇ ॥
ਨਾਨਕ ਨਾਮਿ ਰਤਿਆ ਬਲਿ ਜਾਉ ॥ [22]

ਗੁਰੂ ਅਮਰਦਾਸ ਦੀ ਬਾਣੀ ਵਿਚੋਂ ਸਹਿਜ ਬਾਰੇ ਜੋ ਪੱਖ ਉਭਰ ਕੇ ਸਾਹਮਣੇ ਆਉਂਦੇ ਹਨ ਉਹ ਗੁਰਮਤਿ ਦੀਆਂ ਮੌਲਿਕ ਧਾਰਵਾਨਾਂ ਹਨ ਅਤੇ ਇਹ ਧਾਰਨਾਵਾਂ ਇਸ ਪ੍ਰਕਾਰ ਹਨ-

1) ਸਹਿਜ ਗਿਆਨ ਦੀ ਪ੍ਰਕਾਸ਼ਮਾਨਤਾ ਹੈ ਜਿਸ ਵਿਚ ਚੇਤਨਾ ਉਜਾਗਰ ਹੁੰਦੀ ਹੈ ਅਤੇ ਰਹੱਸ ਤੋਂ ਪਰਦਾ ਉੱਠਦਾ ਹੈ। ਇਸੇ ਨੂੰ ਸਹਿਜ ਰਹੱਸ ਵੀ ਕਿਹਾ ਗਿਆ ਹੈ। ਅੰਦਰ ਬਾਹਰ ਦੇ ਫ਼ਾਸਲੇ ਖ਼ਤਮ ਹੋ ਜਾਂਦੇ ਹਨ। ਜੋ ਅੰਦਰ ਹੈ, ਉਹ ਬਾਹਰ ਅਤੇ ਜੋ ਬਾਹਰ ਵਿਆਪ ਰਿਹਾ ਹੈ, ਉਹ ਅੰਦਰ ਭਾਸਣ ਲੱਗ ਪੈਂਦਾ ਹੈ।
2) ਸਹਿਜ ਸਰਬ ਇੱਛਾਵਾਂ ਤ੍ਰਿਸ਼ਨਾਵਾਂ ਵਾਸ਼ਨਾਵਾਂ ਤੋਂ ਬੰਦ-ਖਲਾਸੀ ਹੈ। ਇਹ ਆਤਮ ਰੂਪ ਵਿਚ ਆਜ਼ਾਦ ਹੋ ਕੇ ਵਿਚਰਣ ਦੀ ਬਿਰਤੀ ਹੈ।
3) ਸਹਿਜ ਕਿਸੇ ਤਰੱਦਦ, ਕੋਸ਼ਿਸ਼ ਦੀ ਉਪਜ ਨਹੀਂ ਇਹ ਸਹਜ ਸੁਭਾਇ ਦੀ ਅਵਸਥਾ ਹੈ।
4) ਸਹਿਜ ਵਿਚ ਉਹ ਦਿੱਬ ਦ੍ਰਿਸ਼ਟ ਖੁਲ੍ਹ ਜਾਂਦੀ ਹੈ ਜੋ ਹਰ ਪਸੇ ਸੁਹਜ ਹੀ ਵੇਖਦੀ ਹੈ। ਇਹ ਸੰਸਾਰ ਹਰਿ ਕਾ ਰੂਪ ਹੈ ਹਰਿ ਰੂਪ ਨਦਰੀ ਆਇਆ ਦਾ ਨਜ਼ਾਰਾ ਹੈ।
5) ਸਹਿਜ ਨਾਮ ਰਸ ਪੀਆ ਰੇ ਦੀ ਅਨੰਦਮਈ ਅਵਸਥਾ ਹੈ। ਇਸੇ ਨੂੰ ਸਹਿਜ ਅਨੰਦ ਦਾ ਵਿਗਾਸ ਵੀ ਕਿਹਾ ਗਿਆ ਹੈ। ਇਹ 'ਸਹਿਜ ਧੁਨਿ' ਦੀ ਰਸਿਕਤਾ ਹੈ।
6) ਸਹਿਜ ਵਿਅਕਤੀਗਤ ਜਤਨ ਨਹੀਂ ਗੁਰ ਕਿਰਪਾ ਦਾ ਦੈਵੀ ਫਲ ਹੈ।
7) ਹਿਰਦੈ ਰੂਪੀ ਕਮਲ ਦਾ ਖਿੜ ਜਾਣਾ ਹੀ ਸਹਿਜ ਨਹੀਂ ਸਗੋਂ ਪਰਗਾਸੇ ਜਾਣਾ ਸਹਿਜ ਦੀ ਅਵਸਥਾ ਹੈ। ਇਸ ਨਾਲ ਸਾਰੇ ਮਨਮੁਖੀ ਅਭਿਮਾਨ ਝੁੰਦਿਆ ਜਾਂਦੇ ਹਨ। ਹਿਰਦਾ



ਹਰਿ ਰਸ ਨਾਲ ਭਰਪੂਰ ਹੋ ਜਾਂਦਾ ਹੈ।

ਗੱਲ ਕੀ ਗੁਰੂ ਅਮਰਦਾਸ ਨੇ ਆਪਣੇ ਨਿਜੀ ਜੀਵਨ ਦੇ ਹੰਢੇ-ਵਰਤੇ ਤਜ਼ਰਬੇ ਰਾਹੀਂ ਬਿਆਨ ਕਰਦੇ ਹਨ ਕਿ ਸਹਿਜ ਅਵਸਥਾ ਕਿਵੇਂ ਜਗਿਆਸੂ ਦੇ ਹਿਰਦੇ ਅੰਦਰ ਉਜਾਗਰ ਹੁੰਦੀ ਹੈ। ਇਸ ਸਾਰੀ ਪ੍ਰਕਿਰਿਆ ਨੂੰ ਆਪ ਪੜਾਅ ਦਰ ਪੜਾਅ ਇਉਂ ਸਿਰੀ ਰਾਗੁ ਦੇ ਇਕ ਚਉਪਦੇ ਵਿਚ ਵੀ ਬਿਆਨ ਕਰਦੇ ਹਨ-

ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ ॥
ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਬੁਝਾਇ ॥
ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ ॥
ਨਾਉ ਧਿਆਈਐ ਨਾਉ ਮੰਗੀਐ ਨਾਮੇ ਸਹਿਜ ਸਮਾਇ ॥
ਮਨ ਮੇਰੇ ਹਰਿ ਰਸ ਚਾਖੁ ਤਿਖ ਜਾਇ ॥
ਜਿਨੀ ਗੁਰਮੁਖਿ ਚਾਖਿਆ ਸਹਜੇ ਰਹੇ ਸਮਾਇ ॥
ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥
ਅੰਤਰ ਹਰਿ ਰਸ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥
ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ ॥
ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ ॥ [23]

ਗੁਰੂ ਅਮਰਦਾਸ ਦੀ ਬਾਣੀ ਦੇ ਆਧਾਰ ਤੇ ਇਹ ਗੱਲ ਨਿੱਖਰ ਕੇ ਸਾਹਮਣੇ ਆ ਜਾਂਦੀ ਹੈ ਕਿ ਸਹਿਜ ਨਿਰੋਲ ਆਤਮਿਕ ਅਵਸਥਾ ਹੈ ਅਤੇ ਇਸ ਦੀ ਪ੍ਰਾਪਤੀ ਲਈ ਜੋ ਸਾਧਨ ਨਾਥਾਂ-ਜੋਗੀਆਂ ਤੇ ਸਿੱਧਾਂ ਨੇ ਅਪਨਾਏ ਹਨ, ਗੁਰਮਤਿ ਉਹਨਾਂ ਦੀ ਹਾਮੀ ਨਹੀਂ ਭਰਦੇ। ਇਹ ਤਾਂ ਨਾਮ ਸਿਮਰਨ ਦੀ ਸਾਧਨਾ ਰਾਹੀਂ 'ਸਹਜੈ ਸਹਜ ਮਿਲੈ ਸੁਖ ਪਾਈਐ' ਦਾ ਅਨੁਭਵ ਹੈ। ਇਸ ਵਿਚ ਨਾ ਪੱਥਰ ਵਰਗੀ ਸੁੰਨਤਾ ਹੈ ਅਤੇ ਨਾਹੀ ਹਠ-ਤਾੜੀ ਵਾਲੀ ਵਿਅਕਤੀਗਤ ਨਿੱਜ ਕੇਂਦਰਿਤਾ। ਇਹ ਅਜਿਹੀ ਸਕ੍ਰਿਐ ਅਵਸਥਾ ਹੈ ਜਿਸ ਵਿਚ ਕੰਮ-ਧੰਦੇ ਕਰਦਿਆਂ, ਖਾਂਦਿਆਂ-ਪੀਂਦਿਆਂ ਸੁਰਤਿ ਦਾ ਸ਼ਬਦ ਨਾਲ ਕੇਂਦਰਿਤ ਹੋਣਾ ਹੈ। ਇਹ 'ਸਹਿਜੇ ਜਾਗਣ ਸਹਜੇ ਸੋਇ ਸਹਜੇ ਹੋਤਾ ਜਾਇ ਸੁ ਹੋਇ' ਵਾਲੀ ਬਿਰਤੀ ਹੈ, ਅਭਿਵਿਅਕਤੀ ਨਹੀਂ ਹੈ।

ਉਪਰੋਕਤ ਸਾਰੀ ਵਿਚਾਰ-ਚਰਚਾ ਤੋਂ ਗੁਰੂ ਅਮਰਦਾਸ ਦੇ ਬਾਣੀ ਦੇ ਹਵਾਲੇ ਨਾਲ ਇਸ ਸਿੱਟੇ ਤੇ ਪੁੱਜਿਆ ਜਾਂਦਾ ਹੈ ਕਿ 'ਸਹਿਜ ਅਵਸਥਾ' ਸ਼ਬਦ ਤੋਂ ਉਪਜਣ ਵਾਲਾ 'ਹਰਿ ਪਾਇਆ' ਦਾ ਅਨੁਭਵ ਹੈ। ਇਹ ਆਤਮਿਕ ਅਡੋਲਤਾ, ਸ਼ਾਂਤੀ, ਅਨੰਦ ਤੇ ਟਿਕਾਓ ਦੇ ਵਿਗਾਸ ਦੀ ਅਵਸਥਾ ਹੈ। ਇਸ ਵਿਚੋਂ ਅਨਹਦ ਸ਼ਬਦ ਨੂੰ ਦਸਮ-ਦੁਆਰ ਵਿਚ ਸੁਨਣ ਦੀ ਬਿਰਤੀ ਨੇ ਉਜਾਗਰ ਹੋਣਾ ਹੈ।

**ਹਵਾਲੇ:**

1. ਭਾਈ ਰਣਧੀਰ ਸਿੰਘ, ਅਨਹਦ ਸ਼ਬਦ ਤੇ ਦਸਮ ਦੁਆਰ, ਭਾਈ ਸਾਹਿਬ ਭਾਈ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, ਲੁਧਿਆਣਾ, 1988, ਪੰਨਾ 104.
2. 'The term Sahaja is a Sanskrit word which otynologically means what one is born with and thus it refers to the natural tendency'
   Manindra Mohan Bose, *Post Calilonya Sahajiya Cult of Bengal*, p .
6, Introduction.
3. ਸੁਰਿੰਦਰ ਸਿੰਘ ਕੋਹਲੀ (ਸੰਪਾ.), ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972, ਪੰਨਾ 354.
4. Sahaj a term Which literally meant what originated with the birth of an ontity,'
   Niharranjan Ray, *The Sikh Gurus and the Sikh Society*, Punjabi University, Patiala, 1970. p. 123.
5. The word Sahaja literally means what which is born or which originator with the birth.'
   Dr. S.B. Dass Gupta, *Obscure Religions Cults*, Calcutta 1969, p. 78.
6. Willian Edword Soothill, *A Dictionary of Chinese Buddhists term*, 1937, p. 804.
7. (ੳ) ਸੁਭਾਓ- ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ ॥
   ਕਹਤ ਕਬੀਰ ਉਆ ਕੋ ਸਹਜੁ ਨ ਜਾਈ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 481.
   (ਅ) ਸੁਭਾਵਕ- ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
   ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਧਾਈਆ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 917.
   (ੲ) ਗਿਆਨ- ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥
   ਵਿਰਲੈ ਕਾਹੂ ਨੇਤਹੁ ਡੀਠੀ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 739.
   (ਸ) ਆਤਮਾ ਦੀ ਮੁਕਤ ਅਵਸਥਾ- ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨਾ ਜਾਇ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 68.



8. ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ ॥
   ਜੀਵਨ ਮਿਰਤੁ ਨ ਦੁਖ ਸੁਖ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ ॥
   ਸਹਜ ਕੀ ਅਕਥ ਕਥਾ ਹੈ ਨਿਰਾਰੀ ॥
   ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ ॥
   ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸ ਤਹ ਨਾਹੀ ॥
   ਜਲ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 333.
9. Herbart V. Gaenther, *The Tantric View of Life*, p. 52.
10. ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ, ਕਬੀਰ (ਹਿੰਦੀ), ਕਮਲ ਪ੍ਰਕਾਸ਼ਨ, ਨਵੀਂ ਦਿੱਲੀ, 1971, ਪੰਨਾ 67.
11. ਉਹੀ, ਪੰਨਾ 85.
12. ਧੀਰੇਂਦਰ ਵਰਮਾ (ਸੰਪਾ.), ਹਿੰਦੀ ਸਾਹਿਤਯ ਕੋਸ਼, ਗਿਆਨ ਮੰਡਲ ਸੰਮਤ, ਬਨਾਰਸ, 2015, ਪੰਨਾ 898.
13. ਰਾਜਦੇਵ ਸਿੰਘ, ਅਰਥ ਵਿਕਾਸ ਕੀ ਦ੍ਰਿਸ਼ਟੀ ਸੇ ਹਿੰਦੀ ਸੰਤ ਸਾਹਿਤਯ ਕੇ ਦਾਰਸ਼ਨਿਕ ਏਵੰ ਧਾਰਮਿਕ ਸ਼ਬਦੋਂ ਕਾ ਅਧਿਐਨ (ਹਿੰਦੀ), ਅਣ ਪ੍ਰਕਾਸ਼ਿਤ ਪੀ-ਐਚ.ਡੀ ਥੀਸਿਸ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਨਾ 306.
14. ਪਰਸੂ ਰਾਮ ਚਤੁਰਵੇਦੀ, ਕਬੀਰ ਸਾਹਿਤਯ ਕੀ ਪਰਖ' (ਹਿੰਦੀ), ਭਾਰਤੀ ਭੰਡਾਰ ਲੀਡਰ ਪ੍ਰੈਸ, ਪ੍ਰਯਾਗ, ਸੰਮਤ 2021, ਪੰਨਾ 240.
15. ਕਾਲਾ ਸਿੰਘ ਬੇਦੀ, ਗੁਰੂ ਨਾਨਕ ਸ਼ਬਦ ਰਤਨਾਕਰ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨੇ 55-56.
16. ਹਜਾਰੀ ਪ੍ਰਸ਼ਾਦ ਦ੍ਵਿਵੇਦੀ, ਸਹਜ ਸਾਧਨਾ, ਪੰਨੇ 10-11, ਧਰਮਵੀਰ ਭਾਰਤੀ, ਸਿੱਧ ਸਾਹਿਤਯ, ਪੰਨੇ 148,156,367,369, ਪਰਸ਼ੂਰਾਮ ਚਤੁਰਵੇਦੀ, ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ 36, ਗੋਬਿੰਦ ਤ੍ਰਿਗੁਣੀ, ਹਿੰਦੀ ਕੀ ਨਿਰਗੁਣ ਕਾਵਯਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸਟਭੂਮੀ, ਪੰਨਾ 241, ਦਵਾਰਕਾ ਪ੍ਰਸਾਦ ਮਿਸਰ, ਸਹਜ ਸਾਧਨਾ, ਭੂਮਿਕਾ, ਪੰਨਾ 4.
17. ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ, ਕਬੀਰ, ਪੰਨਾ 87.
18. (ੳ) ਸੰਤੋ ਸਹਜ ਸਮਾਧਿ ਭਲੀ ॥
    ਆਂਖ ਨ ਮੂੰਦ ਕਾਨ ਨ ਰੂੰਧੂ ਕਾਯਾ ਕਸ਼ਟ ਨ ਧਾਰੂੰ ॥

ਖੁਲ੍ਹੇ ਨੈਨ ਮੈ ਹਸ ਹਸ ਦੇਖੁ, ਸੁੰਦਰ ਰੂਪ ਨਿਹਾਰੂੰ ॥
ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ, ਕਬੀਰ, ਪੰਨਾ 266.
(ਅ) ਸਹਜੈ ਸਹਜੈ ਸਭ ਭਇਆ, ਮਨ ਇੰਦ੍ਰੀ ਕਾ ਨਾਸੁ ॥
ਨਿਹਕਾਮੀ ਸੇ ਮਨ ਮਿਲਾ, ਕਟੀ ਕਰਮ ਕੀ ਫਾਸਿ ॥
ਸਿਆਮੀ ਸੁੰਦਰਦਾਸ (ਸੰਪਾ.), ਕਬੀਰ ਗ੍ਰੰਥਾਵਲੀ, ਪੰਨਾ 37.

19. Daljit Singh, *Sikhism- A Comparative Study of The Theology and Mysheism*, Sterling Publishers pvt. ltd., New Delhi, 1972, p. 159.
20. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 68.
21. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 919.
22. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 646.
23. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 26.



# ਗੁਰੂ ਅਮਰਦਾਸ: ਜੀਵਨ, ਰਚਨਾ ਅਤੇ ਸਿੱਖਿਆਵਾਂ

**ਡਾ. ਪਰਮਵੀਰ ਸਿੰਘ***

ਗੁਰੂ ਅਮਰਦਾਸ ਸਿੱਖਾਂ ਦੇ ਤੀਜੇ ਗੁਰੂ ਸਨ। ਗੁਰੂ ਅੰਗਦ ਦੇਵ ਦੀ ਸੇਵਾ ਕਰਦੇ ਹੋਏ ਇਹਨਾਂ ਨੇ ਸਤਿ, ਸੰਤੋਖ, ਦਇਆ, ਨਿਮਰਤਾ, ਸਹਿਜ, ਸਿਮਰਨ ਆਦਿ ਗੁਣਾਂ ਨੂੰ ਮਨ ਵਿਚ ਧਾਰਨ ਕੀਤਾ ਅਤੇ ਗੁਰਮਤਿ ਆਸ਼ੇ ਅਤੇ ਉਦੇਸ਼ ਨਾਲ ਅਜਿਹੇ ਅਭੇਦ ਹੋ ਗਏ ਕਿ ਗੁਰੂ-ਜੋਤਿ ਦਾ ਰੂਪ ਹੀ ਧਾਰਨ ਕਰ ਗਏ ਸਨ। ਭੱਟ ਜਾਲਪ ਗੁਰੂ ਅਮਰਦਾਸ ਉਸਤਤਿ ਕਰਦੇ ਹੋਏ ਕਹਿੰਦਾ ਹੈ ਕਿ ਉਹ ਪੈਰ ਸਕਾਰਥ ਹਨ ਜਿਹੜੇ ਗੁਰੂ ਅਮਰਦਾਸ ਦੇ ਰਸਤੇ ਪੈਂਦੇ ਹਨ, ਉਹ ਹੱਥ ਸਕਾਰਥ ਹਨ ਜਿਹੜੇ ਹੱਥ ਗੁਰੂ ਅਮਰਦਾਸ ਦੇ ਚਰਨੀਂ ਲੱਗਦੇ ਹਨ, ਉਹ ਜੀਭ ਸਕਾਰਥ ਹੈ ਜਿਹੜੀ ਗੁਰੂ ਅਮਰਦਾਸ ਦੀ ਉਸਤਤਿ ਕਰਦੀ ਹੈ, ਉਹ ਅੱਖਾਂ ਸਕਾਰਥ ਹਨ ਜਿਹੜੀਆਂ ਗੁਰੂ ਅਮਰਦਾਸ ਨੂੰ ਦੇਖਦੀਆਂ ਹਨ, ਉਹ ਕੰਨ ਸਕਾਰਥ ਹਨ ਜਿਹੜੇ ਗੁਰੂ ਅਮਰਦਾਸ ਦੀ ਸ਼ੋਭਾ ਸੁਣਦੇ ਹਨ, ਉਹ ਹਿਰਦਾ ਸਕਾਰਥ ਹੈ ਜਿਸ ਵਿਚ ਜਗਤ-ਪਿਤਾ ਗੁਰੂ ਅਮਰਦਾਸ ਦਾ ਨਿਵਾਸ ਹੈ ਅਤੇ ਉਹ ਸਿਰ ਸਕਾਰਥ ਹੈ ਜਿਹੜਾ ਗੁਰੂ ਅਮਰਦਾਸ ਅੱਗੇ ਨਿਵ ਜਾਂਦਾ ਹੈ।[1] ਭੱਟ ਦੱਸਦੇ ਹਨ ਕਿ ਪ੍ਰਭੂ-ਗੁਣਾਂ ਦੀ ਪ੍ਰਾਪਤੀ ਕਰ ਕੇ ਗੁਰੂ ਅਮਰਦਾਸ ਉਸੇ ਦਾ ਰੂਪ ਹੋ ਗਏ ਹਨ ਅਤੇ ਉਹਨਾਂ ਦੀ ਉਸਤਤਿ ਕਰ ਕੇ ਮਨੁੱਖ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ, ਦੁਨਿਆਵੀ ਬੰਧਨਾਂ ਤੋਂ ਖਲਾਸੀ ਕਰ ਲੈਂਦਾ ਹੈ, ਜਨਮ ਮਰਨ ਦਾ ਗੇੜ ਮੁਕ ਜਾਂਦਾ ਹੈ, ਹਰ ਪ੍ਰਕਾਰ ਦੀ ਦੁਬਿਧਾ ਖ਼ਤਮ ਹੋ ਜਾਂਦੀ ਹੈ ਅਤੇ ਉਹ ਪਰਮਾਤਮਾ ਨਾਲ ਜੁੜ ਜਾਂਦਾ ਹੈ। ਭੱਟ ਸਲ੍ਹ ਕਹਿੰਦਾ ਹੈ ਕਿ ਗੁਰੂ ਅਮਰਦਾਸ ਅਸੀਮ ਗੁਣਾਂ ਦੇ ਮਾਲਕ ਹਨ, ਉਹਨਾਂ ਜਿਹਾ ਹੋਰ ਕੋਈ ਨਹੀਂ ਹੈ ਅਤੇ ਉਹਨਾਂ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ।[2]

ਗੁਰੂ ਅਮਰਦਾਸ ਨੂੰ ਬਿਰਧ ਅਵਸਥਾ ਵਿਚ ਸੇਵਾ ਕਰਦੇ ਹੋਏ ਗੁਰਗੱਦੀ ਹਾਸਲ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ, ਜੋ ਸਮੁੱਚੇ ਮਨੁੱਖੀ ਜਗਤ ਲਈ ਪ੍ਰੇਰਨਾ ਸ੍ਰੋਤ ਹੈ। ਉਹਨਾਂ ਦੁਆਰਾ ਕੀਤੀ ਸੇਵਾ ਨੇ ਪੁਰਾਤਨ ਭਾਰਤੀ ਪਰੰਪਰਾਵਾਂ ਵਿਚ ਨਵੀਆਂ ਪੈੜਾਂ ਪਾਉਣ ਦਾ ਕਾਰਜ ਕੀਤਾ ਹੈ ਜਿਸ ਅਨੁਸਾਰ ਜੀਵਨ ਦੇ ਆਖ਼ਰੀ ਪੱਚੀ ਸਾਲਾਂ ਦੌਰਾਨ ਵਿਅਕਤੀ ਨੂੰ ਜੰਗਲਾਂ ਵਿਚ ਇਕਾਂਤਵਾਸ ਹੋ ਕੇ ਮੁਕਤੀ ਹਾਸਲ ਕਰਨ ਦਾ ਮਾਰਗ ਧਾਰਨ ਕਰਨਾ ਪੈਂਦਾ ਸੀ। ਇਸ ਦੇ ਨਾਲ

***ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

ਹੀ ਸਿੱਖ ਧਰਮ ਵਿਚ ਇਹ ਪੈੜਾਂ ਪਾਉਣ ਦਾ ਯਤਨ ਤੇਜ਼ੀ ਨਾਲ ਕੀਤਾ ਗਿਆ ਕਿ ਦੁਨਿਆਵੀ ਜਗਤ ਵਿਚ ਰਹਿੰਦੇ ਹੋਏ ਵੀ ਮਨ ਨੂੰ ਕਾਬੂ ਕਰ ਕੇ ਮੁਕਤੀ ਹਾਸਲ ਕੀਤੀ ਜਾ ਸਕਦੀ ਹੈ। ਗੁਰੂ ਅਮਰਦਾਸ ਦਾ ਜੀਵਨ ਅਤੇ ਬਾਣੀ ਇਸੇ ਮਾਰਗ ਦਾ ਧਾਰਨੀ ਹੋਣ 'ਤੇ ਜ਼ੋਰ ਦਿੰਦੀ ਹੈ।

**ਪ੍ਰਕਾਸ਼ ਅਤੇ ਪਰਿਵਾਰ:** (ਗੁਰੂ) ਅਮਰਦਾਸ ਦਾ ਜਨਮ ਅੰਮ੍ਰਿਤਸਰ ਜਿਲੇ ਦੇ ਪਿੰਡ ਬਾਸਰਕੇ[3] ਵਿਖੇ 1479 ਈਸਵੀ ਨੂੰ ਹੋਇਆ। ਇਹ ਭੱਲਾ ਜਾਤਿ ਨਾਲ ਸੰਬੰਧਿਤ ਸਨ ਅਤੇ ਇਹਨਾਂ ਦੇ ਪਿਤਾ ਦਾ ਨਾਂ ਭਾਈ ਤੇਜ ਭਾਨ ਸੀ।[4] ਆਪ ਦੀ ਮਾਤਾ ਨੂੰ ਵੱਖ-ਵੱਖ ਨਾਵਾਂ ਨਾਲ ਨਾਲ ਜਾਣਿਆ ਜਾਂਦਾ ਹੈ - ਲੱਖ [5], ਬਖਤ ਕੌਰ, ਲੱਛਮੀ, ਭੂਪ ਕੌਰ ਅਤੇ ਰੂਪ ਕੌਰ।[6] ਆਪ ਦੇ ਤਿੰਨ ਭਰਾ ਹੋਰ ਸਨ: ਭਾਈ ਈਸ਼ਰਦਾਸ - ਭਾਈ ਗੁਰਦਾਸ ਦੇ ਪਿਤਾ; ਬਾਬਾ ਖੇਮ ਰਾਇ - ਗੁਰੂ ਅਮਰਦਾਸ ਦੇ ਮੰਜੀਦਾਰ ਸਾਵਣ ਮੱਲ ਦੇ ਪਿਤਾ ਅਤੇ ਭਾਈ ਮਾਣਕ ਚੰਦ - ਇਨ੍ਹਾਂ ਦੀ ਨੂੰਹ ਬੀਬੀ ਅਮਰੋ ਗੁਰੂ ਅੰਗਦ ਦੇਵ ਦੀ ਸੁਪੁੱਤਰੀ ਸਨ। ਗੁਰੂ ਅਮਰਦਾਸ ਦਾ ਵਿਆਹ ਦੇਵੀ ਚੰਦ ਦੀ ਸੁਪੁੱਤਰੀ ਮਨਸਾ ਦੇਵੀ[7] ਨਾਲ ਹੋਇਆ ਅਤੇ ਆਪ ਦੇ ਘਰ ਦੋ ਪੁੱਤਰਾਂ ਭਾਈ ਮੋਹਨ ਅਤੇ ਮੋਹਰੀ ਅਤੇ ਦੋ ਬੱਚੀਆਂ ਬੀਬੀ ਦਾਨੀ ਅਤੇ ਭਾਨੀ ਦਾ ਜਨਮ ਹੋਇਆ।

**ਤੀਰਥ ਯਾਤਰਾ:** (ਗੁਰੂ) ਅਮਰਦਾਸ ਬਾਰੇ ਮੁਢਲੇ ਤੌਰ ਤੇ ਜੋ ਜਾਣਕਾਰੀ ਮਿਲਦੀ ਹੈ ਉਸ ਤੋਂ ਗਿਆਤ ਹੁੰਦਾ ਹੈ ਕਿ ਆਪ ਸ਼ੁਰੂ ਤੋਂ ਹੀ ਧਾਰਮਿਕ ਵਿਚਾਰਾਂ ਦੇ ਮਾਲਕ ਸਨ। ਹਿੰਦੂ ਪਰਵਾਰ ਵਿਚ ਜਨਮ ਹੋਣ ਕਾਰਨ ਬਹੁਤਾ ਪ੍ਰਭਾਵ ਬ੍ਰਾਹਮਣੀ ਕਾਰਮਕਾਂਡ ਵਾਲਾ ਸੀ। ਏਸੇ ਪ੍ਰਭਾਵ ਅਧੀਨ ਹੀ ਜਦੋਂ ਆਪ ਦੁਨੀਆਦਾਰੀ ਦੇ ਪ੍ਰਭਾਵ ਤੋਂ ਜਰਾ ਮੁਕਤ ਹੋਏ ਤਾਂ ਤੀਰਥਾਂ ਦੀ ਯਾਤਰਾ ਅਰੰਭ ਕਰ ਦਿੱਤੀ ਸੀ।[8] ਹਿੰਦੂ ਧਰਮ ਵਿਚ ਤੀਰਥ ਯਾਤਰਾ ਨੂੰ ਮਨ ਦੀ ਸ਼ਾਂਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪਵਿੱਤਰ ਨਦੀਆਂ ਵਿਅਕਤੀ ਦੇ ਪਾਪ ਧੋ ਕੇ ਮਨ ਵਿਚ ਟਿਕਾਉ ਦੀ ਸਥਿਤੀ ਪੈਦਾ ਕਰਦੀਆਂ ਹਨ। ਏਸੇ ਮਨਸ਼ਾ ਅਧੀਨ ਆਪ ਨੇ ਵੀ ਗੰਗਾ ਦੀ ਯਾਤਰਾ ਅਰੰਭ ਕਰ ਦਿੱਤੀ ਸੀ ਅਤੇ ਸਾਲ ਵਿਚ ਦੋ ਵਾਰ ਪੈਦਲ ਯਾਤਰਾ ਕਰਨ ਲੱਗੇ ਸਨ।[9]

**ਗੁਰੂ ਅੰਗਦ ਮਿਲਾਪ:** (ਗੁਰੂ) ਅਮਰਦਾਸ ਆਪਣੇ ਗੰਗਾ ਇਸ਼ਨਾਨ ਦੇ ਕਰਮ ਵੱਲ ਦ੍ਰਿੜਤਾ ਪੂਰਵਕ ਰੁਚਿਤ ਸਨ ਕਿ ਜੀਵਨ ਵਿਚ ਅਜਿਹੀਆਂ ਘਟਨਾਵਾਂ ਵਾਪਰੀਆਂ ਕਿ ਮਨ ਬਦਲ ਗਿਆ। ਹਰ ਵਾਰ ਦੇ ਨੇਮ ਅਨੁਸਾਰ ਆਪ ਰਸਤੇ ਵਿਚ ਪੈਂਦੇ ਪਿੰਡ ਮਿਹੜਾ ਦੇ ਇਕ ਵਿਦਵਾਨ ਬ੍ਰਾਹਮਣ ਦੁਰਗਾ ਦੱਤ ਦੇ ਨਿਵਾਸ ਵਿਖੇ ਟਿਕਾਣਾ ਕੀਤਾ ਅਤੇ ਦੁਪਹਿਰ ਦਾ ਭੋਜਨ ਕਰਨ ਉਪਰੰਤ ਆਰਾਮ ਕਰਨ ਲੱਗੇ ਤਾਂ ਬ੍ਰਾਹਮਣ ਨੇ ਆਪ ਦੇ ਚਰਨਾਂ ਵਿਚ ਪਦਮ ਦਾ ਨਿਸ਼ਾਨ ਦੇਖ ਕੇ ਭਵਿਖਬਾਣੀ ਕੀਤੀ:

ਇਹ ਕੋਊ ਅਵਤਾਰ ਅਥਵਾ ਹੋਵੇ ਰਾਜਾ ਚਕ੍ਰਵਤ।[10]



ਜਦੋਂ ਆਪ ਉੱਥੋਂ ਜਾਣ ਤੋਂ ਪਹਿਲਾਂ ਬ੍ਰਾਹਮਣ ਨੂੰ ਕੁਝ ਦੇਣ ਲੱਗੇ ਤਾਂ ਬ੍ਰਾਹਮਣ ਨੇ ਉਹਨਾਂ ਤੋਂ ਦੱਛਣਾ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਨਾਲ ਹੀ ਇਹ ਵਚਨ ਵੀ ਲੈ ਲਿਆ ਕਿ ਜਦੋਂ ਤੁਹਾਡੇ ਤੋਂ ਕੁਝ ਮੰਗਾਂਗਾ ਤਾਂ ਉਸ ਸਮੇਂ ਜ਼ਰੂਰ ਦੇਣਾ। ਆਪ ਉਸ ਨੂੰ ਵਚਨ ਦੇ ਕੇ ਅੱਗੇ ਚਲੇ ਗਏ।

(ਗੁਰੂ) ਅਮਰਦਾਸ ਗੰਗਾ ਦੀ ਯਾਤਰਾ ਤੋਂ ਵਾਪਸ ਮੁੜ ਰਹੇ ਸਨ ਤਾਂ ਰਾਹ ਵਿਚ ਇਕ ਬ੍ਰਹਮਚਾਰੀ ਨਾਲ ਮੇਲ ਹੋ ਗਿਆ। ਅਧਿਆਤਮਿਕ ਵਿਚਾਰ ਕਰਦੇ ਹੋਏ ਉਸ ਨਾਲ ਨੇੜਤਾ ਹੋਈ ਤਾਂ ਆਪਣੇ ਘਰ ਲੈ ਗਏ। ਖਾਣ-ਪੀਣ ਤੋਂ ਬਾਅਦ ਚਰਚਾ ਅਰੰਭ ਹੋਈ ਤਾਂ ਉਸ ਨੇ ਆਪ ਨੂੰ ਪੁੱਛਿਆ ਕਿ 'ਤੁਮ ਕਿਸੁ ਗੁਰ-ਗ੍ਰਿਹ ਕੇ ਸੇਵਕ ਅਹੋ?'[11] ਤਾਂ ਆਪ ਨੇ ਜੁਆਬ ਦਿੱਤਾ ਕਿ ਮੈਂ ਤਾਂ ਹਾਲੇ ਗੁਰੂ ਦੀ ਖੋਜ ਕਰ ਰਿਹਾ ਹਾਂ। ਇਸ ਗੱਲ 'ਤੇ ਉਹ ਬ੍ਰਹਮਚਾਰੀ ਗੁੱਸੇ ਵਿਚ ਆ ਕੇ ਕਹਿਣ ਲੱਗਾ ਕਿ ਤੁਹਾਡੇ ਨਾਲ ਕੀਤਾ ਤੀਰਥ ਅਤੇ ਭੋਜਨ ਬਿਰਥਾ ਹੋ ਗਏ ਹਨ। ਇਹ ਗੱਲ ਕਹਿ ਕੇ ਬ੍ਰਹਮਚਾਰੀ ਤਾਂ ਚਲਾ ਗਿਆ ਪਰ ਆਪ ਦਾ ਮਨ ਅਸ਼ਾਂਤ ਹੋ ਗਿਆ।

ਉਪਰਕੋਤ ਦੋਵੇਂ ਸਾਖੀਆਂ ਤੋਂ ਪਤਾ ਲਗਦਾ ਹੈ ਕਿ ਇਹਨਾਂ ਘਟਨਾਵਾਂ ਨੇ ਬਾਬਾ ਅਮਰਦਾਸ ਦੇ ਮਨ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ। ਪਹਿਲੀ ਸਾਖੀ ਭਵਿਖਮੁਖੀ ਵਾਕ ਨਾਲ ਸੰਬੰਧਿਤ ਹੈ ਅਤੇ ਦੂਜੀ ਸਾਖੀ ਵਿਚ ਆਪ ਨੂੰ ਤੀਖਣ ਸ਼ਬਦਾਵਲੀ ਦਾ ਸਾਹਮਣਾ ਕਰਨਾ ਪਿਆ ਜਿਸ ਨਾਲ ਮਨ 'ਤੇ ਗਹਿਰਾ ਅਸਰ ਹੋਇਆ ਅਤੇ ਆਪ ਗੁਰੂ ਦੀ ਭਾਲ ਵਿਚ ਲੱਗ ਗਏ। ਸਾਖੀਕਾਰ ਇਕ ਘਟਨਾ ਨੂੰ ਦੂਜੀ ਨਾਲ ਜੋੜ ਕੇ ਪੇਸ਼ ਕਰਨ ਦਾ ਕਾਰਜ ਕਰਦੇ ਹਨ। ਉਹਨਾਂ ਦਾ ਮਨੋਰਥ ਭਾਵੇਂ ਕੁਝ ਵੀ ਹੋਵੇ, ਇਕ ਗੱਲ ਜੋ ਸਾਹਮਣੇ ਆਉਂਦੀ ਹੈ ਉਸ ਵਿਚੋਂ ਇਹ ਭਾਵ ਅਤੇ ਪ੍ਰਭਾਵ ਲਿਆ ਜਾ ਸਕਦਾ ਹੈ ਕਿ ਗੰਗਾ ਇਸ਼ਨਾਨ ਨਾਲ ਭਟਕਣ ਕਾਇਮ ਰਹੀ। ਦੂਰ-ਦੁਰਾਡੇ ਤੀਰਥਾਂ ਤੇ ਜਾ ਕੇ ਮਨ ਨੂੰ ਸ਼ਾਂਤੀ ਹਾਸਲ ਨਹੀਂ ਹੋਈ ਬਲਕਿ ਘਰ ਵਿਚੋਂ (ਗੁਰੂ) ਅਮਰਦਾਸ ਨੂੰ ਇਹ ਦਾਤ ਪ੍ਰਾਪਤ ਹੋ ਗਈ ਸੀ ਜਦੋਂ ਆਪ ਨੇ ਆਪਣੀ ਭਤੀਜ ਨੂੰਹ ਬੀਬੀ ਅਮਰੋ ਦੇ ਮੂੰਹੋਂ ਅੰਮ੍ਰਿਤ ਬਾਣੀ ਦਾ ਪ੍ਰਵਾਹ ਸ੍ਰਵਣ ਕੀਤਾ। ਬਾਣੀ ਦਾ ਸ਼ਬਦ ਸੁਣਦੇ ਹੀ ਆਪ ਦਾ ਮਨ ਖ਼ੁਸ਼ੀ ਅਤੇ ਖੇੜੇ ਨਾਲ ਭਰ ਗਿਆ। ਚਾਤ੍ਰਿਕ ਨੂੰ ਸੁਆਂਤ ਬੂੰਦ ਵਾਂਗ ਹਾਸਲ ਹੋਈ ਇਸ ਅਵਸਥਾ ਵਿਚ ਮਨ ਦੇ ਸਭ ਸੰਸੇ ਦੂਰ ਹੋ ਗਏ ਅਤੇ ਧਿਆਨ ਗੁਰੂ ਜੀ ਦੇ ਦਰਸ਼ਨ ਕਰਨ ਲਈ ਬਿਹਬਲ ਹੋ ਉਠਿਆ।[12]

(ਗੁਰੂ) ਅਮਰਦਾਸ ਨੇ ਬੀਬੀ ਅਮਰੋ ਕੋਲ ਆ ਕੇ ਫੇਰ ਉਹੀ ਬਾਣੀ ਪੜ੍ਹਨ ਲਈ ਕਿਹਾ। ਜਦੋਂ ਬੀਬੀ ਨੇ ਇਹ ਸ਼ਬਦ ਦੁਬਾਰਾ ਪੜਿਆ ਤਾਂ ਮਨ ਤੇ ਗਹਿਰਾ ਅਸਰ ਹੋਇਆ। ਬਾਣੀ ਮਨ ਨੂੰ ਬਦਲ ਗਈ। ਬਾਬਾ ਅਮਰਦਾਸ ਨੇ ਪੁੱਛਿਆ ਕਿ ਇਹ ਕਿਸ ਦੀ ਬਾਣੀ ਹੈ? ਬੀਬੀ ਨੇ ਦੱਸਿਆ ਕਿ ਇਹ ਗੁਰੂ ਨਾਨਕ ਦੇਵ ਦੀ ਬਾਣੀ ਹੈ, ਉਹ ਹੁਣ ਇਸ ਦੁਨੀਆ ਵਿਚ ਨਹੀਂ ਹਨ।

ਹੁਣ ਉਹਨਾਂ ਦੀ ਗੱਦੀ 'ਤੇ ਪਿਤਾ-ਗੁਰੂ ਅੰਗਦ ਦੇਵ ਸਸ਼ੋਭਿਤ ਹਨ। ਆਪ ਨੇ ਬੀਬੀ ਨੂੰ ਗੁਰੂ ਅੰਗਦ ਦੇਵ ਕੋਲ ਲੈ ਜਾਣ ਲਈ ਕਿਹਾ।[13]

ਬੀਬੀ ਅਮਰੋ (ਗੁਰੂ) ਅਮਰਦਾਸ ਨੂੰ ਖਡੂਰ ਸਾਹਿਬ ਲੈ ਗਈ ਜਿਥੇ ਗੁਰੂ ਅੰਗਦ ਦੇਵ ਗੁਰੂ ਨਾਨਕ ਦੇਵ ਦੀ ਗੱਦੀ ਤੇ ਬਿਰਾਜਮਾਨ ਸਨ। ਬੀਬੀ ਅਮਰੋ ਗੁਰੂ ਸਾਹਿਬ ਨੂੰ ਮਿਲਣ ਗਈ ਅਤੇ ਆਪ ਬਾਹਰ ਹੀ ਇੰਤਜ਼ਾਰ ਕਰਨ ਲੱਗੇ। ਫਿਰ ਗੁਰੂ ਜੀ ਦੀ ਆਗਿਆ ਨਾਲ ਅਮਰਦਾਸ ਨੂੰ ਵੀ ਗੁਰੂ-ਦਰਸ਼ਨਾਂ ਲਈ ਅੰਦਰ ਲੈ ਗਈ। ਗੁਰੂ ਅੰਗਦ ਦੇਵ ਰਿਸ਼ਤੇਦਾਰੀ ਵਿਚੋਂ ਕੁੜਮ ਲੱਗਦੇ ਹੋਣ ਕਰ ਕੇ ਬਾਬਾ ਅਮਰਦਾਸ ਦੇ ਸਤਿਕਾਰ ਵਜੋਂ ਖੜ੍ਹੇ ਹੋਏ ਤਾਂ ਬਾਬਾ ਜੀ ਨੇ ਗੁਰੂ ਜੀ ਦੇ ਪੈਰ ਫੜ ਲਏ। ਗੁਰੂ ਦਰਸ਼ਨਾਂ ਨਾਲ ਬਾਬਾ ਜੀ ਦਾ ਮਨ ਸ਼ਾਂਤ ਹੋ ਗਿਆ:

ਸਤਿਗੁਰ ਸਿਖ ਕਾ ਤਹਾ ਮਿਲਾਪ।
ਜਹਾ ਸੁਖ ਦੁਖ ਨਾਹ ਪੁੰਨ ਅਰ ਪਾਪੁ।[14]

ਬਾਬਾ ਅਮਰਦਾਸ ਨੇ ਗੁਰੂ ਅੰਗਦ ਦੇਵ ਨਾਲ ਹੀ ਲੰਗਰ ਛਕਿਆ ਅਤੇ ਮਨ ਵਿਚੋਂ ਸਮੂਹ ਵਹਿਮਾਂ-ਭਰਮਾਂ ਅਤੇ ਕਰਮਕਾਂਡਾਂ ਦਾ ਨਿਵਾਰਣ ਹੋ ਗਿਆ।

**ਗੁਰੂ ਸੇਵਾ:** ਗੁਰੂ ਦਰਸ਼ਨ ਨਾਲ ਮਨ ਵਿਚ ਸ਼ਾਂਤੀ ਅਤੇ ਟਿਕਾਉ ਦੀ ਅਜਿਹੀ ਅਵਸਥਾ ਉਜਾਗਰ ਹੋਈ ਕਿ ਵਾਪਸ ਆਉਣ ਦੀ ਬਜਾਏ ਉੱਥੇ ਹੀ ਟਿਕ ਗਏ ਅਤੇ ਗੁਰੂ-ਘਰ ਵਿਖੇ ਸੇਵਾ ਅਰੰਭ ਕਰ ਦਿੱਤੀ। ਡਾ. ਤਾਰਨ ਸਿੰਘ ਕਹਿੰਦੇ ਹਨ ਕਿ "ਆਪ ਤੇ ਪ੍ਰਭੂ-ਕ੍ਰਿਪਾ ਹੋਈ ਅਤੇ ਆਪ ਗੁਰੂ-ਸੇਵਾ ਅਤੇ ਪ੍ਰਭੂ ਸਿਮਰਨ ਦੇ ਮਾਰਗ ਵਿਚ ਆ ਗਏ।"[15] ਸੇਵਾ ਦਾ ਇਹ ਕਾਰਜ ਕਰਦੇ ਸਮੇਂ ਉਹਨਾਂ ਨੇ ਨਾ ਤਾਂ ਰਿਸ਼ਤੇਦਾਰੀ ਦੀ ਕੋਈ ਪ੍ਰਵਾਹ ਕੀਤੀ ਅਤੇ ਨਾ ਹੀ ਵੱਡੀ ਉਮਰ ਦਾ ਕੋਈ ਹੇਜ ਕੀਤਾ। ਸਭ ਤੋਂ ਪਹਿਲਾਂ (ਗੁਰੂ) ਅਮਰਦਾਸ ਨੇ ਲੰਗਰ ਲਈ ਜਲ ਅਤੇ ਲੱਕੜੀ ਲਿਆਉਣ, ਸੰਗਤ ਨੂੰ ਪੱਖਾ ਝੱਲਣ ਅਤੇ ਪ੍ਰਭੂ-ਬੰਦਗੀ ਦਾ ਕਾਰਜ ਅਰੰਭ ਕਰ ਦਿੱਤਾ। ਫਿਰ ਜਦੋਂ ਸਮਾਂ ਮਿਲਦਾ ਤਾਂ ਗੁਰੂ ਜੀ ਦੀ ਸੇਵਾ ਕਰਦੇ, ਲੰਗਰ ਪਕਾਉਂਦੇ ਅਤੇ ਸਤਿਸੰਗਤ ਕਰਕੇ ਗੁਰਮਤਿ ਮਾਰਗ ਵਿਚ ਪਰਪੱਕ ਹੋਣ ਦਾ ਅਭਿਆਸ ਕਰਦੇ।[16]

ਸੰਗਤ ਦੀ ਸੇਵਾ ਦੇ ਕਾਰਜ ਦੇ ਨਾਲ-ਨਾਲ ਜੋ ਮਹੱਤਵਪੂਰਨ ਕਾਰਜ (ਗੁਰੂ) ਅਮਰਦਾਸ ਨੇ ਕਰਨਾ ਅਰੰਭ ਕੀਤਾ ਉਹ ਸੀ ਬਿਆਸ ਦਰਿਆ ਤੋਂ ਪਾਣੀ ਲਿਆ ਕੇ ਗੁਰੂ ਅੰਗਦ ਦੇ ਇਸ਼ਨਾਨ ਦੀ ਸੇਵਾ ਕਰਨਾ। ਸਿੱਖ ਪਰੰਪਰਾ ਅਤੇ ਇਤਿਹਾਸ ਵਿਚ ਆਪ ਦੁਆਰਾ ਕੀਤੀ ਜਾਂਦੀ ਇਸ ਸੇਵਾ ਨੂੰ ਪ੍ਰਮੁਖਤਾ ਨਾਲ ਪੇਸ਼ ਕੀਤਾ ਜਾਂਦਾ ਹੈ। (ਗੁਰੂ) ਅਮਰਦਾਸ ਇਹ ਸੇਵਾ ਲਗਾਤਾਰ ਬਾਰ੍ਹਾਂ ਸਾਲ ਕਰਦੇ ਰਹੇ। ਗੁਰੂ ਅੰਗਦ ਦੇਵ ਉਹਨਾਂ ਦੀ ਸੇਵਾ ਤੋਂ ਖ਼ੁਸ਼ ਹੋ ਕੇ ਹਰ ਸਾਲ ਸਰੋਪੇ ਦੀ ਬਖ਼ਸ਼ਿਸ਼ ਕਰਦੇ ਜਿਸ ਨੂੰ ਆਪ ਸਿਰ ਉਪਰ ਬੰਨ ਕੇ ਸੇਵਾ ਵਿਚ ਜੁਟੇ ਰਹਿੰਦੇ:

ਬਰਖ ਇਕਾਦਸ਼ ਸੇਵਾ ਕੀਨਿਸ ਦਿਏ ਰੁਮਾਲ ਇਕਾਦਸ਼ ਪਾਨਿ।[17]

**ਗੁਰਗੱਦੀ:** ਗੁਰੂ ਅੰਗਦ ਦੇਵ ਦੀ ਸੇਵਾ ਕਰਦੇ ਹੋਏ ਇਕ ਦਿਨ ਨਿਤ ਦੇ ਕਰਮ ਅਨੁਸਾਰ



ਬਿਆਸ ਦਰਿਆ ਤੋਂ ਜਲ ਲੈ ਕੇ ਵਾਪਸ ਆ ਰਹੇ ਸਨ ਕਿ ਰਾਹ ਵਿਚ ਇਕ ਜੁਲਾਹੀ ਨੇ ਆਪ ਨੂੰ ਇਕ ਤਾਅਨਾ ਮਾਰਿਆ। (ਗੁਰੂ) ਅਮਰਦਾਸ ਆਪ ਤਾਂ ਕੁਝ ਨਾ ਬੋਲੇ ਪਰ ਇਹ ਗੱਲ ਗੁਰੂ ਅੰਗਦ ਦੇਵ ਤੱਕ ਪੁੱਜ ਗਈ। ਗੁਰੂ ਜੀ ਨੇ ਅਮਰਦਾਸ ਨੂੰ ਆਪਣੇ ਕੋਲ ਬੁਲਾਇਆ ਅਤੇ ਉਹਨਾਂ ਦੀ ਨਿਮਰਤਾ ਅਤੇ ਸਹਿਨਸ਼ੀਲਤਾ ਧਾਰਨ ਕਰਨ ਲਈ ਅਸ਼ੀਰਵਾਦ ਪ੍ਰਦਾਨ ਕੀਤੇ।[18] ਇਹਨਾਂ ਅਸ਼ੀਰਵਾਦ ਰੂਪੀ ਵਚਨਾਂ ਨੂੰ ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ - ਨਿਥਾਵਿਆਂ ਦਾ ਥਾਉਂ, ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਉਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ, ਨਿਧਰਿਆਂ ਦੀ ਧਰਿ, ਨਿਧੀਰਨ ਦੀ ਧੀਰ, ਪੀਰਾਂ ਦੇ ਪੀਰ, ਦਿਆਲ ਗਈ ਬਹੋੜ, ਜਗਤ ਬੰਦੀ ਛੋੜ, ਭੰਨਨ ਘੜ੍ਹਨ ਸਮਰੱਥ, ਜੀਵਿਕਾ ਜਿਸ ਹੱਥ।[19] (ਗੁਰੂ) ਅਮਰਦਾਸ ਨੂੰ ਦਿੱਤੇ ਜਾ ਰਹੇ ਇਹ ਅਸ਼ੀਰਵਾਦ ਇਸ ਗੱਲ ਦਾ ਪ੍ਰਤੀਕ ਸਨ ਕਿ ਆਉਣ ਵਾਲੇ ਸਮੇਂ ਵਿਚ ਉਹ ਕਿਸੇ ਉੱਚ ਪਦਵੀ 'ਤੇ ਪ੍ਰਕਾਸ਼ਮਾਨ ਹੋਣ ਵਾਲੇ ਹਨ। (ਗੁਰੂ) ਅਮਰਦਾਸ ਦੀ ਉੱਚ ਅਧਿਆਤਮਿਕ ਅਵਸਥਾ ਸੰਬੰਧੀ ਟਿੱਪਣੀ ਕਰਦੇ ਹੋਏ ਭੱਟ ਬਾਣੀ ਵਿਚ ਕਿਹਾ ਗਿਆ ਹੈ ਕਿ ਜਿਸ ਨਾਮ ਅਭਿਆਸ ਰਾਹੀਂ ਗੁਰਮੁਖਿ (ਗੁਰੂ ਨਾਨਕ ਦੇਵ) ਨੇ ਗੰਗਾ ਨੂੰ ਪੂਰਬ ਦੀ ਬਜਾਏ ਪੱਛਮ ਵੱਲ ਮੋੜ ਦਿੱਤਾ ਸੀ, ਭਾਵ ਲੋਕਾਂ ਦਾ ਵਿਸ਼ੇ-ਵਿਕਾਰਾਂ ਵਿਚ ਫਸਿਆ ਹੋਇਆ ਮਨ ਸੱਚਾਈ ਅਤੇ ਸਦਾਚਾਰ ਨਾਲ ਜੋੜ ਦਿੱਤਾ ਸੀ, ਉਸੇ ਨਾਮ ਦਾ ਪ੍ਰਗਟਾਵਾ ਗੁਰੂ ਅਮਰਦਾਸ ਰਾਹੀਂ ਹੋਇਆ ਸੀ।[20] (ਗੁਰੂ) ਅਮਰਦਾਸ ਨੇ ਉਸੇ ਨਾਮ ਦੀ ਪ੍ਰਾਪਤੀ ਕਰ ਲਈ ਜਿਸ ਦੀ ਪ੍ਰਾਪਤੀ ਲਈ ਚੰਨ, ਸੂਰਜ, ਤਾਰੇ, ਤੇਤੀ ਕਰੋੜ ਦੇਵਤੇ, ਜੋਗੀ, ਜਪੀ, ਤਪੀ, ਸੰਨਿਆਸੀ ਆਦਿ ਨਿਰੰਤਰ ਯਤਨਸ਼ੀਲ ਹਨ। ਇਸ ਦਾ ਭਾਵ ਹੈ ਕਿ (ਗੁਰੂ) ਅਮਰਦਾਸ ਨੂੰ ਗੁਰਗੱਦੀ ਉਹਨਾਂ ਦੀ ਉੱਚ ਅਧਿਆਤਮਿਕ ਅਵਸਥਾ ਕਾਰਨ ਪ੍ਰਾਪਤ ਹੋਈ ਸੀ ਜਿਹੜੀ ਕਿ ਤੀਰਥ ਰਟਨ ਦੀ ਬਜਾਏ ਗੁਰੂ ਦੀ ਸੇਵਾ ਨਾਲ ਪ੍ਰਾਪਤ ਹੁੰਦੀ ਹੈ।

ਸੇਵਾ ਅਤੇ ਨਿਮਰਤਾ ਜਿਹੇ ਗੁਣਾਂ ਦੇ ਵਿਕਾਸ ਨੇ ਬਾਬਾ ਅਮਰਦਾਸ ਨੂੰ ਉਸ ਪਦ ਤੱਕ ਪਹੁੰਚਣ ਵਿਚ ਸਹਾਇਤਾ ਕੀਤੀ ਜਿਹੜੀ ਸਿੱਖ ਧਰਮ ਵਿਚ ਅਧਿਆਤਮਿਕ ਆਗੂ ਦੇ ਰੂਪ ਵਿਚ ਗੁਰੂ ਅੰਗਦ ਦੇਵ ਰਾਹੀਂ ਪ੍ਰਗਟ ਹੋਈ ਸੀ। ਸਿੱਖ ਸੇਵਕਾਂ ਵਿਚ ਬਾਬਾ ਜੀ ਨੇ ਸਰਵੋਤਮ ਸਥਾਨ ਹਾਸਲ ਕੀਤਾ ਅਤੇ ਮਨ ਵਿਚ ਕਿਸੇ ਸਮੇਂ ਪ੍ਰਗਟ ਹੋਏ ਵੈਸ਼ਣਵ ਕਰਮਕਾਂਡਾਂ ਦਾ ਨਾਸ਼ ਹੋ ਗਿਆ। ਗੁਰੂ ਸੇਵਾ ਅਤੇ ਪ੍ਰਭੂ ਸਿਮਰਨ ਰਾਹੀਂ ਮਨ ਨੂੰ ਗੁਰਮਤਿ ਨਾਲ ਪ੍ਰਕਾਸ਼ਵਾਨ ਕਰਨ ਦਾ ਨਤੀਜਾ ਇਹ ਹੋਇਆ ਕਿ ਗੁਰੂ ਅੰਗਦ ਦੇਵ ਨੇ ਆਪ ਨੂੰ ਗੁਰੂ ਨਾਨਕ ਦੇਵ ਦੀ ਗੱਦੀ ਦਾ ਵਾਰਸ ਥਾਪ ਦਿੱਤਾ।[21]

ਜਦੋਂ ਗੁਰੂ ਅੰਗਦ ਦੇਵ ਨੇ ਗੁਰਗੱਦੀ ਬਾਬਾ ਅਮਰਦਾਸ ਨੂੰ ਦੇਣ ਦਾ ਮਨ ਬਣਾਇਆ ਤਾਂ ਇਸ ਗੱਲ ਦਾ ਪਤਾ ਗੁਰੂ ਜੀ ਦੇ ਪੁੱਤਰਾਂ ਦਾਤੂ ਅਤੇ ਦਾਸੂ ਨੂੰ ਵੀ ਲੱਗ ਗਿਆ। ਉਹਨਾਂ ਨੇ ਬਾਬਾ

ਅਮਰਦਾਸ ਨੂੰ ਗੁਰਗੱਦੀ ਦੇਣ ਦਾ ਵਿਰੋਧ ਕੀਤਾ ਤਾਂ ਗੁਰੂ ਅੰਗਦ ਦੇਵ ਨੇ ਸਾਫ਼ ਕਹਿ ਦਿੱਤਾ ਕਿ ਗੁਰਿਆਈ ਦਾ ਭਾਰ ਚੁੱਕਣ ਦੀ ਸਮਰੱਥਾ ਤੁਹਾਡੇ ਵਿਚ ਨਹੀਂ ਬਲਕਿ ਬਾਬਾ ਅਮਰਦਾਸ ਵਿਚ ਦਿਖਾਈ ਦੇ ਰਹੀ ਹੈ। ਗੁਰੂ ਜੀ ਨੇ ਸਮੂਹ ਸੰਗਤ ਦੇ ਸਾਹਮਣੇ ਬਾਬਾ ਜੀ ਨੂੰ ਗੁਰਗੱਦੀ ਤੇ ਬਿਠਾਇਆ ਅਤੇ ਅੱਗੇ ਤੋਂ ਇਹਨਾਂ ਨੂੰ ਹੀ ਗੁਰੂ ਮੰਨਣ ਦਾ ਹੁਕਮ ਕਰਦੇ ਹੋਏ ਕਿਹਾ ਕਿ ਜਿਵੇਂ ਗੁਰੂ ਨਾਨਕ ਅਤੇ ਅੰਗਦ ਵਿਚ ਕੋਈ ਭੇਦ ਨਹੀਂ ਉਸੇ ਤਰ੍ਹਾਂ ਬਾਬਾ ਅਮਰਦਾਸ ਨੂੰ ਮੇਰਾ ਹੀ ਰੂਪ ਮੰਨਣਾ:

– ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।
ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ।[22]
– ਮੋ ਮਹਿਂ ਇਸ ਮਹਿਂ ਭੇਦ ਨ ਜਾਨਹੁ। ਏਕ ਸਰੂਪ ਦੁਹੁਨ ਕੋ ਮਾਨਹੁ।[23]

**ਗੋਇੰਦਵਾਲ ਪ੍ਰਚਾਰ ਕੇਂਦਰ:** ਗੁਰੂ ਅਮਰਦਾਸ ਨੇ ਗੁਰਗੱਦੀ ਦੀ ਬਖ਼ਸ਼ਿਸ਼ ਹੋਣ ਉਪਰੰਤ ਆਪਣਾ ਟਿਕਾਣਾ ਗੋਇੰਦਵਾਲ[24] ਵਿਖੇ ਕਰ ਲਿਆ। ਗੋਇੰਦਵਾਲ ਅਜਿਹਾ ਸਥਾਨ ਸੀ ਜੋ ਕਿ ਦਿੱਲੀ ਤੋਂ ਲਾਹੌਰ ਜਾਂਦੀ ਮੁੱਖ ਸੜਕ 'ਤੇ ਸੀ ਜਿਸ ਕਾਰਨ ਹਰ ਆਉਣ-ਜਾਣ ਵਾਲਾ ਵਿਅਕਤੀ ਇਥੇ ਰੁਕ ਕੇ ਆਰਾਮ ਕਰਦਾ ਸੀ। ਸਿੱਖ ਲਹਿਰ ਦੇ ਪ੍ਰਚਾਰ ਵਿਚ ਇਸ ਸਥਾਨ ਦਾ ਮਹੱਤਵਪੂਰਨ ਯੋਗਦਾਨ ਰਿਹਾ। ਇਹ ਸਥਾਨ ਜਿਥੇ ਯਾਤਰੂਆਂ ਨੂੰ ਲੰਗਰ ਅਤੇ ਨਿਵਾਸ ਪ੍ਰਦਾਨ ਕਰਦਾ ਸੀ ਉੱਥੇ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਨੂੰ ਦੂਰ-ਦੁਰਾਡੇ ਦੇ ਲੋਕਾਂ ਤੱਕ ਪਹੁੰਚਾਉਣ ਦਾ ਕਾਰਜ ਵੀ ਕਰਦਾ ਸੀ। ਸਰੀਰਿਕ ਅਤੇ ਮਾਨਸਿਕ ਭੁੱਖ ਮਿਟਣ ਨਾਲ ਆਮ ਲੋਕਾਈ ਦਾ ਇਸ ਸਥਾਨ ਨਾਲ ਗਹਿਰਾ ਸੰਬੰਧ ਬਣਦਾ ਗਿਆ ਅਤੇ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਗੁਰੂ ਅਮਰਦਾਸ ਪ੍ਰਤਿ ਲੋਕ-ਭਾਵਨਾਵਾਂ ਮਜ਼ਬੂਤ ਹੁੰਦੀਆਂ ਗਈਆਂ। ਗੁਰੂ ਅਮਰਦਾਸ ਦੀ ਸ਼ਖ਼ਸੀਅਤ ਵਿਚ ਮੌਜੂਦ ਨਿਮਰਤਾ, ਹਲੀਮੀ ਅਤੇ ਸੇਵਾ-ਭਾਵਨਾ ਨੇ ਗੁਰੂ-ਸਿੱਖ ਦੇ ਸੰਬੰਧ ਨੂੰ ਦ੍ਰਿੜਤਾ ਪ੍ਰਦਾਨ ਕਰਨ ਵਿਚ ਯੋਗਦਾਨ ਪਾਇਆ ਸੀ। ਇਤਿਹਾਸ ਗਵਾਹ ਹੈ ਕਿ ਜੋ ਕਾਰਜ ਤਲਵਾਰ ਨਹੀਂ ਕਰ ਸਕਦੀ ਉਸ ਨੂੰ ਨਿਮਰਤਾ ਨਾਲ ਸਹਿਜੇ ਹੀ ਸਿਰੇ ਚੜਾਇਆ ਜਾ ਸਕਦਾ ਹੈ। ਏਸੇ ਕਰਕੇ ਭਾਰਤ ਵਿਚ ਇਸਲਾਮ ਦਾ ਪ੍ਰਭਾਵ ਬਾਦਸ਼ਾਹਾਂ ਕਰ ਕੇ ਘੱਟ ਅਤੇ ਸੂਫ਼ੀ ਫ਼ਕੀਰਾਂ ਰਾਹੀਂ ਵਧੇਰੇ ਨਜ਼ਰ ਆਉਂਦਾ ਹੈ। ਸੰਗਤ, ਲੰਗਰ ਅਤੇ ਬਾਣੀ ਦੇ ਦ੍ਰਿੜਤਾਪੂਰਵਕ ਪ੍ਰਵਾਹ ਨੇ ਦੂਰ-ਦੁਰਾਡੇ ਤੋਂ ਆਈਆਂ ਸੰਗਤਾਂ ਦੇ ਮਨ ਵਿਚ ਸਿੱਖੀ ਦਾ ਬੂਟਾ ਲਾਇਆ। ਹੌਲੀ-ਹੌਲੀ ਸਮੂਹ ਸਿੱਖ ਸੰਗਤ ਵੀ ਗੋਇੰਦਵਾਲ ਆਉਣ ਲੱਗੀ ਅਤੇ ਗੁਰ-ਉਪਦੇਸ਼ ਨੂੰ ਦੂਰ-ਦੁਰਾਡੇ ਪਹੁੰਚਾਉਣ ਦਾ ਕਾਰਜ ਕਰਨ ਲਗੀ। ਸੰਗਤ ਵਿਚ ਪੈਦਾ ਹੋਏ ਉਤਸ਼ਾਹ ਨੂੰ ਗੁਰੂ ਅਮਰਦਾਸ ਨੇ ਯੋਜਨਾਬੱਧ ਤਰੀਕੇ ਨਾਲ ਪ੍ਰਫੁਲਿਤ ਕਰ ਕੇ ਸਿੱਖੀ ਦੀਆਂ ਜੜ੍ਹਾਂ ਉਹਨਾਂ ਸਥਾਨਾਂ ਤੇ ਮਜ਼ਬੂਤ ਕਰ ਦਿੱਤੀਆਂ ਜਿਥੇ ਕਿਸੇ ਸਮੇਂ ਗੁਰੂ ਨਾਨਕ ਦੇਵ ਨੇ



ਉਦਾਸੀਆਂ ਸਮੇਂ ਚਰਨ ਪਾਏ ਸਨ।

**ਪ੍ਰਮੁਖ ਕਾਰਜ ਅਤੇ ਸਿੱਖਿਆਵਾਂ**: ਗੁਰੂ ਅਮਰਦਾਸ ਦੇ ਸਮੇਂ ਗੋਇੰਦਵਾਲ ਸਿੱਖੀ ਪ੍ਰਚਾਰ ਦੇ ਪ੍ਰਮੁਖ ਕੇਂਦਰ ਵੱਜੋਂ ਸਾਹਮਣੇ ਆਇਆ ਸੀ। ਇੱਥੇ ਨਿਵਾਸ ਦੌਰਾਨ ਗੁਰੂ ਅਮਰਦਾਸ ਨੇ ਗੁਰੂ ਨਾਨਕ ਦੇਵ ਦੇ ਮਿਸ਼ਨ ਅਨੁਸਾਰ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਮਹੱਤਵਪੂਰਨ ਕਾਰਜ ਕੀਤੇ ਸਨ। ਉਹਨਾਂ ਦੀਆਂ ਪ੍ਰਮੁਖ ਸਿੱਖਿਆਵਾਂ ਅਤੇ ਕਾਰਜਾਂ ਸੰਬੰਧੀ ਸੰਖੇਪ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**1. ਨਿਤ ਦੀ ਕਾਰ:** ਗੁਰੂ ਨਾਨਕ ਦੇਵ ਨੇ ਕਰਤਾਰਪੁਰ ਨਿਵਾਸ ਸਮੇਂ ਸਿੱਖ ਜੀਵਨਜਾਚ ਵਿਚ ਜੋ ਨਿਤਨੇਮ ਦਾ ਕਾਰਜ ਅਰੰਭਿਆ ਸੀ ਭਾਈ ਗੁਰਦਾਸ ਉਸਦਾ ਵਿਸਤਾਰ ਕਰਦੇ ਹੋਏ ਦੱਸਦੇ ਹਨ:

ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।
ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।
ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।[25]

ਨਿਤਨੇਮ ਦੀ ਇਹ ਕਿਰਿਆ ਗੁਰੂ ਅੰਗਦ ਦੇਵ ਦੇ ਸਮੇਂ ਵੀ ਜਾਰੀ ਰਹੀ ਅਤੇ ਗੁਰੂ ਅਮਰਦਾਸ ਨੇ ਏਸੇ ਨੂੰ ਅੱਗੇ ਤੋਰਿਆ। ਗੋਇੰਦਵਾਲ ਵਿਖੇ ਕੀਤੀ ਜਾਂਦੀ ਅੰਮ੍ਰਿਤ ਵੇਲੇ ਦੀ ਕਿਰਿਆ ਦਾ ਵਰਨਨ ਕਰਦੇ ਹੋਏ ਭਾਈ ਵੀਰ ਸਿੰਘ ਕਹਿੰਦੇ ਹਨ, "ਪਹਿਰ ਰਾਤ ਰਹਿੰਦੀ ਅੰਮ੍ਰਿਤ ਵੇਲੇ ਆਪਣੇ ਨਿਤ ਬਿਵਹਾਰ ਮੂਜਬ ਆਪ ਜਾਗ ਉਠਦੇ। ਦਹੀਂ ਕੇਸਾਂ ਵਿਚ ਪਾ ਕੇ ਬੱਲੂ ਇਸ਼ਨਾਨ ਕਰਵਾਉਂਦਾ। ਚਿੱਟੇ ਬਸਤ੍ਰ ਪਹਿਨ ਕੇ ਚੁਬਾਰੇ ਵਿਚ ਬੈਠ ਜਾਂਦੇ ਤੇ ਅਗਾਧ ਸਮਾਧ ਵਿਚ ਲਿਵਲੀਨ ਹੋ ਜਾਂਦੇ। ਜਦ ਪ੍ਰਭਾਤ ਹੁੰਦੀ ਸੱਤਾ ਤੇ ਬਲਵੰਡ ਰਬਾਬੀ ਆ ਕੇ ਕੀਰਤਨ ਕਰਦੇ।"[26] ਗੋਇੰਦਵਾਲ ਵਿਖੇ ਕੀਰਤਨ ਕਰਨ ਵਾਲਿਆਂ ਵਿਚ ਸੱਤਾ ਤੇ ਬਲਵੰਡ ਅਤੇ ਸਾਦੂ ਤੇ ਬਾਦੂ ਦੇ ਨਾਮ ਪ੍ਰਮੁਖਤਾ ਨਾਲ ਲਏ ਜਾਂਦੇ ਹਨ। ਪ੍ਰਭਾਤ ਵੇਲੇ ਜਦੋਂ ਸੰਗਤ ਜੁੜਦੀ ਤਾਂ ਇਹ ਗੁਰਸਿਖ ਕੀਰਤਨ ਦੀ ਸੇਵਾ ਕਰ ਕੇ ਉਹਨਾਂ ਨੂੰ ਅਕਾਲ ਪੁਰਖ ਨਾਲ ਜੋੜਨ ਦਾ ਕਾਰਜ ਕਰਦੇ:

ਪੁਨ ਹੋਇ ਦਿਨ ਪਰਕਾਸ। ਹੋਇ ਮਹਾਂ ਅਨੰਦ ਬਿਲਾਸ।
ਸੰਗਤ ਜੁਰੈ ਸਭ ਆਇ। ਦਰਸਨ ਪੁਨੀਤਮ ਪਾਇ।[27]

ਕੀਰਤਨ ਦੀ ਸਮਾਪਤੀ ਹੋਣ ਉਪਰੰਤ ਸੰਗਤ ਗੁਰੂ ਜੀ ਤੋਂ ਅਸ਼ੀਰਵਾਦ ਹਾਸਲ ਕਰਕੇ ਮਨੋਕਾਮਨਾਵਾਂ ਪੂਰੀਆਂ ਕਰਦੀ। ਕਿਸੇ ਨੂੰ ਨਾਮ ਦਾਨ ਬਖ਼ਸ਼ਦੇ, ਕਿਸੇ ਦੀ ਦੁਨਿਆਵੀ ਥੁੜ ਦੂਰ ਕਰਦੇ ਅਤੇ ਕਿਸੇ ਨੂੰ ਪ੍ਰਭੂ ਭਗਤੀ ਦੇ ਮਾਰਗ ਪਾਉਂਦੇ। ਕਿਸੇ ਅਟਕੇ ਹੋਏ ਨੂੰ ਅਗਾਂਹ ਤੋਰਦੇ, ਕਿਸੇ ਮਾਇਆ ਵਿਚ ਗ੍ਰਸੇ ਹੋਏ ਨੂੰ ਬਾਹਰ ਕੱਢਦੇ। ਕਿਸੇ ਨੂੰ ਜੀਅ ਦਾਨ ਅਤੇ ਕਿਸੇ ਨੂੰ ਅਨੰਤ ਸ਼ਾਂਤੀ ਬਖ਼ਸ਼ਦੇ।[28]

**2. ਪਹਿਲੇ ਪੰਗਤ ਪਾਛੈ ਸੰਗਤ**: ਗੁਰੂ ਅਮਰਦਾਸ ਆਪ ਬਹੁਤ ਹੀ ਸਾਦਾ ਅਤੇ ਹਲਕਾ-ਫੁਲਕਾ ਭੋਜਨ ਕਰਦੇ ਸਨ ਪਰ ਸੰਗਤ ਲਈ ਲੰਗਰ ਦਾ ਪ੍ਰਬੰਧ ਉਸੇ ਤਰ੍ਹਾ ਹੀ ਜਾਰੀ ਰੱਖਿਆ ਜਿਵੇਂ ਗੁਰੂ ਅੰਗਦ ਦੇਵ ਦੇ ਸਮੇਂ ਖਡੂਰ ਸਾਹਿਬ ਵਿਖੇ ਮਾਤਾ ਖੀਵੀ ਕਰਿਆ ਕਰਦੇ ਸਨ।[29] ਗੁਰੂ ਅਮਰਦਾਸ ਦੇ ਸਮੇਂ ਲੰਗਰ ਦੇ ਵਿਕਾਸ ਦਾ ਵਿਸਤਾਰ ਕਰਦੇ ਹੋਏ ਸੱਤਾ ਤੇ ਬਲਵੰਡ ਦੱਸਦੇ ਹਨ:

ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥[30]

ਗੁਰੂ-ਘਰ ਵਿਚ ਲੰਗਰ ਦਾ ਪ੍ਰਵਾਹ ਕੇਵਲ ਲੰਗਰ ਛਕਣ ਤੱਕ ਹੀ ਸੀਮਿਤ ਨਹੀਂ ਇਸ ਪ੍ਰਥਾ ਰਾਹੀਂ ਅਜਿਹੇ ਕੀਰਤੀਮਾਨ ਸਥਾਪਤ ਕੀਤੇ ਗਏ ਜਿਨ੍ਹਾਂ ਦੀ ਅਣਹੋਂਦ ਨੇ ਸਮਾਜ ਦੇ ਇਕ ਵੱਡੇ ਵਰਗ ਨੂੰ ਸਰੀਰਿਕ ਅਤੇ ਮਾਨਸਿਕ ਗੁਲਾਮੀ ਵਿਚ ਬੰਨੀ ਰੱਖਿਆ। ਗੁਰੂ-ਘਰ ਵਿਚ ਲੰਗਰ ਸੇਵਾ, ਨਿਮਰਤਾ, ਵੰਡ-ਛਕਣ ਅਤੇ ਬਰਾਬਰੀ ਦੀ ਭਾਵਨਾ ਦਾ ਪ੍ਰਤੀਕ ਹੈ। ਇਕ ਪੰਗਤ ਵਿਚ ਬੈਠੇ ਹੋਏ ਮਨੁੱਖ ਦੇ ਮਨ ਵਿਚੋਂ ਇਹ ਪ੍ਰਥਾ ਊਚ-ਨੀਚ, ਨਸਲ, ਰੰਗ, ਜਾਤ ਆਦਿ ਦੀ ਭਾਵਨਾ ਖ਼ਤਮ ਕਰਨ ਦੀ ਪ੍ਰੇਰਨਾ ਪੈਦਾ ਕਰਦੀ ਹੈ। ਪੰਗਤ ਦੇ ਰੂਪ ਵਿਚ ਛਕਾਇਆ ਜਾ ਰਿਹਾ ਲੰਗਰ ਗੁਰੂ ਅਮਰਦਾਸ ਦੇ ਸਮੇਂ ਗਤੀ ਧਾਰਨ ਕਰ ਗਿਆ। ਗੁਰਮਤਿ ਸਿਧਾਂਤ ਨੂੰ ਪਰੰਪਰਾ ਦਾ ਦ੍ਰਿੜ ਸਰੂਪ ਪ੍ਰਦਾਨ ਕਰਨ ਹਿਤ ਗੁਰੂ ਜੀ ਨੇ ਸਮੂਹ ਸੰਗਤ ਨੂੰ ਆਦੇਸ਼ ਕਰ ਦਿੱਤਾ ਕਿ ਗੁਰੂ ਦਰਸ਼ਨ ਕਰਨ ਤੋਂ ਪਹਿਲਾਂ ਪੰਗਤ ਵਿਚ ਲੰਗਰ ਛਕ ਕੇ ਆਉਣ। ਪੰਗਤ ਵਿਚ ਜੇਕਰ ਕੋਈ ਮਨ ਵਿਚ ਊਚ-ਨੀਚ ਦਾ ਭੇਦ-ਭਾਵ ਰੱਖਦਾ ਹੈ ਤਾਂ ਗੁਰੂ-ਦਰਸ਼ਨ ਹਾਸਲ ਨਹੀਂ ਕਰ ਸਕਦਾ।[31]

ਪੁਰਾਤਨ ਲਿਖਤਾਂ ਵਿਚ ਉਜਾਗਰ ਹੋਇਆ ਇਹ ਗੁਰ-ਸੰਦੇਸ਼ 'ਪਹਿਲੇ ਪੰਗਤ ਪਾਛੈ ਸੰਗਤ' ਦੇ ਰੂਪ ਵਿਚ ਪ੍ਰਚਲਿਤ ਹੋ ਗਿਆ। ਏਸੇ ਪ੍ਰਥਾ ਅਨੁਸਾਰ, ਬਾਦਸ਼ਾਹ ਅਕਬਰ ਵੀ ਜਦੋਂ ਗੋਇੰਦਵਾਲ ਆਏ ਤਾਂ ਗੁਰੂ-ਦਰਸ਼ਨਾਂ ਤੋਂ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਿਆ।[32] ਕਿਹਾ ਜਾਂਦਾ ਹੈ ਕਿ ਰਾਤ ਦੇ ਲੰਗਰ ਉਪਰੰਤ ਕੋਈ ਵੀ ਵਸਤੂ ਅਗਲੇ ਦਿਨ ਤਕ ਬਚਾ ਕੇ ਨਹੀਂ ਸੀ ਰੱਖੀ ਜਾਂਦੀ। ਬਚਿਆ ਹੋਇਆ ਲੰਗਰ ਜਾਂ ਤਾਂ ਪਸ਼ੂਆਂ ਨੂੰ ਖੁਆ ਦਿੱਤਾ ਜਾਂਦਾ ਜਾਂ ਦਰਿਆ ਬਿਆਸ ਵਿਚ ਸੁੱਟ ਕੇ ਮੱਛੀਆਂ ਅਤੇ ਹੋਰ ਜਲਧਾਰੀ ਜੀਵਾਂ ਦੇ ਸਪੁਰਦ ਕਰ ਦਿੱਤਾ ਜਾਂਦਾ। ਅਜਿਹਾ ਸ਼ਾਇਦ ਇਸ ਲਈ ਕੀਤਾ ਜਾਂਦਾ ਰਿਹਾ ਹੋਵੇਗਾ ਕਿ ਕਿਸੇ ਪ੍ਰਾਣੀ ਦੀ ਝਾਕ ਲੰਗਰ ਵੱਲ ਹੀ ਨਾ ਰਹੇ ਅਤੇ ਸੰਜਮ ਜਿਹਾ ਗੁਣ ਧਾਰਨ ਕਰਨ ਦਾ ਬਲ ਮਿਲੇ। ਹਰ ਰੋਜ ਸ਼ਾਮ ਨੂੰ 'ਸੋ ਦਰੁ' ਅਤੇ 'ਆਰਤੀ' ਤੋਂ ਬਾਅਦ ਸਮਾਪਤੀ ਹੋ ਜਾਂਦੀ ਅਤੇ ਸਮੂਹ ਸੰਗਤ ਆਰਾਮ ਕਰਦੀ ਸੀ।

**3. ਸਤਸੰਗਤਿ ਦੀ ਮਹਾਨਤਾ**: ਗੁਰੂ ਨਾਨਕ ਦੇਵ ਨੇ ਸਤਸੰਗਤਿ ਦੀ ਮਹਾਨਤਾ ਅਤੇ ਲਾਭ



ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਸੀ ਕਿ ਸਤਸੰਗਤਿ ਵਿਚ ਸ਼ੁੱਧ ਹੋ ਕੇ ਪ੍ਰਭੂ ਦਾ ਨਾਮ ਮਨ ਵਿਚ ਵੱਸ ਜਾਂਦਾ ਹੈ ਜਿਸ ਨਾਲ ਅਗਿਆਨਤਾ ਦਾ ਹਨੇਰਾ ਦੂਰ ਹੁੰਦਾ ਹੈ ਅਤੇ ਮਨ ਕੰਵਲ ਫੁੱਲ ਵਾਂਗ ਖਿੜ ਜਾਂਦਾ ਹੈ।[33] ਗੁਰੂ ਅਮਰਦਾਸ ਨੇ ਗੁਰੂ ਨਾਨਕ ਦੇਵ ਦੁਆਰਾ ਸਥਾਪਿਤ ਕੀਤੇ ਸਤਸੰਗਤਿ ਦੇ ਮਹੱਤਵ ਅਤੇ ਸੰਦੇਸ਼ ਨੂੰ ਅੱਗੇ ਵਧਾਉਣ ਦਾ ਕਾਰਜ ਕੀਤਾ ਸੀ। ਗੁਰੂ ਅਮਰਦਾਸ ਪੰਗਤ ਉਪਰੰਤ ਸਤਸੰਗਤਿ ਵਿਚ ਆਉਣ ਵਾਲੇ ਸ਼ਰਧਾਲੂਆਂ ਨੂੰ ਮਨ ਵਿਚੋਂ ਵਿਕਾਰੀ ਬਿਰਤੀਆਂ ਦਾ ਨਾਸ਼ ਕਰਨ ਕਰ ਕੇ ਸ਼ੁਭ ਗੁਣਾਂ ਨੂੰ ਮਨ ਵਿਚ ਵਸਾਉਣ ਦੀ ਪ੍ਰੇਰਨਾ ਪ੍ਰਦਾਨ ਕਰਦੇ ਸਨ। ਗੁਰੂ ਜੀ ਨੇ ਭਾਰਤੀ ਮਨਾਂ ਵਿਚ ਗੁਰਬਾਣੀ ਦਾ ਪ੍ਰਕਾਸ਼ ਕਰਨ ਲਈ ਉਹਨਾਂ ਦੀਆਂ ਪ੍ਰਚਲਿਤ ਧਾਰਨਾਵਾਂ ਦੀ ਵਰਤੋਂ ਕੀਤੀ ਹੈ ਜਿਵੇਂ ਭਾਰਤੀ ਪਰੰਪਰਾ ਵਿਚ ਗਿਆਨ ਦੀਆਂ ਚਾਰ ਅਵਸਥਾਵਾਂ ਦਾ ਵਰਨਨ ਆਉਂਦਾ ਹੈ - ਜਾਗ੍ਰਿਤ, ਸ੍ਵਪਨ, ਸੁਖੁਪਤਿ ਅਤੇ ਤੁਰੀਆ। ਇਨ੍ਹਾਂ ਚਾਰਾਂ ਵਿਚੋਂ ਤੁਰੀਆ ਅਵਸਥਾ ਨੂੰ ਸਭ ਤੋਂ ਉੱਤਮ ਮੰਨਿਆ ਗਿਆ ਹੈ। ਗਿਆਨ ਦੀ ਇਹ ਅਵਸਥਾ ਮਨੁੱਖ ਨੂੰ ਸਹਿਜ ਵਿਚ ਲੈ ਜਾਂਦੀ ਹੈ ਜਿਥੇ ਉਹ ਦੁੱਖ-ਸੁੱਖ, ਊਚ-ਨੀਚ, ਸੱਜਨ-ਦੁਰਜਨ ਆਦਿ ਦੇ ਭੇਦ-ਭਾਵ ਤੋਂ ਮੁਕਤ ਹੋ ਜਾਂਦਾ ਹੈ। ਗੁਰੂ ਅਮਰਦਾਸ ਕਹਿੰਦੇ ਹਨ ਕਿ ਸਤਿਸੰਗਤਿ ਰਾਹੀਂ ਮਨੁੱਖ ਨੂੰ ਇਹ ਅਵਸਥਾ ਪ੍ਰਾਪਤ ਹੋ ਸਕਦੀ ਹੈ - ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ॥[34] ਤੁਰੀਆ ਅਵਸਥਾ ਤੱਕ ਪਹੁੰਚਾਉਣ ਵਾਲੀ ਸਤਿਸੰਗਤਿ ਵਿਚ ਕਿਹੋ ਜਿਹੇ ਗੁਣਾਂ ਵਾਲੇ ਪੁਰਖ ਸ਼ਾਮਲ ਹੁੰਦੇ ਹਨ, ਉਨ੍ਹਾਂ ਦਾ ਵਰਨਨ ਕਰਦੇ ਹੋਏ ਗਿਆਨੀ ਗਿਆਨ ਸਿੰਘ ਦੱਸਦਾ ਹੈ, "ਭਾਈ ਸਿੱਖੋ! ਸੱਚੇ ਭਗਤਾਂ ਤੇ ਬ੍ਰਹਮ ਗਯਾਨੀਆਂ ਦੇ ਅੰਤ੍ਰੀਵ ਲੱਖਣ ਤਾਂ ਬਰਨਨ ਕਰਨੇ ਤੇ ਸਮਝਣੇ ਬਹੁਤ ਕਠਨ ਹਨ, ਪਰਤੱਖ ਬਾਹਰ ਦੇ ਲੱਖਣ ਏਹ ਹਨ - ਸਤੋ ਗੁਣੀ, ਸਮਦਰਸੀ, ਸ਼ਾਤ ਚਿੱਤ, ਉਦਾਰ, ਗੁਣ ਗ੍ਰਾਹੀ, ਨਿਰਭੈ, ਕੋਮਲ ਚਿਤ, ਗੰਭੀਰ, ਸਭ ਦੇ ਸੱਜਨ, ਪ੍ਰਸੰਨ, ਮੁਖ, ਹਰਿਗੁਰ ਭਗਤ, ਲਾਭ-ਹਾਨਿ ਸੁਖ-ਦੁਖ ਮਿਤ੍ਰ-ਸਤ੍ਰ ਮਾਨ-ਅਪਮਾਨ ਵਿਖੇ ਬਿਹਬਲ ਨਾ ਹੋਣਾ ਇਤਯਾਦਿਕ ਸ੍ਰੇਸ਼ਟ ਲੱਖਣ ਜਿਨ੍ਹਾਂ ਵਿਚ ਹੋਣ, ਉਨ੍ਹਾਂ ਦੀ ਸੰਗਤ ਕਰਨੀ ਕਲਯਾਣਕਾਰੀ ਹੈ।"[35]

**4. ਨਿਮਰਤਾ:** ਨਿਮਰਤਾ ਨੂੰ ਸਿੱਖੀ ਦੀ ਜੜ੍ਹ ਮੰਨਿਆ ਗਿਆ ਹੈ। ਗੁਰੂ ਅਮਰਦਾਸ ਨੇ ਇਸ ਸਿੱਖਿਆ ਦਾ ਕੇਵਲ ਉਪਦੇਸ਼ ਹੀ ਨਹੀਂ ਕੀਤਾ ਬਲਕਿ ਇਸ ਨੂੰ ਆਪਣੇ ਜੀਵਨ ਰਾਹੀਂ ਪ੍ਰਗਟ ਵੀ ਕੀਤਾ ਹੈ। ਗੁਰੂ ਅੰਗਦ ਦੇਵ ਦਾ ਪੁੱਤਰ ਦਾਤੂ ਇਕ ਵਾਰ ਗੋਇੰਦਵਾਲ ਆਇਆ, ਉਹ ਗੁਰਗੱਦੀ ਖੁੱਸ ਜਾਣ ਕਰ ਕੇ ਗੁਰੂ ਜੀ ਨਾਲ ਈਰਖਾ ਕਰਦਾ ਸੀ। ਉਸ ਨੇ ਗੁਰੂ-ਪੁੱਤਰ ਹੋਣ ਦੀ ਹਉਮੈਂ ਵਿਚ ਗੁਰੂ ਜੀ ਨੂੰ ਲੱਤ ਮਾਰ ਦਿੱਤੀ। ਬਿਰਧ ਅਵਸਥਾ ਵਿਚ ਹੋਣ ਕਰਕੇ ਉਹ ਅੱਗੇ ਨੂੰ ਡਿੱਗ ਪਏ ਪਰ ਉਹਨਾਂ ਨੇ ਛੇਤੀ ਹੀ ਆਪਣੇ ਆਪ ਨੂੰ ਸੰਭਾਲਿਆ ਅਤੇ ਉਸਦੇ ਪੈਰ ਨੂੰ ਦਬਾਉਣ ਲੱਗੇ ਅਤੇ ਆਖਿਆ, "ਭਾਈ ਏਹ ਸਾਡੇ ਸਤਗੁਰਾਂ ਦੇ ਸਪੁੱਤ੍ਰ ਹਨ, ਏਨ੍ਹਾਂ ਤੋਂ ਬਿਨਾਂ

ਸਾਨੂੰ ਹੋਰ ਕੌਣ ਤਾੜੇ। "[36] ਇਸ ਘਟਨਾ ਨਾਲ ਸੰਗਤ ਵਿਚ ਗੁਰੂ ਜੀ ਦਾ ਸਤਿਕਾਰ ਹੋਰ ਵੱਧ ਗਿਆ ਪਰ ਦਾਤੂ ਪ੍ਰਤਿ ਗੁਰੂ-ਪੁੱਤਰ ਹੋਣ ਕਰਕੇ ਪੈਦਾ ਹੋਇਆ ਸਤਿਕਾਰ ਖਤਮ ਹੋ ਗਿਆ।

**5. ਗ੍ਰਿਹਸਤੀ ਜੀਵਨ ਦੀ ਪ੍ਰੋੜਤਾ:** ਗੁਰੂ ਸਾਹਿਬ ਦੀ ਸੰਗਤ ਵਿਚ ਸਭ ਧਰਮਾਂ, ਫਿਰਕਿਆਂ, ਜਾਤਾਂ, ਵਿਸ਼ਵਾਸਾਂ ਆਦਿ ਨਾਲ ਸੰਬੰਧਿਤ ਵਿਅਕਤੀ ਸ਼ਾਮਲ ਹੁੰਦੇ ਸਨ। ਉਨ੍ਹਾਂ ਦੇ ਆਪੋ-ਆਪਣੇ ਪਿਛਲੇ ਸੰਸਕਾਰ ਵੀ ਨਾਲ ਚਲੇ ਆਉਂਦੇ ਸਨ। ਕਈ ਵਾਰ ਉਹ ਗੁਰੂ ਦੀ ਸਿੱਖਿਆ ਦੀ ਤੁਲਨਾ ਆਪਣੇ ਪੂਰਵ ਜੀਵਨ ਨਾਲ ਕਰਦੇ ਅਤੇ ਕਈ ਵਾਰ ਉਹ ਸਮਕਾਲੀ ਧਰਮਾਂ ਦੀਆਂ ਪੂਜਾ ਵਿਧੀਆਂ ਨੂੰ ਸਾਹਮਣੇ ਰੱਖ ਕੇ ਗੁਰੂ ਜੀ ਤੋਂ ਸਿੱਖ ਜੀਵਨਜਾਚ ਬਾਰੇ ਜਾਣਨ ਦਾ ਯਤਨ ਕਰਦੇ। ਲੇਖਕ ਦੱਸਦਾ ਹੈ ਕਿ ਇਕ ਵਾਰੀ ਭਾਈ ਕਿਦਾਰੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ, 'ਜੋਗੀ ਸੰਨਿਆਸੀ ਆਖਦੇ ਹਨ ਘਰ ਬਾਰ ਪੁੱਤ੍ਰ ਇਸਤ੍ਰੀ ਨੂੰ ਛੱਡ ਕੇ ਸੰਤ ਬਾਣਾ ਧਾਰਨ ਕਰਨਾ ਦੇਸ ਪਰਦੇਸ ਨਿਕਲ ਜਾਣਾ ਅਤੇ ਜਪ ਤਪ ਕਰਨਾ, ਏਸ ਬਿਨਾਂ ਜੀਵ ਦਾ ਕਲਯਾਨ ਨਹੀਂ ਹੁੰਦਾ। ਬੈਰਾਗੀ ਆਖਦੇ ਹਨ ਤੁਲਸੀ ਦੀ ਕੰਠੀ, ਮਾਲਾ, ਤਿਲਕ, ਜਨੇਊ ਰੱਖੋ, ਪ੍ਰਿਤਮਾਂ ਪੂਜੋ, ਚਾਰੋ ਧਾਮ ਤੀਰਥ ਪਰਸੋ, ਦੁਵਾਰਕਾ ਛਾਪੇ ਲਗਵਾਓ ਤਾਂ ਸਵਰਗ ਨੂੰ ਜਾਓਗੇ। ਕੋਈ ਆਖਦੇ ਹਨ ਮੰਗ ਖਾਣਾ, ਏਕਾਂਤ ਰਹਿਣਾ ਏਹੋ ਮੁਕਤੀ ਦਾ ਰਾਹ ਹੈ। ਸੋ ਅਸੀਂ ਆਪ ਦੇ ਸੇਵਕ ਹਾਂ ਜੋ ਕੁਛ ਹੁਕਮ ਕਰੋ ਸੋ ਕਰੀਏ, ਕਿਉਂਕਿ ਅਸੀਂ ਅਜਾਣ ਹਾਂ, ਨਹੀਂ ਜਾਣਦੇ ਕਿਹੜਾ ਰਸਤਾ ਚੰਗਾ ਹੈ, ਜਿਕੂੰ ਮਾਤਾ ਪਿਤਾ ਪੁਤ੍ਰ ਨੂੰ ਸੁਖੀ ਰੱਖਣ ਲਈ ਚੰਗੇ ਰਾਹ ਪਾਉਂਦੇ ਹਨ ਤੈਸੇ ਆਪ ਸਤਿਗੁਰੂ ਹੋ ਸਾਨੂੰ ਭਰੋਸਾ ਹੈ ਆਪ ਸਾਡੀ ਉੱਨਤੀ ਅਤੇ ਮੁਕਤੀ ਦੇ ਸੁਖਾਲੇ ਰਾਹ ਸਾਨੂੰ ਚਲਾਓਗੇ। ਏਹ ਪ੍ਰਸ਼ਨ ਸੁਣ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਤੇ ਬੋਲੇ ਭਾਈ ਸਿੱਖੋ ਘਰ ਤਿਆਗੇ ਭਗਤੀ ਨਹੀਂ ਲੱਭਦੀ, ਕਰਨੀ ਕਰਕੇ ਪ੍ਰਾਪਤ ਹੁੰਦੀ ਹੈ, ਕਿਉਂ ਸਾਧੂ ਹੋ ਕੇ ਸਗੋਂ ਗ੍ਰਿਹਸਤੀਆਂ ਦੇ ਘਰਾਂ ਤੋਂ ਭਿੱਛਯਾ ਲੈਣੀ ਪੈਂਦੀ ਹੈ, ਗ੍ਰਿਹਸਤੀ ਤਾਂ ਛੱਡੇ ਜੇ ਫੇਰ ਗ੍ਰਿਹਸਤੀ ਦੇ ਦੁਆਰੇ ਨਾ ਜਾਣਾ ਹੋਵੇ ਅਤੇ ਨਾ ਕਿਸੇ ਨੂੰ ਸੁਆਲ ਕਰਨਾ ਹੋਵੇ ਤੇ ਬੈਠੇ ਬਿਠਾਏ ਸਾਧ ਦੀ ਸੇਵਾ ਜੋ ਗ੍ਰਿਹਸਤੀ ਕਰਦੇ ਹਨ ਓਹ ਭੀ ਦਾਣਾ ਘਾਸ ਪਾ ਕੇ ਗਊ ਨੂੰ ਚੋ ਲੈਣ ਵਾਲੀ ਗੱਲ ਹੈ, ਕਿਉਂ ਸਾਧ ਦੀ ਕਮਾਈ ਦਾ ਫਲ ਓਸ ਗ੍ਰਿਹਸਤੀ ਨੂੰ ਹੁੰਦਾ ਹੈ ਜੇਹੜਾ ਸੇਵਾ ਕਰੇ। ਤਾਂ ਤੇ ਗ੍ਰਿਹਸਤੀ ਆਸ਼ਰਮ ਦੇ ਧਰਮ ਪਾਲਣ ਜੈਸਾ ਹੋਰ ਕੋਈ ਆਸ਼੍ਰਮ ਕਲਿਆਨਕਾਰੀ ਨਹੀਂ, ਸੋ ਘਰ ਵਿਚ ਰਹੋ, ਕਿਰਤ ਕਰਕੇ ਛਕੋ, ਅਭਿਆਗਤਾਂ ਨੂੰ ਛਕਾਓ, ਬਸਤ੍ਰ ਪਹਿਨਾਓ, ਸਤਿਸੰਗ ਤੇ ਭਗਤੀ ਕਰੋ, ਏਸੇ ਕਰਨੇ ਕਰ ਤੁਸਾਡਾ ਲੋਕ ਤੇ ਪ੍ਰਲੋਕ ਸੁਧਰੇਗਾ।"[37]

**6. ਜਾਤ ਪ੍ਰਥਾ ਦਾ ਵਿਰੋਧ:** ਜਾਤ-ਪਾਤ ਦਾ ਭਾਰਤੀ ਸਮਾਜ 'ਤੇ ਬਹੁਤ ਗਹਿਰਾ ਪ੍ਰਭਾਵ ਹੈ। ਮੌਜੂਦਾ ਸਮੇਂ ਵਿਚ ਵੀ ਇਸ ਦਾ ਪ੍ਰਚਲਨ ਕਾਇਮ ਹੈ। ਜਾਤ-ਪਾਤ ਅਧਾਰਿਤ ਰਾਖਵੇਂਕਰਨ ਅਤੇ ਰਾਜਨੀਤੀ ਨੇ ਭਾਰਤੀ ਸਮਾਜ ਵਿਚ ਇਸ ਦੀਆਂ ਜੜ੍ਹਾਂ ਹੋਰ ਗਹਿਰੀਆਂ ਕੀਤੀਆਂ ਹਨ।



ਬਹੁਤ ਸਾਰੇ ਸੰਤ-ਭਗਤ ਅਤੇ ਸਮਾਜ ਸੁਧਾਰਕ ਇਸ ਦੇ ਖ਼ਿਲਾਫ਼ ਆਵਾਜ ਉਠਾਉਂਦੇ ਹਨ। ਜਾਤ-ਪਾਤ ਨੂੰ ਸਮਾਜ ਵਿਚੋਂ ਦੂਰ ਕਰਨ ਲਈ ਜਿਸ ਤਰ੍ਹਾਂ ਪ੍ਰਚਾਰਕ ਅਤੇ ਵਿਹਾਰਕ ਪੱਧਰ 'ਤੇ ਗੁਰੂ ਸਾਹਿਬਾਨ ਨੇ ਆਵਾਜ਼ ਬੁਲੰਦ ਕੀਤੀ ਹੈ, ਉਸ ਦੀ ਮਿਸਾਲ ਦੁਨੀਆ ਵਿਚ ਕਿਧਰੇ ਵੀ ਦੇਖਣ ਨੂੰ ਨਹੀਂ ਮਿਲਦੀ। ਗੁਰੂ ਸਾਹਿਬਾਨ ਨੇ ਜਾਤ ਦੇ ਹੰਕਾਰ ਨੂੰ ਸਮਾਜ ਦਾ ਸਭ ਤੋਂ ਵੱਡਾ ਦੁਸ਼ਮਣ ਦੱਸਿਆ ਜਿਹੜਾ ਕਿ ਲੋਕਾਈ ਨੂੰ ਇਕ ਧੁਰੇ ਨਾਲ ਜੋੜਨ ਦੀ ਥਾਂ ਤੋੜਨ ਦੇ ਮਾਰਗ ਪਾਉਂਦਾ ਹੈ। ਗੁਰੂ ਸਾਹਿਬਾਨ ਹਮੇਸ਼ਾਂ ਸਤਿ ਮਾਰਗ ਦਾ ਉਪਦੇਸ਼ ਦਿੰਦੇ ਰਹੇ ਹਨ ਜਿਸ ਤੇ ਚੱਲਣ ਵਾਲੇ ਲਈ ਸਭ ਬਰਾਬਰ ਹਨ ਅਤੇ ਕੋਈ ਵੀ ਵਿਅਕਤੀ ਸ਼ੁਭ ਕਰਮ ਕਰਦਾ ਹੋਇਆ ਆਪਣਾ ਜੀਵਨ ਉਦੇਸ਼ ਹਾਸਲ ਕਰ ਸਕਦਾ ਹੈ। ਗੁਰੂ ਅਮਰਦਾਸ ਨੇ ਸਮਾਜ ਨੂੰ ਜਾਤ-ਪਾਤ ਦੇ ਬੰਧਨ ਤੋਂ ਮੁਕਤ ਕਰਨ ਲਈ ਸੰਗਤ ਦੇ ਨਾਲ-ਨਾਲ ਪੰਗਤ ਦੀ ਪ੍ਰਥਾ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਤਾਂ ਕਿ ਜਾਤ ਦਾ ਹੰਕਾਰ ਰੱਖਣ ਵਾਲਾ ਵਿਅਕਤੀ ਸੰਗਤ ਵਿਚ ਦੂਜਿਆਂ ਤੋਂ ਦੂਰ ਹੋ ਕੇ ਬੈਠ ਸਕਦਾ ਹੈ ਪਰ ਜੇਕਰ ਉਸ ਦਾ ਭੋਜਨ ਦੂਜਿਆਂ ਨਾਲ ਸਾਂਝਾ ਹੋ ਜਾਵੇ ਤਾਂ ਉਸ ਦੇ ਮਨ ਵਿਚ ਊਚ-ਨੀਚ ਦੀ ਭਾਵਨਾ ਦੂਰ ਹੋ ਸਕਦੀ ਹੈ ਅਤੇ ਉਹ ਗੁਰਮਤਿ ਨੂੰ ਚੰਗੀ ਤਰ੍ਹਾਂ ਮਨ ਵਿਚ ਦ੍ਰਿੜ ਕਰ ਸਕਦਾ ਹੈ। ਗੁਰੂ ਅਮਰਦਾਸ ਦਰਸ਼ਨਾਂ ਨੂੰ ਆਉਣ ਵਾਲੀ ਸਮੁੱਚੀ ਸੰਗਤ ਨੂੰ ਇਸ ਹਉਮੈਂ ਤੋਂ ਮੁਕਤ ਹੋਣ ਦਾ ਉਪਦੇਸ਼ ਦ੍ਰਿੜ ਕਰਾਉਂਦੇ ਸਨ। ਇਕ ਵਾਰੀ "ਪ੍ਰਿਥੀਮਲ ਤੇ ਤੁਲਸਾ ਖੱਤ੍ਰੀ ਬਡੇ ਹੰਕਾਰੀ ਦੌਲਤਮੰਦ ਗੁਰੂ ਜੀ ਪਾਸ ਆਏ ਤੇ ਨਮਸਕਾਰ ਨਾ ਕੀਤੀ, ਬੋਲੇ ਤੁਹਾਡੀ ਸਾਡੀ ਜਾਤ ਇਕੋ ਹੈ, ਗੁਰੂ ਜੀ ਬੋਲੇ ਸੰਤਾਂ ਦੀ ਕੋਈ ਜਾਤ-ਪਾਤ ਨਹੀਂ ਹੁੰਦੀ, ਦੇਹ ਪੰਚ ਤੱਤ ਦੀ ਸਭ ਦੀ ਹੈ, ਜੀਵ ਪ੍ਰਮੇਸ਼ਰ ਦੀ ਜਾਤਿ ਹੈ, ਪ੍ਰਲੋਕ ਵਿਚ ਕਰਨੀ ਪ੍ਰਵਾਨ ਹੁੰਦੀ ਹੈ, ਜਾਤਿ ਦੇਹ ਓਥੇ ਨਹੀਂ ਜਾਂਦੀ।"[38] ਸੰਗਤ ਅਤੇ ਪੰਗਤ ਸੰਸਥਾ ਨੂੰ ਮਜ਼ਬੂਤੀ ਪ੍ਰਦਾਨ ਕਰਨ ਦੇ ਨਾਲ-ਨਾਲ ਗੁਰੂ ਅਮਰਦਾਸ ਦੁਆਰਾ ਬਉਲੀ ਦਾ ਨਿਰਮਾਣ ਕਰਨਾ ਇਸ ਗੱਲ ਦਾ ਸਬੂਤ ਹੈ ਕਿ ਸਮਾਜ ਵਿਚੋਂ ਜਾਤ-ਪਾਤ, ਊਚ-ਨੀਚ ਆਦਿ ਦੇ ਭੇਦ-ਭਾਵ ਨੂੰ ਮਿਟਾਉਣ ਲਈ ਗੁਰੂ ਜੀ ਦ੍ਰਿੜ ਸੰਕਲਪ ਸਨ ਅਤੇ ਉਹਨਾਂ ਦੇ ਹਰ ਕਾਰਜ ਵਿਚੋਂ ਇਸ ਕੁਰੀਤੀ ਨੂੰ ਤੋੜਨ ਵਾਲੀ ਮਰਯਾਦਾ ਕਾਇਮ ਹੋ ਰਹੀ ਸੀ। ਗੁਰੂ ਅਮਰਦਾਸ ਨੇ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਮੰਜੀ ਪ੍ਰਥਾ ਦੀ ਸਥਾਪਨਾ ਕੀਤੀ ਜਿਸ ਵਿਚ ਮੰਜੀਦਾਰ ਦੀ ਨਿਯੁਕਤੀ ਗੁਣਾਤਮਿਕ ਪੱਧਰ ਤੇ ਆਧਾਰਿਤ ਕੀਤੀ ਗਈ।

**7. ਸਤੀ ਪ੍ਰਥਾ ਦਾ ਵਿਰੋਧ**: ਗੁਰੂ ਅਮਰਦਾਸ ਨੇ ਆਪਣੇ ਜੀਵਨ ਵਿਚ ਲਗ-ਪਗ 20-22 ਵਾਰ ਕਨਖਲ (ਹਰਿਦੁਆਰ) ਦੀ ਯਾਤਰਾ ਕੀਤੀ ਹੈ। ਜਿਥੇ ਗੁਰੂ ਸਾਹਿਬ ਨਿਵਾਸ ਕਰਦੇ ਸਨ ਉਸ ਦੇ ਸਾਹਮਣੇ ਹੀ ਸਤੀ ਘਾਟ ਮੌਜੂਦ ਹੈ ਜਿਥੇ ਹਿੰਦੂ ਧਰਮ ਦੀ ਰਸਮ ਅਨੁਸਾਰ ਪਤਨੀ ਨੂੰ ਪਤੀ ਦੀ ਚਿਤਾ ਨਾਲ ਸੜਨਾ ਪੈਂਦਾ ਸੀ। ਕਾਨੂੰਨੀ ਤੌਰ 'ਤੇ ਇਸ ਪ੍ਰਥਾ ਨੂੰ ਰੋਕਣ ਲਈ ਸਭ ਤੋਂ

ਪਹਿਲਾ ਯਤਨ ਅੰਗਰੇਜ਼ ਸਰਕਾਰ ਨੇ ਕੀਤਾ। ਲਾਰਡ ਵਿਲੀਅਮ ਬੈਂਟਿਕ ਨੇ ਉਨੀਵੀਂ ਸਦੀ ਵਿਚ ਇਸ ਪ੍ਰਥਾ ਨੂੰ ਗੈਰ ਕਾਨੂੰਨੀ ਘੋਸ਼ਿਤ ਕਰ ਕੇ ਇਸ ਦੇ ਖ਼ਿਲਾਫ਼ ਕਾਨੂੰਨ ਪਾਸ ਕਰ ਦਿੱਤਾ ਸੀ। ਗੁਰੂ ਅਮਰਦਾਸ ਨੇ ਕਾਨੂੰਨੀ ਤੌਰ 'ਤੇ ਇਸ ਪ੍ਰਥਾ ਨੂੰ ਰੋਕਣ ਤੋਂ ਤਿੰਨ ਸਦੀਆਂ ਪਹਿਲਾਂ ਸੋਲ੍ਹਵੀਂ ਸਦੀ ਵਿਚ ਹੀ ਇਸ ਦੇ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਸੀ। ਉਹਨਾਂ ਨੇ ਇਸ ਭੈੜੀ ਪ੍ਰਥਾ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਸੀ। ਉਹਨਾਂ ਨੇ ਸਤੀ ਸ਼ਬਦ ਨੂੰ ਪੁਨਰ-ਪਰਿਭਾਸ਼ਿਤ ਕਰਦੇ ਹੋਏ ਕਿਹਾ ਸੀ ਕਿ ਜਿਹੜੀ ਇਸਤਰੀ ਪ੍ਰਭੂ-ਮੁਖੀ ਸ਼ੁਭ ਗੁਣਾਂ ਨੂੰ ਧਾਰਨ ਕਰ ਲੈਂਦੀ ਹੈ, ਸਹੀ ਅਰਥਾਂ ਵਿਚ ਉਹੀ ਅਸਲ ਸਤੀ ਹੈ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ ॥ [39]

**8. ਮੰਜੀ ਪ੍ਰਥਾ ਦੀ ਸਥਾਪਨਾ:** ਗੁਰੂ ਨਾਨਕ ਦੇਵ ਆਪਣੀਆਂ ਉਦਾਸੀਆਂ ਦੌਰਾਨ ਜਗਤ ਦੇ ਵੱਖ-ਵੱਖ ਕੋਨਿਆਂ ਵਿਚ ਗਏ। ਜਿਥੇ ਵੀ ਗੁਰੂ ਸਾਹਿਬ ਯੋਗ ਸਮਝਦੇ ਉਥੇ ਸੰਗਤ ਦੀ ਸਥਾਪਨਾ ਕਰ ਕੇ ਇਕ ਪ੍ਰਚਾਰਕ ਨਿਯੁਕਤ ਕਰਦੇ। ਇਥੋਂ ਤੱਕ ਕਿ ਗੁਰੂ ਜੀ ਨੇ ਉਸ ਸਮੇਂ ਦੇ ਮੰਨੇ-ਪ੍ਰਮੰਨੇ ਠੱਗਾਂ ਨੂੰ ਪ੍ਰੇਰਿਤ ਕਰ ਕੇ ਇਕ ਪਰਮਾਤਮਾ ਦੇ ਮਾਰਗ ਪਾਇਆ ਅਤੇ ਉਹਨਾਂ ਉਤੇ ਵਿਸ਼ਵਾਸ ਕਰਦੇ ਹੋਏ ਉਹਨਾਂ ਨੂੰ ਸੰਗਤ ਲਈ ਨਾਮ-ਬਾਣੀ ਨਾਲ ਜੋੜੀ ਰੱਖਣ ਦਾ ਸੋਮਾ ਵੀ ਬਣਾ ਦਿੱਤਾ। ਸੱਜਣ ਠੱਗ ਅਤੇ ਕੌਡਾ ਵਰਗੇ ਵਿਅਕਤੀਆਂ ਦੇ ਨਾਮ ਏਸੇ ਲੜੀ ਵਿਚ ਲਏ ਜਾ ਸਕਦੇ ਹਨ। ਗੁਰੂ ਨਾਨਕ ਦੇਵ ਦੁਆਰਾ ਦੂਰ-ਦੁਰਾਡੇ ਦੇਸਾਂ ਵਿਚ ਸਥਾਪਤ ਸੰਗਤ ਨੂੰ ਕੇਂਦਰੀ ਗੁਰਮਤਿ ਸੰਸਥਾ ਨਾਲ ਜੋੜੀ ਰੱਖਣਾ ਅਤਿ ਜ਼ਰੂਰੀ ਸੀ ਨਹੀਂ ਤਾਂ ਇਹਨਾਂ ਦੇ ਦੁਬਾਰਾ ਗੁਰਮਤਿ ਮਾਰਗ ਤੋਂ ਭਟਕ ਜਾਣ ਦਾ ਖਤਰਾ ਸੀ। ਇਸ ਸੰਬੰਧ ਵਿਚ ਗੁਰੂ ਅਮਰਦਾਸ ਨੇ ਮਹੱਤਵਪੂਰਨ ਭੂਮਿਕਾ ਨਿਭਾਈ, ਬਾਈ ਮੰਜੀਆਂ ਦੀ ਸਥਾਪਨਾ ਕੀਤੀ ਅਤੇ ਅੱਗੇ ਹੋਰ ਬਵੰਜਾ ਪੀੜੇ ਇਸ ਕਾਰਜ ਵਿਚ ਜੁਟ ਗਏ। ਬਾਈ ਮੰਜੀਆਂ ਜਿਨ੍ਹਾਂ ਪ੍ਰਮੁਖ ਸਿੱਖਾਂ ਦੇ ਹਵਾਲੇ ਕੀਤੀਆਂ ਗਈਆਂ ਉਹਨਾਂ ਨੂੰ ਮੰਜੀਦਾਰ ਕਿਹਾ ਗਿਆ। ਮਹਾਨ ਕੋਸ਼ ਵਿਚ ਦਿੱਤੇ ਵੇਰਵੇ ਅਨੁਸਾਰ ਬਾਈ ਮੰਜੀਆਂ ਦੇ ਉੱਤਰਾਧਿਕਾਰੀ ਗੁਰਸਿੱਖਾਂ ਦੇ ਨਾਮ ਇਸ ਪ੍ਰਕਾਰ ਸਨ - ਅੱਲਾਯਾਰ, ਸੱਚਨਸੱਚ, ਸਾਧਾਰਣ, ਸਾਵਣਮੱਲ, ਸੁੱਖਣ, ਹੰਦਾਲ, ਕੇਦਾਰੀ, ਖੇਡਾ, ਗੰਗੂਸ਼ਾਹ, ਦਰਬਾਰੀ, ਪਾਰੋ, ਫੇਰਾ, ਬੂਆ, ਬੇਣੀ, ਮਹੇਸਾ, ਮਾਈਦਾਸ, ਮਾਣਕਚੰਦ, ਮੁਰਾਰੀ, ਰਾਜਾਰਾਮ, ਰੰਗਸ਼ਾਹ, ਰੰਗਦਾਸ ਅਤੇ ਲਾਲੋ।[40] ਇਹਨਾਂ ਮੰਜੀਆਂ ਦੀ ਸਥਾਪਨਾ ਨਾਲ ਜਿਥੇ ਦੂਰ-ਦੁਰਾਡੇ ਦੇ ਸਿੱਖ ਕੇਂਦਰੀ ਸੰਸਥਾ ਨਾਲ ਜੁੜੇ ਉਥੇ ਨਵੇਂ ਬਣੇ ਸਿੱਖਾਂ ਦੀ ਗਿਣਤੀ ਵੀ ਤੇਜ਼ੀ ਨਾਲ ਵਧਣ ਲੱਗੀ। ਸਿੱਖ



ਲਹਿਰ ਨੂੰ ਗਤੀ ਪ੍ਰਦਾਨ ਕਰਨ ਵਿਚ ਮੰਜੀਆਂ ਦੀ ਸਥਾਪਨਾ ਨੂੰ ਵਿਸ਼ੇਸ਼ ਤੌਰ 'ਤੇ ਵੇਖਿਆ ਜਾਂਦਾ ਹੈ।

**9. ਬਾਉਲੀ ਦੀ ਸਥਾਪਨਾ:** ਬਾਉਲੀ ਪੌੜੀਦਾਰ ਖੂਹ ਨੂੰ ਕਿਹਾ ਜਾਂਦਾ ਹੈ। ਸਿੱਖ ਧਰਮ ਵਿਚ ਇਸ ਨੂੰ ਪਵਿੱਤਰ ਦਰਜਾ ਹਾਸਲ ਹੈ। ਸਭ ਤੋਂ ਪਹਿਲਾਂ ਇਸ ਦੀ ਸਥਾਪਨਾ ਗੁਰੂ ਅਮਰਦਾਸ ਨੇ ਗੋਇੰਦਵਾਲ ਅਤੇ ਫਿਰ ਗੁਰੂ ਅਰਜਨ ਦੇਵ ਨੇ ਲਾਹੌਰ ਵਿਖੇ ਕੀਤੀ। ਗੋਇੰਦਵਾਲ ਦੀ ਬਾਉਲੀ ਨੂੰ ਇਸ ਹੱਦ ਤੱਕ ਧਾਰਮਿਕ ਦਰਜਾ ਹਾਸਲ ਹੋ ਗਿਆ ਕਿ ਇਹ ਸਿੱਖਾਂ ਦੇ ਪਹਿਲੇ ਤੀਰਥ ਵਜੋਂ ਪ੍ਰਚਲਿਤ ਹੋ ਗਈ। ਬਾਉਲੀ ਦੀ ਧਾਰਮਿਕ ਸਥਾਪਨਾ ਦਾ ਜ਼ਿਕਰ ਲੇਖਕਾਂ ਨੇ ਗੁਰੂ ਅਮਰਦਾਸ ਦੇ ਮੁਖਾਰਬਿੰਦ ਤੋਂ ਉਚਾਰਿਤ ਕਰਦੇ ਹੋਏ ਕਿਹਾ ਕਿ "ਮੈ ਸਰਬ ਤੀਰਥ ਬਉਲੀ ਜੀ ਮੋ ਲਿਆਇਆ ਹਉ।"[41] ਭਾਵੇਂ ਕਿ ਤੀਰਥ ਇਸ਼ਨਾਨ ਅਤੇ ਹਰ ਪ੍ਰਕਾਰ ਦੇ ਕਰਮਕਾਂਡ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਖੇਧੀ ਕੀਤੀ ਗਈ ਹੈ ਪਰ ਬਾਉਲੀ ਦਾ ਇਸ਼ਨਾਨ ਸਿੱਖਾਂ ਵਿਚ ਪ੍ਰਚਲਿਤ ਹੈ।

ਬਾਉਲੀ ਦਾ ਪ੍ਰਮੁਖ ਉਦੇਸ਼ ਗੁਰੂ-ਘਰ ਵਿਖੇ ਪਾਣੀ ਦੀ ਥੁੜ ਨੂੰ ਪੂਰਾ ਕਰਨ ਅਤੇ ਵਰਣ-ਵਿਵਸਥਾ ਦੀ ਪ੍ਰਥਾ ਨੂੰ ਰੱਦ ਕਰਨ ਦੇ ਰੂਪ ਵਜੋਂ ਵੀ ਵੇਖਿਆ ਜਾਂਦਾ ਹੈ। ਬਾਉਲੀ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸ ਦੀਆਂ 84 ਪਉੜੀਆਂ ਰੱਖੀਆਂ ਗਈਆਂ ਹਨ ਜਿਹੜੀਆਂ ਕਿ ਸਿੱਖ ਵਿਸ਼ਵਾਸ ਵਿਚ ਜਨਮ-ਮਰਨ ਦੀ ਚੌਰਾਸੀ ਕੱਟੀ ਜਾਣ ਦਾ ਪ੍ਰਤੀਕ ਮੰਨੀਆਂ ਜਾਂਦੀਆਂ ਹਨ। ਬਾਉਲੀ ਦੀ ਸਥਾਪਨਾ ਸਮੇਂ ਸਿੱਖੀ ਸੇਵਕੀ ਦੀ ਪਰਖ ਵੀ ਸਾਹਮਣੇ ਆਈ ਹੈ। ਕਿਹਾ ਜਾਂਦਾ ਹੈ ਕਿ ਜਦੋਂ ਸਮੂਹ ਸਿੱਖਾਂ ਨੇ ਰਲ ਕੇ ਬਾਉਲੀ ਦੀ ਖੁਦਾਈ ਕੀਤੀ ਤਾਂ ਹੇਠਾਂ ਇਕ ਪੱਥਰ ਦਾ ਭਾਰੀ ਕੜ ਆ ਗਿਆ ਸੀ ਜਿਸ ਨੂੰ ਤੋੜਨ ਵਿਚ ਭਾਰੀ ਮੁਸ਼ਕਲ ਆ ਰਹੀ ਸੀ। ਇਹ ਕੜ ਭਾਈ ਮਾਣਕ ਚੰਦ ਨੇ ਤੋੜਿਆ ਸੀ।[42] ਗੁਰੂ ਜੀ ਨੇ ਉਸ ਨੂੰ 'ਜੀਵੜਾ' ਦਾ ਅਸ਼ੀਰਵਾਦ ਦੇ ਕੇ ਸਿੱਖ ਇਤਿਹਾਸ ਵਿਚ ਸਦੀਵੀ ਤੌਰ ਤੇ ਸਿੱਖੀ ਸੇਵਕੀ ਵਿਚ ਸਤਿਕਾਰ ਦਾ ਪਾਤਰ ਬਣਾ ਦਿੱਤਾ ਸੀ। ਇਸ ਦੇ ਵੰਸ਼ਜਾਂ ਨੂੰ ਹੁਣ ਵੀ ਏਸੇ ਉਪਾਧੀ ਨਾਲ ਜਾਣਿਆ ਜਾਂਦਾ ਹੈ।

**ਪ੍ਰਚਾਰ:** ਗੋਇੰਦਵਾਲ ਵਿਖੇ ਜੋ ਵੀ ਮਨੁੱਖ ਆ ਰਹੇ ਸਨ ਉਹ ਗੁਰਮਤਿ ਸਿਧਾਂਤ ਅਤੇ ਵਿਹਾਰ ਤੋਂ ਪ੍ਰਭਾਵਤ ਹੋ ਕੇ ਸਿੱਖੀ ਵਿਚ ਪ੍ਰਵੇਸ਼ ਕਰ ਰਹੇ ਸਨ। ਗੁਰੂ ਸਾਹਿਬ ਨੇ ਪ੍ਰਚਾਰ ਦਾ ਇਹ ਕਾਰਜ ਗੋਇੰਦਵਾਲ ਤੋਂ ਬਾਹਰ ਵੀ ਜਾਰੀ ਰੱਖਿਆ ਅਤੇ ਇਹ ਵਿਸ਼ੇਸ਼ ਤੌਰ 'ਤੇ ਗੁਰੂ ਜੀ ਦੁਆਰਾ ਹਿੰਦੂ ਤੀਰਥ ਸਥਾਨਾਂ ਦੀ ਕੀਤੀ ਯਾਤਰਾ ਸਮੇਂ ਹੋਰ ਵਧੇਰੇ ਪ੍ਰਚੰਡ ਰੂਪ ਵਿਚ ਸਾਹਮਣੇ ਆਇਆ। ਗੁਰੂ ਅਮਰਦਾਸ ਨੇ ਹਿੰਦੂ ਤੀਰਥਾਂ ਦੀ ਯਾਤਰਾ ਸਮੇਂ ਵਿਦਵਾਨ ਪੰਡਤਾਂ ਦੁਆਰਾ ਗੁਰਮਤਿ ਸਿਧਾਂਤਾਂ ਪ੍ਰਤਿ ਕੀਤੇ ਗੁੰਝਲਦਾਰ ਪ੍ਰਸ਼ਨਾਂ ਦਾ ਸਰਲ ਢੰਗ ਨਾਲ ਦ੍ਰਿੜਤਾਪੂਰਵਕ ਵਿਆਖਿਆਨ ਕੀਤੇ ਜਿਸ ਤੋਂ ਪ੍ਰੇਰਿਤ ਹੋ ਕੇ ਲੋਕ ਸਿੱਖੀ ਵੱਲ ਰੁਚਿਤ ਹੋ ਜਾਂਦੇ ਸਨ।[43]

ਗੁਰੂ ਅਮਰਦਾਸ ਦੁਆਰਾ ਗੁਰਮਤਿ ਸਿਧਾਂਤਾਂ ਦੀ ਕੀਤੀ ਪ੍ਰਭਾਵਸ਼ਾਲੀ ਵਿਆਖਿਆ ਨੇ ਉਥੇ ਹਾਜ਼ਰ ਬਹੁਤ ਸਾਰੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਅਤੇ ਉਹ ਗੁਰੂ ਜੀ ਦੀ ਉਸਤਤ ਦੇ ਗੁਣਗਾਨ ਕਰਨ ਲੱਗੇ:

ਸਰਬ ਲੋਕ ਚਰਨਨ ਪਰ ਪਰੇ।
ਬਿਧਵਟ ਪੂਜ ਪਰਸੰਸਤ ਕਰੇ।
ਜੈ ਜੈ ਕਾਰ ਸਗਲ ਜਗ ਭਇਆ।
ਪਾਰ-ਬ੍ਰਹਮ ਸਤਿਗੁਰ ਨਿਰਮਇਆ।[44]

ਗੁਰੂ ਅਮਰਦਾਸ ਨੇ ਲੋਕਾਂ ਨੂੰ ਦ੍ਰਿੜ ਕਰਵਾਇਆ ਕਿ ਤੀਰਥ ਇਸ਼ਨਾਨ ਮਨ ਦੀ ਮੈਲ ਦੂਰ ਨਹੀਂ ਕਰ ਸਕਦੇ, ਕੇਵਲ ਗੁਰ-ਸ਼ਬਦ ਦਾ ਗਿਆਨ ਹੀ ਇਸ ਮੈਲ ਨੂੰ ਧੋ ਸਕਦਾ ਹੈ। ਗੁਰੂ ਅਮਰਦਾਸ ਦੁਆਰਾ ਲੋਕਾਈ ਦੇ ਉਧਾਰ ਵਾਸਤੇ ਕੁਰਖੇਤਰ, ਹਰਿਦੁਆਰ ਆਦਿ ਤੀਰਥਾਂ ਤੇ ਜਾ ਕੇ ਕੀਤੇ ਪ੍ਰਚਾਰ ਅਤੇ ਦ੍ਰਿੜਾਏ ਗੁਰਮਤਿ ਮਾਰਗ ਬਾਰੇ ਵਿਸਤਾਰ ਨਾਲ ਵਰਨਨ ਚੌਥੇ ਗੁਰੂ ਰਾਮਦਾਸ ਨੇ ਕੀਤਾ ਹੈ।[45]

ਇਹਨਾਂ ਪ੍ਰਚਾਰ ਯਾਤਰਾਵਾਂ ਵਿਚ ਗੁਰੂ ਅਮਰਦਾਸ ਨੇ ਲੋਕਾਂ ਨੂੰ ਸਮਝਾਇਆ ਕਿ ਤੀਰਥ ਇਸ਼ਨਾਨ ਨਾਲ ਨਾ ਤਾਂ ਮੁਕਤੀ ਹਾਸਲ ਹੋ ਸਕਦੀ ਹੈ ਅਤੇ ਨਾ ਹੀ ਮਨ ਦੀ ਮੈਲ ਦੂਰ ਹੋ ਸਕਦੀ ਹੈ। ਤੀਰਥ ਇਸ਼ਨਾਨ ਨਾਲ ਮਨ ਦੀ ਸੁਚਮਤਾ ਨੂੰ ਜੋੜਨਾ ਕੇਵਲ ਇਕ ਭੁਲੇਖਾ ਹੈ। ਮਨ ਦੀ ਮੈਲ ਦੂਰ ਕਰਨ ਅਤੇ ਮੁਕਤੀ ਹਾਸਲ ਕਰਨ ਦਾ ਯੋਗ ਮਾਰਗ ਗੁਰੂ ਦੀ ਸਿੱਖਿਆ ਪ੍ਰਾਪਤ ਕਰਕੇ ਅਮਲੀ ਜੀਵਨ ਰਾਹੀਂ ਲੱਭਿਆ ਜਾ ਸਕਦਾ ਹੈ।

**ਜੋਤੀ ਜੋਤਿ ਜਗਾਉਣਾ:** ਗੁਰੂ ਨਾਨਕ ਦੇਵ ਨੇ ਸਿੱਖ ਲਹਿਰ ਨੂੰ ਪ੍ਰਫੁਲਿਤ ਕਰਨ ਅਤੇ ਦ੍ਰਿੜਤਾਪੂਰਵਕ ਅੱਗੇ ਤੋਰਨ ਲਈ ਜੋਤੀ ਤੋ ਜੋਤਿ ਜਗਾਉਣ ਦਾ ਕਾਰਜ ਅਰੰਭਿਆ ਸੀ। ਏਸੇ ਪਰੰਪਰਾ ਅਧੀਨ ਗੁਰੂ ਅਮਰਦਾਸ ਨੂੰ ਗੁਰਗੱਦੀ ਦਾ ਜਾਨਸ਼ੀਨ ਬਣਾਇਆ ਗਿਆ। ਸਿੱਖ ਪਰੰਪਰਾ ਵਿਚ ਸਰੀਰ ਨੂੰ ਨਾਸ਼ਵਾਨ ਅਤੇ ਆਤਮਾ ਨੂੰ ਅਮਰ ਮੰਨਿਆ ਗਿਆ ਹੈ। ਗੁਰੂ ਅਕਾਲ ਪੁਰਖ ਦੀ ਸ਼ੁਧ ਆਤਮਿਕ ਜੋਤ ਦਾ ਪ੍ਰਗਟਾਵਾ ਹੈ ਅਤੇ ਇਹ ਜੋਤਿ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਸ਼ਬਦ ਰਾਹੀਂ ਪ੍ਰਕਾਸ਼ਵਾਨ ਹੁੰਦੀ ਹੈ। ਗੁਰੂ ਜਿਸ ਵੀ ਸੇਵਕ ਜਾਂ ਸ਼ਖ਼ਸੀਅਤ ਨੂੰ ਪ੍ਰਕਾਸ਼ਵਾਨ ਕਰਦਾ ਹੈ ਉਹ 'ਗੁਰੂ' ਪਦ ਦਾ ਅਧਿਕਾਰੀ ਹੋ ਜਾਂਦਾ ਹੈ। ਇਹ ਪਰੰਪਰਾ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਹਮਣੇ ਆਈ। ਏਸੇ ਪਰੰਪਰਾ ਅਨੁਸਾਰ ਜਦੋਂ ਗੁਰੂ ਅਮਰਦਾਸ ਦੁਆਰਾ ਉੱਤਰਾਧਿਕਾਰੀ ਚੁਨਣ ਦਾ ਸਮਾਂ ਆਇਆ ਤਾਂ ਗੁਰੂ ਜੀ ਨੇ ਇਸ ਕਾਰਜ ਲਈ ਸਭ ਤੋਂ ਵਧੇਰੇ ਯੋਗ ਭਾਈ ਜੇਠਾ[46] ਨੂੰ ਜਾਣਿਆ। ਗੁਰੂ ਅਮਰਦਾਸ ਨੇ ਭਾਈ ਜੇਠਾ ਨੂੰ ਗੁਰਗੱਦੀ ਦੇ ਕੇ ਨਾਮ ਰਾਮਦਾਸ[47] ਰੱਖਿਆ:



ਜੇਠਾ ਜੀ ਇਸਨਾਨ ਕਰ ਪਹਰੇ ਬਸਤ੍ਰ ਨਵੀਨ।
ਸਤਿਗੁਰ ਕੇ ਚਰਨੀ ਲਗੇ ਭਈ ਜੋਤ ਜੋਤ ਮੋ ਲੀਨ।...
ਗੁਰ ਨਾਨਕ ਅੰਗਦ ਅਮਰ ਸਰੂਪ।
ਗੁਰ ਰਾਮਦਾਸ ਭਾਸਤ ਇਕ ਰੂਪ।[48]

ਗੁਰਗੱਦੀ ਤੇ ਨਵੇਂ ਵਾਰਸ ਦੀ ਸਥਾਪਨਾ ਸਮੇਂ ਜੋ ਮੁਸ਼ਕਲ ਗੁਰੂ ਅੰਗਦ ਦੇਵ ਨੂੰ ਆਈ ਉਸ ਨੂੰ ਦੇਖਦੇ ਹੋਏ ਗੁਰੂ ਨਾਨਕ ਦੇਵ ਨੇ ਉਨ੍ਹਾਂ ਨੂੰ ਖਡੂਰ ਸਾਹਿਬ ਨਿਵਾਸ ਕਰਨ ਲਈ ਕਿਹਾ ਸੀ। ਗੁਰੂ ਅੰਗਦ ਦੇਵ ਦੁਆਰਾ ਆਪਣਾ ਉੱਤਰਾਧਿਕਾਰੀ ਚੁਣੇ ਜਾਣ 'ਤੇ ਉਸੇ ਸਮੱਸਿਆ ਦਾ ਹਲ ਗੁਰੂ ਅਮਰਦਾਸ ਨੂੰ ਗੋਇੰਦਵਾਲ ਵਿਖੇ ਭੇਜ ਕੇ ਕੀਤਾ ਗਿਆ। ਗੁਰੂ ਰਾਮਦਾਸ ਨੂੰ ਉੱਤਰਾਧਿਕਾਰੀ ਥਾਪਦੇ ਸਮੇਂ ਵੀ ਏਸੇ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਗੁਰੂ ਅਮਰਦਾਸ ਨੂੰ ਵੀ ਕਰਨਾ ਪਿਆ। ਇਸ ਕਰ ਕੇ ਗੁਰੂ ਅਮਰਦਾਸ ਦੇ ਸਮੇਂ ਹੀ ਚੱਕ ਰਾਮਦਾਸਪੁਰ ਦੀ ਨੀਂਹ ਰੱਖੀ ਗਈ ਅਤੇ ਗੁਰੂ ਰਾਮਦਾਸ ਨੇ ਉਤਰਾਧਿਕਾਰੀ ਬਣਨ ਉਪਰੰਤ ਆਪਣਾ ਨਿਵਾਸ ਉੱਥੇ ਹੀ ਕਰ ਲਿਆ ਸੀ।

**ਜੋਤੀ ਜੋਤਿ ਸਮਾਉਣਾ:** ਗੁਰੂ ਅਮਰਦਾਸ ਗੁਰੂ ਰਾਮਦਾਸ ਨੂੰ ਗੁਰਗੱਦੀ ਦਾ ਉੱਤਰਾਧਿਕਾਰੀ ਥਾਪਣ ਉਪਰੰਤ ਪ੍ਰਭੂ-ਬੰਦਗੀ ਵਿਚ ਲੀਨ ਰਹਿੰਦੇ, ਕੀਰਤਨ ਸੁਣਦੇ ਅਤੇ ਉਪਦੇਸ਼ ਕਰਦੇ। ਉਪਦੇਸ਼ ਕਰਦੇ ਹੋਏ ਉਨ੍ਹਾਂ ਇਕ ਦਿਨ ਅਜਿਹੇ ਵਾਕ ਉਚਾਰਨ ਕੀਤੇ ਕਿ ਸੰਗਤ ਇਹ ਮਹਿਸੂਸ ਕਰਨ ਲੱਗੀ ਕਿ ਅਕਾਲ ਪੁਰਖ ਅਤੇ ਗੁਰੂ ਅਮਰਦਾਸ ਦੀ ਜੋਤਿ ਵਿਚ ਦਵੈਤ ਖ਼ਤਮ ਹੋਣ ਵਾਲਾ ਹੈ। ਗੁਰੂ ਜੀ ਦੀ ਅੰਤਿਮ ਸਿੱਖਿਆ ਦੇ ਵਚਨ ਸਨ:

– ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥[49]
– ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥[50]

ਅਖੀਰ ਲਗ-ਪਗ 95 ਸਾਲ ਦੀ ਉਮਰ ਵਿਚ 1574 ਈਸਵੀ ਨੂੰ ਅਕਾਲ ਪੁਰਖ ਦੇ ਭਾਣੇ ਅਨੁਸਾਰ ਆਪ ਜੋਤੀ ਜੋਤਿ ਸਮਾ ਗਏ। ਸੰਗਤ ਨੇ ਪਵਿੱਤਰ ਗੁਰਬਾਣੀ ਦਾ ਸ਼ਬਦ-ਗਾਇਨ ਕੀਤਾ ਅਤੇ ਬਿਆਸਾ ਦਰਿਆ ਦੇ ਕੰਢੇ ਉਹਨਾਂ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ।

**ਪ੍ਰਮੁਖ ਰਚਨਾਵਾਂ:** ਗੁਰੂ ਅਮਰਦਾਸ ਨੇ 17 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਗੁਰੂ ਜੀ ਦੀ ਬਾਣੀ ਸਿੱਖ ਜੀਵਨਜਾਚ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਗੁਰੂ ਅਮਰਦਾਸ ਦੀ ਬਾਣੀ ਵਿਚ ਕੱਚੀ ਅਤੇ ਸੱਚੀ ਬਾਣੀ ਦਾ ਨਿਖੇੜਾ ਕੀਤਾ ਮਿਲਦਾ ਹੈ। ਸਿਧਾਂਤਕ ਤੌਰ 'ਤੇ ਗੁਰੂ ਜੀ ਦੁਆਰਾ ਰਚਿਤ ਬਾਣੀ ਗੁਰੂ ਨਾਨਕ ਵਿਚਾਰਧਾਰਾ ਨੂੰ ਅੱਗੇ ਤੋਰਨ ਅਤੇ ਦ੍ਰਿੜ ਕਰਾਉਣ ਦਾ ਕਾਰਜ ਕਰਦੀ ਹੈ। ਗੁਰੂ ਅਮਰਦਾਸ ਦੁਆਰਾ ਰਚਿਤ ਬਾਣੀਆਂ ਵਿਚ ਪ੍ਰਮੁਖ ਤੌਰ 'ਤੇ ਪਟੀ, ਅਲਾਹਣੀਆਂ, ਵਾਰ ਸਤ, ਅਨੰਦੁ, ਸੋਲਹੇ ਅਤੇ ਚਾਰ ਵਾਰਾਂ ਦਾ ਜ਼ਿਕਰ ਮਿਲਦਾ ਹੈ। ਇਹਨਾਂ

ਬਾਣੀਆਂ ਤੋਂ ਇਲਾਵਾ ਗੁਰੂ ਜੀ ਦੁਆਰਾ ਰਚਿਤ ਹੋਰ ਸਲੋਕ ਅਤੇ ਸ਼ਬਦ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹਨ ਪਰ ਇਥੇ ਕੇਵਲ ਕੁਝ ਪ੍ਰਮੁਖ ਬਾਣੀਆਂ ਬਾਰੇ ਸੰਖੇਪ ਰੂਪ ਵਿਚ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**ਪਟੀ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਸਿਰਲੇਖ ਅਧੀਨ ਗੁਰੂ ਨਾਨਕ ਦੇਵ ਅਤੇ ਗੁਰੂ ਅਮਰਦਾਸ ਦੀਆਂ ਰਚਨਾਵਾਂ ਮੌਜੂਦ ਹਨ। ਗੁਰੂ ਅਮਰਦਾਸ ਦਾਸ ਦੁਆਰਾ ਰਚਿਤ ਪਟੀ ਬਾਣੀ ਵਿਚ ਨਾ ਤਾਂ ਪੈਂਤੀ ਅੱਖਰ ਹਨ ਅਤੇ ਨਾ ਹੀ ਅਜੋਕਾ ਅੱਖਰ-ਕ੍ਰਮ ਦੇਖਣ ਨੂੰ ਮਿਲਦਾ ਹੈ। ਇਸ ਬਾਣੀ ਵਿਚ ਰਹਾਉ ਦੀਆਂ ਦੋ ਤੁਕਾਂ ਤੋਂ ਇਲਾਵਾ ਦੋ-ਦੋ ਤੁਕਾਂ ਦੇ ਅਠਾਰ੍ਹਾਂ ਪਦੇ ਹਨ ਜੋ ਮਨੁੱਖ ਨੂੰ ਪਰਮਾਰਥ ਨਾਲ ਜੁੜਨ ਦੀ ਪ੍ਰੇਰਨਾ ਕਰਦੇ ਹਨ। ਇਸ ਬਾਣੀ ਵਿਚ ਧਰਮ ਪੁਸਤਕਾਂ ਪੜ੍ਹਨ ਵਾਲਿਆਂ ਨੂੰ ਵੀ ਉਪਦੇਸ਼ ਕੀਤਾ ਗਿਆ ਹੈ ਕਿ ਕੇਵਲ ਧਰਮ ਪੁਸਤਕਾਂ ਪੜ੍ਹਨ ਨਾਲ, ਵਿਚਾਰਨ ਨਾਲ, ਦੂਜਿਆਂ ਨੂੰ ਸਮਝਾਉਣ ਨਾਲ ਨਾ ਤਾਂ ਆਤਮਿਕ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਨਾ ਹੀ ਪ੍ਰਭੂ-ਪ੍ਰੀਤ ਉਜਾਗਰ ਹੋ ਸਕਦੀ ਹੈ, ਜਦੋਂ ਤੱਕ ਇਹਨਾਂ ਵਿਚਲੇ ਤੱਤ ਨੂੰ ਅਮਲੀ ਜੀਵਨ ਦਾ ਹਿੱਸਾ ਨਹੀਂ ਬਣਾਇਆ ਜਾਂਦਾ:

ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ॥[51]

ਅਖੀਰ ਵਿਚ ਗੁਰਬਾਣੀ ਸਿਧਾਂਤ ਦ੍ਰਿੜ ਕਰਾਇਆ ਗਿਆ ਹੈ ਕਿ ਸਤਿਗੁਰੂ ਤੋਂ ਬਗੈਰ ਪਰਮਪਦਿ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਜਿਨ੍ਹਾਂ ਨੇ ਸਤਿਗੁਰੂ ਨੂੰ ਧਾਰਨ ਕਰ ਲਿਆ ਉਹ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਗਏ।

**ਅਲਾਹੁਣੀਆਂ:** ਇਹ ਪੰਜਾਬੀ ਦਾ ਇਕ ਕਾਵਿ ਰੂਪ ਹੈ ਜਿਸ ਦੀ ਵਰਤੋਂ ਸ਼ੋਕ ਜਾਂ ਮਾਤਮ ਦੇ ਸਮੇਂ ਕੀਤੀ ਜਾਂਦੀ ਹੈ। ਗੁਰੂ ਸਾਹਿਬਾਨ ਨੇ ਇਸ ਕਾਵਿ ਰੂਪ ਰਾਹੀਂ ਵੈਰਾਗਮਈ ਬਾਣੀ ਦਾ ਉਚਾਰਨ ਕੀਤਾ ਹੈ। ਦੁਨਿਆਵੀ ਮੌਤ ਤੋਂ ਪਰੇ ਵਿਅਕਤੀ ਦੇ ਮਨ ਨੂੰ ਪ੍ਰਭੂ-ਪ੍ਰੀਤ ਨਾਲ ਜੋੜਨ ਦਾ ਉਪਰਾਲਾ ਕੀਤਾ ਗਿਆ ਹੈ ਅਤੇ ਏਸੇ ਨੂੰ ਸੱਚੀ ਮੌਤ ਵੀ ਕਿਹਾ ਗਿਆ ਹੈ। ਵਡਹੰਸ ਰਾਗ ਦੇ ਇਸ ਕਾਵਿ ਰੂਪ ਅਧੀਨ ਗੁਰੂ ਨਾਨਕ ਦੇਵ ਅਤੇ ਗੁਰੂ ਅਮਰਦਾਸ ਦੀ ਬਾਣੀ ਦਰਜ ਹੈ। ਗੁਰੂ ਅਮਰਦਾਸ ਦੁਆਰਾ ਰਚਿਤ ਇਸ ਬਾਣੀ ਦੇ ਛੇ-ਛੇ ਤੁਕਾਂ ਵਾਲੇ ਚਾਰ ਪਦੇ ਦਰਜ ਕੀਤੇ ਮਿਲਦੇ ਹਨ। ਗੁਰੂ ਜੀ ਦੁਆਰਾ ਰਚਿਤ ਇਸ ਬਾਣੀ ਦਾ ਮਨੋਰਥ ਸਹਿਜ ਅਵਸਥਾ ਰਾਹੀਂ ਪ੍ਰਭੂ ਪ੍ਰਾਪਤੀ ਦਾ ਮਾਰਗ ਧਾਰਨ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਪਰਮਾਤਮਾ ਨੇ ਇਸ ਜਗਤ ਨੂੰ ਪੈਦਾ ਕੀਤਾ ਹੈ ਅਤੇ ਇਸ ਵਿਚ ਵਿਦਮਾਨ ਮਨੁੱਖੀ ਜੀਵ ਗੁਰੂ ਤੋਂ ਬਗੈਰ ਗਿਆਨ ਹਾਸਲ ਨਹੀਂ ਕਰ ਸਕਦਾ, ਭਾਵ ਦੁਨਿਆਵੀ ਪਦਾਰਥਾਂ ਵਿਚ ਖਚਿਤ ਰਹਿੰਦਾ ਹੈ ਅਤੇ ਮਨ ਭਟਕਦਾ ਰਹਿੰਦਾ ਹੈ, ਪਰ ਜਦੋਂ ਗੁਰੂ ਰਾਹੀਂ ਸਹਿਜ ਮਾਰਗ ਧਾਰਨ ਕਰਦਾ ਹੈ ਤਾਂ ਜੀਵਨ ਅਧਿਆਤਮਿਕ ਵਿਕਾਸ ਦੀ ਦਿਸ਼ਾ ਵੱਲ ਜਾਂਦਾ ਹੈ:

ਆਪੇ ਦੇਇ ਪਿਆਰੋ ਸਹਿਜ ਵਾਪਾਰੋ ਗੁਰਮੁਖਿ ਜਨਮੁ ਸਵਾਰੇ॥[52]



**ਅਨੰਦੁ:** ਰਾਮਕਲੀ ਰਾਗ ਵਿਚ ਇਹ ਗੁਰੂ ਅਮਰਦਾਸ ਦੀ ਇਕ ਮਹੱਤਵਪੂਰਨ ਰਚਨਾ ਹੈ ਜਿਸ ਦੀਆਂ ਚਾਲੀ ਪਉੜੀਆਂ ਹਨ। ਪਹਿਲੀਆਂ ਪੰਜ ਅਤੇ ਇਕ ਆਖ਼ਰੀ ਪਉੜੀ ਜੋੜ ਕੇ ਸੰਖਿਪਤ ਅਨੰਦੁ ਸਾਹਿਬ ਸਮੂਹ ਖ਼ੁਸ਼ੀ-ਗਮੀ ਦੇ ਮੌਕਿਆ 'ਤੇ ਅਰਦਾਸ ਤੋਂ ਪਹਿਲਾਂ ਪੜ੍ਹਿਆ ਜਾਂਦਾ ਹੈ। ਇਹ ਬਾਣੀ ਅੰਮ੍ਰਿਤ ਸੰਚਾਰ ਅਤੇ ਨਿਤਨੇਮ ਦੀਆਂ ਬਾਣੀਆਂ ਵਿਚ ਨਿਰੰਤਰ ਪੜ੍ਹੀ ਜਾਂਦੀ ਹੈ। ਅੰਮ੍ਰਿਤ ਸੰਚਾਰ ਵੇਲੇ ਇਸ ਦਾ ਪੂਰਨ ਪਾਠ ਹੁੰਦਾ ਹੈ ਪਰ ਨਿਤਨੇਮ ਵਿਚ ਆਮ ਤੌਰ 'ਤੇ ਇਸ ਦਾ ਸੰਖਿਪਤ ਰੂਪ ਪੜ੍ਹਿਆ ਜਾਂਦਾ ਹੈ। ਸਿੱਖ ਪਰੰਪਰਾ ਅਨੁਸਾਰ ਇਸ ਬਾਣੀ ਦੀ ਰਚਨਾ ਗੁਰੂ ਜੀ ਨੇ ਆਪਣੇ ਪੋਤੇ (ਮੋਹਰੀ ਦੇ ਪੁੱਤਰ) ਦੇ ਜਨਮ ਸਮੇਂ ਕੀਤੀ ਸੀ। ਇਸ ਬਾਣੀ ਵਿਚ ਸਰੀਰ ਅਤੇ ਮਨ ਦੀਆਂ ਸਮੂਹ ਕਿਰਿਆਵਾਂ ਨੂੰ ਪਰਮਾਤਮਾ ਦੇ ਨਾਮ-ਸਿਮਰਨ ਤੇ ਕੇਂਦਰਤ ਕਰਨ ਦੀ ਤਾਕੀਦ ਕੀਤੀ ਗਈ ਹੈ। ਅਖੀਰ ਵਿਚ ਪ੍ਰਭੂ-ਪ੍ਰਾਪਤੀ ਹੋ ਜਾਣ ਤੇ ਸਮੂਹ ਇੱਛਾਵਾਂ ਦੀ ਪ੍ਰਾਪਤੀ ਅਤੇ ਸਮੂਹ ਦੁੱਖਾਂ ਤੋਂ ਮੁਕਤੀ ਦੀ ਗੱਲ ਕਹੀ ਗਈ ਹੈ:

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥[53]

**ਵਾਰ ਸਤ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਲੇਖ 'ਬਿਲਾਵਲ ਮਹਲਾ 3 ਵਾਰ 7' ਆਇਆ ਹੈ ਜੋ ਕਿ ਹਫ਼ਤੇ ਦੇ ਸੱਤ ਦਿਨਾਂ ਨੂੰ ਆਧਾਰ ਬਣਾ ਕੇ ਪੇਸ਼ ਕੀਤੀ ਰਚਨਾ ਵੱਲ ਸੰਕੇਤ ਕਰਦਾ ਹੈ। ਇਸ ਸਿਰਲੇਖ ਅਧੀਨ ਆਈ ਸਮੁੱਚੀ ਬਾਣੀ ਦਸ-ਦਸ ਪਦਿਆਂ ਦੇ ਦੋ ਜੁੱਟਾਂ ਵਿਚ ਆਈ ਹੈ। ਦੋਵਾਂ ਦਾ ਸੰਬੰਧ ਹਫ਼ਤੇ ਦੇ ਸੱਤ ਦਿਨਾਂ ਨਾਲ ਹੈ। ਫਰਕ ਕੇਵਲ ਇਤਨਾ ਕੁ ਹੈ ਕਿ ਪਹਿਲੇ ਜੁੱਟ ਵਿਚ ਦਰਜ ਬਾਣੀ ਦੇ ਪਦੇ ਹਫ਼ਤੇ ਦੇ ਨਾਮ ਨਾਲ ਅਰੰਭ ਹੁੰਦੇ ਹਨ। ਸਮੁੱਚੀ ਰਚਨਾ ਵਿਚ ਇਸ ਗੱਲ ਵੱਲ ਸੰਕੇਤ ਕੀਤਾ ਗਿਆ ਹੈ ਕਿ ਸ਼ੁਭ ਜਾਂ ਅਸ਼ੁਭ ਕਾਰਜ ਦਾ ਹਫ਼ਤੇ ਦੇ ਕਿਸੇ ਦਿਨ ਨਾਲ ਕੋਈ ਵਿਸ਼ੇਸ਼ ਸੰਬੰਧ ਨਹੀਂ ਅਤੇ ਵਿਅਕਤੀ ਦਾ ਆਵਾਗਉਣ ਕਰਮ ਨਾਲ ਜੁੜਿਆ ਹੋਇਆ ਹੈ। ਹਫ਼ਤੇ, ਮਹੀਨੇ, ਸਾਲ ਵਿਚ ਆਉਣ ਵਾਲੇ ਦਿਨ, ਥਿਤਾਂ, ਰੁਤਾਂ ਆਦਿ ਬਦਲਦੀਆਂ ਰਹਿੰਦੀਆਂ ਹਨ; ਇਹ ਵਿਅਕਤੀ ਦੇ ਕਰਮ ਅਤੇ ਅਧਿਆਤਮਿਕ ਜੀਵਨ ਨੂੰ ਨਹੀਂ ਬਦਲ ਸਕਦੀਆਂ, ਕੇਵਲ ਪਰਮਾਤਮਾ ਦਾ ਨਾਮ ਅਤੇ ਗੁਰੂ ਦੇ ਸ਼ਬਦ ਦੀ ਸੋਝੀ ਮਨੁੱਖੀ ਜੀਵਨ ਵਿਚ ਤਬਦੀਲੀ ਲਿਆ ਸਕਦੀ ਹੈ:

ਪੰਦ੍ਰਹ ਥਿਤੀ ਤੈ ਸਤ ਵਾਰ॥
ਮਾਹਾ ਰੁਤੀ ਆਵਹਿ ਵਾਰ ਵਾਰ॥
ਦਿਨਸੁ ਰੈਣਿ ਤਿਵੈ ਸੰਸਾਰੁ॥
ਆਵਾ ਗਉਣੁ ਕੀਆ ਕਰਤਾਰਿ॥
ਨਿਹਚਲੁ ਸਾਚੁ ਰਹਿਆ ਕਲ ਧਾਰਿ॥
ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ॥[54]

**ਵਾਰ ਸੂਹੀ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਇਹ ਰਚਨਾ 'ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ 3' ਸਿਰਲੇਖ ਅਧੀਨ ਦਰਜ ਹੈ। ਸਿਰਲੇਖ ਤੋਂ ਪ੍ਰਤੀਤ ਹੁੰਦਾ ਹੈ ਕਿ ਇਸ ਰਚਨਾ ਦਾ ਸੰਬੰਧ ਕੇਵਲ ਗੁਰੂ ਅਮਰਦਾਸ ਨਾਲ ਹੈ, ਪਰ ਅਜਿਹਾ ਨਹੀਂ। ਇਸ ਵਾਰ ਵਿਚ ਪੰਜ-ਪੰਜ ਤੁਕਾਂ ਦੀਆਂ ਵੀਹ ਪਉੜੀਆਂ ਦਰਜ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਅਤੇ ਗੁਰੂ ਅੰਗਦ ਦੇਵ ਦੀ ਬਾਣੀ ਵੀ ਦਰਜ ਹੈ। ਸਿਰਲੇਖ ਤੋਂ ਇਹ ਵੀ ਗਿਆਤ ਹੁੰਦਾ ਹੈ ਕਿ ਇਸ ਵਾਰ ਵਿਚ ਪਉੜੀਆਂ ਨਾਲ ਸਲੋਕ ਵੀ ਦਰਜ ਕੀਤੇ ਹੋਏ ਹਨ, ਜਿਨ੍ਹਾਂ ਵਿਚ ਵਧੇਰੇ ਗਿਣਤੀ ਗੁਰੂ ਨਾਨਕ ਦੇਵ ਦੇ ਸਲੋਕਾਂ ਦੀ ਹੈ।

ਇਸ ਬਾਣੀ ਵਿਚ ਗੁਰੂ ਅਮਰਦਾਸ ਦੱਸਦੇ ਹਨ ਕਿ ਪਰਮਾਤਮਾ ਦੁਆਰਾ ਸਿਰਜੀ ਗਈ ਧਰਤੀ ਧਰਮ ਕਮਾਉਣ ਦਾ ਸਥਾਨ ਭਾਵ ਧਰਮਸਾਲ ਹੈ। ਇਥੇ ਵਿਅਕਤੀ ਨੂੰ ਦੁਨਿਆਵੀ ਪਦਾਰਥਾਂ ਵਿਚ ਖਚਿਤ ਹੋਣ ਦੀ ਬਜਾਏ ਪਰਮਪਦ ਦੀ ਪ੍ਰਾਪਤੀ ਲਈ ਯਤਨ ਕਰਨਾ ਚਾਹੀਦਾ ਹੈ। ਭਾਵੇਂ ਕਿ ਗੁਰਬਾਣੀ ਵਿਚ ਸਭ ਰੰਗ ਪਰਮਾਤਮਾ ਦੀ ਸਿਰਜਣਾ ਮੰਨੇ ਗਏ ਹਨ ਪਰ ਗੁਰੂ ਅਮਰਦਾਸ ਸੂਹੇ ਰੰਗ ਨੂੰ ਦੁਨਿਆਵੀ ਪਦਾਰਥਾਂ ਦੇ ਪ੍ਰਤੀਕ ਵਜੋਂ ਪੇਸ਼ ਕਰਦੇ ਹੋਏ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਇਹ ਵੇਸ, ਭਾਵ ਦੁਨਿਆਵੀ ਪਦਾਰਥਾਂ ਦਾ ਸੰਗ੍ਰਹਿ, ਹਉਮੈਂ ਦਾ ਪ੍ਰਤੀਕ ਹੈ ਅਤੇ ਇਸ ਵੇਸ ਨੂੰ ਉਤਾਰ ਕੇ ਪ੍ਰਭੂ-ਗੁਣ ਰੂਪੀ ਰਤਨਾਂ ਨਾਲ ਮਨ ਨੂੰ ਸ਼ਿੰਗਾਰਨਾ ਅਤੇ ਸਾਧਣਾ ਚਾਹੀਦਾ ਹੈ ਤਾਂ ਹੀ ਵਿਅਕਤੀ ਹਲਤ ਅਤੇ ਪਲਤ ਵਿਚ ਪ੍ਰਵਾਨ ਚੜ੍ਹਦਾ ਹੈ:

- ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ॥
  ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ॥[55]
- ਸੂਹਾ ਵੇਸੁ ਗਇਆ ਹਉਮੈ ਵਿਚਹੁ ਮਾਰਿ॥
  ਮਨ ਤਨੁ ਰਤਾ ਲਾਲੁ ਹੋਆ ਰਸਨਾ ਰਤੀ ਗੁਣ ਸਾਰਿ॥[56]

**ਗੂਜਰੀ ਕੀ ਵਾਰ:** 22 ਪਉੜੀਆਂ ਸੰਯੁਕਤ ਇਹ ਵਾਰ 'ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ' 'ਤੇ ਗਾਉਣ ਦਾ ਆਦੇਸ਼ ਹੈ। ਇਕੋ ਭਾਈਚਾਰੇ ਨਾਲ ਸੰਬੰਧਿਤ ਸਿਕੰਦਰ ਅਤੇ ਇਬਰਾਹੀਮ ਨੇਕੀ ਅਤੇ ਬਦੀ ਦੇ ਗੁਣਾਂ ਦਾ ਪ੍ਰਤੀਕ ਹਨ। ਇਬਰਾਹੀਮ ਇਕ ਬ੍ਰਾਹਮਣ ਦੀ ਸੁੰਦਰ ਸਜ-ਵਿਆਹੀ ਇਸਤ੍ਰੀ ਨੂੰ ਬੁਰੀ ਨਜ਼ਰ ਨਾਲ ਦੇਖਦਾ ਹੈ। ਬ੍ਰਾਹਮਣ ਡਰ ਕੇ ਸਿਕੰਦਰ ਦੀ ਸ਼ਰਣ ਚਲਾ ਜਾਂਦਾ ਹੈ ਅਤੇ ਸਹਾਇਤਾ ਲਈ ਬੇਨਤੀ ਕਰਦਾ ਹੈ। ਸਿਕੰਦਰ ਇਬਰਾਹੀਮ ਤੇ ਹਮਲਾ ਕਰਕੇ ਉਸ ਨੂੰ ਫੜ ਲੈਂਦਾ ਹੈ ਅਤੇ ਪਛਤਾਵਾ ਕਰਨ ਤੇ ਛੱਡ ਦਿੰਦਾ ਹੈ। ਸਿਕੰਦਰ ਨੇਕੀ ਦਾ ਪ੍ਰਤੀਕ ਹੈ ਅਤੇ ਇਬਰਾਹੀਮ ਬਦ-ਰੁਚੀਆਂ ਛੱਡ ਕੇ ਨੇਕੀ ਦੀ ਸ਼ਰਣ ਆ ਕੇ ਬਚ ਜਾਂਦਾ ਹੈ। ਢਾਡੀ ਇਸ ਵਾਰ ਨੂੰ ਗਾਉਂਦੇ ਹਨ। ਇਸ ਵਾਰ ਦੀ ਧੁਨੀ ਗੁਰਬਾਣੀ ਵਿਚ ਗੁਰਮੁਖ ਤੇ ਮਨਮੁਖ ਦੇ ਦਵੰਦ ਨੂੰ ਪੇਸ਼ ਕਰਦੀ ਹੈ ਕਿ ਜੇਕਰ ਮਨਮੁਖ ਗੁਰੂ ਦੇ ਦਰਸਾਏ ਮਾਰਗ ਅਨੁਸਾਰ ਗੁਰਮੁਖ



ਬਣਨ ਦਾ ਉਪਰਾਲਾ ਕਰਦਾ ਹੈ ਤਾਂ ਬਚ ਸਕਦਾ ਹੈ ਨਹੀਂ ਤਾਂ ਦੁਨਿਆਵੀ ਭਵਸਾਗਰ ਵਿਚ ਗੋਤੇ ਲਾਉਂਦਾ ਰਹਿੰਦਾ ਹੈ।

ਪੰਜ-ਪੰਜ ਤੁਕਾਂ ਵਾਲੀਆਂ 22 ਪਉੜੀਆਂ ਵਿਚ ਹਰ ਪਉੜੀ ਨਾਲ ਦੋ-ਦੋ ਸਲੋਕ ਹਨ। ਇਸ ਵਾਰ ਵਿਚ ਪਰਮਾਤਮਾ ਦੀ ਇੱਕਤਾ, ਗੁਰੂ, ਸ਼ਬਦ, ਨਾਮ ਸਿਮਰਨ, ਨਿਮਰਤਾ, ਮੁਕਤੀ ਆਦਿ ਦਾ ਵਰਨਨ ਕਰਨ ਦੇ ਨਾਲ-ਨਾਲ ਮਾਇਆ, ਮਮਤਾ, ਪਾਪ ਅਤੇ ਹਉਮੈਂ ਦਾ ਜ਼ਿਕਰ ਮਿਲਦਾ ਹੈ। ਗੁਰਬਾਣੀ ਨੂੰ ਮਨੁੱਖ ਜਾਤੀ ਦੇ ਉਧਾਰ ਲਈ ਸਰਵੋਤਮ ਪ੍ਰੇਰਨਾ ਸਰੋਤ ਮੰਨਿਆ ਗਿਆ ਹੈ। ਗੁਰੂ ਅਮਰਦਾਸ ਬਾਣੀ ਨੂੰ ਨਿਰੰਕਾਰ ਦਾ ਸਰੂਪ ਦੱਸਦੇ ਹੋਏ ਕਹਿੰਦੇ ਹਨ ਕਿ ਇਸ ਤੋਂ ਉਪਰ ਹੋਰ ਕੁਝ ਵੀ ਨਹੀਂ ਹੈ:

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨਾ ਕੋਇ॥[57]

ਮਨੁੱਖੀ ਜੀਵਨ ਵਿਚ ਰਹਿੰਦੇ ਹੋਏ ਸ਼ਬਦ-ਪ੍ਰੀਤ ਅਤੇ ਭਾਣਾ, ਨੀਚ ਨੂੰ ਉੱਚਤਾ ਪ੍ਰਦਾਨ ਕਰਨ ਵਿਚ ਸਹਾਈ ਹੁੰਦੇ ਹਨ। ਇਸ ਵਾਰ ਦਾ ਮੁੱਖ ਵਿਸ਼ਾ ਮਨਮੁਖ ਨੂੰ ਗੁਰਮੁਖ ਮਾਰਗ 'ਤੇ ਤੋਰਨਾ ਹੈ।

**ਰਾਮਕਲੀ ਕੀ ਵਾਰ:** ਇਹ ਵਾਰ 'ਜੋਧੈ ਵੀਰੈ ਪੂਰਬਾਣੀ ਕੀ ਧੁਨੀ' ਉਪਰ ਗਾਉਣ ਦਾ ਆਦੇਸ਼ ਹੈ। ਇਹਨਾਂ ਯੋਧਿਆਂ ਦਾ ਜੀਵਨ ਅਜ਼ਾਦੀ ਅਤੇ ਸੰਜਮ ਵਾਲਾ ਸੀ। ਪੂਰਵਾਣ ਰਾਜਪੂਤ ਦੇ ਦੋ ਬਹਾਦਰ ਪੁੱਤਰਾਂ ਜੋਧਾ ਅਤੇ ਵੀਰਾ ਨੇ ਬਾਦਸ਼ਾਹ ਅਕਬਰ ਦੀ ਈਨ ਨਹੀਂ ਮੰਨੀ ਅਤੇ ਬਹਾਦਰਾਂ ਵਾਂਗ ਲੜਦੇ ਹੋਏ ਸ਼ਹੀਦ ਹੋ ਗਏ। ਢਾਡੀ ਇਹਨਾਂ ਬਹਾਦਰਾਂ ਦੀ ਵਾਰ ਗਾਉਂਦੇ ਹਨ ਜਿਨ੍ਹਾਂ ਨੇ ਦੁਨਿਆਵੀ ਬਾਦਸ਼ਾਹ ਦੀ ਅਧੀਨਗੀ ਮੰਨਣ ਨਾਲੋਂ ਲੜ-ਮਰਨ ਨੂੰ ਤਰਜੀਹ ਦਿੱਤੀ। ਇਸ ਵਾਰ ਦੀਆਂ ਪੰਜ-ਪੰਜ ਤੁਕਾਂ ਵਾਲੀਆਂ ਇੱਕੀ ਪਉੜੀਆਂ ਹਨ ਜਿਨ੍ਹਾਂ ਨਾਲ ਸਲੋਕ ਦਰਜ ਕੀਤੇ ਮਿਲਦੇ ਹਨ। ਇਸ ਵਾਰ ਵਿਚ ਗੁਰੂ ਅਮਰਦਾਸ ਨੇ 'ਸੰਸਾ ਅਤੇ ਸਹਿਜ' ਸ਼ਬਦਾਂ ਦਾ ਵਿਸਤਾਰ ਕਰਦੇ ਹੋਏ ਦੱਸਿਆ ਹੈ ਕਿ ਸੰਸਾ ਵਿਅਕਤੀ ਦੇ ਬੰਧਨ ਅਤੇ ਭਟਕਣ ਦਾ ਕਾਰਜ ਕਰਦਾ ਹੈ ਜਦੋਂ ਕਿ ਸਹਿਜ ਟਿਕਾਉ ਅਤੇ ਸ਼ਾਂਤੀ ਦਾ ਪ੍ਰਤੀਕ ਹੈ। ਸਹਿਜ ਵਿਚ ਵਿਅਕਤੀ ਨੂੰ ਪਰਮਾਤਮਾ ਦੀ ਰਚਨਾ ਅਤੇ ਹਸਤੀ ਦਾ ਗਿਆਨ ਹੁੰਦਾ ਹੈ ਜੋ ਉਸਦੇ ਮਨ ਵਿਚ ਪ੍ਰੇਮ, ਸੰਤੋਖ, ਦਇਆ ਅਤੇ ਨਿਮਰਤਾ ਜਿਹੇ ਗੁਣਾਂ ਦਾ ਸੰਚਾਰ ਕਰਦਾ ਹੈ। ਗੁਰਬਾਣੀ ਵਿਚ ਸਹਿਜ ਵਿਚ ਰਹਿਣ ਵਾਲੇ ਮਨੁੱਖ ਨੂੰ ਗੁਰਮੁਖ ਕਿਹਾ ਗਿਆ ਹੈ ਜੋ ਪ੍ਰਭੂ-ਬਖ਼ਸ਼ਿਸ਼ ਦਾ ਪਾਤਰ ਬਣਦਾ ਹੈ। ਅਗਿਆਨਤਾ ਅਤੇ ਅੰਧਕਾਰ ਦੇ ਪ੍ਰਤੀਕ ਸੰਸਾਯੁਕਤ ਮਨੁੱਖ ਨੂੰ ਮਨਮੁਖ ਕਿਹਾ ਗਿਆ ਹੈ ਜੋ ਆਪਣਾ ਮਾਰਗ ਚੁਣਦਾ ਹੈ ਅਤੇ ਪ੍ਰਭੂ-ਵਿਛੋੜੇ ਵਿਚ ਦੁਨਿਆਵੀ ਭਟਕਣ ਵਿਚ ਪਿਆ ਰਹਿੰਦਾ ਹੈ। ਗੁਰੂ ਅਮਰਦਾਸ ਕਹਿੰਦੇ ਹਨ ਕਿ ਸਤਿਗੁਰ ਦੀ ਸ਼ਰਣ ਗ੍ਰਹਿਣ ਕਰਨ ਨਾਲ ਸੰਸਾ ਨਵਿਰਤ ਹੋ ਜਾਂਦਾ ਹੈ ਅਤੇ ਪ੍ਰਭੂ-ਕਿਰਪਾ ਸਦਕਾ ਪਰਮਪਦਿ ਦੀ ਪ੍ਰਾਪਤੀ ਸੰਭਵ ਹੋ ਸਕਦੀ ਹੈ:

ਭਰਮਿ ਭੁਲਾਈ ਸਭੁ ਜਗੁ ਫਿਰੀ ਫਾਵੀ ਹੋਈ ਭਾਲਿ॥
ਸੋ ਸਹੁ ਸਾਂਤਿ ਨ ਦੇਵਈ ਕਿਆ ਚਲੈ ਤਿਸੁ ਨਾਲਿ॥
ਗੁਰ ਪਰਸਾਦੀ ਹਰਿ ਧਿਆਈਐ ਅੰਤਰਿ ਰਖੀਐ ਉਰ ਧਾਰਿ॥
ਨਾਨਕ ਘਰਿ ਬੈਠਿਆ ਸਹੁ ਪਾਇਆ ਜਾ ਕਿਰਪਾ ਕੀਤੀ ਕਰਤਾਰਿ॥[58]

**ਮਾਰੂ ਕੀ ਵਾਰ:** 'ਮਾਰੂ ਵਾਰ ਮਹਲਾ 3' ਸਿਰਲੇਖ ਅਧੀਨ ਇਸ ਬਾਣੀ ਤੋਂ ਪ੍ਰਤੀਤ ਹੁੰਦਾ ਹੈ ਕਿ ਇਸ ਵਾਰ ਵਿਚ ਵੀ ਗੁਰੂ ਅਮਰਦਾਸ ਦੁਆਰਾ ਰਚਿਤ ਬਾਣੀ ਹੀ ਦਰਜ ਹੋਵੇਗੀ, ਪਰ ਅਜਿਹਾ ਨਹੀਂ ਹੈ। ਇਸ ਬਾਣੀ ਦਾ ਅਰੰਭ ਗੁਰੂ ਨਾਨਕ ਦੇਵ ਦੇ ਸਲੋਕ ਨਾਲ ਹੁੰਦਾ ਹੈ। ਇਸ ਰਚਨਾ ਵਿਚ ਦਰਜ 47 ਸਲੋਕਾਂ ਵਿਚੋਂ ਗੁਰੂ ਨਾਨਕ ਦੇਵ ਦੇ 18, ਗੁਰੂ ਅੰਗਦ ਦੇਵ ਦਾ ਇਕ, ਗੁਰੂ ਅਮਰਦਾਸ ਦੇ 23, ਗੁਰੂ ਰਾਮਦਾਸ ਦੇ 3 ਅਤੇ ਗੁਰੂ ਅਰਜਨ ਦੇਵ ਦੇ 2 ਸਲੋਕ ਸ਼ਾਮਲ ਹਨ। ਇਸ ਵਾਰ ਦੀਆਂ 22 ਪਉੜੀਆਂ ਹਨ ਅਤੇ ਹਰ ਪਉੜੀ ਦੀਆਂ ਪੰਜ-ਪੰਜ ਤੁਕਾਂ ਹਨ, ਅਖੀਰਲੀ ਪਉੜੀ ਛੇ ਤੁਕਾਂ ਦੀ ਹੈ। ਜਿਵੇਂ ਪਉੜੀਆਂ ਵਿਚ ਤੁਕਾਂ ਦੀ ਗਿਣਤੀ ਲਗ-ਪਗ ਇਕ ਸਮਾਨ ਹੈ ਉਸ ਤਰ੍ਹਾਂ ਦਾ ਨਿਯਮ ਸਲੋਕਾਂ ਤੇ ਲਾਗੂ ਨਹੀਂ ਹੈ। ਸਲੋਕਾਂ ਵਿਚ ਤੁਕਾਂ ਦੀ ਗਿਣਤੀ ਵੱਧ-ਘੱਟ ਹੈ।

ਇਹ ਰਚਨਾ ਅਧਿਆਤਮਿਕ ਉੱਚਤਾ ਗ੍ਰਹਿਣ ਕਰਨ ਤੇ ਜ਼ੋਰ ਦਿੰਦੀ ਹੈ। ਗੁਰੂ ਅਮਰਦਾਸ ਕਹਿੰਦੇ ਹਨ ਕਿ ਗੁਣਾਂ ਨੂੰ ਗ੍ਰਹਿਣ ਕਰ ਕੇ ਅਤੇ ਔਗੁਣਾਂ ਨੂੰ ਦੂਰ ਕਰਦੇ ਹੋਏ ਅਧਿਆਤਮਿਕ ਉੱਚਤਾ ਦਾ ਮਾਰਗ ਧਾਰਨ ਕੀਤਾ ਜਾ ਸਕਦਾ ਹੈ। ਔਗੁਣ ਗਲੇ ਦੀਆਂ ਜ਼ੰਜੀਰਾਂ ਵਾਂਗ ਹਨ ਜੋ ਮਨ ਨੂੰ ਬੁਰਾਈਆਂ ਤੋਂ ਮੁਕਤ ਨਹੀਂ ਹੋਣ ਦਿੰਦੇ। ਪ੍ਰਭੂ-ਸਿਮਰਨ ਅਤੇ ਸੰਤੋਖ ਦਾ ਮਾਰਗ ਧਾਰਨ ਕਰ ਕੇ ਸੱਚ ਨਾਲ ਜੁੜਿਆ ਜਾ ਸਕਦਾ ਹੈ। ਇਸ ਰਚਨਾ ਵਿਚ ਗੁਰੂ ਅਮਰਦਾਸ ਖਰੇ-ਖੋਟੇ ਦੀ ਪਛਾਣ ਦਾ ਸਰੋਤ ਹਿਰਦੇ ਵਿਚ ਵਿਦਮਾਨ ਪਰਮਾਤਮਾ ਦੇ ਸਰੂਪ ਨੂੰ ਮੰਨਦੇ ਹਨ ਜਿਸ ਤੱਕ ਗੁਰੂ ਦੇ ਸਬਦ ਰਾਹੀਂ ਪਹੁੰਚਿਆ ਜਾ ਸਕਦਾ ਹੈ:

ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ॥
ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ॥
ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ॥
ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ॥[59]

ਗੁਰੂ ਅਮਰਦਾਸ ਦਾ ਜੀਵਨ ਅਤੇ ਬਾਣੀ ਮਨੁੱਖ ਨੂੰ ਦੁਨਿਆਵੀ ਭਵਸਾਗਰ ਵਿਚੋਂ ਹੰਸ ਵਾਂਗ ਮੋਤੀ ਚੁਗਣ ਦੀ ਪ੍ਰੇਰਨਾ ਕਰਦੇ ਹਨ ਜੋ ਕਿ ਅਕਾਲ ਪੁਰਖ, ਗੁਰੂ, ਸਬਦ ਦੀ ਵੀਚਾਰ, ਨਾਮ ਸਿਮਰਨ ਆਦਿ 'ਤੇ ਆਧਾਰਿਤ ਸੇਵਾ, ਸਬਰ, ਸੰਤੋਖ, ਦਯਾ, ਧਰਮ, ਧੀਰਜ ਵਰਗੇ ਗੁਣਾਂ ਰਾਹੀਂ ਪ੍ਰਗਟ ਹੁੰਦੇ ਹਨ।

**ਹਵਾਲੇ:**



1. ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ ॥
ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ ॥
ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ ॥
ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ ॥
ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ ॥
ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ ॥
ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1394.
2. ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1396.
3. Basarke Gillan, village 12 km southwest of Amritsar on the Chheharta-Jhabal link road, is sacred to Guru Amardas, Nanak III, who was born here on 5 May 1469.
Harbans Singh (ed.-in-chief), *Encyclopaedia of Sikhism*, Punjabi University Patiala, vol. I, p. 296.
4. ਭਲਉ ਪ੍ਰਸਿਧੁ ਤੇਜੋ ਤਨੌ ਕਲ੍ਯ ਜੋੜਿ ਕਰ ਧ੍ਯਾਇਅਓ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1393.
ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1396.
5. ਮਾਤਾ ਲਖੋ ਦੇ ਉਦਰੋਂ ਚਾਨਣੇ ਪੱਖ।
ਜਨਮੇ ਸ੍ਰੀ ਅਮਰਦਾਸ ਪੂਰਨ ਪ੍ਰਤੱਖ।
ਖੇਸਰ ਸਿੰਘ ਛਿਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਪਿਆਰਾ ਸਿੰਘ ਪਦਮ (ਸੰਪਾ.), ਚਰਣ 3.9.
6. Harbans Singh (ed.-in-chief), *Encyclopaedia of Sikhism*, Punjabi University, Patiala, vol. I, p. 87.
7. ਗੁਰੂ ਜੀ "ਸਣਖੱਤ੍ਰੇ ਪਿੰਡ ਦੇਵੀ ਚੰਦ ਬਹਿਲ ਖਤ੍ਰੀ ਦੀ ਬੇਟੀ ਰਾਮ ਕੌਰ ਨਾਲ ਬਿਆਹੇ ਗਏ, ਜਿਨ੍ਹਾਂ ਦਾ ਸੁਹਰਾ ਨਾਮ ਮਨਸਾ ਦੇਈ ਰੱਖਿਆ ਗਿਆ।" ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖ਼ਾਲਸਾ, ਭਾਗ ਪਹਿਲਾ, ਪੰਨਾ 335; ਸੰਮਤ ਪੰਦ੍ਹਾਂ

ਸੈ ਇਕ ਘਟਿ ਨੱਬੇ। ਬਿਆਹ ਕੀਤਾ ਅਮਰਦਾਸ ਤਬੇ। ਮਾਤਾ ਮਨਸਾ ਦੇਵੀ ਧਾਮ ਆਏ। ਕੇਸਰ ਸਿੰਘ ਛਿਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, (ਸੰਪਾ.) ਪਿਆਰਾ ਸਿੰਘ ਪਦਮ, ਚਰਣ 3.11.

8. ਤੀਰਥ ਕੈ ਤਪਸਾ ਕਰਹਿਂ ਅਬ ਸਮੋ ਹਮਾਰਾ।
ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 1, ਅੰਸੂ 14, ਪੰਨਾ 1367.

9. ਇਤਯਾਦਿਕ ਤਰਕਤਿ ਰਿਦੈ ਪੁਨ ਨਿਸ਼ਚੈ ਕੀਨਾ।
ਸੇਵਨਿ ਗੰਗਾ ਕੋ ਕਰਹਿਂ ਕਲਿ ਮਹਿਂ ਅਘ ਛੀਨਾ।
ਖਸ਼ਟ ਮਾਸ ਕੋ ਪ੍ਰਨ ਕਰਯੋ ਬਾਹਨ ਬਿਨੁ ਚਾਲੇ।
ਸੁਰਸਰਿ ਨੀਰ ਸ਼ਨਾਨਹੀ ਧਰਿ ਹਰਖ ਬਿਸਾਲੇ।
ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 1, ਅੰਸੂ 14, ਪੰਨੇ 1367-68;
ਗੰਗਾ ਸੇਵਨ ਬ੍ਰਤ ਮਨ ਕਰਾ। ਬਰਖ ਮਾਹ ਜਾਤ੍ਰਾ ਦੁਇਧਰਾ। ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ-1, ਸਾਖੀ 2.9.5, ਪੰਨਾ 106.

10. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ-1, ਸਾਖੀ 2.9.16, ਪੰਨਾ 107.

11. ਉਹੀ, ਸਾਖੀ 2.9.20, ਪੰਨਾ 107.

12. ਬੀਬੀ ਅਮਰੋ ਜੀ ਤਬ ਜਾਗੀ। ਮੁਖ ਕਰ ਪਦ ਧੋਇ ਭਜਨ ਅਨਰਾਗੀ।
ਯਹ ਜੁਗਤ ਅਮਰ ਸਾਹਿਬ ਜਦ ਦੇਖੀ। ਜਾਨੀ ਬੀਬੀ ਭਗਤ ਬਿਸੇਖੀ।
ਗੁਰਬਾਨੀ ਬੀਬੀ ਪਾਠ ਮੁਖ ਕਰੀ। ਸੁਨੀ ਸਾਹਿਬ ਹਿਰਦੇ ਸਭ ਧਰੀ।
ਪੁਲਕਿਓ ਤਨ ਗਦ ਗਦ ਮਨ ਭਇਆ। ਜਿਸ ਲਛਮਨ ਮੁਖ ਅੰਮ੍ਰਿਤ ਪਇਆ।
ਚਿਤਵਨ ਮਿਟੀ ਭਈ ਮਨਆਸਾ। ਲੇ ਸੁਅਾਂਤ-ਬੂੰਦ ਚਾਤ੍ਰਕ ਗਈ ਪਿਆਸਾ।
ਇਹ ਸਬਦੁ ਸੰਪੂਰਨ ਬੀਬੀ ਪੜਾ। ਸਾਹਿਬ ਸੁਨੇ ਓਲੇ ਹੋਇ ਖਵਾ।
ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ-1, ਸਾਖੀ 2.9.37-39, ਪੰਨਾ 109.

13. ਸੁਨਤਿ ਅਮਰ ਬੋਲੇ ਬਹੁਰ 'ਦੁਹਿਤਾ' ਸੁਨਿ ਲੀਜੈ।
ਮੇਰੇ ਪਰ ਉਪਕਾਰ ਇਹੁ ਕਰੁਨਾ ਕਰਿ ਕੀਜੈ।



ਲੇਹੁ ਸੰਗ ਤਹਿਂ ਕੋ ਚਲਹੁ ਦਿਹੁ ਮੋਹਿ ਮਿਲਾਈ।
ਦਰਸ਼ਨ ਕੀ ਪਯਾਸਾ ਲਗੀ ਅਬ ਰਹਯੋ ਨ ਜਾਈ।
ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 1, ਅੰਸੂ 15, ਪੰਨਾ 1374.

14. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ-1, ਸਾਖੀ 2.9.53, ਪੰਨਾ 110.

15. ਤਾਰਨ ਸਿੰਘ, ਗੁਰੂ ਅਮਰਦਾਸ: ਜੀਵਨ ਰਚਨਾ ਤੇ ਸਿੱਖਿਆ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ 6.

16. ਸੋ ਤਪ ਫਲ ਅਬ ਕਲੀ ਕਾਲ ਮਹਿਂ ਸਤਿ ਸੰਗਤਿ ਸੇਵਨ ਕਰਿਯੰਤਿ।
ਜਲ ਢੋਵਨਿ ਅਰ ਲਕਰੀ ਲਯਾਵਨਿ ਕਰਨ ਬੀਜਨੋ ਪ੍ਰਭੁ ਸਿਮਰੰਤਿ।
ਚਰਨ ਪਖਾਰਨਿ ਅੰਨਿ ਪਕਾਵਨਿ ਇੱਤਯਾਦਿ ਜੇਤਿਕ ਹੈਂ ਆਨਿ।
ਮਿਲਿ ਸਤਿਸੰਗ ਕਰਨ ਜੋ ਸੇਵਾ ਅਧਿਕ ਤਪਨ ਫਲ ਹੋਹਿ ਮਹਾਨ।
ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 1, ਅੰਸੂ 16, ਪੰਨਾ 1377.

17. ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 1, ਅੰਸੂ 16, ਪੰਨਾ 1382.

18. ਤੁਮ ਹੋ ਨਿਥਾਵੇ ਥਾਓ। ਦੇਹੋ ਨਿਮਾਨੇ ਮਾਨ।
ਨਿਹ-ਓਟ ਓਟ ਤੁਮਾਰ। ਨਿਧਰਿਆ ਧਿਰ ਸੁਖ-ਸਾਰ।
ਤੁਮ ਦਿਆਲ ਗਈ ਬਹੋੜ। ਸਭ ਜਗਤ ਬੰਦੀ ਛੋੜ।
ਭੰਨਨ ਘੜਨ ਸਮਰਥ। ਜਗ ਰਿਜਕ ਤੁਮਰੇ ਹਥ।
ਬਰ ਅਸਟ ਦੀਏ ਦਿਆਲ।
ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ 1, ਸਾਖੀ 2.9.88-90, ਪੰਨਾ 114.

19. ਬਲਬੀਰ ਸਿੰਘ ਦਿਲ, ਅਮਰ ਕਵੀ ਗੁਰੂ ਅਮਰਦਾਸ, ਪੰਨਾ 39.

20. ਗੁਰਮੁਖਿ ਬਰਦਾਯਉ ਉਲਟਿ ਗੰਗ ਪਸ੍ਚਮਿ ਧਰੀਆ॥
ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1393.

21. ਸੁਨਿ ਪੁਰਖਾ ਸ੍ਰੀ ਅਮਰ ਸੁ ਪਧਾਰੇ। ਅਬਿ ਤੁਮ ਬੈਠਹੁ ਥਾਨ ਹਮਾਰੇ।

ਰਾਜ ਜੋਗ ਕੋ ਮਹਦ ਸਿੰਘਾਸਨ। ਤਿਸ ਪਰ ਸ਼ੋਭਹ ਕਰਿਹੁ ਪ੍ਰਕਾਸ਼ਨ।
ਕਹਿ ਪਹਿਰਾਏ ਬਸਤ੍ਰ ਨਵੀਨ। ਤਿਲਕ ਭਾਲ ਨਿਜ ਕਰ ਸੋਂ ਕੀਨਿ।
ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 1, ਅੰਸੂ 27, ਪੰਨਾ 1427.

22. ਵਾਰਾਂ ਭਾਈ ਗੁਰਦਾਸ, ਵਾਰ 1.46.
23. ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 1, ਅੰਸੂ 27, ਪੰਨਾ 1428.
24. ਕਿਹਾ ਜਾਂਦਾ ਹੈ ਕਿ ਗੋਂਦੇ (ਗੋਇੰਦਾ) ਨਾਂ ਦੇ ਇਕ ਮਰਵਾਹੇ ਖਤ੍ਰੀ ਸਿੱਖ ਨੇ ਗੁਰੂ ਅੰਗਦ ਦੇਵ ਨੂੰ ਬੇਨਤੀ ਕੀਤੀ ਸੀ ਕਿ ਸਾਡੇ ਵੱਡਿਆਂ ਦਾ ਇਕ ਥੇਹ ਹੈ। ਮੈਂ ਓਤੇ ਪਿੰਡ ਵਸਾਉਣਾ ਚਾਹੁੰਦਾ ਹਾਂ ਪਰ ਸਫ਼ਲਤਾ ਨਹੀਂ ਮਿਲਦੀ, ਤੁਸੀਂ ਸਹਾਇਤਾ ਕਰੋ ਤਾਂ ਵੱਸ ਜਾਏ। ਗੁਰੂ ਜੀ ਨੇ ਉਸ ਦੀ ਬੇਨਤੀ ਮੰਨ ਕੇ (ਗੁਰੂ) ਅਮਰਦਾਸ ਨੂੰ ਉਹ ਪਿੰਡ ਵਸਾਉਣ ਲਈ ਕਿਹਾ। ਗੁਰੂ ਦੇ ਆਦੇਸ਼ ਦਾ ਪਾਲਣ ਕਰਦੇ ਹੋਏ (ਗੁਰੂ) ਅਮਰਦਾਸ ਨੇ ਇਹ ਪਿੰਡ ਵਸਾਇਆ ਸੀ। ਉਹਨਾਂ ਨੇ ਆਪਣੇ ਪੁੱਤਰ ਮੋਹਨ, ਮੋਹਰੀ ਅਤੇ ਭਤੀਜੇ ਆਦਿਕ ਪਰਿਵਾਰ ਦੇ ਮੈਂਬਰ ਬਾਸਰਕੇ ਤੋਂ ਬੁਲਾ ਕੇ ਇਥੇ ਵਸਾ ਦਿੱਤੇ ਸਨ।
ਦੇਖੋ ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਭਾਗ ਪਹਿਲਾ, ਪੰਨਾ 315.
25. ਵਾਰਾਂ ਭਾਈ ਗੁਰਦਾਸ, ਵਾਰ 1.38
26. ਭਾਈ ਵੀਰ ਸਿੰਘ, ਸ੍ਰੀ ਅਸ੍ਰ ਗੁਰ ਚਮਤਕਾਰ, ਭਾਗ 2, ਪੰਨਾ 144.
27. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ-1, ਸਾਖੀ 3.2.8, ਪੰਨਾ 153.
28. ਸਤਿਬੀਰ ਸਿੰਘ, ਪਰਬਤ ਮੇਰਾਣੁ, ਪੰਨਾ 50.
29. ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 967.
30. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 968.
31. ਜੋ ਬਰਨ ਬਿਭੇਦ ਪ੍ਰਸਾਦਿ ਨ ਖਾਇ। ਸਤਿਗੁਰ ਕੋ ਦਰਸਨ ਨਹੀਂ ਪਾਇ।
ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ 1, ਸਾਖੀ 3.2.15, ਪੰਨਾ 153; ਪ੍ਰਥਮ ਦੇਗ ਮਹਿ ਜਾਇਕੇ ਭੋਜਨ ਕੋ ਖਾਵੈ।
ਪੁਨ ਦਰਸ਼ਨ ਗੁਰ ਕੋ ਕਰਹਿ ਚਲਿ ਕਰਿ ਢਿਗ ਜਾਵੈ।
ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 2, ਅੰਸੂ 30, ਪੰਨਾ 1442.



32. ਦ੍ਰਿੜ ਪ੍ਰਤੀਤ ਧਰਿ ਦਰਸ਼ਨ ਆਯੋ। ਪ੍ਰਿਥਮ ਦੇਗ ਤੇ ਭੋਜਨ ਖਾਯੋ।
ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 2, ਅੰਸੂ 54, ਪੰਨੇ 1556-57.
33. ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ॥
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 639.
34. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1260.
35. ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਭਾਗ ਪਹਿਲਾ, ਪੰਨਾ 327.
36. ਉਹੀ, ਪੰਨਾ 321.
37. ਉਹੀ, ਪੰਨੇ 324-25.
38. ਉਹੀ, ਪੰਨੇ 327-28.
39. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 787.
40. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਪੰਨੇ 846-47.
41. ਕੁਲਵਿੰਦਰ ਸਿੰਘ ਬਾਜਵਾ (ਸੰਪਾ.), ਮਹਿਮਾ ਪ੍ਰਕਾਸ਼ ਵਾਰਤਕ, ਸਾਖੀ 41, ਪੰਨਾ 86; ਸਤਿਗੁਰੁ ਤੀਰਥ ਰਚਹਿੰ ਸੁ ਬਾਪੀ। ਫਲਦਾਯਕ ਜਹਿੰ ਉਧਰਹਿੰ ਪਾਪੀ।
ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪੰਜਵੀਂ, ਰਾਸਿ 1, ਅੰਸੂ 51, ਪੰਨਾ 1542.
42. "ਤਬ ਬਾਉਲੀ ਕੇ ਪਥਰ ਕੋ ਤੋੜਨੇ ਕੇ ਵਾਸਤੇ ਮਾਨਕ ਚੰਦ ਖਤ੍ਰੀ ਜਾਤ ਪਥਰੀਆ ਥਾ, ਸਿਖ ਥਾ। ਉਸ ਕੋ ਬਚਨ ਹੋਆ। ਮਾਨਕ ਚੰਦ ਤੂੰ ਜਾ ਕਰ ਤੋੜ, ਤੇਰੇ ਸੋ ਤੂਟੈਗਾ। ਤਬ ਮਾਨਕ ਚੰਦ ਬਚਨ ਮਾਨ ਕਰ ਜਾਇ ਕਰ ਕੁੰਦਾਲਾ ਪਥਰ ਪਰ ਮਾਰਾ ਤਬ ਜਲ ਅਮੋਘ ਨਿਕਸਿਆ।"
ਕੁਲਵਿੰਦਰ ਸਿੰਘ ਬਾਜਵਾ (ਸੰਪਾ.), ਮਹਿਮਾ ਪ੍ਰਕਾਸ਼ ਵਾਰਤਕ, ਸਾਖੀ 37, ਪੰਨਾ 80.
43. ਚਾਰ ਵਰਨ ਕੋ ਪੂਜ ਪੁਜਾਵੋ।

ਕਾਹੁ ਕੋ ਮਸਤਕ ਨਹੀਂ ਨਿਵਾਵੋ।
ਸੰਕਾ ਇਹ ਹਮਰੇ ਮਨ ਆਈ।
ਕਰ ਦਇਆ ਬੁਝਾਵੋ ਸੰਕ ਮਿਟਾਈ।
ਸੁਨੀ ਦਇਆਲ ਯਹ ਯਹ ਬਚਨ ਉਚਾਰਾ।
ਤੁਮ ਪੰਡਤ ਬਿਦਿਆ ਕੇ ਆਧਾਰਾ।
ਗੁਰ-ਮਹਮਾ ਤੁਮ ਜਾਨੋ ਨਾਹੀ।
ਸੋ ਜਾਨੇ ਜੋ ਗੁਰ ਭਗਤ ਕਮਾਹੀ।
ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ 1, ਸਾਖੀ 3.8. 39-40, ਪੰਨਾ 191.

44. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ 1, ਸਾਖੀ 3.8. 39-40, ਪੰਨਾ 192.

45. ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥
ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ॥
ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ॥...
ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥
ਮਾਰਗਿ ਪੰਥ ਚਲੇ ਗੁਰ ਸਤਿਗੁਰ ਸੰਗਿ ਸਿਖਾ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1116.

46. ਆਪ ਦਾ ਪਹਿਲਾ ਨਾਮ ਭਾਈ ਜੇਠਾ ਸੀ। ਆਪ ਦਾ ਜਨਮ ਪਿਤਾ ਹਰਿਦਾਸ ਅਤੇ ਮਾਤਾ ਦਯਾ ਕੌਰ ਦੇ ਘਰ ਚੂਨਾ ਮੰਡੀ ਲਾਹੌਰ ਵਿਖੇ ਹੋਇਆ। ਛੋਟੀ ਉਮਰ ਵਿਚ ਮਾਤਾ-ਪਿਤਾ ਦੇ ਦੇਹਾਂਤ ਉਪਰੰਤ ਯਤੀਮ ਹੋਣ ਤੇ ਨਾਨੀ ਕੋਲ ਬਾਸਰਕੇ ਪਿੰਡ ਆ ਗਏ ਜਿਹੜੀ ਕਿ ਇਹਨਾਂ ਨੂੰ ਗੋਇੰਦਵਾਲ ਲੈ ਆਈ। ਇਥੇ ਪਹੁੰਚ ਕੇ ਇਹਨਾਂ ਨੇ ਗੁਰਮਤਿ ਅਨੁਸਾਰੀ ਵਨਜਾਚ ਧਾਰਨ ਕੀਤੀ ਅਤੇ ਗੁਰੂ ਅਮਰਦਾਸ ਦੇ ਪਿਆਰ ਅਤੇ ਸਤਿਕਾਰ ਦੇ ਪਾਤਰ ਬਣੇ। ਆਪ ਦੀ ਸੇਵਾ, ਮਿਹਨਤ ਅਤੇ ਲਗਨ ਨੂੰ ਧਿਆਨ ਵਿਚ ਰੱਖਦੇ ਹੋਏ ਗੁਰੂ ਅਮਰਦਾਸ ਨੇ ਪਹਿਲਾਂ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਅਨੰਦ ਕਾਰਜ ਇਹਨਾਂ ਨਾਲ ਕਰ ਦਿੱਤਾ ਫਿਰ ਗੁਰਗੱਦੀ ਦਾ ਉਤਰਾਧਿਕਾਰੀ ਥਾਪ ਕੇ ਸਿੱਖੀ ਨੂੰ ਅੱਗੇ ਤੋਰਨ ਦਾ ਕਾਰਜ ਸੌਂਪਿਆ।

47. ਰਾਮਦਾਸ ਨਾਮ ਪ੍ਰਭ ਧਰਾ।
ਥੀਨ ਲੋਕ ਕਾ ਸੁਆਮੀ ਕਰਾ।



ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ 1, ਸਾਖੀ 3.32.13, ਪੰਨਾ 273.

48. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਖੰਡ 1, ਸਾਖੀ 3.32, 11, ਪੰਨਾ 273.
49. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 923.
50. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 435.
51. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 584.
52. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 922.
53. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 842.
54. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 786.
55. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 787.
56. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 515.
57. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 948.
58. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1092.

# ਗੁਰੂ ਅਮਰਦਾਸ ਬਾਣੀ ਦਾ ਅੰਤਰ-ਧਰਮ ਸੂਝ ਤੇ ਸਹਿਹੋਂਦ ਪ੍ਰਤੀ ਨਜ਼ਰੀਆ:ਇਕ ਅਧਿਐਨ

**ਡਾ. ਅਮਰਜੀਤ ਸਿੰਘ***

ਆਧੁਨਿਕ ਮਨੁੱਖੀ ਸਮਾਜ ਨੂੰ ਸਮਾਜਿਕ, ਸਭਿਆਚਾਰਕ, ਆਰਥਿਕ ਤੇ ਧਾਰਮਿਕ ਪੱਖ ਤੋਂ ਦਰਪੇਸ਼ ਸਮੱਸਿਆਵਾਂ ਕਾਰਣ ਸਮਾਜ ਸ਼ਾਸ਼ਤਰੀ ਅਤੇ ਵਿਚਾਰਵਾਨ ਬਹੁਤ ਚਿੰਤਤ ਹਨ। ਉਨ੍ਹਾਂ ਦੀ ਰਾਇ ਹੈ ਕਿ ਜੇ ਸਿਲਸਿਲਾ ਇਸ ਪ੍ਰਕਾਰ ਹੀ ਚਲਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਸ ਧਰਤੀ ਤੋਂ ਮਨੁੱਖ ਦਾ ਨਾਮੋ-ਨਿਸ਼ਾਨ ਸਦਾ ਲਈ ਮਿਟ ਜਾਵੇਗਾ। ਮੌਜੂਦਾ ਦੌਰ ਦੇ ਵਿਸ਼ਵੀਕਰਨ ਤੇ ਖਪਤਮੁਖੀ ਵਰਤਾਰੇ ਨੇ ਮਨੁੱਖ ਦੇ ਸਮਾਜਿਕ ਜੀਵਨ ਵਿਚ ਅਸੰਤੋਸ਼ ਤੇ ਬੇਗਾਨਗੀ ਨੂੰ ਵਧਾਇਆ ਹੈ ਤੇ ਉਹ ਮਾਨਸਿਕ ਪੱਖੋਂ ਅਸ਼ਾਂਤ ਜੀਵਨ ਬਸਰ ਕਰ ਰਿਹਾ ਹੈ। ਸੂਚਨਾ ਤਕਨੀਕ ਤੇ ਸੰਚਾਰ ਦੇ ਵਿਕਸਿਤ ਸਾਧਨਾਂ ਦੀ ਤੇਜ਼ ਰਫਤਾਰ ਨੇ ਮਨੁੱਖੀ ਮਨ ਦੀ ਸਹਿਜਤਾ ਉਤੇ ਨਕਾਰਾਤਮਕ ਪ੍ਰਭਾਵ ਪਾਏ ਹਨ। ਵਿਗਿਆਨ ਅਤੇ ਤਕਨੀਕੀ ਵਿਕਾਸ ਦੁਆਰਾ ਮਨੁੱਖਤਾ ਨੂੰ ਪ੍ਰਸੰਨਤਾ ਤੇ ਸੁੱਖੀ ਜੀਵਨ ਪ੍ਰਦਾਨ ਕਰਨ ਦੀ ਬਣੀ ਧਾਰਨਾ ਹੁਣ ਗਲਤ ਸਾਬਤ ਹੋ ਰਹੀ ਹੈ। ਦੁਨਿਆਵੀ ਪਦਾਰਥਾਂ ਵਿਚ ਖਚਿਤ ਹੋਇਆ ਮਨੁੱਖ ਆਪਣੀਆਂ ਸਮਾਜਿਕ ਤੇ ਮਾਨਸਿਕ ਸਮੱਸਿਆਵਾਂ ਦੇ ਹਲ ਲਈ ਧਰਮ ਦੇ ਸਹਾਰੇ ਦੀ ਭਾਲ ਵਿਚ ਹੈ।

ਚਿੰਤਕ ਇਸ ਗਲ ਨਾਲ ਸਹਿਮਤ ਹਨ ਕਿ ਨੈਤਿਕ ਕਦਰਾਂ ਕੀਮਤਾਂ ਹੀ ਮਨੁੱਖੀ ਭਾਈਚਾਰੇ ਦਾ ਕਲਿਆਣ ਕਰ ਸਕਦੀਆਂ ਹਨ। ਅਜਿਹੀ ਸਥਿਤੀ ਵਿਚ ਧਰਮ ਨੂੰ ਉਸਾਰੂ ਭੂਮਿਕਾ ਨਿਭਾਉਣੀ ਪਵੇਗੀ। ਪਰ ਦੂਜੇ ਪਾਸੇ ਧਰਮ ਦੇ ਨਾਮ ਉਤੇ ਅੰਤਰ ਧਰਮ ਤੇ ਵੱਖ-ਵੱਖ ਧਰਮਾਂ ਵਿਚਕਾਰ ਟਕਰਾਅ ਤੇ ਤਕਰਾਰ, ਅਸਹਿਣਸ਼ੀਲਤਾ ਤੇ ਖਿਚੋਤਾਣ ਵਾਲੀ ਸਥਿਤੀ ਕਾਰਣ ਹਾਲਾਤ ਵਿਸਫੋਟਕ ਰੂਪ ਧਾਰਨ ਕਰ ਚੁੱਕੇ ਹਨ। ਧਰਮਾਂ ਵਿਚ ਮਿਲਵਰਤਣ, ਅੰਤਰ-ਧਰਮ ਸੰਵਾਦ ਤੇ ਆਪਸੀ ਸਹਿਹੋਂਦ ਦੇ ਮਾਰਗ ਉਤੇ ਚਲ ਕੇ ਹੀ ਧਰਮਾਂ ਤੇ ਸਭਿਅਤਾਵਾਂ ਵਿਚਕਾਰ ਬਣੀ ਤਣਾਅ ਪੂਰਵਕ ਸਥਿਤੀ ਵਿਚ ਸੁਧਾਰ ਲਿਆਂਦਾ ਜਾ ਸਕਦਾ ਹੈ।

ਅੰਤਰ-ਧਰਮ ਸੰਵਾਦ ਦਾ ਮੁੱਖ ਉਦੇਸ਼ ਵੱਖ-ਵੱਖ ਧਰਮਾਂ ਵਿਚ ਪਰਸਪਰ ਸਤਿਕਾਰ ਅਤੇ ਸਹਿਣਸ਼ੀਲਤਾ ਨੂੰ ਸਥਾਪਿਤ ਕਰਨਾ ਹੈ। ਇਸ ਰਾਹੀਂ ਧਾਰਮਿਕ ਸ਼੍ਰੇਸ਼ਟਤਾ ਦੀਆਂ ਕਠੋਰ ਪਰਤਾਂ ਨੂੰ ਖਤਮ ਕਰਕੇ ਅੰਤਰ-ਧਰਮ ਵਿਸ਼ਵਾਸ਼ ਅਤੇ ਅੰਤਰ-ਜਾਤੀ ਏਕਤਾ ਤੇ

***ਸੈਂਟਰ ਆਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**



ਇਕਸੁਰਤਾ ਦੀ ਭਾਵਨਾ ਪੈਦਾ ਕੀਤੀ ਜਾ ਸਕਦੀ ਹੈ। ਸੁਹਿਰਦ ਅੰਤਰ-ਧਰਮ ਸੰਵਾਦ ਕੇਵਲ ਸਾਧਾਰਣ ਰੂਪ ਵਿਚ ਵਿਚਾਰਾਂ ਦੇ ਆਦਾਨ-ਪ੍ਰਦਾਨ ਤੱਕ ਸੀਮਤ ਨਹੀਂ ਸਗੋਂ ਇਹ ਦੂਜਿਆਂ ਦੇ ਵਿਸ਼ਵਾਸ਼ ਤੇ ਅਧਿਕਾਰਾਂ ਦੇ ਸਤਿਕਾਰ ਤੇ ਰੱਖਿਆ ਪ੍ਰਤੀ ਸੁਹਿਰਦ ਜ਼ਿੰਮੇਵਾਰੀ ਦਾ ਅਹਿਸਾਸ ਹੈ। ਬੇਗ਼ਾਨੇ ਪ੍ਰਤੀ ਅਜਿਹਾ ਦ੍ਰਿਸ਼ਟੀਕੋਣ ਤੇ ਵਿਹਾਰ ਬਹੁਭਾਂਤੀ ਤੇ ਖੁਲ੍ਹੇ-ਡੁਲ੍ਹੇ ਵਿਚਾਰਾਂ ਦੀ ਮੰਗ ਕਰਦਾ ਹੈ।

ਧਾਰਮਿਕ-ਸਹਿਹੋਂਦ ਲਈ ਸ਼ਾਂਤਮਈ ਤੇ ਮਿੱਤਰਤਾ ਵਾਲੇ ਰਿਸ਼ਤੇ ਲਾਜ਼ਮੀ ਹਨ ਜਿਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਅੰਤਰ-ਧਰਮ ਸੰਵਾਦ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਸੰਵਾਦ ਦੌਰਾਨ ਵਿਚਾਰਾਂ ਦਾ ਅਦਾਨ-ਪ੍ਰਦਾਨ ਮਨੁੱਖ ਦੇ ਗਿਆਨ ਅਤੇ ਤਜ਼ਰਬੇ ਦੇ ਸੀਮਤ ਘੇਰੇ ਨੂੰ ਵਿਸ਼ਾਲਤਾ ਪ੍ਰਦਾਨ ਕਰਦਾ ਹੈ। ਗੁਰਬਾਣੀ ਅੰਦਰ 'ਕਹੁ ਨਾਨਕ ਸੁਣਿ ਭਰਥਰਿ ਜੋਗੀ', 'ਸੁਣਿ ਭਰਥਰਿ ਨਾਨਕੁ ਕਹੈ', 'ਸੁਣਿ ਮਾਛਿੰਦ੍ਰਾ ਨਾਨਕੁ ਬੋਲੈ', 'ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ', 'ਨਾਨਕੁ ਬੋਲੈ ਸੁਣਿ ਬੈਰਾਗੀ', 'ਚਰਪਟੁ ਬੋਲੈ ਅਉਧੂ ਨਾਨਕ', 'ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ', 'ਸੁਣਿ ਪੰਡਿਤ ਕਰਮਾ ਕਾਰੀ', 'ਸੁਣਿ ਪਾਡੇ ਕਿਆ ਲਿਖਹੁ ਜੰਜਾਲਾ', 'ਪੰਡਿਤ ਸੁਣਿ ਸਿਖੁ ਸਚੁ', 'ਸੁਣਿ ਸਿਖਵੰਤੇ', 'ਸੁਣਿ ਸਜਣ ਜੀ' ਆਦਿ ਦਰਜ਼ ਕਥਨ ਸਿੱਖ ਧਰਮ ਦੇ ਗ਼ੈਰ-ਧਰਮਾਂ ਨਾਲ ਸੰਵਾਦ ਰਚਾਉਣ ਦੀ ਖੁਲਦਿਲੀ ਦਾ ਪ੍ਰਗਟਾਵਾ ਕਰਦੇ ਹਨ।

ਗੁਰੂ ਨਾਨਕ ਦੇਵ ਅੰਤਰ-ਧਰਮ ਸੰਵਾਦ ਦੇ ਮੋਢੀ ਮੰਨੇ ਜਾ ਸਕਦੇ ਹਨ। ਗੁਰੂ ਸਾਹਿਬ ਨੇ ਸਮਾਜ ਵਿਚ ਜਾਤ-ਪਾਤ, ਛੂਤ-ਛਾਤ, ਸੁੱਚ-ਭਿਟ, ਈਰਖਾ, ਦਵੈਸ਼, ਨਫਰਤ ਆਦਿ ਪ੍ਰਬਲ ਰੂਪ ਧਾਰਨ ਕਰ ਚੁੱਕੀਆਂ ਬੁਰਾਈਆਂ ਨੂੰ ਸੁਧਾਰਨ ਹਿਤ ਸਮਕਾਲੀ ਧਰਮਾਂ ਦੇ ਪ੍ਰਸਿੱਧ ਧਾਰਮਿਕ ਅਸਥਾਨਾਂ ਉਤੇ ਪਹੁੰਚ ਕੇ ਉਥੋਂ ਦੇ ਧਾਰਮਿਕ ਮੁਖੀਆਂ ਨਾਲ ਗੋਸ਼ਟੀਆਂ ਕੀਤੀਆਂ। ਗੁਰੂ ਸਾਹਿਬ ਵਲੋਂ ਲੋਕਾਂ ਦੇ ਮਨਾਂ ਵਿਚੋਂ ਨਫਰਤ ਅਤੇ ਵਿਤਕਰਿਆਂ ਦੀਆਂ ਵੰਡੀਆਂ ਨੂੰ ਮਿਟਾ ਕੇ ਆਪਸੀ ਪਿਆਰ, ਮਿਲਵਰਤਨ, ਏਕਤਾ, ਬਰਾਬਰੀ ਦੀਆਂ ਭਾਵਨਾਵਾਂ ਦੇ ਸੰਚਾਰ ਲਈ ਭਰਪੂਰ ਉਪਰਾਲੇ ਕੀਤੇ। ਗੁਰੂ ਨਾਨਕ ਦੇਵ ਵਲੋਂ ਦੂਜੇ ਧਰਮਾਂ ਦੇ ਧਾਰਮਿਕ ਅਸਥਾਨਾਂ ਉਤੇ ਜਾ ਕੇ ਉਨ੍ਹਾਂ ਦੇ ਆਗੂਆਂ ਤੇ ਸ਼ਰਧਾਲੂਆਂ ਨਾਲ ਗੋਸ਼ਟੀ ਤੇ ਵਿਚਾਰ ਵਟਾਂਦਰਾ ਕਰਨ ਦੀ ਆਰੰਭ ਕੀਤੀ ਪਰੰਪਰਾ ਨੂੰ ਜਾਰੀ ਰੱਖਦਿਆਂ ਗੁਰੂ ਅਮਰਦਾਸ ਨੇ ਕੁਰੂਕਛੇਤਰ, ਹਰਿਦੁਆਰ ਆਦਿਕ ਅਸਥਾਨਾਂ ਦਾ ਦੌਰਾ ਕੀਤਾ ਅਤੇ ਜੋਗੀ, ਨਾਂਗੇ, ਸੰਨਿਆਸੀ, ਛੇ ਭੇਖਾਂ ਦੇ ਸਾਧੂਆਂ ਨਾਲ ਪ੍ਰਮਾਰਥਕ ਮੁੱਦਿਆਂ ਬਾਰੇ ਡੂੰਘੀਆਂ ਵੀਚਾਰਾਂ ਕੀਤੀਆਂ। ਗੁਰੂ ਸਾਹਿਬ ਦੇ ਇਸ ਉਪਰਾਲੇ ਦਾ ਜ਼ਿਕਰ ਗੁਰੂ ਰਾਮਦਾਸ ਨੇ ਤੁਖਾਰੀ ਰਾਗ ਦੇ ਛੰਤ ਵਿਚ ਕੀਤਾ ਹੈ।[1]

ਸੰਵਾਦ ਦੌਰਾਨ ਦੂਜੀ ਧਿਰ ਵਲੋਂ ਉਤੇਜਨਾ ਪੈਦਾ ਕਰਨ ਦੇ ਬਾਵਜੂਦ ਭਾਵਨਾਵਾਂ ਨੂੰ ਜਬਤ ਵਿਚ ਰੱਖਦਿਆਂ ਆਪਣਾ ਮਾਨਸਿਕ ਸੰਤੁਲਨ ਬਣਾਈ ਰੱਖਣ ਨਾਲ ਉਸਾਰੂ ਨਤੀਜੇ

ਹਾਸਲ ਹੋ ਸਕਦੇ ਹਨ। ਸੰਵਾਦ ਉਹ ਹੀ ਸੰਜੀਦਾ ਤੇ ਸਫਲ ਮੰਨਿਆ ਜਾ ਸਕਦਾ ਹੈ ਜਦੋਂ ਵਿਰੋਧੀ ਵੀ ਪ੍ਰਗਟਾਏ ਗਏ ਵਿਚਾਰਾਂ ਨਾਲ ਸਹਿਮਤੀ ਪ੍ਰਗਟਾ ਕੇ ਪ੍ਰਸ਼ੰਸਾ ਕਰਨ ਲਈ ਮਜਬੂਰ ਹੋ ਜਾਵੇ। ਸੰਵਾਦ ਮੌਕੇ ਪ੍ਰਸ਼ਨ ਕਰਨ ਵਾਲੇ ਨੂੰ ਅਗਿਆਨੀ ਜਾਂ ਮੂਰਖ ਨਹੀਂ ਸਮਝਣਾ ਚਾਹੀਦਾ ਸਗੋਂ ਉਸ ਦੇ ਗਿਆਨਵਾਨ ਹੋਣ ਦੀ ਪ੍ਰੋੜਤਾ ਫਿਰਾਕ-ਦਿਲੀ ਨਾਲ ਕੀਤੀ ਜਾਣੀ ਚਾਹੀਦੀ ਹੈ। ਵਿਰੋਧੀ ਧਿਰ ਦੇ ਵਿਸ਼ਵਾਸ਼ਾਂ ਤੇ ਵਿਚਾਰਧਾਰਾ ਨੂੰ ਸਨਮਾਨ ਦੇਣ ਨਾਲ ਭਰਾਤਰੀਭਾਵ ਤੇ ਧਾਰਮਿਕ ਰਵਾਦਾਰੀ ਨੂੰ ਮਜਬੂਤੀ ਮਿਲਦੀ ਹੈ। ਗੁਰੂ ਅਮਰਦਾਸ ਦੁਆਰਾ ਕਨਖਲ ਵਿਖੇ ਹਿੰਦੂ ਧਰਮ ਦੇ ਆਗੂਆਂ ਵਲੋਂ ਸੰਵਾਦ ਦੌਰਾਨ ਪੁਛੇ ਅਨੇਕਾਂ ਸਵਾਲਾਂ ਦੇ ਸਹਿਜ ਢੰਗ ਨਾਲ ਦਿਤੇ ਉਤਰਾਂ ਕਰਕੇ ਉਨ੍ਹਾਂ ਦੇ ਸਾਰੇ ਸ਼ੰਕਿਆਂ ਦੀ ਨਵਿਰਤੀ ਹੋ ਗਈ।[2]

ਦੂਜਿਆਂ ਦੀਆਂ ਭਾਵਨਾਵਾਂ ਤੇ ਜਜ਼ਬਾਤਾਂ ਨੂੰ ਆਦਰ-ਮਾਣ ਦੇਣਾ ਅੰਤਰ-ਧਰਮ ਸੰਵਾਦ ਦੀ ਮੁੱਢਲੀ ਸ਼ਰਤ ਹੈ। ਅੰਤਰ-ਧਰਮ ਸੰਵਾਦ ਗ਼ੈਰ-ਧਰਮਾਂ ਦੇ ਸਨਮਾਨ ਨੂੰ ਠੇਸ ਪਹੁੰਚਾਏ ਜਾਣ ਤੋਂ ਬਗੈਰ ਇਕ-ਦੂਜੇ ਨੂੰ ਸਮਝਣ/ਜਾਣਨ ਦਾ ਇਕ ਸਾਂਝਾ ਜਤਨ ਹੈ। ਸੰਜੀਦਾ ਅੰਤਰ-ਧਰਮ ਸੰਵਾਦ ਦੂਜਿਆਂ ਦੇ ਆਤਮ-ਸਨਮਾਨ ਤੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਪ੍ਰਵਾਨਦਾ ਹੈ ਤੇ ਇਸ ਨਾਲ ਭਰਮ ਤੇ ਦ੍ਵੈਤ-ਭਾਵਨਾ ਖਤਮ ਹੋ ਜਾਂਦੀ ਹੈ। ਸਿੱਖ ਧਰਮ ਗ੍ਰੰਥ ਦੀ ਵਿਚਾਰਧਾਰਾ ਸੰਕੀਰਨ ਨਹੀਂ ਇਸ ਕਰਕੇ ਹੀ ਇਥੇ ਵੱਖ-ਵੱਖ ਇਲਾਕਿਆਂ, ਧਰਮਾਂ, ਜਾਤਾਂ ਆਦਿ ਦੇ ਵਿਤਕਰਿਆਂ ਤੋਂ ਉਪਰ ਸਭ ਨੂੰ ਬਰਾਬਰ ਦਾ ਸਤਿਕਾਰ ਦਿਤਾ ਗਿਆ ਮਿਲਦਾ ਹੈ। ਗੁਰੂ ਅਮਰਦਾਸ ਦੀ ਬਾਣੀ ਅੰਦਰ ਬੁਲੰਦ ਆਵਾਜ਼ ਵਿਚ ਇਹ ਪੈਗਾਮ ਦਿਤਾ ਗਿਆ ਹੈ ਕਿ ਪ੍ਰਭੂ ਦੀ ਬੰਦਗੀ ਕਰਨ ਵਾਲੇ ਭਗਤ-ਜਨਾਂ ਦੇ ਇਲਾਹੀ ਬੋਲ ਹਰ ਕਾਲ ਵਿਚ ਸ਼ੋਭਾ ਪਾਉਂਦੇ ਹਨ। ਉਨ੍ਹਾਂ ਦੇ ਬੋਲ ਬ੍ਰਹਮ ਗਿਆਨ ਦੇ ਭੰਡਾਰ ਹੁੰਦੇ ਹਨ ਜਿਸ ਕਰਕੇ ਉਹ ਸਦੀਵਕਾਲ ਮਨੁਖੀ ਮਨਾਂ ਨੂੰ ਪ੍ਰਭਾਵਿਤ ਕਰਦੇ ਹਨ। ਗੁਰੂ ਸਾਹਿਬ ਸਿੱਖ ਧਰਮ ਦੇ ਗ਼ੈਰ-ਸੰਕੀਰਨ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਕਰਦਿਆਂ ਪ੍ਰਭੂ ਦੇ ਭਗਤਾਂ ਦੀ ਬਾਣੀ ਨੂੰ ਇਉਂ ਸਤਿਕਾਰ ਦਿੰਦੇ ਹਨ:

ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ॥[3]

ਗੁਰਬਾਣੀ ਅਨੁਸਾਰ ਹਉਮੈ ਦੀ ਭਾਵਨਾ ਆਪਣੇ ਆਪ ਨੂੰ ਦੂਜਿਆਂ ਤੋਂ ਸ੍ਰੇਸ਼ਟ ਤੇ ਉਤਮ ਸਮਝਣ ਦੇ ਭਰਮ ਵਿਚੋਂ ਪੈਦਾ ਹੁੰਦੀ ਹੈ। ਅਜਿਹੀ ਸੋਚ ਦਾ ਧਾਰਨੀ ਦੂਜਿਆਂ ਨੂੰ ਤੁਛ ਜਾਣਦਾ ਹੈ। ਅਭਿਮਾਨ ਤੇ ਹੰਕਾਰ ਵਿਚ ਗ੍ਰਸੇ ਮਨੁੱਖ ਨੂੰ ਦੂਜਿਆਂ ਦੇ ਚੰਗੇ ਪੱਖ ਨਜ਼ਰ ਨਹੀਂ ਆਉਂਦੇ। ਹਿੰਦੂ ਮਤ ਵਿਚ ਸਮਾਜ ਨੂੰ ਚਾਰ ਵਰਣਾਂ ਅਨੁਸਾਰ ਵੰਡਿਆ ਗਿਆ। ਜਨਮ ਅਨੁਸਾਰ ਨਿਰਧਾਰਤ ਕੀਤੀ ਜਾਤੀ ਪ੍ਰਥਾ ਨੇ ਬ੍ਰਾਹਮਣ ਨੂੰ ਉੱਚਾ ਰੁਤਬਾ ਦਿਤਾ ਤੇ ਉਹ ਜਾਤਿ ਅਭਿਮਾਨੀ ਬਣ ਗਿਆ। ਜਾਤਿ-ਪਾਤਿ ਅਧਾਰਿਤ ਮਨੁੱਖਤਾ ਦੀ ਕੀਤੀ ਗਈ ਇਸ ਵਰਗ ਵੰਡ ਨੇ ਸਮਾਜ ਵਿਚੋਂ ਇਕਸੁਰਤਾ, ਏਕਤਾ, ਇਤਫਾਕ ਦੇ ਜਰੂਰੀ ਗੁਣਾਂ ਨੂੰ ਖਤਮ ਕਰਕੇ



ਪਰਸਪਰ ਈਰਖਾ ਤੇ ਨਫਰਤ ਵਿਚ ਵਾਧਾ ਕੀਤਾ। ਸਭਨਾ ਨਾਲ ਸਮਾਨਤਾ ਵਾਲਾ ਵਰਤਾਉ ਕਰਨਾ ਅੰਤਰ ਧਰਮ ਸੰਵਾਦ ਤੇ ਸੂਝ ਦਾ ਮੁੱਖ ਲੱਛਣ ਹੈ। ਗੁਰੂ ਅਮਰਦਾਸ ਬਾਣੀ ਅੰਦਰ ਜਾਤਿ ਅਧਾਰਿਤ ਵਿਤਕਰਿਆਂ ਦਾ ਤਰਕਸ਼ੀਲ ਢੰਗ ਨਾਲ ਖੰਡਣ ਕਰਦੇ ਹਨ।[4] ਜਦੋਂ ਮਨੁੱਖ ਹਉਮੈ ਹੰਕਾਰ ਦੇ ਪ੍ਰਭਾਵ ਅਧੀਨ ਹੁੰਦਾ ਹੈ ਤਾਂ ਉਸ ਦਾ ਦੂਜਿਆਂ ਨਾਲ ਵਿਵਹਾਰ ਅਸਹਿਣਸ਼ੀਲ ਤੇ ਰੁੱਖਾ ਬਣ ਜਾਂਦਾ ਹੈ। ਫਿਰ ਉਸ ਦੇ ਬੋਲਾਂ ਵਿਚ ਮਧੁਰਤਾ ਤੇ ਨਿਮਰਤਾ ਨਹੀਂ ਰਹਿੰਦੀ। ਉਹ ਅਸੱਭਿਅਕ ਵਿਵਹਾਰ ਦਾ ਧਾਰਨੀ ਬਣ ਜਾਂਦਾ ਹੈ ਜਿਹੜਾ ਸੰਵਾਦ ਰਚਾਉਣ ਲਈ ਢੁੱਕਵਾਂ ਨਹੀਂ ਹੁੰਦਾ:

ਮਨ ਕੀ ਮਤਿ ਮਤਾਗਲੁ ਮਤਾ॥
ਜੋ ਕਿਛੁ ਬੋਲੀਐ ਸਭੁ ਖਤੋ ਖਤਾ॥[5]

ਦੂਜੇ ਪਾਸੇ ਨਿਮਰ ਸੁਭਾਅ ਤੇ ਮਿੱਠੇ ਬੋਲ ਪਿਆਰ ਤੇ ਮਿਤਰਤਾ ਦੀ ਭਾਵਨਾ ਨੂੰ ਵਧਾਉਂਦੇ ਹਨ:

ਗੰਢੁ ਪਰੀਤੀ ਮਿਠੇ ਬੋਲ ॥[6]

ਧਾਰਮਿਕ ਸੰਕੀਰਨਤਾ ਤੇ ਕੱਟੜਵਾਦੀ ਸੋਚ ਅਧੀਨ ਕੀਤੇ ਜਾਣ ਵਾਲੇ ਵਾਦ-ਵਿਵਾਦ ਅਮਨ ਤੇ ਭਾਈਚਾਰਕ ਸਾਂਝ ਲਈ ਗੰਭੀਰ ਖਤਰਾ ਬਣਦੇ ਹਨ। ਮਜ਼ਬੀ ਕੱਟੜਤਾ ਸਮਾਜ ਵਿਚ ਅਸ਼ਾਂਤੀ ਦਾ ਵਾਤਾਵਰਣ ਪੈਦਾ ਕਰਦੀ ਹੈ ਜਿਸ ਦੀ ਤਪਸ਼ ਨਾਲ ਪਰਸਪਰ ਪ੍ਰੇਮ-ਪਿਆਰ ਵਾਲਾ ਵਾਤਾਵਰਣ ਤੇ ਸਮਾਜਿਕ ਇਕਸੁਰਤਾ ਭੰਗ ਹੁੰਦੀ ਹੈ। ਭਗਤ ਕਬੀਰ ਵਾਦ-ਵਿਵਾਦ ਦੀ ਪ੍ਰਵਿਰਤੀ ਤੋਂ ਮੁਕਤ ਮਨੁੱਖ ਦੀ ਠੰਡੀ ਛਾਂ ਨਾਲ ਤੁਲਣਾ ਕਰਦੇ ਹਨ। ਜਿਵੇਂ ਗਰਮੀ ਨਾਲ ਪ੍ਰੇਸ਼ਾਨ ਹੋਇਆ ਮਨੁੱਖ ਛਾਂ ਵਿਚ ਜਾ ਕੇ ਸੁਖ ਚੈਨ ਮਹਿਸੂਸ ਕਰਦਾ ਹੈ ਉਵੇਂ ਹੀ ਗੁਰਮੁਖਾਂ ਦੀ ਸੰਗਤਿ ਵਿਚ ਜਾਣ ਨਾਲ ਮਨੁੱਖੀ ਮਨ ਨੂੰ ਆਤਮਿਕ ਸਕੂਨ ਤੇ ਸ਼ਾਂਤੀ ਮਿਲਦੀ ਹੈ:

ਕਬੀਰ ਤਰਵਰ ਰੂਪੀ ਰਾਮੁ ਹੈ ਫਲ ਰੂਪੀ ਬੈਰਾਗੁ॥
ਛਾਇਆ ਰੂਪੀ ਸਾਧੁ ਹੈ ਜਿਨਿ ਤਜਿਆ ਬਾਦੁ ਬਿਬਾਦੁ॥[7]

ਮਨੁੱਖ ਦੇ ਮਨ ਉਤੇ ਸਤਿਸੰਗਤ ਦਾ ਪ੍ਰਭਾਵ ਪ੍ਰਬਲ ਰੂਪ ਵਿਚ ਪੈਂਦਾ ਹੈ। ਚੰਗੀ ਸੰਗਤ ਮਨੁੱਖ ਦੀ ਸਖਸ਼ੀਅਤ ਨੂੰ ਸਦਗੁਣਾਂ ਦਾ ਧਾਰਨੀ ਬਣਾਉਂਦੀ ਹੈ ਜੋ ਉਸ ਦੇ ਮਨ ਵਿਚੋਂ ਸੰਕੀਰਨਤਾ ਨੂੰ ਬਾਹਰ ਕੱਢ ਕੇ ਵਿਸ਼ਾਲਤਾ ਪ੍ਰਦਾਨ ਕਰਦੇ ਹਨ। ਜਿਹੜਾ ਮਨ ਪਹਿਲਾਂ ਅਸਹਿਣਸ਼ੀਲ ਹੋਣ ਕਰਕੇ ਨਿਕੀ ਜਿਹੀ ਗਲ ਵੀ ਸਹਾਰਨ ਲਈ ਤਿਆਰ ਨਹੀਂ ਹੁੰਦਾ ਉਹ ਸੰਗਤ ਦੇ ਪ੍ਰਭਾਵ ਨਾਲ ਸਹਿਣਸ਼ੀਲ ਬਣ ਜਾਂਦਾ ਹੈ। ਗੁਰੂ ਅਰਜਨ ਦੇਵ ਸੰਗਤ ਦੇ ਪ੍ਰਭਾਵ ਨੂੰ ਇਨ੍ਹਾਂ ਬਚਨਾਂ ਰਾਹੀਂ ਰੂਪਮਾਨ ਕਰਦੇ ਹਨ:

ਏਕੁ ਬੋਲੁ ਭੀ ਖਵਤੋ ਨਾਹੀ ਸਾਧਸੰਗਤਿ ਸੀਤਲਈ॥[8]

ਦੂਜਿਆਂ ਵਿਚ ਉਕਾਈ ਵੇਖਣ ਵਾਲੀ ਦ੍ਰਿਸ਼ਟੀ ਦੋਸ਼ ਪੂਰਣ ਹੈ। ਗੁਰਬਾਣੀ ਅੰਦਰ

ਇਹ ਸੰਦੇਸ਼ ਮਿਲਦਾ ਹੈ ਕਿ ਕਿਸੇ ਨੂੰ ਵੀ ਚੰਗਾ ਜਾਂ ਮਾੜਾ ਨਹੀਂ ਆਖਿਆ ਜਾ ਸਕਦਾ ਕਿਉਂਕਿ ਸਭਨਾਂ ਵਿਚ ਪ੍ਰਭੂ ਦੀ ਜੋਤਿ ਬਿਰਾਜ ਰਹੀ ਹੈ:

ਬੁਰਾ ਭਲਾ ਕਹੁ ਕਿਸ ਨੋ ਕਹੀਐ ॥
ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ ॥ [9]

ਸਿਧ-ਗੋਸਟਿ ਬਾਣੀ ਤੋਂ ਸਪਸ਼ਟ ਹੁੰਦਾ ਹੈ ਕਿ ਸੰਵਾਦ ਮੌਕੇ ਆਪਣੇ ਸ਼ੰਕਿਆਂ ਦੀ ਨਵਿਰਤੀ ਲਈ ਪ੍ਰਸ਼ਨ ਜਾਂ ਇਤਰਾਜ਼ ਨੂੰ ਸਲੀਕੇ ਨਾਲ ਨਿਮਰਤਾ ਸਹਿਤ ਰੱਖਣ ਦੀ ਲੋੜ ਹੁੰਦੀ ਹੈ। ਸਵਾਲ ਦਾ ਉਤਰ ਦੇਣ ਵੇਲੇ ਵੀ ਸੰਜਮ ਤੇ ਧੀਰਜ ਬਣਾਈ ਰੱਖਣਾ ਜ਼ਰੂਰੀ ਹੈ। ਅਜਿਹਾ ਵਤੀਰਾ ਸਥਿਤੀ ਨੂੰ ਸੁਖਾਵਾਂ ਤੇ ਸੰਵਾਦ ਨੂੰ ਅਰਥ ਭਰਪੂਰ ਬਣਾਉਣ ਵਿਚ ਸਹਾਇਕ ਬਣਦਾ ਹੈ:

ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ ॥
ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ ॥ [10]

ਗੁਰੂ ਅਮਰਦਾਸ ਦੀ ਬਾਣੀ ਅੰਦਰ ਅਭਿਆਗਤ, ਪੰਡਿਤ, ਪਾਂਧਾ, ਬ੍ਰਾਹਮਣ, ਭਗਉਤੀ, ਜੋਗੀ ਆਦਿ ਧਾਰਮਿਕ ਆਗੂਆਂ ਨੂੰ ਸੰਬੋਧਨ ਹੋ ਕੇ ਉਚਾਰਨ ਕੀਤੇ ਕੁਝ ਐਸੇ ਸ਼ਬਦ ਪ੍ਰਾਪਤ ਹਨ ਜਿਹੜੇ ਅੰਤਰ ਧਰਮ ਸੰਵਾਦ ਪ੍ਰਤੀ ਉਨ੍ਹਾਂ ਦੇ ਨਜ਼ਰੀਏ ਬਾਰੇ ਮਹੱਤਵਪੂਰਣ ਜਾਣਕਾਰੀ ਪ੍ਰਦਾਨ ਕਰਦੇ ਹਨ। ਗੁਰੂ ਸਾਹਿਬ ਦੀ ਬਾਣੀ ਅੰਦਰ ਇਨ੍ਹਾਂ ਆਗੂਆਂ ਦੇ ਕਿਰਦਾਰ ਲਈ ਜਰੂਰੀ ਸਦਗੁਣਾਂ ਦਾ ਨਿਰੂਪਣ ਕੀਤਾ ਗਿਆ ਮਿਲਦਾ ਹੈ। ਇਨ੍ਹਾਂ ਧਾਰਮਿਕ ਸਖਸ਼ੀਅਤਾਂ ਲਈ ਨਿਰਧਾਰਤ ਧਾਰਮਿਕ ਭੇਖ ਤੇ ਚਿੰਨ੍ਹਾਂ ਨੂੰ ਨੈਤਿਕ ਕਦਰਾਂ ਕੀਮਤਾਂ ਤੇ ਸਦਗੁਣਾਂ ਨਾਲ ਜੋੜ ਕੇ ਉਨ੍ਹਾਂ ਨੂੰ ਆਦਰਸ਼ਕ ਜੀਵਨ ਬਸਰ ਕਰਨ ਦੀ ਪ੍ਰੇਰਣਾ ਕੀਤੀ ਗਈ ਹੈ। ਇਥੇ ਚੁਣੇ ਗਏ ਸ਼ਬਦਾਂ ਵਿਚ ਗੁਰੂ ਸਾਹਿਬ ਦੀ ਗ਼ੈਰ-ਧਰਮਾਂ ਪ੍ਰਤੀ ਸਰਬ ਸਾਂਝੀਵਾਲਤਾ ਵਾਲੀ ਸਰਬ ਕਲਿਆਣਕਾਰੀ ਤੇ ਉਸਾਰੂ ਸੋਚ ਦਾ ਪ੍ਰਗਟਾਵਾ ਹੁੰਦਾ ਹੈ।

**ਅਭਿਆਗਤ**:

ਗੁਰੂ ਸਾਹਿਬ ਅਭਿਆਗਤ ਦੇ ਜੀਵਨ ਲੱਛਣਾਂ ਨੂੰ ਨਿਰਧਾਰਤ ਕਰਦਿਆਂ ਸਪਸ਼ਟ ਕਰਦੇ ਹਨ ਕਿ ਦਰ-ਦਰ ਭਟਕ ਕੇ ਰੋਟੀਆਂ/ਆਟਾ ਮੰਗਣ ਤੇ ਮਨ ਪਿਛੇ ਲਗ ਕੇ ਭਟਕਣ ਵਾਲਾ ਮਨੁੱਖ ਅਭਿਆਗਤ ਅਖਵਾਉਣ ਦੇ ਯੋਗ ਨਹੀਂ। ਉਹ ਆਪਣਾ ਪੇਟ ਭਰਨ ਖ਼ਾਤਰ ਅਨੇਕਾਂ ਪ੍ਰਕਾਰ ਦੇ ਭੇਖ ਕਰਦਾ ਹੈ। ਸਭ ਤੋਂ ਉੱਚਾ ਦਰਜਾ ਨਿਰਭਉ ਤੇ ਮਾਇਆ-ਰਹਿਤ ਪ੍ਰਭੂ ਦਾ ਮਿਲਾਪ ਹੈ ਜੋ ਮਨੁੱਖ ਇਸ ਪਰਮ ਪਦ ਦਾ ਅਭਿਲਾਖੀ ਬਣਦਾ ਹੈ ਉਹ ਅਸਲ ਅਭਿਆਗਤ ਹੈ। [11]

**ਪੰਡਿਤ:**



ਮਲਾਰ ਰਾਗ ਦੇ ਚਉਪਦੇ ਅੰਦਰ ਗੁਰੂ ਸਾਹਿਬ ਮਨ ਦੇ ਸਰੂਪ ਨੂੰ ਸਮਝਣ ਦਾ ਉਪਦੇਸ਼ ਕਰਦੇ ਹਨ। ਮਨ ਨੂੰ ਮੋਹ, ਮਮਤਾ, ਮਾਇਆ, ਅਭਿਮਾਨ ਆਦਿ ਦੇ ਪ੍ਰਭਾਵ ਤੋਂ ਮੁਕਤ ਕਰਨਾ ਧਰਮ ਦੇ ਮੁਖ ਸਰੋਕਾਰਾਂ ਵਿਚ ਸ਼ਾਮਿਲ ਹੈ। ਇਨ੍ਹਾਂ ਦੇ ਪ੍ਰਭਾਵ ਤੋਂ ਨਿਰਲੇਪ ਰਹਿਣ ਵਾਲਾ ਮਨੁੱਖ ਸਭਨਾਂ ਵਿਚ ਇਕ ਪ੍ਰਭੂ ਦੀ ਜੋਤਿ ਨੂੰ ਪਛਾਣਦਾ ਹੈ। ਅਜਿਹੀ ਸੂਝ ਰੱਖਣ ਵਾਲਾ ਅਸਲ ਪੰਡਿਤ ਹੈ ਜੋ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਪ੍ਰਾਪਤ ਕਰਦਾ ਹੈ। [12] ਧਰਮ ਗ੍ਰੰਥਾਂ ਦਾ ਦਿਖਾਵੇ ਮਾਤਰ ਕੀਤਾ ਪਠਨ-ਪਾਠਨ ਵਿਅਰਥ ਹੈ। ਅਜਿਹਾ ਕਰਨ ਨਾਲ ਜੀਵਨ ਸਦਾਚਾਰਕ ਗੁਣਾਂ ਦਾ ਧਾਰਨੀ ਨਹੀਂ ਬਣਦਾ ਸਗੋਂ ਮਾਇਆ ਦੇ ਪ੍ਰਭਾਵ ਅਧੀਨ ਵਿਕਾਰਾਂ ਵਿਚ ਖਚਿਤ ਰਹਿੰਦਾ ਹੈ। ਗੁਰੂ ਸਾਹਿਬ ਰਸਮੀ ਪੂਜਾ ਪਾਠ ਕਰਨ ਵਾਲੇ ਪੰਡਿਤ ਨੂੰ ਆਪਣਾ ਜੀਵਨ ਧਰਮ ਗ੍ਰੰਥਾਂ ਦੀਆਂ ਸਿਖਿਆਵਾਂ ਅਨੁਸਾਰੀ ਬਣਾਉਣ ਲਈ ਤਾਕੀਦ ਕਰਦੇ ਹਨ। ਧਰਮ ਦੇ ਉਪਦੇਸ਼ਾਂ ਮੁਤਾਬਕ ਢਾਲਿਆ ਵਿਵਹਾਰਕ ਜੀਵਨ ਆਤਮਿਕ ਅਨੰਦ ਦਾ ਪ੍ਰਦਾਤਾ ਹੈ।[13] ਗਉੜੀ ਰਾਗ ਦੀ ਅਸਟਪਦੀ ਅੰਦਰ ਗੁਰੂ ਸਾਹਿਬ ਪੰਡਿਤ ਨੂੰ ਸਮਝਾਉਂਦੇ ਹਨ ਕਿ ਪਰਮਾਤਮਾ ਦੀ ਸੇਵਾ ਭਗਤੀ ਨੂੰ ਆਪਣੇ ਜੀਵਨ ਦਾ ਆਸਰਾ ਬਣਾਉਣ ਨਾਲ ਮਨੁੱਖਾ ਜੀਵਨ ਸਫਲ ਹੋ ਸਕਦਾ ਹੈ। ਪ੍ਰਭੂ ਦੀ ਸ਼ਰਨ ਵਿਚ ਰਹਿਣਾ ਹੀ ਅਸਲ ਕਰਮ ਧਰਮ ਹੈ। ਬਗਲੇ ਵਾਂਗ ਲਗਾਈ ਸਮਾਧੀ ਨਾਲ ਜਾਂ ਨਿਰਾ ਭੇਖ ਧਾਰਨ ਕਰਕੇ ਦੂਜਿਆਂ ਨੂੰ ਧੋਖਾ ਦਿਤਾ ਜਾ ਸਕਦਾ ਹੈ ਪਰ ਪ੍ਰਭੂ ਦੀ ਪ੍ਰਵਾਨਗੀ ਨਹੀਂ ਮਿਲਦੀ। ਮਾਇਆ ਦੇ ਮੋਹ ਵਿਚ ਸੁੱਤੇ ਮਨ ਨੂੰ ਜਗਾਉਣ ਨਾਲ ਹੀ ਦੂਜਿਆਂ ਨੂੰ ਸਿਖਿਆ ਦੇਣ ਦੇ ਸਮਰਥ ਹੋ ਸਕੀਦਾ ਹੈ। ਚਤੁਰਾਈ ਜਾਂ ਸਿਆਣਪ ਨਾਲ ਕੁਝ ਹਾਸਿਲ ਨਹੀਂ ਹੁੰਦਾ।[14]

ਗੂਜਰੀ ਰਾਗ ਦੇ ਪੰਚਪਦੇ ਅੰਦਰ ਗੁਰੂ ਸਾਹਿਬ ਦੁਆਰਾ ਪੰਡਿਤ ਨੂੰ ਪ੍ਰਭੂ ਦੇ ਨਾਮ ਰਸ ਦੀ ਮਹਾਨਤਾ ਦ੍ਰਿੜ ਕਰਵਾਈ ਗਈ ਹੈ। ਪ੍ਰਭੂ ਨਾਮ ਸਾਰੇ ਗੁਣਾਂ ਤੇ ਰਸਾਂ ਦਾ ਖਜ਼ਾਨਾ ਹੈ। ਸ਼ਾਸਤ੍ਰਾਂ ਤੇ ਧਰਮ ਗ੍ਰੰਥਾਂ ਵਿਚ ਆਤਮਿਕ ਜੀਵਨ ਦਾ ਉਪਦੇਸ਼ ਦਰਜ਼ ਹੈ ਪਰ ਭੇਖੀ ਮਨੁੱਖ ਨਾਮ ਰਸ ਨਾਲ ਜੁੜਣ ਦੀ ਥਾਂ ਭਟਕਣਾ ਵਿਚ ਪਿਆ ਰਹਿੰਦਾ ਹੈ। ਧਰਮ ਗ੍ਰੰਥਾਂ ਦੀਆਂ ਸਿਖਿਆਵਾਂ ਪੜ੍ਹ-ਸੁਣ ਕੇ ਉਨ੍ਹਾਂ ਉਤੇ ਅਮਲ ਕਰਨ ਤੋਂ ਮੁਨਕਰ ਇਨਸਾਨ ਮੂਰਖ ਹੈ।[15] ਪ੍ਰਭੂ-ਪ੍ਰੀਤ ਮਨੁੱਖਾ ਜੀਵਨ ਨੂੰ ਸਹਿਜਮਈ ਤੇ ਸੁਖਦਾਈ ਬਣਾਉਂਦੀ ਹੈ। ਇਸ ਤੋਂ ਬਗੈਰ ਜੀਵਨ ਅੰਧਕਾਰ ਭਰਪੂਰ ਬਣ ਜਾਂਦਾ ਹੈ। ਵਿਸ਼ੇ-ਵਿਕਾਰਾਂ ਦੇ ਅਗਿਆਨ ਰੂਪੀ ਹਨੇਰ੍ਹੇ ਕਾਰਨ ਜੀਵਨ ਭਟਕਣਾ ਵਿਚ ਬਤੀਤ ਹੁੰਦਾ ਹੈ। ਦੂਜੇ ਪਾਸੇ ਪ੍ਰਭੂ ਨਾਮ ਵਿਚ ਰੰਗਿਆ ਜੀਵਨ ਗਿਆਨ ਦੇ ਚਾਨਣ ਨਾਲ ਪ੍ਰਕਾਸ਼ਮਈ ਹੋਣ ਕਰਕੇ ਸੁਖਦਾਇਕ ਬਣ ਜਾਂਦਾ ਹੈ। ਅਜਿਹਾ ਮਾਨਵ ਦੂਜਿਆਂ ਲਈ ਵੀ ਮਾਰਗ-ਦਰਸ਼ਕ ਬਣ ਉਨ੍ਹਾਂ ਦੇ ਜੀਵਨ ਨੂੰ ਸੁਖਦਾਈ ਬਣਾਉਣ ਦੇ ਸਮਰਥ ਹੋ ਜਾਂਦਾ ਹੈ। ਸੋਰਠਿ ਦੀ ਵਾਰ ਅੰਦਰ ਪੰਡਿਤ ਨੂੰ ਨਾਮ-ਰਤੜੇ ਤੇ ਨਾਮ ਤੋਂ ਸੱਖਣੇ ਜੀਵਨ ਦਾ ਅੰਤਰ ਬਾਖੂਬੀ ਸਮਝਾਇਆ ਗਿਆ ਹੈ। [16]

ਧਰਮ ਗ੍ਰੰਥ ਮਨੁੱਖਾ ਜੀਵਨ ਨੂੰ ਪਵਿਤਰ ਤੇ ਸਚਿਆਰ ਬਨਣ ਲਈ ਮਾਰਗ ਦਰਸ਼ਨ ਕਰਦੇ ਹਨ। ਨੈਤਿਕ ਤੇ ਸਦਾਚਾਰਕ ਗੁਣ ਧਰਮੀ ਜੀਵਨ ਦੀ ਮੁੱਖ ਪਛਾਣ ਹਨ। ਸੋਰਠਿ ਦੀ ਵਾਰ ਅੰਦਰ ਹੀ ਪੰਡਿਤ ਨੂੰ ਸਮਝਾਉਂਦੇ ਹਨ ਕਿ ਜੇਕਰ ਧਰਮ ਗ੍ਰੰਥਾਂ ਦਾ ਗਿਆਨ ਹਾਸਲ ਕਰਨ ਉਪਰੰਤ ਵੀ ਜੀਵਨ ਸਬਰ, ਸੰਤੋਖ ਆਦਿ ਗੁਣਾਂ ਦਾ ਧਾਰਨੀ ਨਹੀਂ ਬਣਦਾ ਤਾਂ ਮਨੁੱਖ ਤ੍ਰਿਸ਼ਨਾ ਦੀ ਅਗਨੀ ਵਿਚ ਸੜਦਾ ਰਹਿੰਦਾ ਹੈ।[17]

**ਪਾਧਾ:**

ਮਨੂ ਸਿਮਰਤੀ ਅਨੁਸਾਰ ਬ੍ਰਾਹਮਣ ਦੇ ਨਿਸ਼ਚਿਤ ਕੀਤੇ ਹੋਏ ਛੇ ਕੰਮਾਂ ਵਿਚ ਵਿਦਿਆ ਪੜ੍ਹਣ ਤੇ ਪੜ੍ਹਾਉਣ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਗੁਰੂ ਸਾਹਿਬ ਸਪਸ਼ਟ ਕਰਦੇ ਹਨ ਕਿ ਉਹੀ ਅਧਿਆਪਕ, ਪਾਧਾ, ਵਿਦਵਾਨ ਅਖਵਾਉਣ ਦਾ ਅਧਿਕਾਰੀ ਹੈ ਜਿਹੜਾ ਆਤਮਿਕ ਜੀਵਨ ਦੀ ਸੂਝ ਰੱਖਦਾ ਹੋਵੇ। ਆਤਮਿਕ ਜੀਵਨ ਦੀ ਸੋਝੀ ਤੋਂ ਸੱਖਣਾ ਮਨੁੱਖ ਮਾਇਆ ਦੇ ਪ੍ਰਭਾਵ ਅਧੀਨ ਜੀਵਨ ਬਸਰ ਕਰਦਾ ਹੈ। ਉਹ ਆਪ ਬੰਧਨ ਵਿਚ ਰਹਿਣ ਕਰਕੇ ਦੂਜਿਆਂ ਨੂੰ ਬੰਧਨ ਮੁਕਤ ਕਰਨ ਤੋਂ ਅਸਮਰਥ ਰਹਿੰਦਾ ਹੈ:

ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ ॥
ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ ॥[18]

**ਬ੍ਰਾਹਮਣ:**

ਸਮਾਜ ਦੀ ਬਿਹਤਰੀ ਲਈ ਮਨੁੱਖੀ ਸਮਾਨਤਾ, ਬਰਾਬਰਤਾ ਦਾ ਹੋਣਾ ਬਹੁਤ ਲਾਜ਼ਮੀ ਹੈ। ਰੰਗ, ਨਸਲ, ਧਰਮ, ਲਿੰਗ, ਜਾਤਿ ਆਦਿ ਦੇ ਵਿਤਕਰੇ ਸਮਾਜ ਤੇ ਮਨੁੱਖਤਾ ਵਿਚ ਵੰਡੀਆਂ ਪਾਉਂਦੇ ਹਨ। ਭਾਈਚਾਰਕ ਜੀਵਨ ਦੀ ਉਸਾਰੀ ਵਿਚ ਇਹ ਵਿਤਕਰੇ ਤੇ ਵੰਡੀਆਂ ਵੱਡੀ ਰੁਕਾਵਟ ਬਣਦੇ ਹਨ। ਵਰਣ ਆਸ਼ਰਮ ਅਨੁਸਾਰ ਬ੍ਰਾਹਮਣ ਨੂੰ ਸਭ ਤੋਂ ਸਿਰਮੌਰ ਪਦਵੀ ਦਿਤੀ ਗਈ ਸੀ। ਗੂਜਰੀ ਦੀ ਵਾਰ ਅੰਦਰ ਬ੍ਰਾਹਮਣ ਦੇ ਕਿਰਦਾਰ ਨੂੰ ਚਿਤਰਦਿਆਂ ਗੁਰੂ ਸਾਹਿਬ ਕਥਨ ਕਰਦੇ ਹਨ ਕਿ ਜੋ ਮਨੁੱਖ ਪਰਮਾਤਮਾ ਨੂੰ ਪਛਾਣਦਾ ਹੈ ਤੇ ਹਰ ਵੇਲੇ ਪਰਮਾਤਮਾ ਵਿਚ ਸੁਰਤਿ ਜੋੜਦਾ ਹੈ, ਸੱਚ ਰੂਪ ਸੰਜਮ ਰੱਖਦਾ ਹੈ, ਹਉਮੈ ਦੂਰ ਕਰਕੇ ਹਰੀ ਦੇ ਗੁਣ ਗਾਉਂਦਾ ਹੈ, ਰੱਬੀ ਗੁਣ ਇਕੱਤ੍ਰ ਕਰਦਾ ਹੈ ਤੇ ਪਰਮ-ਜੋਤਿ ਵਿਚ ਆਪਣੀ ਆਤਮਾ ਮਿਲਾਈ ਰੱਖਦਾ ਹੈ ਉਸ ਨੂੰ ਬ੍ਰਾਹਮਣ ਕਹਿਣਾ ਚਾਹੀਦਾ ਹੈ।[19]

ਪ੍ਰਭੂ ਸਭ ਸਰੀਰਾਂ ਵਿਚ ਰਮਿਆ ਹੋਣ ਕਰਕੇ ਸਭ ਜੀਵਾਂ ਦੇ ਨੇੜੇ ਵੱਸਦਾ ਹੈ। ਸਾਰੇ ਮਨੁੱਖਾਂ ਦੀ ਰਚਨਾ ਪੰਜਾਂ ਤੱਤਾਂ ਤੋਂ ਹੋਈ ਹੈ, ਇਸ ਲਈ ਜਾਤਿ ਕਰਕੇ ਕੋਈ ਉਚਾ ਨੀਵਾਂ ਨਹੀਂ। ਗੁਰੂ ਸਾਹਿਬ ਸਿਰੀ ਰਾਗ ਅੰਦਰ ਕਥਨ ਕਰਦੇ ਹਨ ਕਿ ਬ੍ਰਾਹਮਣ ਉਹ ਨਹੀਂ ਜਿਹੜਾ ਬ੍ਰਾਹਮਣ ਦੇ ਘਰ ਜਨਮ ਲੈਂਦਾ ਹੈ ਸਗੋਂ ਜਿਹੜਾ ਬ੍ਰਹਮ ਨੂੰ ਪਛਾਣਦਾ ਤੇ ਪ੍ਰਭੂ ਦੇ ਪ੍ਰੇਮ ਵਿਚ



ਰੰਗਿਆ ਰਹਿੰਦਾ ਹੈ ਉਹ ਬ੍ਰਾਹਮਣ ਹੈ।[20] ਗੁਰੂ ਸਾਹਿਬ ਬਿਲਾਵਲ ਰਾਗ ਦੀ ਵਾਰ ਅੰਦਰ ਪਰਮਾਤਮਾ ਨਾਲ ਡੂੰਘੀ ਸਾਂਝ ਪਾਉਣ, ਰਜ਼ਾ ਵਿਚ ਜੀਵਨ ਬਤੀਤ ਕਰਨ ਅਤੇ ਹਉਮੈ ਦੂਰ ਕਰ ਕੇ ਹਿਰਦੇ ਵਿਚ ਸਦਾ ਪਰਮਾਤਮਾ ਦੀ ਹੋਂਦ ਨੂੰ ਮਹਿਸੂਸ ਕਰਨ ਵਾਲੇ ਮਨੁੱਖ ਨੂੰ ਅਸਲ ਬ੍ਰਾਹਮਣ ਦੱਸਦੇ ਹਨ।[21]

**ਭਗਉਤੀ:**

ਸੱਚੇ ਭਗਤ ਦੀ ਜੀਵਨ-ਜਾਚ ਨੂੰ ਬਿਆਨ ਕਰਦਿਆਂ ਗੁਰੂ ਸਾਹਿਬ ਪ੍ਰਭੂ ਨਾਲ ਡੂੰਘੀ ਸਾਂਝ ਪਾਉਣੀ ਲਾਜ਼ਮੀ ਮੰਨਦੇ ਹਨ। ਆਪਣੇ ਆਪ ਨੂੰ ਪਛਾਨਣ ਤੇ ਵਾਸ਼ਨਾਵਾਂ ਵਲ ਦੌੜਦੇ ਮਨ ਨੂੰ ਸਹਿਜ ਦਾ ਧਾਰਨੀ ਬਣਾਉਣ ਵਾਲਾ ਉੱਤਮ ਭਗਉਤੀ ਹੈ:

ਸੋ ਭਗਉਤੀ ਜੁੋ ਭਗਵੰਤੈ ਜਾਣੈ ॥
ਗੁਰ ਪਰਸਾਦੀ ਆਪੁ ਪਛਾਣੈ ॥
ਧਾਵਤੁ ਰਾਖੈ ਇਕਤੁ ਘਰਿ ਆਣੈ ॥
ਜੀਵਤੁ ਮਰੈ ਹਰਿ ਨਾਮੁ ਵਖਾਣੈ ॥
ਐਸਾ ਭਗਉਤੀ ਉਤਮੁ ਹੋਇ ॥
ਨਾਨਕ ਸਚਿ ਸਮਾਵੈ ਸੋਇ ॥[22]

ਮਨ ਵਿਚ ਖੋਟ ਰੱਖਣ ਵਾਲਾ ਪ੍ਰਭੂ ਦਾ ਭਗਤ ਨਹੀਂ ਸਗੋਂ ਪਾਖੰਡੀ ਤੇ ਭੇਖੀ ਹੈ। ਨਿੰਦਾ, ਚੁਗਲੀ ਸਮਾਜਿਕ ਜੀਵਨ ਦੀ ਇਕਸੁਰਤਾ ਨੂੰ ਭੰਗ ਕਰਕੇ ਰਿਸ਼ਤਿਆਂ ਵਿਚ ਤਣਾਉ ਤੇ ਨਫਰਤ ਵਾਲਾ ਵਾਤਾਵਰਣ ਸਿਰਜਦੇ ਹਨ। ਇਸ ਕਰਕੇ ਹੀ ਧਰਮ ਗ੍ਰੰਥਾਂ ਅੰਦਰ ਕਪਟ, ਨਿੰਦਾ ਆਦਿ ਨੂੰ ਵੱਡੇ ਅਵਗੁਣਾਂ ਦੇ ਰੂਪ ਵਿਚ ਚਿਤਰਿਆ ਗਿਆ ਹੈ। ਇਨ੍ਹਾਂ ਅਵਗੁਣਾਂ ਦਾ ਧਾਰਨੀ ਭਗਉਤੀ ਨਹੀਂ, ਪਾਖੰਡੀ ਹੈ।[23]

**ਜੋਗਿ ਮਤਿ:**

ਸਿੱਧ, ਨਾਥ-ਜੋਗੀ ਸਮਕਾਲੀ ਸਮਾਜ ਵਿਚ ਧਾਰਮਿਕ ਤੌਰ 'ਤੇ ਕਾਫੀ ਪ੍ਰਭਾਵਸ਼ਾਲੀ ਰੁਤਬਾ ਰੱਖਦੇ ਸਨ। ਉਹ ਰਿਧੀਆਂ ਸਿਧੀਆਂ ਦੇ ਪ੍ਰਲੋਭਨ ਅਤੇ ਡਰਾਵੇ ਅਧੀਨ ਲੋਕਾਂ ਦਾ ਸ਼ੋਸ਼ਣ ਵੀ ਕਰਦੇ ਸਨ। ਗ੍ਰਿਹਸਤੀ ਜੀਵਨ ਦਾ ਤਿਆਗ ਕਰਕੇ ਉਹ ਪਹਾੜਾਂ ਦੀਆਂ ਗੁਫਾਵਾਂ ਵਿਚ ਰਹਿੰਦੇ ਸਨ। ਗੁਰੂ ਨਾਨਕ ਦੇਵ ਨੇ ਸਮਾਜਿਕ ਜ਼ਿੰਮੇਵਾਰੀ ਨੂੰ ਪਿਠ ਦੇ ਚੁਕੇ ਨਾਥਾਂ, ਸਿੱਧਾਂ ਤੇ ਜੋਗੀਆਂ ਨੂੰ ਆਪਣੇ ਫਰਜ਼ਾਂ ਤੋਂ ਸੁਚੇਤ ਰਨ ਲਈ ਉਨ੍ਹਾਂ ਨਾਲ ਕਈ ਥਾਵਾਂ ਉਤੇ ਗੋਸ਼ਟੀਆਂ ਕੀਤੀਆਂ। ਧਾਰਮਿਕ ਚਿੰਨ੍ਹ ਮਨੁੱਖ ਦੀ ਬਾਹਰੀ ਪਛਾਣ ਨਿਰਧਾਰਤ ਕਰਦੇ ਹਨ ਲੇਕਿਨ ਜੇਕਰ ਜੀਵਨ ਸਦਾਚਾਰਕ ਤੇ ਨੈਤਿਕ ਗੁਣਾਂ ਦਾ ਧਾਰਨੀ ਨਹੀਂ ਤਾਂ ਫਿਰ ਧਾਰਨ ਕੀਤੇ ਚਿੰਨ੍ਹ ਪਾਖੰਡ ਦਾ ਰੂਪ ਬਣ ਜਾਂਦੇ ਹਨ। ਗੁਰੂ ਅਮਰਦਾਸ ਦੀ ਬਾਣੀ ਅੰਦਰ ਵੀ ਜੋਗੀਆਂ ਦੇ ਧਾਰਮਿਕ ਚਿੰਨ੍ਹਾਂ ਦੀ

ਨੈਤਿਕ ਗੁਣਾਂ ਪੱਖੋਂ ਵਿਆਖਿਆ ਕੀਤੀ ਗਈ ਮਿਲਦੀ ਹੈ। ਰਾਮਕਲੀ ਰਾਗ ਦੀ ਅਸਟਪਦੀ 'ਸਰਮੈ ਦੀਆ ਮੁੰਦ੍ਰਾ ਕੰਨੀ ਪਾਇ ਜੋਗੀ'[24] ਵਿਚ ਜੋਗੀ ਨਾਲ ਜੋਗ ਮਤਿ ਦੀ ਪੂਜਾ-ਪੱਧਤੀ ਤੇ ਚਿੰਨ੍ਹਾਂ ਬਾਰੇ ਸੰਵਾਦ ਦਾ ਜ਼ਿਕਰ ਹੈ। ਗੁਰੂ ਸਾਹਿਬ ਜੋਗ ਮਤਿ ਦੇ ਚਿੰਨ੍ਹਾਂ ਬਾਰੇ ਚਰਚਾ ਕਰਦਿਆਂ ਜੋਗੀ ਨੂੰ ਮਿਹਨਤ ਦੀਆਂ ਮੁੰਦਰਾਂ, ਦਇਆ ਦੀ ਗੋਦੜੀ, ਜੀਵਨ ਦੀ ਚਲਾਇਮਾਨਤਾ ਦੇ ਡਰ ਦੀ ਬਿਭੂਤੀ, ਸੇਵਾ ਦਾ ਖੱਪਰ, ਸੰਤੋਖ ਦੀ ਝੋਲੀ, ਨਾਮ ਦਾ ਚੂਰਮਾ, ਪ੍ਰਭੂ ਵਿਚ ਚਿਤ ਨੂੰ ਜੋੜੀ ਰੱਖਣ ਦਾ ਡੰਡਾ, ਸੁਰਤਿ ਨੂੰ ਪ੍ਰਭੂ ਚਰਨਾਂ ਵਿਚ ਟਿਕਾਈ ਰੱਖਣ ਦੀ ਸਿੰਙੀ, ਮਨ ਦੇ ਟਿਕਾਉ ਦਾ ਆਸਣ, ਸਰੀਰ ਨੂੰ ਕਿੰਗੁਰੀ ਦੀ ਡੰਡੀ ਬਣਾਉਣ, ਜਿਸ ਨਾਲ ਡਰ ਅਤੇ ਪਿਆਰ ਦੇ ਤੂੰਬੇ ਜੋੜਣ ਦਾ ਉਪਦੇਸ਼ ਕਰਦੇ ਹਨ। ਗੁਰੂ ਸਾਹਿਬ ਦੀ ਨਜ਼ਰ ਵਿਚ ਸੱਚਾ ਜੋਗੀ ਉਹ ਹੈ ਜਿਹੜਾ ਪ੍ਰਭੂ ਦੇ ਨਾਮ ਵਿਚ ਰਤਾ ਰਹਿੰਦਾ ਹੈ।

ਸੋ ਜੋਗੀ ਜੁਗਤਿ ਸੋ ਪਾਏ ਜਿਸ ਨੋ ਗੁਰਮੁਖਿ ਨਾਮੁ ਪਰਾਪਤਿ ਹੋਇ ॥
ਤਿਸੁ ਜੋਗੀ ਕੀ ਨਗਰੀ ਸਭੁ ਕੋ ਵਸੈ ਭੇਖੀ ਜੋਗੁ ਨ ਹੋਇ ॥
ਨਾਨਕ ਐਸਾ ਵਿਰਲਾ ਕੋ ਜੋਗੀ ਜਿਸੁ ਘਟਿ ਪਰਗਟੁ ਹੋਇ ॥[25]

**ਸ਼ਗਨ:**

ਕੁਦਰਤ ਅਤੇ ਆਲੇ ਦੁਆਲੇ ਦਾ ਸੀਮਤ ਗਿਆਨ ਹੋਣ ਕਾਰਣ ਆਦਿ ਮਨੁੱਖ ਵਹਿਮਾਂ ਭਰਮਾਂ ਦਾ ਸ਼ਿਕਾਰ ਸੀ। ਮਾਨਵ ਸਭਿਅਤਾ ਦੇ ਮੁੱਢਲੇ ਕਾਲ ਵਿਚ ਪ੍ਰਚਲਤ ਹੋਏ ਵਹਿਮ ਭਰਮ ਅਜ ਵੀ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹਨ। ਸ਼ੁਭ-ਅਸ਼ੁਭ ਸਮੇਂ ਦੀ ਵੀਚਾਰ ਤੋਂ ਮਨੁਖੀ ਮਾਨਸਿਕਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਜੀਵਨ ਦੇ ਖਾਸ ਮੌਕਿਆਂ ਜਿਵੇਂ ਨਵੇਂ ਘਰ ਵਿਚ ਪ੍ਰਵੇਸ਼, ਕਿਸੇ ਕਾਰਜ ਦੀ ਅਰੰਭਤਾ, ਵਿਆਹ ਦਾ ਦਿਨ ਨਿਰਧਾਰਤ ਕਰਨ ਮੌਕੇ ਸ਼ੁਭ ਸਮਾਂ ਜਾਣਨ ਲਈ ਵਿਸ਼ੇਸ਼ ਧਿਆਨ ਦਿਤਾ ਜਾਂਦਾ ਹੈ। ਪੰਡਿਤ ਪਤਰੀ ਵਾਚ ਕੇ ਚੰਗੇ ਮਾੜੇ ਦਿਨ ਦਾ ਨਿਰਣਾ ਕਰਕੇ ਦਸਦਾ ਹੈ। ਇਥੇ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਚੰਦਰਮਾ ਨਾਲ ਸੰਬੰਧਿਤ ਥਿਤਾਂ ਦੇ ਚੰਗੇ-ਮੰਦੇ ਹੋਣ ਬਾਰੇ ਨਿਰਣਾ ਕਰਨ ਨਾਲੋਂ ਆਪਣੇ ਮਨ ਦੇ ਸ਼ੁਭ-ਅਸ਼ੁਭ ਸੰਕਲਪਾਂ ਦੀ ਵਿਚਾਰ ਕਰਨਾ ਵਧੇਰੇ ਯੋਗ ਹੈ। ਮਨ ਦੇ ਚੰਗੇ ਮਾੜੇ ਫੁਰਨਿਆਂ ਦੀ ਸੂਝ ਰੱਖਣ ਵਾਲੇ ਨੂੰ ਗੁਰੂ ਸਾਹਿਬ ਸ਼੍ਰੇਸ਼ਟ ਬ੍ਰਾਹਮਣ ਹੋਣ ਦਾ ਦਰਜ਼ਾ ਦਿੰਦੇ ਹਨ ਜਿਹੜਾ ਪ੍ਰਭੂ ਨਾਮ ਨਾਲ ਜੁੜ ਕੇ ਆਪਣੇ ਜੀਵਨ ਨੂੰ ਸਫਲ ਬਣਾਉਂਦਾ ਹੈ।[26]

**ਵਰਤ:**

ਹਿੰਦੂ ਮਤਿ ਵਿਚ ਵਰਤ ਰੱਖਣ ਦਾ ਖਾਸ ਵਿਧਾਨ ਹੈ ਅਤੇ ਇਸ ਨੂੰ ਮਨਇਛਤ ਫਲ ਹਾਸਲ ਕਰਨ ਦਾ ਇਕ ਸਾਧਨ ਸਵੀਕਾਰਿਆ ਗਿਆ ਹੈ। ਗੁਰੂ ਸਾਹਿਬ ਵਰਤ ਨੂੰ ਇੰਦ੍ਰੀਆਂ ਦੇ ਜਬਤ ਨਾਲ ਜੋੜਦੇ ਹਨ। ਇੰਦ੍ਰੀਆਂ ਨੂੰ ਵਿਕਾਰਾਂ ਵਲੋਂ ਰੋਕਣਾ, ਪ੍ਰਭੂ ਦੀ ਸਰਬ ਵਿਆਪਕਤਾ ਨੂੰ



ਪਛਾਣਨਾ ਤੇ ਪੰਜਾਂ ਵਿਕਾਰਾਂ ਨੂੰ ਕਾਬੂ ਕਰਨਾ ਅਸਲ ਵਰਤ ਰੱਖਣਾ ਹੈ।[27]

ਅੰਤਰ-ਧਰਮ ਸੰਵਾਦ ਦੇ ਮੌਜੂਦਾ ਮਾਹੌਲ ਦੇ ਬਾਵਜੂਦ ਧਰਮਾਂ ਦੀ ਇਕ ਦੂਜੇ ਪ੍ਰਤੀ ਪਹੁੰਚ ਅਲਿਹਿਦਗੀ ਤੇ ਨਿਵੇਕਲੇਪਣ ਦੇ ਵਿਹਾਰ ਤੋਂ ਮੁਕਤ ਨਹੀਂ ਹੋ ਸਕੀ। ਇਸ ਕਿਸਮ ਦਾ ਰਵਈਆ ਆਪਣੇ ਮਤਿ ਦੇ ਦੂਜਿਆਂ ਤੋਂ ਸ੍ਰੇਸ਼ਟ ਹੋਣ ਦਾ ਦਾਅਵਾ ਕਰਦਾ ਹੈ। ਅਜਿਹੀ ਸੋਚ ਅਧੀਨ ਦੂਜੇ ਧਰਮਾਂ ਨੂੰ ਸਮਝਣ ਦਾ ਜਤਨ ਉਕਸਾਊ ਤੇ ਪੱਖਪਾਤੀ ਹੁੰਦਾ ਹੈ ਜਿਸ ਦਾ ਸਿੱਟਾ ਗੈਰ-ਧਰਮਾਂ ਦੀ ਗਲਤ ਵਿਆਖਿਆ ਦੇ ਰੂਪ ਵਿਚ ਨਿਕਲਦਾ ਹੈ।[28] ਗੁਰੂ ਅਮਰਦਾਸ ਦੀ ਬਾਣੀ ਅੰਦਰ ਅੰਤਰ ਧਰਮ ਸੰਵਾਦ ਪ੍ਰਤੀ ਪਹੁੰਚ ਬਹੁਵਾਦ ਤੇ ਸਹਿਹੋਂਦ ਦੀ ਧਾਰਨੀ ਹੈ। ਹਿੰਦੂ ਮਤਿ ਦੀਆਂ ਸਿਮਰਤੀਆਂ ਤੇ ਸ਼ਾਸ਼ਤਰਾਂ ਵਿਚ ਨਾਮ ਦੀ ਕੀਤੀ ਵਡਿਆਈ ਨੂੰ ਸਵੀਕਾਰਦੇ ਹੋਏ ਗੁਰੂ ਸਾਹਿਬ ਵਿਸ਼ਾਲ ਦ੍ਰਿਸ਼ਟੀ ਦਾ ਪ੍ਰਗਟਾਵਾ ਕਰਦੇ ਹਨ:

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥[29]

ਆਸਾ ਰਾਗ ਦੀ ਅਸ਼ਟਪਦੀ ਅੰਦਰ ਹਿੰਦੂ ਧਰਮ ਦੇ ਤੇਤੀ ਕ੍ਰੋੜ ਦੇਵਤੇ, ਜੋਗ ਮਤਿ ਦੀਆਂ ਰਿਧੀਆਂ, ਸਿੱਧੀਆਂ ਤੇ ਪ੍ਰਾਣਾਯਾਮ ਦਾ ਆਸਰਾ ਪ੍ਰਭੂ ਨੂੰ ਹੀ ਦੱਸਿਆ ਗਿਆ ਹੈ। ਪਰਮਾਤਮਾ ਦੇ ਅਨੇਕਾਂ ਹੀ ਰੂਪ ਹਨ ਜਿਨ੍ਹਾਂ ਦਾ ਬਿਆਨ ਨਹੀਂ ਕੀਤਾ ਜਾ ਸਕਦਾ। ਮਾਇਆ ਦੇ ਤਿੰਨ ਗੁਣ ਤੇ ਜਗਤ-ਉਤਪੱਤੀ ਦੀਆਂ ਚਾਰ ਖਾਣੀਆਂ ਉਸ ਦੀਆਂ ਹੀ ਰਚੀਆਂ ਹੋਈਆਂ ਹਨ। ਸ੍ਰਿਸ਼ਟੀ ਦਾ ਹਰੇਕ ਜੀਵ ਉਸ ਦਾ ਹੀ ਨਾਮ ਜਪਦਾ ਹੈ, ਪਰ ਕੋਈ ਵਿਰਲਾ ਮਨੁੱਖ ਇਸ ਭੇਦ ਨੂੰ ਸਮਝਦਾ ਹੈ।[30] ਗੁਰਬਾਣੀ ਦੀ ਸਰਬ-ਕਲਿਆਣਕਾਰੀ ਵਿਚਾਰਧਾਰਾ ਧਰਮ, ਜਾਤਿ, ਰੰਗ, ਨਸਲ, ਇਲਾਕਾ, ਲਿੰਗ ਭੇਦ ਦੇ ਅਧਾਰ ਉਤੇ ਕਿਸੇ ਨਾਲ ਵੀ ਵਿਤਕਰਾ, ਨਫਰਤ ਜਾਂ ਈਰਖਾ ਕਰਨ ਨੂੰ ਪ੍ਰਭੂ ਤੋਂ ਬੇਮੁੱਖ ਹੋਣ ਦੇ ਤੁੱਲ ਮੰਨਦੀ ਹੈ। ਸੰਸਾਰ ਪ੍ਰਭੂ ਦੀ ਇਕ ਸੁੰਦਰ ਫੁਲਵਾੜੀ ਹੈ[31] ਜਿਸ ਵਿਚ ਭਿੰਨ-ਭਿੰਨ ਧਰਮਾਂ ਦੇ ਰੂਪ ਵਿਚ ਅਨੇਕ ਭਾਂਤਾਂ ਦੇ ਫੁੱਲ ਖਿੜੇ ਹੋਏ ਹਨ। ਹਰ ਫੁੱਲ ਦੀ ਆਪਣੀ ਖੁਸ਼ਬੂ, ਰੰਗ ਤੇ ਇਕ ਵੱਖਰੀ ਪਛਾਣ ਹੈ। ਲੋੜ ਇਸ ਖੁਸ਼ਬੂ ਨੂੰ ਪ੍ਰਵਾਣਨ, ਪਛਾਣਨ ਤੇ ਮਾਣਨ ਦੀ ਹੈ।

ਧਰਮਾਂ ਦੇ ਵਖਰੇਵਿਆਂ ਕਾਰਣ ਆਪਸ ਵਿਚ ਖਹਿ ਖਹਿ ਕੇ ਝਗੜਣ ਤੇ ਲੜ ਮਰਣ ਨੂੰ ਸਿੱਖ ਵਿਚਾਰਧਾਰਾ ਪ੍ਰਵਾਨ ਨਹੀਂ ਕਰਦੀ। ਗੁਰੂ ਗ੍ਰੰਥ ਸਾਹਿਬ ਮੁਸਲਮਾਨ ਨੂੰ ਪੰਜ ਨਿਵਾਜ਼ਾਂ ਦੇ ਸੱਚ ਨਾਲ ਜੁੜਣ, ਹਿੰਦੂ ਨੂੰ ਜਨੇਊ ਦੀਆਂ ਪ੍ਰਤੀਕ ਕਦਰਾਂ ਦੇ ਸੱਚ ਨੂੰ ਪਛਾਣਨ, ਜੋਗੀਆਂ ਨੂੰ ਜੋਗਿ ਮਤਿ ਦੇ ਚਿੰਨ੍ਹਾਂ ਪਿਛੇ ਕਿਰਿਆਸ਼ੀਲ ਸੱਚ ਨੂੰ ਧਾਰਨ ਕਰਨ ਦੀ ਪ੍ਰੇਰਣਾ ਕਰਦਾ ਹੈ। ਗੁਰੂ ਅਮਰਦਾਸ ਦੀ ਬਾਣੀ ਅੰਦਰ ਪ੍ਰਾਪਤ ਅੰਤਰ ਧਰਮ ਸੰਵਾਦ ਤੇ ਸੂਝ ਦੇ ਹਵਾਲਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਦੀ ਦ੍ਰਿਸ਼ਟੀ ਭਰਾਤਰੀਭਾਵ ਤੇ ਵਿਸ਼ਵ-ਵਿਆਪੀ ਪਹੁੰਚ ਦੀ ਧਾਰਨੀ ਹੈ। ਅੱਜ ਵੀ ਮਜ਼ਬੀ ਸੰਕੀਰਣਤਾ ਤੇ ਅਸਹਿਣਸ਼ੀਲਤਾ ਦੇ ਪੈਦਾ ਹੋ ਰਹੇ

ਵਾਤਾਵਰਣ ਵਿਚ ਗੁਰੂ ਸਾਹਿਬ ਦੀ ਉਸ ਸਰਬ ਕਲਿਆਣਕਾਰੀ ਤੇ ਸਰਬਤ ਦਾ ਭਲਾ ਚਾਹੁਣ ਵਾਲੀ ਕੀਤੀ ਅਰਜੋਈ ਤੋਂ ਪ੍ਰੇਰਣਾ ਲੈਣ ਦੀ ਲੋੜ ਹੈ ਜਿਹੜੀ ਸਮੁੱਚੀ ਮਾਨਵਤਾ ਦੇ ਕਲਿਆਣ ਦੀ ਕਾਮਨਾ ਕਰਦੀ ਹੈ:

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ [32]

**ਹਵਾਲੇ:**

**1.** ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥ ...
ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ॥
ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥1॥
ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ॥
ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ॥
ਧੇਖਣਿ ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ॥
ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ॥
ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ॥
ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1116.

2. ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ॥
ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ ਸਿਮ੍ਰਿਤਿ ਕੀਤਾ ਸਹੀ॥
ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ
ਸੁਕਿ ਪ੍ਰਹਿਲਾਦਿ ਸ੍ਰੀਰਾਮਿ ਕਰਿ ਗੁਰ ਗੋਵਿਦੁ ਧਿਆਇਆ॥
...
ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1117.

3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 909.

4. ਜਾਤਿ ਕਾ ਗਰਬੁ ਨ ਕਰੀਅਹੁ ਕੋਈ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥



ਚਾਰੇ ਵਰਨ ਆਖੈ ਸਭੁ ਕੋਈ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥
ਮਾਟੀ ਏਕ ਸਗਲ ਸੰਸਾਰਾ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥
ਘਟਿ ਵਧਿ ਕੋ ਕਰੈ ਬੀਚਾਰਾ॥
ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1127-1128.

5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 351.
6. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 143.
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1376
8. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 402
9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 353
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 938

11. ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ॥
ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ॥
ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ॥
ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ॥
ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ॥
ਉਦਰੈ ਕਾਰਣਿ ਆਪਣੇ ਬਹਲੇ ਭੇਖਿ ਕਰੇਨਿ॥
ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ॥
ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 949.

12. ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ॥
ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ॥
ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ॥
ਇਸੁ ਮਨ ਕਉ ਮਮਤਾ ਕਿਥਹੁ ਲਾਗੀ॥

ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥
ਮਾਇਆ ਮਮਤਾ ਕਰਤੈ ਲਾਈ ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥
ਗੁਰ ਪਰਸਾਦੀ ਬੂਝਹੁ ਭਾਈ ॥
ਸਦਾ ਰਹਹੁ ਹਰਿ ਕੀ ਸਰਣਾਈ ॥
ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥
ਅਨਦਿਨੁ ਏਕੋ ਨਾਮੁ ਵਖਾਣੈ ॥
ਸਤਿਗੁਰ ਕੀ ਓਹੁ ਦੀਖਿਆ ਲੇਇ ॥
ਸਤਿਗੁਰ ਆਗੈ ਸੀਸੁ ਧਰੇਇ ॥
ਸਦਾ ਅਲਗੁ ਰਹੈ ਨਿਰਬਾਣੁ ॥
ਸੋ ਪੰਡਿਤੁ ਦਰਗਹ ਪਰਵਾਣੁ ॥
ਸਭਨਾਂ ਮਹਿ ਏਕੋ ਏਕੁ ਵਖਾਣੈ ॥
ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥
ਜਾ ਕਉ ਬਖਸੇ ਮੇਲੇ ਸੋਇ ॥
ਐਥੈ ਓਥੈ ਸਦਾ ਸੁਖੁ ਹੋਇ ॥
ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥
ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥
ਅਨਦਿਨੁ ਹਰਿ ਗੁਣ ਗਾਵੈ ਸੋਇ ॥
ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1261.

13. ਪੜਿ ਪੜਿ ਪੰਡਿਤ ਬੇਦ ਵਖਾਣਹਿ ਮਾਇਆ ਮੋਹ ਸੁਆਇ ॥
ਦੂਜੈ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥
ਜਿਨਿ ਜੀਉ ਪਿੰਡੁ ਦਿਤਾ ਤਿਸੁ ਕਬਹੂ ਨ ਚੇਤੈ ਜੋ ਦੇਂਦਾ ਰਿਜਕੁ ਸੰਬਾਹਿ ॥
ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ ॥
ਮਨਮੁਖਿ ਕਿਛੂ ਨ ਸੂਝੈ ਅੰਧੁਲੇ ਪੂਰਬਿ ਲਿਖਿਆ ਕਮਾਇ ॥
ਪੂਰੈ ਭਾਗਿ ਸਤਿਗੁਰੁ ਮਿਲੈ ਸੁਖਦਾਤਾ ਨਾਮੁ ਵਸੈ ਮਨਿ ਆਇ ॥
ਸੁਖੁ ਮਾਣਹਿ ਸੁਖੁ ਪੈਨਣਾ ਸੁਖੇ ਸੁਖਿ ਵਿਹਾਇ ॥



ਨਾਨਕ ਸੋ ਨਾਉ ਮਨਹੁ ਨ ਵਿਸਾਰੀਐ ਜਿਤੁ ਦਰਿ ਸਚੈ ਸੋਭਾ ਪਾਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 85.

14. ਗੁਰਮੁਖਿ ਸੇਵਾ ਪ੍ਰਾਨ ਅਧਾਰਾ ॥
ਹਰਿ ਜੀਉ ਰਾਖਹੁ ਹਿਰਦੈ ਉਰਧਾਰਾ ॥
ਗੁਰਮੁਖਿ ਸੋਭਾ ਸਾਚ ਦੁਆਰਾ ॥
ਪੰਡਿਤ ਹਰਿ ਪੜੁ ਤਜਹੁ ਵਿਕਾਰਾ ॥
ਗੁਰਮੁਖਿ ਭਉਜਲੁ ਉਤਰਹੁ ਪਾਰਾ ॥
ਗੁਰਮੁਖਿ ਵਿਚਹੁ ਹਉਮੈ ਜਾਇ ॥
ਗੁਰਮੁਖਿ ਮੈਲੁ ਨ ਲਾਗੈ ਆਇ ॥
ਗੁਰਮੁਖਿ ਨਾਮੁ ਵਸੈ ਮਨਿ ਆਇ ॥
ਗੁਰਮੁਖਿ ਕਰਮ ਧਰਮ ਸਚਿ ਹੋਈ ॥
ਗੁਰਮੁਖਿ ਅਹੰਕਾਰੁ ਜਲਾਏ ਦੋਈ ॥
ਗੁਰਮੁਖਿ ਨਾਮਿ ਰਤੇ ਸੁਖੁ ਹੋਈ ॥
ਆਪਣਾ ਮਨੁ ਪਰਬੋਧਹੁ ਬੂਝਹੁ ਸੋਈ ॥
ਲੋਕ ਸਮਝਾਵਹੁ ਸੁਣੇ ਨ ਕੋਈ ॥
ਗੁਰਮੁਖਿ ਸਮਝਹੁ ਸਦਾ ਸੁਖੁ ਹੋਈ ॥
ਮਨਮੁਖਿ ਡੰਫੁ ਬਹੁਤੁ ਚਤੁਰਾਈ ॥
ਜੋ ਕਿਛੁ ਕਮਾਵੈ ਸੁ ਥਾਇ ਨ ਪਾਈ ॥
ਆਵੈ ਜਾਵੈ ਠਉਰ ਨ ਕਾਈ ॥
ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ ॥
ਬਗ ਜਿਉ ਲਾਇ ਬਹੈ ਨਿਤ ਧਿਆਨਾ ॥
ਜਮਿ ਪਕੜਿਆ ਤਬ ਹੀ ਪਛੁਤਾਨਾ ॥
ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥
ਗੁਰ ਪਰਸਾਦੀ ਮਿਲੈ ਹਰਿ ਸੋਈ ॥
ਗੁਰੁ ਦਾਤਾ ਜੁਗ ਚਾਰੇ ਹੋਈ ॥
ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ ॥
ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ ॥
ਨਾਨਕ ਬਿਨੁ ਨਾਵੈ ਝੂਠੀ ਚਤੁਰਾਈ ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 230.

15. ਏਕੋ ਨਾਮੁ ਨਿਧਾਨੁ ਪੰਡਿਤ ਸੁਣਿ ਸਿਖੁ ਸਚੁ ਸੋਈ ॥
ਦੂਜੈ ਭਾਇ ਜੇਤਾ ਪੜਹਿ ਪੜਤ ਗੁਣਤ ਸਦਾ ਦੁਖੁ ਹੋਈ ॥
ਹਰਿ ਚਰਣੀ ਤੂੰ ਲਾਗਿ ਰਹੁ ਗੁਰ ਸਬਦਿ ਸੋਝੀ ਹੋਈ ॥
ਹਰਿ ਰਸੁ ਰਸਨਾ ਚਾਖੁ ਤੂੰ ਤਾਂ ਮਨੁ ਨਿਰਮਲੁ ਹੋਈ ॥
ਸਤਿਗੁਰ ਮਿਲਿਐ ਮਨੁ ਸੰਤੋਖੀਐ ਤਾ ਫਿਰਿ ਤ੍ਰਿਸਨਾ ਭੂਖ ਨ ਹੋਇ ॥
ਨਾਮੁ ਨਿਧਾਨੁ ਪਾਇਆ ਪਰ ਘਰਿ ਜਾਇ ਨ ਕੋਇ ॥
ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥
ਗੁਰਮਤੀ ਘਟਿ ਚਾਨਣਾ ਹਰਿਨਾਮੁ ਪਾਵੈ ਸੋਇ ॥
ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ ॥
ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੇ ਪਿਆਰੁ ॥
ਸਚੈ ਜਗਤੁ ਡਹਕਾਇਆ ਕਹਣਾ ਕਛੂ ਨ ਜਾਇ ॥
ਨਾਨਕ ਜੋ ਤਿਸੁ ਭਾਵੈ ਸੋ ਕਰੇ ਜਿਉ ਤਿਸ ਕੀ ਰਜਾਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 492.

16. ਗੁਰਮੁਖਿ ਚਿਤੁ ਨ ਲਾਇਓ ਅੰਤਿ ਦੁਖੁ ਪਹੁਤਾ ਆਇ ॥
ਅੰਦਰਹੁ ਬਾਹਰਹੁ ਅੰਧਿਆਂ ਸੁਧਿ ਨ ਕਾਈ ਪਾਇ ॥
ਪੰਡਿਤ ਤਿਨ ਕੀ ਬਰਕਤੀ ਸਭੁ ਜਗਤੁ ਖਾਇ ਜੋ ਰਤੇ ਹਰਿ ਨਾਇ ॥
ਜਿਨ ਗੁਰ ਕੈ ਸਬਦਿ ਸਲਾਹਿਆ ਹਰਿ ਸਿਉ ਰਹੇ ਸਮਾਇ ॥
ਪੰਡਿਤ ਦੂਜੈ ਭਾਇ ਬਰਕਤਿ ਨ ਹੋਵਈ ਨਾ ਧਨੁ ਪਲੈ ਪਾਇ ॥
ਪੜਿ ਥਕੇ ਸੰਤੋਖੁ ਨ ਆਇਓ ਅਨਦਿਨੁ ਜਲਤ ਵਿਹਾਇ ॥
ਕੂਕ ਪੂਕਾਰ ਨ ਚੁਕਈ ਨਾ ਸੰਸਾ ਵਿਚਹੁ ਜਾਇ ॥
ਨਾਨਕ ਨਾਮ ਵਿਹੂਣਿਆ ਮੁਹਿ ਕਾਲੈ ਉਠਿ ਜਾਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 647.

17. ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥
ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥
ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥
ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ ॥
ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥



ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ ॥
ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 647.

18. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 434.

19. ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ ॥
ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ ਹਉਮੈ ਰੋਗੁ ਤਿਸੁ ਜਾਏ ॥
ਹਰਿ ਗੁਣ ਗਾਵੈ ਗੁਣ ਸੰਗ੍ਰਹੈ ਜੋਤੀ ਜੋਤਿ ਮਿਲਾਏ ॥
ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮਗਿਆਨੀ ਜਿ ਹਉਮੈ ਮੇਟਿ ਸਮਾਏ ॥
ਨਾਨਕ ਤਿਸ ਨੋ ਮਿਲਿਆ ਸਦਾ ਸੁਖੁ ਪਾਈਐ ਜਿ ਅਨਦਿਨੁ ਹਰਿ ਨਾਮੁ ਧਿਆਏ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 512.

20. ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ ਹਰਿ ਸੇਤੀ ਰੰਗਿ ਰਾਤਾ ॥
ਪ੍ਰਭੁ ਨਿਕਟਿ ਵਸੈ ਸਭਨਾ ਘਟ ਅੰਤਰਿ, ਗੁਰਮੁਖਿ ਵਿਰਲੈ ਜਾਤਾ ॥
ਨਾਨਕ ਨਾਮੁ ਮਿਲੈ ਵਡਿਆਈ ਗੁਰ ਕੈ ਸਬਦਿ ਪਛਾਤਾ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 67-68.

21. ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ ॥
ਜਿਨ ਕੈ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ ॥
ਗੁਣ ਰਵਹਿ ਗੁਣ ਸੰਗ੍ਰਹਹਿ ਜੋਤੀ ਜੋਤਿ ਮਿਲਾਇ ॥
ਇਸੁ ਜੁਗ ਮਹਿ ਵਿਰਲੇ ਬ੍ਰਾਹਮਣ ਬ੍ਰਹਮੁ ਬਿੰਦਹਿ ਚਿਤੁ ਲਾਇ ॥
ਨਾਨਕ ਜਿਨ੍ ਕਉ ਨਦਰਿ ਕਰੇ ਹਰਿ ਸਚਾ ਸੇ ਨਾਮਿ ਰਹੇ ਲਿਵ ਲਾਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 850.

22. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 88.

23. ਅੰਤਰਿ ਕਪਟੁ ਭਗਉਤੀ ਕਹਾਏ ॥
ਪਾਖੰਡਿ ਪਾਰਬ੍ਰਹਮੁ ਕਦੇ ਨਾ ਪਾਏ ॥
ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥
ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨਾ ਜਾਏ ॥
ਸਤ ਸੰਗਤਿ ਸਿਉ ਬਾਦੁ ਰਚਾਏ ॥
ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥
ਹਰਿ ਨਾਮੁ ਨ ਚੇਤੈ ਬਹੁ ਕਰਮ ਕਾਮਏ ॥

ਪੂਰਬਿ ਲਿਖਿਆ ਸੁ ਮੇਟਣਾ ਨ ਜਾਏ ॥
ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 88.

24. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 908.

25. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 556.

26. ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ ॥
ਸੋ ਬ੍ਰਾਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ ॥
ਹਰਿ ਸਾਲਾਹੇ ਹਰਿ ਪੜੈ ਗੁਰ ਕੈ ਸਬਦਿ ਵੀਚਾਰਿ ॥
ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ ॥
ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥
ਹੋਰੁ ਕੂੜੁ ਪੜਣਾ ਕੂੜੁ ਕਮਾਵਣਾ ਬਿਖਿਆ ਨਾਲਿ ਪਿਆਰੁ ॥
ਅੰਦਰਿ ਸੁਖੁ ਨ ਹੋਵਈ ਮਨਮੁਖ ਜਨਮੁ ਖੁਆਰੁ ॥
ਨਾਨਕ ਨਾਮਿ ਰਤੇ ਸੇ ਉਬਰੇ ਗੁਰ ਕੈ ਹੇਤਿ ਅਪਾਰਿ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1093-1094.

27. ਨਉਮੀ ਨੇਮੁ ਸਚੁ ਜੇ ਕਰੈ ॥
ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥
ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ ॥
ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ ॥
ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1245.

28. ਸੰਤੋਸ਼ ਸੇਨਗੁਪਤਾ, ਆਨ ਦਾ ਅੰਡਰਸਟੈਂਡਿੰਗ ਆਫ ਅਦਰ ਰੀਲੀਜਨਜ਼, ਇਨਸਾਈਟਸ ਇਨਟੂ ਮੇਜਰ ਵਰਲਡ ਰੀਲੀਜਨਜ਼, ਜਸਬੀਰ ਸਿੰਘ ਆਹਲੂਵਾਲੀਆ (ਸੰਪਾ.), ਪੰਨੇ 1-2.

29. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 919.

30. ਸਾਸਤੁ ਬੇਦੁ ਸਿੰਮ੍ਰਿਤਿ ਸਰੁ ਤੇਰਾ ਸੁਰਸਰੀ ਚਰਣ ਸਮਾਣੀ ॥
ਸਾਖਾ ਤੀਨਿ ਮੂਲੁ ਮਤਿ ਰਾਵੈ ਤੂੰ ਤਾਂ ਸਰਬ ਵਿਡਾਣੀ ॥
ਤਾ ਕੇ ਚਰਣ ਜਪੈ ਜਨੁ ਨਾਨਕੁ ਬੋਲੇ ਅੰਮ੍ਰਿਤ ਬਾਣੀ ॥
ਥੇਤੀਸ ਕਰੋੜੀ ਦਾਸ ਤੁਮ੍ਾਰੇ ਰਿਧਿ ਸਿਧਿ ਪ੍ਰਾਣ ਅਧਾਰੀ ॥



ਤਾ ਕੇ ਰੂਪ ਨ ਜਾਹੀ ਲਖਣੇ ਕਿਆ ਕਰਿ ਆਖਿ ਵੀਚਾਰੀ ॥
ਤੀਨਿ ਗੁਣਾ ਤੇਰੇ ਜੁਗ ਹੀ ਅੰਤਰਿ ਚਾਰੇ ਤੇਰੀਆ ਖਾਣੀ ॥
ਕਰਮੁ ਹੋਵੈ ਤਾ ਪਰਮ ਪਦੁ ਪਾਈਐ ਕਥੇ ਅਕਥ ਕਹਾਣੀ ॥
ਤੂੰ ਕਰਤਾ ਕੀਆ ਸਭੁ ਤੇਰਾ ਕਿਆ ਕੋ ਕਰੇ ਪਰਾਣੀ ॥
ਜਾ ਕਉ ਨਦਰਿ ਕਰਹਿ ਤੂੰ ਅਪਣੀ ਸਾਈ ਸਚਿ ਸਮਾਣੀ ॥
ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ ॥
ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ ॥
ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥
ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥
ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥
ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ॥
ਤੂੰ ਸਚਾ ਤੇਰਾ ਕੀਆ ਸਭੁ ਸਾਚਾ ਦੇਹਿ ਤ ਸਾਚੁ ਵਖਾਣੀ ॥
ਜਾ ਕਉ ਸਚੁ ਬੁਝਾਵਹਿ ਅਪਣਾ ਸਹਜੇ ਨਾਮਿ ਸਮਾਣੀ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 422-423.

31. ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 118.

32. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 853.

# ‘ਗੁਰੁ ਬੈਠਾ ਅਮਰੁ ਸਰੂਪ ਹੋਇ’ (ਗੁਰਿਆਈ ਅਤੇ ਜੋਤਿ ਦੇ ਵਿਸ਼ੇਸ਼ ਹਵਾਲੇ ਵਿਚ)

**ਡਾ. ਤੇਜਿੰਦਰ ਪਾਲ ਸਿੰਘ***

ਸਿੱਖ ਪਰੰਪਰਾ ਵਿਚ ਸਿੱਖ ਪੰਥ ਨੂੰ ‘ਤੀਸਰ ਪੰਥ’[1] ਦੀ ਸੰਗਿਆ ਦਿਤੀ ਗਈ ਹੈ। ਸਿੱਖ ਧਰਮ, ਦਸ ਗੁਰੂ ਸਾਹਿਬਾਨ ਦੇ ਅਧਿਆਤਮਿਕ ਅਨੁਭਵ ਦੁਆਰਾ ਸਥਾਪਿਤ ਹੋਇਆ ਧਰਮ ਹੈ, ਜਿਸ ਦਾ ਉਦੇਸ਼ ਮਨੁਖਤਾ ਨੂੰ ਸੰਸਾਰ ਸਾਗਰ ਤੋਂ ਪਾਰ ਉਤਾਰਨਾ ਹੈ।[2] ਗੁਰਬਾਣੀ ਅਨੁਸਾਰ ਗੁਰੂ ਨਾਨਕ ਦੇਵ ਦੇ ਰਹਸਮਈ ਅਨੁਭਵ ਵਿਚੋਂ ਸਿੱਖ ਧਰਮ ਪ੍ਰਗਟ ਹੁੰਦਾ ਹੈ :

ਹਉ ਢਾਢੀ ਵੇਕਾਰੁ ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥[3]

ਸਿੱਖ ਧਰਮ ਵਿਚ ‘ਗੁਰੂ’ ਦਾ ਕੇਂਦਰੀ ਸਥਾਨ ਹੈ। ਗੁਰਮਤਿ ਅਨੁਸਾਰ ‘ਗੁਰੂ’, ਸਮੇਂ-ਸਥਾਨ ਅਤੇ ਕਾਰਨ-ਕਾਰਜ ਵਿਚ ਬਝਾ ਕੋਈ ਸੰਸਾਰਕ ਵਿਅਕਤੀ ਨਹੀਂ, ਬਲਕਿ ਉਹ ਤਾਂ ਪਰਮਾਤਮਾ ਦੀ ‘ਜੋਤਿ’ ਦਾ ਪ੍ਰਗਟ ਰੂਪ ਹੈ, ਇਕ ਰਬੀ ਕਰਾਮਾਤ ਹੈ। ‘ਗੁਰੂ’ ਐਨਾ ਮਹਾਨ ਹੈ ਕਿ ਪਰਮਾਤਮਾ ਦੀਆਂ ਸਾਰੀਆਂ ਦੈਵੀ ਸ਼ਕਤੀਆਂ ਇਸ ਵਿਚ ਸ਼ਾਮਿਲ ਹਨ। ਇਸੇ ਲਈ ਸਿੱਖ ਵਿਚਾਰਧਾਰਾ ਅਨੁਸਾਰ ਸਭ ਸ਼ਕਤੀਆਂ ਦਾ ਪ੍ਰਤੀਨਿਧ ‘ਗੁਰੂ’ ਹੀ ਹੈ।[4] ‘ਗੁਰੂ’ ਪਰਮਾਤਮਾ ਵਲੋਂ ਸੰਸਾਰ ਦੇ ਕਲਿਆਣ ਹਿਤ ਨਿਯਤ ਕੀਤਾ ਹੋਇਆ ਇਕ ‘ਬਸੀਠ’ (ਵਕੀਲ) ਹੈ, ਜਿਹੜਾ ਸੰਸਾਰ ਵਿਚ ਵਿਛੜਿਆਂ ਨੂੰ ਮਿਲਾਉਂਦਾ ਹੈ।[5] ‘ਗੁਰੂ’ ਰਬੀ ਅਜ਼ਮਤ ਹੋਣ ਕਾਰਨ, ਇਸ ਨੂੰ ਸਮਝਣਾ ਬਹੁਤ ਮੁਸ਼ਕਿਲ ਕਾਰਜ ਹੈ।

ਹਥ ਵਿਚਲੇ ਪਰਚੇ ਵਿਚ ਗੁਰੂ ਨਾਨਕ ਦੇਵ ਦੀ ਤੀਜੀ ਜੋਤਿ, ਗੁਰੂ ਅਮਰਦਾਸ ਦੀ ਗੁਰਿਆਈ ਬਾਰੇ ਚਰਚਾ ਕੀਤੀ ਜਾ ਰਹੀ ਹੈ। ਇਸ ਜਤਨ ਵਿਚ ਗੁਰੂ ਅਮਰਦਾਸ ਨੂੰ ਗੁਰੂ ਨਾਨਕ ਦੇਵ ਦੀ

*** ਸਹਾਇਕ ਪ੍ਰੋਫੈਸਰ, ਯੂਨੀਵਰਸਿਟੀ ਕਾਲਜ, ਮੀਰਾਂਪੁਰ।**



ਜੋਤਿ ਦੀ ਨਿਰੰਤਰਤਾ ਵਜੋਂ ਪੇਸ਼ ਕੀਤਾ ਗਿਆ ਹੈ। ਪਰਚੇ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਗੁਰਬਾਣੀ ਤੋਂ ਬਿਨਾਂ ਸਮਕਾਲੀ ਸਾਹਿਤ, ਜਿਵੇਂ ਭਾਈ ਗੁਰਦਾਸ, ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ਦੇ ਅਧਾਰ ਉਤੇ ਗੁਰੂ ਅਮਰਦਾਸ ਨੂੰ ਨਾਨਕ-ਜੋਤਿ ਦੀ ਨਿਰੰਤਰਤਾ ਵਜੋਂ ਦਰਸਾਇਆ ਗਿਆ ਹੈ। ਦੂਜੇ ਭਾਗ ਵਿਚ 17-19ਵੀਂ ਸਦੀ ਦੇ ਸਰੋਤਾਂ-ਸ੍ਰੀ ਗੁਰ ਸੋਭਾ, ਗੁਰਬਿਲਾਸ ਪਾਤਸ਼ਾਹੀ ੬, ਗੁਰਬਿਲਾਸ ਪਾਤਸ਼ਾਹੀ ੧੦, ਮਹਿਮਾ ਪ੍ਰਕਾਸ਼ (ਕਵਿਤਾ), ਸ੍ਰੀ ਗੁਰ ਪੰਥ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼, ਗੁਰਕੀਰਤ ਪ੍ਰਕਾਸ਼, ਅਤੇ ਸ੍ਰੀ ਸਰਬਲੋਹ ਗ੍ਰੰਥ ਆਦਿ ਵਿਚ ਗੁਰੂ ਅਮਰਦਾਸ ਦੀ ਗੁਰਿਆਈ ਅਤੇ ਨਾਨਕ-ਜੋਤਿ ਸੰਬੰਧੀ ਮਿਲਦੇ ਹਵਾਲੇ ਅੰਕਿਤ ਕੀਤੇ ਹਨ।

## I

ਗੁਰੂ ਅਮਰਦਾਸ ਦੀ ਗੁਰਿਆਈ ਦੇ ਸੰਬੰਧ ਵਿਚ ਸਾਡੇ ਕੋਲ ਸਭ ਤੋਂ ਵਧ ਪ੍ਰਮਾਣਿਕ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ। ਗੁਰਬਾਣੀ ਦੀ ਦ੍ਰਿਸ਼ਟੀ ਵਿਚ ਗੁਰੂ ਅਮਰਦਾਸ, ਗੁਰੂ ਨਾਨਕ ਦੇਵ ਦੁਆਰਾ ਚਲਾਈ ਗੁਰਿਆਈ ਪਰੰਪਰਾ ਦੀ ਨਿਰੰਤਰਤਾ ਵਿਚ ਸਨ :

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥[6]

ਗੁਰੂ ਅਮਰਦਾਸ ਨੂੰ ਨਿਰੋਲ ਬਖਸ਼ਿਸ਼ ਵਜੋਂ ਗੁਰਿਆਈ ਦੀ ਪ੍ਰਾਪਤੀ ਹੋਈ। ਵਰਨਣਯੋਗ ਹੈ ਕਿ ਗੁਰਿਆਈ ਅਧਿਕਾਰ ਨਹੀਂ, ਕੇਵਲ ਬਖਸ਼ਿਸ਼ ਹੈ। ਅਧਿਕਾਰਾਂ ਦਾ ਸੰਘਰਸ਼ ਹਮੇਸ਼ਾਂ ਹੰਕਾਰ ਅਤੇ ਮੋਹ-ਮਾਇਆ ਅਧੀਨ ਹੋ ਕੇ ਲੜਿਆ ਜਾਂਦਾ ਹੈ, ਪਰੰਤੂ ਬਖਸ਼ਿਸ਼ ਹਮੇਸ਼ਾਂ ਮੋਹ-ਮਾਇਆ ਤੇ ਹਉਮੈਂ ਤੋਂ ਰਹਿਤ ਹੋ ਕੇ ਪ੍ਰਾਪਤ ਕੀਤੀ ਜਾਂਦੀ ਹੈ। ਸੰਸਾਰੀ ਗੱਦੀਆਂ ਦੇ ਇਤਿਹਾਸ ਵਿਚ ‘ਗੱਦੀ ਅਧਿਕਾਰ’ ਨੂੰ ਵਿਰਾਸਤੀ ਅਧਿਕਾਰ ਮੰਨਿਆ ਜਾਂਦਾ ਸੀ। ਮੁਗਲਾਂ ਤੇ ਮਹਾਰਾਜਾ ਰਣਜੀਤ ਸਿੰਘ ਵੇਲੇ ਗੱਦੀ-ਅਧਿਕਾਰ ਪ੍ਰਾਪਤ ਕਰਨ ਲਈ ਜਿਵੇਂ ਪੁਤਰ-ਪੋਤਰਿਆਂ ਨੇ ਇਕ ਦੂਜੇ ‘ਤੇ ਜੋ ਹਮਲੇ ਕੀਤੇ, ਇਸ ਗਲ ਦੇ ਸੰਕੇਤਕ ਹਨ ਕਿ ਗੱਦੀ ਪਰੰਪਰਾ ਵਿਚ ਵਿਰਾਸਤ ਦਾ ਅਧਿਕਾਰ ਪ੍ਰਧਾਨ ਸੀ। ਦੂਜੇ ਪਾਸੇ ਗੁਰੂ ਨਾਨਕ ਦੇਵ ਨੇ ਵਿਰਾਸਤੀ ਅਧਿਕਾਰ ਨੂੰ ਹਟਾ ਕੇ ਬਖਸ਼ਿਸ਼ ਟਿਕਾ ਦਿਤੀ।[7] ‘ਗੁਰਿਆਈ’ ਜਿਸ ਵੀ ਗੁਰੂ ਨੂੰ ਪ੍ਰਾਪਤ ਹੋਈ, ਬਖਸ਼ਿਸ਼ ਰੂਪ ਵਿਚ ਹੀ ਪ੍ਰਾਪਤ ਹੋਈ, ਅਧਿਕਾਰ ਵਜੋਂ ਨਹੀਂ। ਗੁਰਬਿਲਾਸ ਪਾਤਸ਼ਾਹੀ ੬ ਦੇ ਕਰਤਾ ਅਨੁਸਾਰ ਗੁਰਿਆਈ ਕਿਸੇ ਦਾ ਵਿਰਾਸਤੀ ਹਕ ਨਹੀਂ, ਬਲਕਿ ਇਹ ਸੇਵਾ ਕਰਕੇ ਪ੍ਰਾਪਤ ਹੁੰਦੀ ਹੈ :

ਇਹ [ਗੁਰਿਆਈ] ਸੇਵਕ ਕੀ ਚੀਜ ਹੈ ਕੋਈ ਨ ਈਰਖ ਪਾਇ ॥
ਕਰਿ ਸੇਵਾ ਸੋਈ ਲਹੈ ਸੁਨਿ ਗੁਰ ਹਰਖ ਧਰਾਇ ॥[8]

ਗੁਰੂ ਅਮਰਦਾਸ ਨੂੰ ਵੀ ਗੁਰ-ਸੇਵਾ ਦੇ ਅਧਾਰ ਉਤੇ ਹੀ ਗੁਰੂ ਥਾਪਿਆ ਗਿਆ। ਬਜ਼ੁਰਗ ਅਵਸਥਾ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੇ ਗੁਰੂ ਅੰਗਦ ਦੇਵ ਦੀ ਅਣਥਕ ਸੇਵਾ ਕੀਤੀ। ਉਹ

ਰੋਜ਼ਾਨਾ ਅੰਮ੍ਰਿਤ ਵੇਲੇ ਉਠ ਕੇ ਲੰਗਰ ਲਈ ਪਾਣੀ ਅਤੇ ਬਾਲਣ ਦਾ ਪ੍ਰਬੰਧ ਕਰਦੇ। ਹਰ ਰੋਜ਼ ਤਿੰਨ ਮੀਲ ਦੀ ਦੂਰੀ 'ਤੇ ਸਥਿਤ ਬਿਆਸ ਦਰਿਆ ਤੋਂ ਗੁਰੂ ਅੰਗਦ ਦੇਵ ਦੇ ਇਸ਼ਨਾਨ ਲਈ ਜਲ ਲੈ ਕੇ ਆਉਂਦੇ। ਇਹ ਸੇਵਾ ਤਕਰੀਬਨ 11 ਸਾਲ ਤਕ ਚਲਦੀ ਰਹੀ, ਜਿਸ ਦੇ ਸਿਟੇ ਵਜੋਂ ਉਨ੍ਹਾਂ ਨੂੰ ਗੁਰਿਆਈ ਪ੍ਰਾਪਤ ਹੋਈ।[9] ਗੁਰਕੀਰਤ ਪ੍ਰਕਾਸ਼ ਦਾ ਕਰਤਾ ਕਵੀ ਵੀਰ ਸਿੰਘ ਬਲ ਗੁਰੂ ਅਮਰਦਾਸ ਸੇਵਾ ਦਾ ਇਉਂ ਵਰਨਣ ਕਰਦਾ ਹੈ:

ਅਮਰਦਾਸ ਕੀ ਸੁਨੋ ਕਹਾਨੀ॥ ਸੇਵ ਕਰੇ ਲਿਆਵੈ ਭਰ ਪਾਨੀ॥
ਭਰ ਗਾਗਰ ਨਿਤ ਬਿਆਸੋ ਲਿਆਵੈ॥ ਸ੍ਰੀ ਗੁਰ ਕੋ ਇਸਨਾਨੁ ਕਰਾਵੈ॥
ਚਰਨੋਦਕੁ ਲੈ ਨਿਜਿ ਸਿਰ ਧਰੇ॥ ਦੈ ਪਰਕਰਮਾ ਬੰਦਨ ਕਰੇ॥
ਦੈ ਝਾਰੂ ਗੁਰ ਕੈ ਦਰਬਾਰ॥ ਸੇਵ ਕਰੇ ਮਨਮਾਨੁ ਨਿਵਾਰ॥
ਐਸੇ ਦੁਵਾ ਦਸ ਬਰਸ ਬੀਤਾਏ॥ ਗੁਰ ਬਰ ਕੇ ਦਿਨ ਨੇਰੇ ਆਏ॥
ਗੁਰੁ ਅੰਗਦੁ ਹੋਵੇ ਕਿਰਪਾਲ॥ ਨਿਜ ਸਮ ਕਰਹੈ ਨਦਰ ਨਿਹਾਲ॥ [10]

ਕਵੀ ਕੰਕਣ ਦੇ ਸ਼ਬਦਾਂ ਵਿਚ ਗੁਰੂ ਅਮਰਦਾਸ ਨੇ ਗੁਰੂ ਅੰਗਦ ਦੇਵ ਦੀ ਸੇਵਾ ਕਰਕੇ ਗੁਰੂ ਦੀ ਉਤਮ ਪਦਵੀ ਹਾਸਿਲ ਕੀਤੀ। ਗੁਰਿਆਈ ਪ੍ਰਾਪਤ ਕਰਨ ਤੋਂ ਬਾਅਦ ਗੁਰੂ ਅੰਗਦ ਤੇ ਅਮਰਦਾਸ ਵਿਚ ਕਿਸੇ ਕਿਸਮ ਦਾ ਭੇਦ ਨਾ ਰਿਹਾ :

ਅਮਰਦਾਸ ਕੋ ਥਾਪਨਾ ਗੁਰ ਅੰਗਦ ਸਭ ਕੀਨ।
ਟਹਿਲ ਕਮਾਈ ਗੁਰੂਕੀ ਊਤਮ ਪਦਵੀ ਲੀਨ।...
ਗੁਰ ਅੰਗਦ ਗੁਰ ਅਮਰ ਮਹਿ ਭੇਦ ਨ ਦੂਸਰ ਕੋਇ।
ਬਾਸਨ ਅਵਰੁ ਪਛਾਨੀਏ ਵਸਤੁ ਏਕ ਹੀ ਹੋਇ।[11]

ਭਾਈ ਸਤਾ/ਬਲਵੰਡਿ ਗੁਰੂ ਅਮਰਦਾਸ ਦੀ ਉਸਤਤਿ ਕਰਦੇ ਹੋਏ ਕਹਿੰਦੇ ਹਨ ਕਿ ਪੋਤਰਾ ਗੁਰੂ(ਅਮਰਦਾਸ) 'ਪਰਵਾਣੁ' ਹੋਏ ਗੁਰੂ ਸਨ। ਉਹ ਵੀ ਗੁਰੂ ਨਾਨਕ ਦੇਵ ਤੇ ਗੁਰੂ ਅੰਗਦ ਦੇਵ ਵਰਗੇ ਹੀ ਗੁਰੂ ਸਨ। ਉਨ੍ਹਾਂ ਦੇ ਮਥੇ ਉਤੇ ਵੀ ਉਹੀ ਨੂਰ ਹੈ, ਉਹੀ ਤਖਤ ਹੈ ਤੇ ਉਹੀ ਦਰਬਾਰ ਹੈ, ਜਿਹੜਾ ਗੁਰੂ ਨਾਨਕ ਦੇਵ ਤੇ ਗੁਰੂ ਅੰਗਦ ਦੇਵ ਦਾ ਸੀ :

ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ॥
ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥
ਪਿਯੂਦਾਦੇ ਜੇਵਿਹਾ ਪੋਤ੍ਰਾ ਪਰਵਾਣੁ॥ [12]

ਭਟ ਸਾਹਿਬਾਨ ਗੁਰਿਆਈ ਨੂੰ ਸਦਾ ਥਿਰ ਰਹਿਣ ਵਾਲਾ ਰਾਜ ਜੋਗ ਦਾ ਤਖਤ ਕਹਿੰਦੇ ਹਨ, ਜਿਸ ਦੀ ਕੇਂਦਰੀ ਕੜੀ ਆਤਮਿਕ ਜੋਤਿ ਹੈ। ਭਾਵ, ਕਲਿਜੁਗਿ ਵਿਚ ਗੁਰਿਆਈ ਇਕ ਅਜਿਹੇ 'ਰਾਜੁ ਜੋਗੁ' ਦਾ ਤਖਤ ਹੈ, ਜਿਸ ਦੇ ਪਹਿਲੇ 'ਪ੍ਰਮਾਣੁ' [13] ਗੁਰੂ ਨਾਨਕ ਦੇਵ ਹਨ, ਜਿਹੜੇ



ਆਪ ਹੀ ਗੁਰੂ ਅੰਗਦ ਦੇਵ ਜਾਂ ਗੁਰੂ ਅਮਰਦਾਸ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ :

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥ [14]

ਭਟ ਕੀਰਤ ਅਨੁਸਾਰ ਗੁਰੂ ਨਾਨਕ ਦੇਵ ਦੀ ਦੈਵੀ 'ਕੁਲ' ਵਿਚ ਭਾਈ ਲਹਣਾ (ਗੁਰੂ ਅੰਗਦ ਦੇਵ) ਅਵਤਰਦੇ ਹਨ। ਇਸੇ ਤਰ੍ਹਾਂ ਗੁਰੂ ਅਮਰਦਾਸ ਉਸ 'ਕੁਲ' ਦੇ ਅਗਲੇ 'ਪਾਤਿਸ਼ਾਹ' ਹਨ। ਇਹ 'ਕੁਲ' ਗੁਰੂ ਨਾਨਕ ਦੇਵ ਦੇ 'ਪ੍ਰਸਾਦਿ' ਨਾਲ, ਗੁਰੂ ਅੰਗਦ ਦੇਵ ਅਤੇ ਉਨ੍ਹਾਂ ਦੀ 'ਕਿਰਪਾ' ਨਾਲ ਗੁਰੂ ਅਮਰਦਾਸ ਤਕ ਚਲਦੀ ਹੈ :

...ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥ [15]

ਭਟ ਸਾਹਿਬਾਨ ਅਨੁਸਾਰ 'ਹਰਿ' (ਪਰਮਾਤਮਾ) ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਅਤੇ ਗੁਰੂ ਅਮਰਦਾਸ ਦੇ 'ਸੰਗਿ' ਸਮਾਇਆ ਹੋਇਆ ਹੈ :

ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ॥ [16]

ਗੁਰੂ ਸਾਹਿਬਾਨ ਵਲੋਂ ਅਪਨਾਈ ਗਈ 'ਜੁਗਤਿ' ਨੂੰ ਭਟ ਗਯੰਦ ਨੇ 'ਧਰਮ ਦਾ ਪੰਥ' ਕਹਿ ਕੇ ਵਡਿਆਇਆ ਹੈ :

ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥
ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥
ਲਹਣੈ ਪੰਥੁ ਧਰਮ ਕਾ ਕੀਆ॥
ਅਮਰਦਾਸ ਭਲੇ ਕਉ ਦੀਆ॥ ...[17]

ਗੁਰੂ ਅੰਗਦ ਦੇਵ ਨੂੰ 'ਅਕਥ ਕਥਾ' ਦੇ ਗਿਆਨ ਦਾ ਮਿਲਿਆ ਖਜ਼ਾਨਾ ਗੁਰੂ ਅਮਰਦਾਸ ਨੇ ਸਦੀਵ ਕਾਲ ਲਈ ਕਲਜੁਗਿ ਵਿਚ ਜੀਵਾਂ ਦੀ ਇਜ਼ਤ ਰਖਣ ਲਈ ਵਰਤਾਇਆ। ਭਟ ਸਾਹਿਬਾਨ ਨੇ ਗੁਰੂ ਅਮਰਦਾਸ ਦੀ ਗੁਰਿਆਈ ਸੰਬੰਧੀ ਤਤ ਸਿਉ ਤਤ ਮਿਲਣਾ[18] ਅਤੇ ਅੰਗ ਤੋਂ ਸੰਗ ਪੈਦਾ ਹੋਣਾ[19] ਆਦਿ ਰੂਪਕ ਵਰਤੇ ਹਨ। ਇਸ ਤੋਂ ਬਿਨ੍ਹਾਂ ਉਨ੍ਹਾਂ ਨੇ 'ਸਬਦਿ' [20] ਅਤੇ 'ਸਤਿਗੁਰਿ'[21], ਆਦਿ ਦੈਵੀ ਸ਼ਬਦ ਵਰਤ ਕੇ ਗੁਰੂ ਅਮਰਦਾਸ ਦੀ ਗੁਰਿਆਈ ਸੰਬੰਧੀ ਆਪਣਾ ਅਨੁਭਵ ਪੇਸ਼ ਕੀਤਾ ਹੈ। ਭਟਾਂ ਅਨੁਸਾਰ 'ਨਾਮੁ' ਸਦਕਾ ਹੀ ਗੁਰੂ ਅਮਰਦਾਸ ਦੀ ਸੋਭਾ ਜਗਤ ਵਿਚ ਹੋਈ :

ਸੋਈ ਪੁਰਖੁ ਸਿਵਰਿ ਸਾਚਾ ਜਾ ਕਾ ਇਕੁ ਨਾਮੁ ਅਛਲੁ ਸੰਸਾਰੇ॥
ਜਿਨਿ ਭਗਤ ਭਵਜਲ ਤਾਰੇ ਸਿਮਰਹੁ ਸੋਈ ਨਾਮੁ ਪਰਧਾਨੁ॥
ਤਿਤੁ ਨਾਮਿ ਰਸਿਕੁ ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ॥
ਕਵਿ ਜਨ ਕਲ੍ਯ ਸਬੁਧੀ ਕੀਰਤਿ ਜਨ ਅਮਰਦਾਸ ਬਿਸ੍ਤਰੀਯਾ॥ [22]

ਗੁਰਬਾਣੀ ਤੋਂ ਬਾਅਦ ਭਾਈ ਗੁਰਦਾਸ ਨੇ ਵੀ ਗੁਰੂ ਨਾਨਕ-ਜੋਤਿ ਸੰਬੰਧੀ ਆਪਣਾ ਦ੍ਰਿਸ਼ਟੀਕੋਣ

ਪੇਸ਼ ਕੀਤਾ ਹੈ। ਭਾਈ ਸਾਹਿਬ ਨੇ ਵਾਰਾਂ ਵਿਚ ਗੁਰੂ-ਸਰੂਪ ਦਾ ਵਰਨਣ ਬਹੁਤ ਹੀ ਵਿਸਤਾਰ ਨਾਲ ਕੀਤਾ ਹੈ। ਉਨ੍ਹਾਂ ਦੀ ਰਚਨਾ ਦਾ ਸ਼ਾਇਦ ਹੀ ਕੋਈ ਅਜਿਹਾ ਬੰਦ ਹੋਵੇ, ਜਿਹੜਾ ਸਿਧੇ ਜਾਂ ਅਸਿਧੇ ਰੂਪ ਵਿਚ ਗੁਰੂ-ਸਰੂਪ, ਗੁਰੂ-ਆਸ਼ਾ ਤੇ ਗੁਰੂ-ਭਗਤੀ ਦੇ ਵਰਨਣ ਤੋਂ ਸਖਣਾ ਹੋਵੇ। ਗੁਰੂ ਅਮਰਦਾਸ ਦੇ ਸੰਬੰਧ ਵਿਚ ਭਾਈ ਸਾਹਿਬ ਦਸਦੇ ਹਨ ਕਿ ਗੁਰੂ ਅਮਰਦਾਸ ਨੇ ਗੁਰੂ ਅੰਗਦ ਦੇਵ ਦਾ ਰੂਪ ਪਲਟ ਕੇ ਅਸਚਰਜ ਹੁਕਮ ਵਰਤਾਇਆ। ਉਨ੍ਹਾਂ ਨੇ ਵੀ ਉਹੀ (ਗੁਰੂ ਅੰਗਦ ਦੇਵ ਦਾ) ਰਾਜ-ਤਿਲਕ, ਸਿੰਘਾਸਣ ਤੇ ਸਚੇ ਨਾਮ ਦਾ ਹੁਕਮ ਚਲਾਇਆ :

ਸਤਿਗੁਰ ਹੋਆ ਸਤਿਗੁਰਹੁ ਅਚਰਜੁ ਅਮਰ ਅਮਰਿ ਵਰਤਾਇਆ॥
ਸੋ ਟਿਕਾ ਸੋ ਬੈਹਣਾ ਸੋਈ ਸਚਾ ਹੁਕਮੁ ਚਲਾਇਆ॥ [23]

ਭਾਈ ਗੁਰਦਾਸ ਅਨੁਸਾਰ ਗੁਰੂ-ਜੋਤਿ ਦਾ ਇਕ ਤੋਂ ਦੂਜੇ ਗੁਰੂ ਵਿਚ ਸਮਾਉਣਾ ਇਉਂ ਹੈ ਜਿਵੇਂ ਦੀਵੇਂ ਤੋਂ ਦੀਵਾ ਬਲਦਾ ਹੈ, ਪਾਣੀ ਵਿਚ ਪਾਣੀ ਮਿਲਦਾ ਹੈ :

ਜੋਤੀ ਜੋਤਿ ਜਗਾਇ ਦੀਪੁ ਦੀਪਾਇਆ॥
ਨੀਰੈ ਅੰਦਰਿ ਨੀਰੁ ਮਿਲੈ ਮਿਲਾਇਆ॥ [24]

ਗੁਰੂ-ਜੋਤਿ ਦੇ ਰੂਪ ਬਦਲਣ ਨੂੰ ਭਾਈ ਸਾਹਿਬ ਨੇ ਦੀਵਾ, ਚੰਦਨ, ਸਲਲ, ਪਵਣ, ਹੀਰਾ, ਪਾਰਸ ਅਤੇ ਅਨਲ ਪੰਖ ਆਦਿ ਦੀਆਂ ਉਦਾਹਰਨਾਂ ਦੇ ਕੇ ਬਿਆਨ ਕੀਤਾ ਹੈ :

ਜੋਤੀ ਜੋਤਿ ਜਗਾਇ ਦੀਵਾ ਬਾਲਿਆ॥
ਚੰਦਨ ਵਾਸੁ ਨਿਵਾਸੁ ਵਣਾਸਪਤਿ ਫਾਲਿਆ॥
ਸਲਲੈ ਸਲਲਿ ਸੰਜੋਗੁ ਤ੍ਰਿਬੇਣੀ ਚਾਲਿਆ॥
ਪਵਣੈ ਪਵਣੁ ਸਮਾਇ ਅਨਹਦੁ ਭਾਲਿਆ॥
ਹੀਰੈ ਈਰਾ ਬੇਧਿ ਪਰੋਇ ਦਿਖਾਲਿਆ॥
ਪਥਰੁ ਪਾਰਸੁ ਹੋਇ ਪਾਰਸੁ ਪਾਲਿਆ॥
ਅਨਲ ਪੰਖਿ ਪੁਤੁ ਹੋਇ ਪਿਤਾ ਸਮ੍ਹਾਲਿਆ॥
ਬ੍ਰਹਮੈ ਬ੍ਰਹਮੁ ਮਿਲਾਇ ਸਹਜਿ ਸੁਖਾਲਿਆ॥ [25]

ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਦੇਵ ਨਿਰੰਕਾਰ ਹਨ, ਨਿਰੰਕਾਰ ਨੇ ਹੀ ਆਪਣਾ ਆਕਾਰ ਬਣਾਇਆ ਹੈ। ਗੁਰੂ ਨਾਨਕ ਦੇਵ ਨੇ ਆਪਣੇ ਅੰਗ ਤੋਂ ਗੁਰੂ ਅੰਗਦ ਦੇਵ ਨੂੰ ਗੰਗਾ ਦੇ ਤਰੰਗ ਵਾਂਗ ਉਠਾਇਆ। ਗੁਰੂ ਅੰਗਦ ਤੋਂ ਗੁਰੂ ਅਮਰਦਾਸ ਜੋਤਿ ਸਰੂਪ ਹੋ ਕੇ ਪ੍ਰਗਟ ਹੋਏ :

ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ॥
ਗੁਰੂ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ॥
ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ॥ ...[26]



ਗੁਰੂ ਨਾਨਕ ਦੇਵ ਦੀ ਜਿਹੜੀ ਜੋਤਿ ਗੁਰੂ ਅੰਗਦ ਦੇਵ ਵਿਚ ਆਈ, ਗੁਰੂ ਅੰਗਦ ਦੇਵ ਨੇ ਉਹੀ ਜੋਤਿ ਗੁਰੂ ਅਮਰਦਾਸ ਵਿਚ ਟਿਕਾ ਦਿਤੀ। ਗੁਰੂ ਅਮਰਦਾਸ ਨੂੰ ਗੁਰੂ ਅੰਗਦ ਦੇਵ ਦੁਆਰਾ ਇਲਾਹੀ ਦਾਤ ਪ੍ਰਾਪਤ ਹੋਈ, ਜਿਸ ਸਦਕਾ ਗੁਰੂ ਅਮਰਦਾਸ ਅਮਰ ਸਰੂਪ ਹੋ ਕੇ ਗੁਰਿਆਈ ਦੇ ਤਖਤ ਉਪਰ ਬਿਰਾਜਮਾਨ ਹੋਏ :

ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ॥
ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਦਿ ਇਲਾਹੀ॥ [27]

ਗੁਰੂ ਅਮਰਦਾਸ ਨੇ ਗੁਰੂ ਅੰਗਦ ਦੇਵ ਦਾ ਰੂਪ ਪਲਟ ਕੇ ਅਸਚਰਜ ਹੁਕਮ ਵਰਤਾਇਆ। ਉਨ੍ਹਾਂ ਨੇ (ਗੁਰੂ ਅੰਗਦ ਦੇਵ ਦਾ) ਰਾਜ-ਤਿਲਕ, ਸਿੰਘਾਸਣ ਤੇ ਸਚੇ ਨਾਮ ਦਾ ਹੁਕਮ ਚਲਾਇਆ:

ਸਤਿਗੁਰ ਹੋਆ ਸਤਿਗੁਰਹੁ ਅਚਰਜੁ ਅਮਰ ਅਮਰਿ ਵਰਤਾਇਆ॥
ਸੋ ਟਿਕਾ ਸੋ ਬੈਹਣਾ ਸੋਈ ਸਚਾ ਹੁਕਮੁ ਚਲਾਇਆ॥ [28]

ਨਾਨਕ-ਜੋਤਿ ਦੀ ਨਿਰੰਤਰਤਾ ਦਾ ਜ਼ਿਕਰ ਕਰਦੇ ਹੋਏ ਭਾਈ ਗੁਰਦਾਸ ਕਹਿੰਦੇ ਹਨ ਕਿ ਸਤਿਗੁਰੂ ਨਾਨਕ ਦੇਵ ਗੁਰਾਂ ਦੇ ਗੁਰੂ ਹੋਏ ਹਨ, ਜਿਨ੍ਹਾਂ ਨੇ ਗੁਰੂ ਅੰਗਦ ਦੇਵ ਨੂੰ ਅਲਖ ਤੇ ਅਭੇਦ ਵਾਹਿਗੁਰੂ ਵਿਚ ਸਹਿਜ ਪਦ ਦੇ ਕੇ ਸਮਾ ਦਿਤਾ। ਗੁਰੂ ਅੰਗਦ ਦੇਵ ਨੇ ਗੁਰੂ ਅਮਰਦਾਸ ਨੂੰ ਅਮਰ (ਪਰਮਾਤਮਾ) ਵਿਚ ਸਮਾ ਕੇ ਅਲਖ ਪਰਮਾਤਮਾ ਨੂੰ ਲਖਾ ਦਿਤਾ :

ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ॥
ਅੰਗਦੁ ਅਲਖੁ ਅਭੇਉ ਸਹਜਿ ਸਮੋਇਆ॥
ਅਮਰਹੁ ਅਮਰ ਸਮੇਉ ਅਲਖੁ ਅਲੋਇਆ॥ ...[29]

ਭਾਈ ਸਾਹਿਬ ਗੁਰੂ ਅਮਰਦਾਸ ਦੇ ਪ੍ਰਸੰਗ ਵਿਚ ਗੁਰੂ-ਜੋਤਿ ਦੀ ਏਕਤਾ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਪ੍ਰਕਾਸ਼ ਰੂਪ ਹੋਣ ਕਾਰਨ ਪਰਮਾਤਮਾ ਦਾ ਹੀ ਰੂਪ ਸਨ। ਪ੍ਰਕਾਸ਼ ਰੂਪ ਗੁਰੂ ਨਾਨਕ ਦੇਵ ਦੇ ਅੰਗ ਤੋਂ ਗੁਰੂ ਅੰਗਦ ਦੇਵ ਹੋਏ, ਜੋਤਿ ਸਰੂਪ ਗੁਰੂ ਨਾਨਕ ਦੇਵ ਨੇ ਆਪਣੀ ਜੋਤਿ ਗੁਰੂ ਅੰਗਦ ਵਿਚ ਸਮੋ ਦਿਤੀ। ਗੁਰੂ ਅੰਗਦ ਤੋਂ ਹੀ ਗੁਰੂ ਅਮਰਦਾਸ ਨੇ ਗੁਰੂ ਪਦ ਪ੍ਰਾਪਤ ਕਰਕੇ ਗਿਆਨ ਸਰੂਪ ਹੋਏ :

ਸਤਿਗੁਰੁ ਨਾਨਕ ਦੇਉ ਹੈ ਪਰਮੇਸਰੁ ਸੋਈ॥
ਗੁਰੁ ਅੰਗਦ ਗੁਰੁ ਅੰਗ ਤੇ ਜੋਤੀ ਜੋਤਿ ਸਮੋਈ॥
ਅਮਰਾਪਦੁ ਗੁਰੁ ਅੰਗਦਹੁ ਹੁਇ ਜਾਣੁ ਜਣੋਈ॥
ਗੁਰੁ ਅਮਰਹੁ ਗੁਰੁ ਰਾਮਦਾਸ ਅੰਮ੍ਰਿਤ ਰਸੁ ਭੋਈ॥ ...[30]

ਗੁਰਬਾਣੀ ਤੋਂ ਬਿਨਾਂ ਸਮਕਾਲੀ ਸਾਹਿਤ ਦੇ ਅੰਤਰਗਤ ਭਾਈ ਗੁਰਦਾਸ ਤੋਂ ਬਾਅਦ ਗੁਰੂ ਗੋਬਿੰਦ

ਸਿੰਘ ਦਾ ਵਰਨਣ ਆਉਂਦਾ ਹੈ। ਗੁਰੂ ਗੋਬਿੰਦ ਸਿੰਘ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਗੁਰੂ-ਜੋਤਿ ਦੀ ਏਕਤਾ ਬਾਖੂਬੀ ਪੇਸ਼ ਕੀਤੀ ਹੈ। ਉਨ੍ਹਾਂ ਅਨੁਸਾਰ ਸਿੱਖ ਧਰਮ ਵਿਚ ਇਕ ਹੀ ਗੁਰੂ ਹੋਇਆ ਹੈ :

ਸ੍ਰੀ ਨਾਨਕ ਅੰਗਦਿ ਕਰਿ ਮਾਨਾ॥
ਅਮਰਦਾਸਿ ਅੰਗਦ ਪਹਿਚਾਨਾ॥
ਅਮਰਦਾਸ ਰਾਮਦਾਸ ਕਹਾਯੋ॥
ਸਾਧਨ ਲਖਾ ਮੂੜ੍ਹ ਨਹਿ ਪਾਯੋ॥
ਭਿੰਨ ਭਿੰਨ ਸਭ ਹੂੰ ਕਰਿ ਜਾਨਾ॥
ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧਿ ਪਾਈ॥
ਬਿਨੁ ਸਮਝੇ ਸਿਧਿ ਹਾਥਿ ਨਾ ਆਈ॥ [31]

ਉਕਤ ਪੰਕਤੀਆਂ ਵਿਚ ਗੁਰੂ ਗੋਬਿੰਦ ਸਿੰਘ ਦਸਦੇ ਹਨ ਕਿ ਗੁਰੂ ਸਾਹਿਬਾਨ ਦੇ ਵਖੋ-ਵਖਰੇ ਸਰੂਪ ਦੇਖ ਕੇ ਸੰਗਤ ਦੀ ਬਹੁ-ਗਿਣਤੀ ਉਨ੍ਹਾਂ ਨੂੰ ਵਖ-ਵਖ ਗੁਰੂ ਸਮਝ ਲੈਂਦੀ ਹੈ। ਉਨ੍ਹਾਂ ਨੂੰ ਇਹ ਭੁਲੇਖਾ 'ਦੇਹ' ਨੂੰ ਗੁਰੂ ਸਮਝਣ ਕਰਕੇ ਪੈਂਦਾ ਹੈ, ਪਰੰਤੂ ਗੁਰੂ ਦੀ ਅਸਲ ਰਮਜ਼ ਨੂੰ ਸਮਝਣ ਵਾਲੇ ਇਸ ਭਰਮ ਵਿਚ ਨਹੀਂ ਪੈਂਦੇ। ਅਸਲ ਵਿਚ ਗੁਰੂ ਜੋਤਿ-ਸਰੂਪ ਹੋਣ ਕਾਰਨ ਹਰੇਕ ਸਮੇਂ/ਸਥਾਨ ਉਤੇ ਇਕ ਹੀ ਹੈ। ਭਲੇ ਪੁਰਖਾਂ ਦਾ ਨਿਸਚਾ ਹੈ ਕਿ ਗੁਰੂ ਨਾਨਕ ਦੇਵ ਹੀ ਗੁਰੂ ਅੰਗਦ ਦੇਵ ਹਨ, ਗੁਰੂ ਅੰਗਦ ਦੇਵ ਹੀ ਗੁਰੂ ਅਮਰਦਾਸ ਹਨ। ਜਿਨ੍ਹਾਂ ਨੇ ਇਸ ਤਥ ਨੂੰ ਪਛਾਣਿਆ ਹੈ, ਉਨ੍ਹਾਂ ਦੇ ਹਥ ਹੀ ਸਿਧ ਆਈ ਹੈ। ਇਸ ਨਿਸਚੇ ਤੋਂ ਰਹਿਤ ਹੋ ਕੇ ਸਿਧੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ।

ਗੁਰੂ ਗੋਬਿੰਦ ਸਿੰਘ ਬਚਿਤ੍ਰ ਨਾਟਕ ਵਿਚ ਵੀ ਗੁਰੂ ਅਮਰਦਾਸ ਨੂੰ ਗੁਰੂ ਨਾਨਕ ਦੇਵ ਦਾ ਰੂਪ ਹੀ ਦਰਸਾਉਂਦੇ ਹਨ। ਉਨ੍ਹਾਂ ਅਨੁਸਾਰ ਗੁਰੂ ਨਾਨਕ ਦੇਵ ਨੇ ਗੁਰੂ ਅਮਰਦਾਸ ਵਿਚ ਆਪਣੀ ਜੋਤਿ ਇਸ ਤਰ੍ਹਾਂ ਟਿਕਾ ਦਿਤੀ ਜਿਵੇਂ ਇਕ ਦੀਵਾ ਦੂਜੇ ਦੀਵੇ ਨੂੰ ਰੌਸ਼ਨੀ ਪ੍ਰਦਾਨ ਕਰਦਾ ਹੈ:

ਨਾਨਕ ਅੰਗਦ ਕੋ ਬਪੁ ਧਰਾ॥ ਧਰਮ ਪ੍ਰਚੁਰਿ ਇਹ ਜਗ ਮੋ ਕਰਾ॥
ਅਮਰਦਾਸ ਪੁਨਿ ਨਾਮੁ ਕਹਾਯੋ॥ ਜਨ ਦੀਪਕ ਤੇ ਦੀਪ ਜਗਾਯੋ॥ ...[32]

ਗੁਰੂ ਗੋਬਿੰਦ ਸਿੰਘ ਅਕਾਲਪੁਰਖ ਦੇ ਸਨਮੁਖ ਬੇਨਤੀ ਕਰਦੇ ਹੋਏ ਗੁਰੂ ਅਮਰਦਾਸ ਨੂੰ ਗੁਰੂ-ਜੋਤਿ ਦੀ ਏਕਤਾ ਵਜੋਂ ਪੇਸ਼ ਕਰਦੇ ਹਨ :

ੴ ਵਾਹਿਗੁਰੂ ਜੀ ਕੀ ਫਤੇ॥ ਸ੍ਰੀ ਭਗਉਤੀ ਜੀ ਸਹਾਇ॥
ਵਾਰ ਸ੍ਰੀ ਭਗਉਤੀ ਜੀ ਕੀ॥ ਪਾਤਸਾਹੀ ੧੦॥



ਪ੍ਰਥਮਿ ਭਗਉਤੀ ਸਿਮਰਕੈ ਗੁਰੁਨਾਨਕ ਲਈ ਧਿਆਇ॥
ਅੰਗਦ ਗੁਰੁ ਤੇ ਅਮਰ ਦਾਸ ਰਾਮ ਦਾਸੈ ਹੋਈ ਸਹਾਇ॥ ...[33]

ਗੁਰਬਾਣੀ ਤੋਂ ਬਿਨਾਂ ਸਮਕਾਲੀ ਸਾਹਿਤ ਅਧੀਨ ਆਉਣ ਵਾਲੀਆਂ ਰਚਨਾਵਾਂ ਵਿਚ ਭਾਈ ਗੁਰਦਾਸ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਤੋਂ ਬਾਅਦ ਭਾਈ ਨੰਦ ਲਾਲ ਦੀਆਂ ਰਚਨਾਵਾਂ ਨੂੰ ਵਿਚਾਰਿਆ ਜਾ ਸਕਦਾ ਹੈ। ਭਾਈ ਨੰਦ ਲਾਲ ਨੇ ਵੀ ਗੁਰੂ-ਜੋਤਿ ਦੀ ਏਕਤਾ ਬਾਖੂਬੀ ਦ੍ਰਿੜ ਕਰਵਾਈ ਹੈ। ਉਨ੍ਹਾਂ ਅਨੁਸਾਰ ਗੁਰੂ ਅਮਰਦਾਸ ਗੁਰੂ ਨਾਨਕ ਦੇਵ ਦਾ ਹੀ ਰੂਪ ਸਨ :

ਨਾਨਕ ਸੋ ਅੰਗਦ ਗੁਰ ਦੇਵਨਾ॥
ਸੋ ਅਮਰਦਾਸ ਹਰਿ ਸੇਵਨਾ॥ [34]

ਭਾਈ ਸਾਹਿਬ ਸਪਸ਼ਟ ਕਰਦੇ ਹਨ ਕਿ ਗੁਰੂ ਨਾਨਕ ਦੇਵ ਹੀ ਗੁਰੂ ਅੰਗਦ ਦੇਵ ਸੀ, ਬਖਸ਼ਿਸ਼ ਅਤੇ ਵਡੀ ਵਡਿਆਈ ਦੇ ਮਾਲਕ ਅਮਰਦਾਸ ਵੀ ਉਹੀ ਸਨ :

ਹਮੂ ਨਾਨਕ ਅਸਤੋ ਹਮੂ ਅੰਗਦ ਅਸਤ
ਹਮੂ ਅਮਰਦਾਸ ਅਫ਼ਜ਼ਲੋ ਅਮਜਦ ਅਸਤ॥ ...[35]

## II

ਪਰਚੇ ਦੇ ਦੂਜੇ ਭਾਗ ਵਿਚ ਸਿੱਖ ਇਤਿਹਾਸ ਦੇ ਗੁਰਮੁਖੀ ਸਰੋਤਾਂ ਦੇ ਹਵਾਲੇ ਨਾਲ ਗੁਰੂ ਅਮਰਦਾਸ ਦੀ ਗੁਰਿਆਈ ਬਾਰੇ ਜ਼ਿਕਰ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਗੁਰਬਾਣੀ, ਭਾਈ ਗੁਰਦਾਸ, ਦਸਮ ਗ੍ਰੰਥ ਸਾਹਿਬ ਅਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ਤੋਂ ਇਲਾਵਾ 17-19ਵੀਂ ਸਦੀ ਦੇ ਸਰੋਤਾਂ ਨੇ ਗੁਰੂ-ਜੋਤਿ ਏਕਤਾ ਦੀ ਵਿਆਖਿਆ ਕਰਦੇ ਹੋਏ ਗੁਰੂ ਅਮਰਦਾਸ ਦੀ ਗੁਰਿਆਈ ਬਾਰੇ ਸਪਸ਼ਟ ਵਰਨਣ ਕੀਤਾ ਹੈ। ਇਨ੍ਹਾਂ ਸਰੋਤਾਂ ਦਾ ਵਰਨਣ ਹੇਠ ਦਿਤੇ ਅਨੁਸਾਰ ਹੈ :

ਗਿਆਨਰਤਨਾਵਲੀ ਦੇ ਕਰਤਾ ਨੇ ਗੁਰੂ ਅਮਰਦਾਸ ਨੂੰ ਨਾਨਕ-ਜੋਤਿ ਵਜੋਂ ਪੇਸ਼ ਕਰਦੇ ਹੋਏ ਗੁਰਿਆਈ ਦੀ ਮਹਾਨਤਾ, ਅਧਿਕਾਰੀ ਅਤੇ ਗੁਰਿਆਈ ਦੇ ਰਹਸ ਆਦਿ ਪਖਾਂ ਦਾ ਵਿਸ਼ਲੇਸ਼ਨ ਕੀਤਾ ਹੈ :

ਗੁਰੂ ਨਾਨਕ ਦਾ ਜੁ ਮੁਖ ਉਜਲਾ ਰਖਣਾ ਟਿਕਾ ਹੈ ਸੀ।
ਸੋਈ ਗੁਰੂ ਅੰਗਦ ਦਾ ਟਿਕਾ ਮੁਖ ਉਜਲਾ ਹੋਆ॥ ਤੇ
ਜੋ ਨਾਮ ਦਾ ਛਤ੍ਰ ਗੁਰੂ ਨਾਨਕ ਦਾ ਹੈ ਸੀ ਤੇ ਵੀਚਾਰ ਦਾ
ਤਖਤ ਹੈ ਸੀ ਸੋਈ ਗੁਰੂ ਅੰਗਦ ਦਾ ਤਖਤ ਤੇ ਛਤ੍ਰ
ਹੋਇਆ॥ ਤੇ ਸਬਦਿ ਦੀ ਮੁਹਰ ਗੁਰੂ ਅੰਗਦ
ਚਲਾਈ॥ ...ਗੁਰੂ ਅੰਗਦ ਸਬਦਿ ਦੀ ਜੋਤ ਜਗਾਈ॥

...ਏਹ ਗਿਆਨ ਅਮਰਦਾਸ ਨੂੰ ਪਰਪਕ ਹੋਇਆ
...ਤਾ ਉਨਾ ਦੇ ਅਗੇ ਗੁਰੂ ਅੰਗਦ ਨੇ ਪੰਜ ਪੈਸੇ ਤੇ
ਨਾਲੀਏਰ ਤੇ ਮਿਸਰੀ ਦੀ ਰੋੜੀ ਰਖਿ ਕੇ ਮਥਾ
ਟੇਕਿਆ ਤਾਂ ਗੁਰੂ ਅੰਗਦ ਕਹਿਆ ਅਧਿਕਾਰੀ ਦੀ
ਵਸਤ ਗਿਆਨ ਹੈ ...ਦਾਤਿ ਤੇ ਜੋਤਿ ਖਸਮ ਦੀ
ਵਡਿਆਈ ਕਰਿ ਕੈ ਪ੍ਰਾਪਤਿ ਹੋਈ ਹੈ॥ ...
ਸਤਿਗੁਰੂ ਗੁਰੂ ਅਮਰਦਾਸ ਵੀ ਕਹਿਆ ਸੀ॥
ਗਿਆਨ ਤਾਂ ਅਧਿਕਾਰੀ ਦੀ ਵਸਤ ਹੈ॥ ...[36]

ਸ੍ਰੀ ਗੁਰ ਸੋਭਾ ਦਾ ਕਰਤਾ ਸੈਨਾਪਤਿ ਗੁਰੂ ਅਮਰਦਾਸ ਨੂੰ ਸਾਧਾਰਨ ਮਨੁਖ ਨਾ ਸਮਝ ਕੇ 'ਪਰਮ ਪੁਰਖ' ਦੀ ਸੰਗਿਆ ਦਿੰਦਾ ਹੋਇਆ ਨਾਨਕ-ਜੋਤਿ ਵਜੋਂ ਪੇਸ਼ ਕਰਦਾ ਹੈ :

...ਅਬ ਸਤਿਗੁਰ ਕੇ ਨਾਮ ਬਖਾਨੋ॥ ਪਰਮ ਪੁਰਖ ਤਿਹ ਤੇ ਪਹਿਚਾਨੋ॥
ਪ੍ਰਥਮੇ ਸਤਿਗੁਰ ਨਾਨਕ ਭਏ॥ ਅੰਗਦ ਅਮਰਦਾਸ ਪ੍ਰਗਟਏ॥ ...[37]

ਸੈਨਾਪਤਿ ਨੇ ਗੁਰੂ-ਜੋਤਿ ਦੀ ਏਕਤਾ ਦਾ ਕਈ ਥਾਈਂ ਜ਼ਿਕਰ ਕੀਤਾ ਹੈ। ਕਰਤਾ ਅਨੁਸਾਰ ਗੁਰੂ ਅਮਰਦਾਸ ਗੁਰੂ ਨਾਨਕ-ਅੰਗਦ ਦੇਵ ਦਾ ਰੂਪ ਹੀ ਸਨ :

ਤੁਹੀ ਗੁਰੂ ਨਾਨਕ ਹੈ ਤੁਹੀ ਗੁਰੂ ਅੰਗਦ ਹੈ॥
ਤੂਹੀ ਗੁਰੂ ਅਮਰਦਾਸ...[38]

ਗੁਰਬਿਲਾਸ ਪਾਤਸ਼ਾਹੀ ੬ ਵਿਚ ਭਾਈ ਭਗਤ ਸਿੰਘ ਨੇ ਗੁਰਿਆਈ ਪਰੰਪਰਾ ਬਾਰੇ ਵਿਸਤ੍ਰਿਤ ਚਰਚਾ ਕੀਤੀ ਹੈ। ਕਰਤਾ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਅਧਾਰ ਬਣਾ ਕੇ ਗੁਰੂ ਅਮਰਦਾਸ ਦਾ ਵਰਤਾਰਾ ਅੰਕਿਤ ਕੀਤਾ ਹੈ। ਭਾਈ ਭਗਤ ਸਿੰਘ ਅਨੁਸਾਰ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਤੇ ਗੁਰੂ ਅਮਰਦਾਸ ਇਕ ਰੂਪ ਹੀ ਸਨ, ਜਿਨ੍ਹਾਂ ਦੀ ਗੁਰਿਆਈ ਦਾ ਤਖਤ ਭਾਰਾ ਸੀ, ਕਿਉਂਕਿ ਉਨ੍ਹਾਂ ਸਮੇਂ ਗੁਰਿਆਈ ਦਾ ਬਹੁਤ ਵਿਰੋਧ ਹੋਇਆ ਸੀ :

ਗੁਰ ਨਾਨਕ ਅੰਗਦ ਸੁਖਖਾਨ॥
ਅਮਰਦਾਸ ਗੁਰ ਰੂਪ ਮਹਾਨੁ॥
ਤਾਹਿ ਤਖਤ ਗੁਰਿਆਈ ਭਾਰਾ॥ ...[39]

ਉਕਤ ਸੰਦਰਭ ਵਿਚ ਭਾਈ ਕੇਸਰ ਸਿੰਘ ਛਿਬਰ ਬੰਸਾਵਲੀਨਾਮਾ ਵਿਚ ਦਸਦੇ ਹਨ ਕਿ ਜਦੋਂ ਗੁਰੂ ਅੰਗਦ ਦੇਵ ਨੇ 9 ਮਹੀਨੇ ਪਹਿਲਾਂ ਹੀ ਗੁਰੂ ਅਮਰਦਾਸ ਨੂੰ ਗੁਰਿਆਈ ਦੇਣ ਦਾ ਇਸ਼ਾਰਾ ਕਰ ਦਿਤਾ ਸੀ, ਤਾਂ ਉਦੋਂ ਤੋਂ ਹੀ ਇਸ ਸੰਬੰਧੀ ਵਿਰੋਧੀਆਂ ਨੇ 'ਬਖੇੜਾ' ਸ਼ੁਰੂ ਕਰ ਦਿਤਾ ਸੀ। ਇਹ ਵਿਰੋਧਤਾ ਲਗਭਗ 7-8 ਮਹੀਨੇ ਚਲੀ। ਮਾਤਾ ਖੀਵੀ ਨੇ ਇਸ ਸੰਬੰਧ ਵਿਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਨੇ ਆਪਣੇ ਵਿਰੋਧੀ ਬਚਿਆਂ ਨੂੰ ਇਹ ਕਹਿ ਕੇ ਪ੍ਰੇਰਿਆ ਕਿ 'ਪੰਡ'



ਭਾਰੀ ਹੈ ਤੁਹਾਥੋਂ ਚੁਕੀ ਨਹੀਂ ਜਾਵੇਗੀ, ਇਸ ਨੂੰ ਸਿਰਫ਼ ਗੁਰੂ ਅਮਰਦਾਸ ਹੀ ਚੁਕ ਸਕਣਗੇ:

...ਬਚਨ ਕੀਤਾ ਭਾਈ ਤੁਸੀਂ ਹੋ ਸਚੇ ਪਰਿ ਪੰਡ ਹੈ ਭਾਰੀ।
ਤੁਸਾਡੇ ਚੁਕੀ ਨਹੀਂ ਜਾਸੀ ਏਹੁ ਚੁਕੇਗਾ ਸਾਰੀ॥[40]

ਜਦੋਂ ਮਾਤਾ ਖੀਵੀ ਦੀ ਪ੍ਰੇਰਨਾ ਸਦਕਾ ਵੀ ਉਨ੍ਹਾਂ ਦੇ ਬੱਚਿਆਂ (ਬਾਬਾ ਦਾਤੂ ਤੇ ਬਾਬਾ ਦਾਸੂ) ਦਾ ਗੁਰਿਆਈ ਸੰਬੰਧੀ ਰੋਸ ਨਹੀਂ ਗਿਆ ਤਾਂ ਇਕ ਵਾਰ ਮਾਤਾ ਨੇ ਰੋਹ ਵਿਚ ਆ ਕੇ ਕਹਿ ਦਿਤਾ ਕਿ ਜੇਕਰ ਇਹ ਗੁਰਿਆਈ ਦੀ ਭਾਰੀ ਪੰਡ ਤੁਹਾਡੇ ਪਾਸੋਂ ਚੁਕੀ ਜਾਂਦੀ ਹੈ, ਤਾਂ ਚੁਕ ਕੇ ਵੇਖ ਲਵੋ। ਇਨ੍ਹਾਂ ਬਚਨਾਂ ਦਾ ਫਾਇਦਾ ਚੁਕਦੇ ਹੋਏ ਕਈ ਸ਼ਰਾਰਤੀ ਵਿਅਕਤੀਆਂ ਨੇ ਬਾਬਾ ਦਾਸੂ ਨੂੰ ਗੁਰਿਆਈ ਦੀ ਪਗ ਬਨਵਾ ਦਿਤੀ। ਛੇ ਮਹੀਨੇ ਬਾਅਦ ਬਾਬਾ ਦਾਸੂ ਦਾ ਮੂੰਹ ਫਿਰ ਗਿਆ, ਅਨੇਕ ਜਤਨਾਂ ਦੇ ਬਾਵਜੂਦ ਵੀ ਉਹ ਸਿਧਾ ਨਾ ਹੋ ਸਕਿਆ। ਅੰਤ ਬਾਬਾ ਦਾਸੂ ਨੇ ਮਾਤਾ ਖੀਵੀ ਪਾਸ ਆ ਕੇ ਬੇਨਤੀ ਕੀਤੀ ਤਾਂ ਮਾਤਾ ਨੇ ਕਿਹਾ ਕਿ 'ਬੇਟਾ ਤੁਸਾਂ ਪੰਡ ਭਾਰੀ ਚੁਕ ਲਿਤੀ ਹੈ, ਭਾਰ ਸੁਟੋ ਤਾਂ ਮੂੰਹ ਸਿਧਾ ਹੋ ਜਾਵੇਗਾ'। ਮਾਤਾ ਦੇ ਬਚਨ ਮੰਨ ਕੇ ਬਾਬਾ ਦਾਸੂ ਨੇ ਕਿਹਾ ਕਿ 'ਮੈਂ ਅਜ ਤੋਂ ਗੁਰਿਆਈ ਛਡੀ।' ਉਪਰੰਤ ਮਾਤਾ ਆਪ ਬਾਬਾ ਦਾਤੂ ਤੇ ਦਾਸੂ ਨੂੰ ਗੁਰੂ ਅਮਰਦਾਸ ਕੋਲ ਲੈ ਕੇ ਗਏ ਤਾਂ ਜੋ ਉਹ ਉਨ੍ਹਾਂ ਵਲੋਂ ਕੀਤੀ ਗਲਤੀ ਮੁਆਫ਼ ਕਰ ਦੇਣ, ਕਿਉਂਕਿ ਬਾਬਾ ਦਾਤੂ ਤੇ ਬਾਬਾ ਦਾਸੂ ਨੇ ਗੁਰੂ ਅਮਰਦਾਸ ਦਾ ਅਪਮਾਨ ਕੀਤਾ ਸੀ। ਮਾਤਾ ਦੀ ਐਨੀ ਨਿਮਰਤਾ ਦੇਖ ਕੇ ਗੁਰੂ ਅਮਰਦਾਸ ਨੇ ਮਾਤਾ ਨੂੰ ਕਿਹਾ, 'ਤੁਹਾਨੂੰ ਖੇਚਲ ਨਹੀਂ ਕਰਨੀ ਚਾਹੀਦੀ ਸੀ, ਸਗੋਂ ਮੈਨੂੰ ਬੁਲਾ ਲੈਣਾ ਸੀ'। ਬੰਸਾਵਲੀਨਾਮੇ ਦੀ ਗਵਾਹੀ ਅਨੁਸਾਰ ਗੁਰੂ ਅਮਰਦਾਸ ਨੇ ਗੁਰੂ ਅੰਗਦ ਦੇਵ ਤੇ ਧੰਨ ਮਾਤਾ ਖੀਵੀ ਕਹਿ ਕੇ ਬਚਿਆਂ ਨੂੰ ਛਾਤੀ ਨਾਲ ਲਾ ਲਿਆ :

ਮਾਤਾ ਖੀਵੀ ਰਿਦਾ ਇਨ੍ਹਾਂ ਦਾ ਲਹਿਆ ।
ਸੁਣੇ ਭਾਈ ਤੁਸਾ ਕਰਨਾ ਸੀ ਖਾਵੰਦ ਦਾ ਕਹਿਆ।
ਅਗੇ ਤੁਸੀਂ ਜਾਣੋ ਜੋ ਤੁਸਾਨੂੰ ਭਾਵੈ।
ਚੁਕੋ ਪੰਡ ਜੇ ਚੁਕੀ ਜਾਵੇ। 131....
ਮਾਤਾ ਖੀਵੀ ਪਾਸ ਆਏ ਬਿਨਤੀ ਕੀਤੀ।
ਮਾਤਾ ਕਹਿਆ ਬੇਟਾ ਤੁਸਾਂ ਭਾਰੀ ਪੰਡ ਹੈ ਚੁਕ ਲੀਤੀ।
ਭਾਰਿ ਲਾਹਿ ਸਟੋ ਸਿਰ ਸਿਧਾ ਹੋਇ ਜਾਸੀ।
ਅਮਰ ਦਾਸ ਗੋਇੰਦਵਾਲ ਅਗੇ ਹੀ ਉਠਿ ਗਿਆ ਸੀ। 133....
ਮਾਤਾ ਮੈ ਹੁਣਿ ਛਡੀ ਗੁਰਿਆਈ।
ਬੇਟਾ ਛਡੀ ਹੋਈ ਤਾਂ ਚਲ ਲਗੁ ਅਮਰੇ ਦੀ ਪਾਈ।
ਮਾਤਾ ਖੀਵੀ ਲੈ ਕੇ ਨਾਲਿ ਦਾਸੂ ਨੂੰ ਆਈ।

ਜਿਥੇ ਗੋਇੰਦਵਾਲ ਛਪੜੀ ਸੀ ਅਮਰੇ ਪਾਈ । 136....
ਅਮਰਦਾਸ ਆਇ ਮਾਤਾ ਦੀ ਚਰਨੀ ਪਰਿਆ।
ਤਬ ਦਾਸੂ ਕਰੀ ਅਰਦਾਸੁ ਸੀਸੁ ਚਰਨੀ ਧਰਿਆ।
ਮਾਤਾ ਕਹਿਆ ਤੂਹੈ ਗੁਰੂ ਸਭ ਸਿਖ ਹੈਨ ਤੇਰੇ।
ਦਾਸੂ ਹੈ ਕਾਹਲਾ ਕਹੈ ਲਗਾ ਨਾ ਮੇਰੇ। 138
ਤੈਨੂੰ ਆਪ ਦਿਤੀ ਹੈ ਖਾਵੰਦ ਵਡਿਆਈ।
ਦਾਸੂ ਦਾ ਕਰਿ ਸਿਸ ਸਿਧਾ ਹਥਿ ਲਗਾਈ।
ਸਤਿਨਾਮ ਕਹਿਆ ਅਮਰਦਾਸ ਹਥ ਲਾਇਆ।
ਸਿਰ ਸਿਧਾ ਦਾਸੂ ਦਾ ਹੋਇਆ ਗਇਆ। 139 [41]

ਦੁਨਿਆਵੀ ਲੋਕਾਂ ਨੂੰ ਗੁਰੂ ਸਾਹਿਬਾਨ ਦੇ ਵਖ-ਵਖ ਰੂਪ ਨਜ਼ਰ ਆਉਂਦੇ ਹਨ, ਪਰੰਤੂ ਉਨ੍ਹਾਂ ਦਾ ਅਸਲ ਸਰੂਪ ਤਾਂ ਇਕੋ ਹੀ ਸੀ :

ਏਕ ਰੂਪ ਦੋਊ ਦਿਸ਼ਟਾਵੋ ॥
ਭਿੰਨ ਭਿੰਨ ਕਹਿ ਉਪਮ ਧਰਾਵੋ ॥ [42]

ਕਰਤਾ ਅਨੁਸਾਰ ਗੁਰੂ-ਜੋਤਿ ਇਕ ਦੀਪਕ ਵਾਂਗ ਸੀ, ਜਿਹੜੀ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਅਤੇ ਗੁਰੂ ਅਮਰਦਾਸ ਵਿਚ ਵਿਦਮਾਨ ਰਹੀ :

ਅਮਰਦਾਸ ਗੁਰੁਪੁਨਿ ਰੂਪ ਕੀਯੋ ਤੁਮ ਦੀਪਕ ਤੇ ਜਨੁ ਦੀਪ ਜਗਾਯੋ ॥ [43]

ਗੁਰਬਿਲਾਸ ਪਾਤਸ਼ਾਹੀ ੧੦ ਦੇ ਕਰਤਾ ਸੁਖਾ ਸਿੰਘ ਅਨੁਸਾਰ ਗੁਰੂ ਅਮਰਦਾਸ ਗੁਰੂ ਨਾਨਕ ਦੇਵ ਦਾ ਹੀ ਰੂਪ ਸਨ, ਜਿਨ੍ਹਾਂ ਵਿਚ ਇਕ ਰਤੀ ਜਿੰਨਾ ਵੀ ਅੰਤਰ ਨਹੀਂ ਸੀ :

ਜੋ ਗੁਰ ਪੀਰ ਜਗਤ ਇਹ ਮਾਹੀ ॥
ਸਰਬ ਆਦਿ ਨਾਨਕ ਗੁਰ ਆਹੀ ॥
ਨਾਨਕ ਮਧਿ ਖੁਦਾਇ ਸੋ ਜਾਣੁ ॥
ਰਤੀ ਨ ਅੰਤਰ ਦੁਤੈ ਪਛਾਣੁ ॥ ...
ਤਾ ਤੈ ਅੰਗਦ ਅਮਰ ਸੁ ਭਯੋ ॥ ...[44]

ਸ੍ਰੀ ਗੁਰ ਪੰਥ ਪ੍ਰਕਾਸ਼ ਦਾ ਕਰਤਾ ਰਤਨ ਸਿੰਘ ਭੰਗੂ ਗੁਰਿਆਈ ਪਰੰਪਰਾ ਨੂੰ ਦੈਵੀ ਰਹਸ ਨਾਲ ਜੋੜਦਾ ਹੈ। ਉਸ ਅਨੁਸਾਰ ਸੰਸਾਰ ਨੇ ਜਿਵੇਂ ਗੁਰੂ ਨਾਨਕ ਦੇਵ ਨੂੰ ਸਮਝਿਆ, ਤਿਵੇਂ ਹੀ ਗੁਰੂ ਅਮਰਦਾਸ ਨੂੰ ਵੀ ਜਾਣਿਆ :

ਗੁਰ ਨਾਨਕ ਪਾਛੈ ਅੰਗਦ ਭਯੋ ॥ ...
ਅੰਗਦ ਤੇ ਗੁਰ ਭਯੋ ਅਮਰਦਾਸ ॥ ...[45]



ਗੁਰੂ ਨਾਨਕ ਦੇਵ ਦੁਆਰਾ ਗੁਰੂ ਅੰਗਦ ਦੇਵ ਨੂੰ ਗੁਰਿਆਈ ਦੇਣ ਸਮੇਂ ਦਿਤੀ ਸਿਖਿਆ ਕਿਵੇਂ ਗੁਰੂ ਅਮਰਦਾਸ ਨੂੰ ਵੀ ਪ੍ਰਾਪਤ ਹੋਈ, ਇਸ ਬਾਰੇ ਭੰਗੂ ਸਪਸ਼ਟ ਵਰਨਣ ਕਰਦਾ ਹੈ:

...ਸ੍ਰੀ ਗੁਰ ਅੰਗਦ ਕੋ ਕਹਿ ਗਏ ॥
ਅੰਗਦ ਅਮਰਦਾਸ ਸਮਝਏ ॥ [46]

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਕਵਿ ਸੰਤੋਖ ਸਿੰਘ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਅਤੇ ਗੁਰੂ ਅਮਰਦਾਸ ਨੂੰ ਇਕ ਜੋਤਿ ਦਸਦੇ ਹਨ :

ਚਰਨ ਸਰਨ ਤਮ ਹਰਨ ਕਰਨ ਮੰਗਲ ਗੁਰ ਨਾਨਕ ॥
ਕਰਤਿ ਅੰਗ ਪਰਲੋਕ ਲੋਕ ਅੰਗਦ ਉਰ ਆਨਕ ॥
ਅਮਰ ਕਰਤਿ ਗੁਰ ਅਮਰਦਾਸ ਹਿਤ ਰਾਮਦਾਸ ਧਰ ॥ ...[47]

ਗੁਰੂ ਸਾਹਿਬਾਨ ਨੂੰ ਇਕ ਜੋਤਿ ਸਮਝਦੇ ਹੋਏ ਕਰਤਾ ਇਉਂ ਮੰਗਲ ਕਰਦਾ ਹੈ:

ਸ੍ਰੀ ਨਾਨਕ ਪਦ ਪੰਕਜ ਬੰਦਨ ॥
ਸਿਮਰੋ ਅੰਗਦ ਦੋਖ ਨਿਕੰਦਨ ॥
ਅਮਰਦਾਸ ਗੁਰ ਹਿਰਦੇ ਧਜਾਵੋਂ ॥ ...[48]

ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼ ਵਿਚ ਗੁਰੂ ਅਮਰਦਾਸ ਦੇ ਹਵਾਲੇ ਨਾਲ ਗੁਰੂ-ਜੋਤਿ ਦੀ ਏਕਤਾ ਇਸ ਤਰ੍ਹਾਂ ਦ੍ਰਿੜ ਕਰਵਾਈ ਗਈ ਹੈ :

ਗੁਰੂ ਨਾਨਕ ਅੰਗਦ ਗੁਰੂ ਅਮਰਦਾਸ ਭਲ ਤੇਜ ॥ [49]

ਗੁਰਕੀਰਤ ਪ੍ਰਕਾਸ਼ ਦਾ ਕਰਤਾ ਗ੍ਰੰਥ ਲਿਖਣ ਲਗਿਆਂ ਸਾਰੇ ਗੁਰੂ ਸਾਹਿਬਾਨ ਨੂੰ ਇਕ ਰੂਪ ਜਾਣ ਕੇ ਗੁਰੂ ਅਮਰਦਾਸ ਦਾ ਮੰਗਲ ਕਰਦਾ ਹੈ :

ਨਾਨਕ ਅੰਗਦ ਹੇ ਅਮਰਾ ਗੁਰ ਗਿੰਥੁ ਰਚੋ ਤੁਮਰੇ ਭਰਵਾਸੇ ॥ ...[50]

ਸ੍ਰੀ ਸਰਬਲੋਹ ਗ੍ਰੰਥ ਦਾ ਕਰਤਾ ਗੁਰੂ-ਜੋਤਿ ਦੀ ਏਕਤਾ ਦ੍ਰਿੜ ਕਰਵਾਉਂਦਾ ਹੋਇਆ ਕਰਤਾ ਗੁਰੂ ਅਮਰਦਾਸ ਨੂੰ ਪੂਰਾ ਪੁਰਸ਼ੋਤਮ ਕਹਿੰਦਾ ਹੈ :

ਕਰਨਧਾਰ ਸਦਿ ਗੁਰ ਰਾਮ ਕਹਿਯਤਿ ਸ੍ਰੀ ਨਾਨਕ ਗੁਰਿ ਅੰਗਦ ਧਾਰੇ ॥
ਅਮਰਦਾਸ ਪੂਰੋ ਪੁਰਸ਼ੋਤਮ ਸਤਿਸੰਗਤਿ ਦੈ ਪਾਰ ਉਤਾਰੇ ॥ [51]

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਗੁਰੂ ਅਮਰਦਾਸ ਗੁਰੂ ਨਾਨਕ ਦੇਵ ਦਾ ਹੀ ਰੂਪ ਸਨ, ਜਿਸ ਦੀ ਭਰਪੂਰ ਵਿਆਖਿਆ ਭਟ ਸਾਹਿਬਾਨ ਨੇ ਕੀਤੀ ਹੈ। ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਜੁਗਤਿ ਪਛਾਣਦੇ ਹੋਏ ਗੁਰੂ ਸਾਹਿਬਾਨ ਵਿਚ ਇਕ ਜੋਤਿ ਦਾ ਵਾਸਾ ਅਨੁਭਵ ਕੀਤਾ। ਗੁਰੂ ਸਾਹਿਬਾਨ ਦੇ ਸਮਕਾਲੀ ਸਿੱਖ ਭਾਈ ਗੁਰਦਾਸ ਤੇ ਭਾਈ ਨੰਦ ਲਾਲ ਨੇ ਵੀ ਗੁਰੂ ਸ਼ਰਨ ਵਿਚ ਰਹਿੰਦੇ ਹੋਏ ਇਸ ਦੈਵੀ ਵਰਤਾਰੇ ਨੂੰ ਜਾਣਿਆ ਤੇ ਮਾਣਿਆ, ਜਿਸ ਕਾਰਨ ਉਨ੍ਹਾਂ ਨੇ ਗੁਰੂ-ਜੋਤਿ ਦੀ ਏਕਤਾ ਬਾਖੂਬੀ ਦ੍ਰਿੜ ਕਰਵਾਈ ਹੈ। 17-19ਵੀਂ ਸਦੀ ਦੌਰਾਨ ਰਚਿਆ ਵਡਮੁਲਾ ਸਿੱਖ ਸਾਹਿਤ ਵੀ

ਇਸ ਵਰਤਾਰੇ ਤੋਂ ਅਭਿਜ ਨਾ ਰਹਿ ਸਕਿਆ। ਇਸ ਸਾਹਿਤ ਨੇ ਗੁਰੂ-ਜੋਤਿ ਦੀ ਨਿਰੰਤਰਤਾ ਦੇਖਦੇ ਹੋਏ, ਇਸ ਨੂੰ ਬੜੀ ਸ਼ਿਦਤ ਨਾਲ ਪੇਸ਼ ਕੀਤਾ ਹੈ। ਖੂਬਸੂਰਤੀ ਦੀ ਗਲ ਇਹ ਹੈ ਕਿ ਗੁਰੂ ਅਮਰਦਾਸ ਦੀ ਗੁਰਿਆਈ ਦਾ ਸਿਧਾਂਤਕ ਪਹਿਲੂ ਪੇਸ਼ ਕਰਦੇ ਹੋਏ ਸਿੱਖ ਸਾਹਿਤ ਨੇ ਲਗਭਗ ਇਕੋ ਜਿਹੇ ਰੂਪਕ ਵਰਤ ਕੇ ਗੁਰੂ ਅਮਰਦਾਸ ਦੇ ਰਹਸਮਈ ਵਰਤਾਰੇ ਨੂੰ ਬਿਆਨ ਕੀਤਾ ਹੈ। ਇਸ ਦੇ ਨਾਲ ਹੀ ਇਹ ਤਥ ਵੀ ਪ੍ਰਕਾਸ਼ਮਾਨ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਅਨੁਸਾਰ ਗੁਰਿਆਈ ਦੇ ਤਿੰਨ ਪਖ ਹਨ: ਜੋਤਿ, ਜੁਗਤਿ ਤੇ ਕਾਇਆ।[52] ਜੋਤਿ ਤੋਂ ਭਾਵ ਸਚ ਦਾ ਪ੍ਰਕਾਸ਼ ਜਾਂ ਸਿਧਾਂਤ ਹੈ, ਜੁਗਤਿ ਉਹ ਰਹਿਤ ਤੇ ਨੀਤੀ ਹੈ, ਜਿਸ ਦੁਆਰਾ ਸਚ ਬਾਰੇ ਮਿਲੇ ਪ੍ਰਕਾਸ਼ ਜਾਂ ਸਿਧਾਂਤ ਨੂੰ ਜੀਵਨ ਵਿਚ ਜਿਉਣਾ ਹੈ ਅਤੇ ਕਾਇਆ ਉਹ ਮਾਧਿਅਮ ਹੈ, ਜਿਸ ਦੀ ਸਹਾਇਤਾ ਨਾਲ ਜੋਤਿ ਦੀ ਜੁਗਤਿ ਧਾਰਨ ਕੀਤੀ ਜਾਂਦੀ ਹੈ। ਗੁਰਿਆਈ ਦੇ ਉਕਤ ਤਿੰਨੇ ਪਖ ਸਦਾ ਕਾਇਮ ਰਹੇ ਹਨ, ਭਾਵੇਂ ਇਨ੍ਹਾਂ ਦੇ ਨਾਮ ਤੇ ਰੂਪ ਬਦਲਦੇ ਰਹੇ ਹਨ। ਗੁਰੂ ਅਮਰਦਾਸ ਵੀ ਇਸ ਨਿਰੰਤਰ ਧਾਰਾ ਦੇ ਅੰਗ ਸਨ।

**ਹਵਾਲੇ:**


1. ਗੁਰਬਰ ਅਕਾਲ ਕੇ ਹੁਕਮ ਸਿਓ ਉਪਜਿਓ ਬਿਗਿਆਨਾ। ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ। ...ਇਉਂ ਤੀਸਰ ਮਜਹਬ ਖਾਲਸਾ ਉਪਜਿਓ ਪਰਧਾਨਾ। ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1998 (ਸਤਵੀਂ ਵਾਰ), ਵਾਰ ਭਾਈ ਗੁਰਦਾਸ ਦੂਜਾ, 41/16.
2. ਸਿਖੀ ਸਿਖਿਆ ਗੁਰ ਵੀਚਾਰਿ॥
   ਨਦਰੀ ਕਰਮਿ ਲਘਾਏ ਪਾਰਿ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 465.
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 150.
4. ਗੁਰਮੁਖਿ ਨਾਦੰ ਗੁਰਮਖਿ ਵੇਦੰ ਗੁਰਮੁਖਿ ਰਹਿਆ ਸਮਾਈ॥
   ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 2.
5. ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥
   ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 957.
6. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 966.





7. Gurbachan Singh Talib, *Guru Nanak : His Personality and Vision,* Guru Das Kapur & sons (P) Ltd., Delhi, (no date), p. 143.
8. ਭਗਤ ਸਿੰਘ, ਗੁਰਬਿਲਾਸ ਪਾਤਸ਼ਾਹੀ ੬, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਡਾ. ਅਮਰਜੀਤ ਸਿੰਘ (ਸੰਪਾ.), ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 1998, ਅਧਿਆਇ/ਬੰਦ/ਪੰਨਾ - 8/853/283.
9. ਗੰਡਾ ਸਿੰਘ, ਸਿੱਖ ਇਤਿਹਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 20.
10. ਵੀਰ ਸਿੰਘ ਬਲ, ਗੁਰਕੀਰਤ ਪ੍ਰਕਾਸ਼, ਗੁਰਬਚਨ ਕੌਰ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986, ਪੰਨਾ 93.
11. ਕੰਕਣ, ਸੰਛੇਪ ਦਸ ਗੁਰ ਕਥਾ, ਗੁਰਮੁਖ ਸਿੰਘ (ਸੰਪਾ.), ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1991, ਬੰਦ/ਪੰਨਾ 17-9/33.
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 968.
13. ਭਾਈ ਰਤਨ ਸਿੰਘ ਭੰਗੂ ਨੇ 'ਪ੍ਰਮਾਣੁ' ਦੇ ਪ੍ਰਸੰਗ ਵਿਚ ਕੈਪਟਨ ਮਰੇ ਦੁਆਰਾ ਕੀਤੇ ਇਕ ਸਵਾਲ ਦੇ ਜਵਾਬ ਵਿਚ ਲਿਖਿਆ ਹੈ ਕਿ ਸਿੰਘਾਂ ਨੂੰ ਰਾਜ/ਪਾਤਿਸ਼ਾਹੀ ਸਚੇ ਪਾਤਿਸ਼ਾਹ ਗੁਰੂ ਨਾਨਕ ਦੇਵ ਨੇ ਦਿਤੀ ਹੈ :
    ...ਤਿਸੈ ਬਾਤ ਮੈਂ ਐਸੇ ਕਹੀ॥ ਸਿੰਘਨ ਪਤਿਸ਼ਾਹੀ ਸ਼ਾਹਿ ਸਚੈ ਦਈ॥
    ਮਰੀ ਕਹਯੋ ਸ਼ਾਹ ਸਚੋ ਕੋਇ॥ ਅਸਾਂ ਕਹਯੋ ਸ਼ਾਹ ਨਾਨਕ ਜੋਇ॥
    ਮਰੀ ਕਹਯੋ ਭਯੋ ਨਾਨਕ ਫਕੀਰ॥ ਉਨ ਸ਼ਾਹ ਕੀ ਕਿਆ ਤਤਬੀਰ॥
    ਹਮੈ ਕਹਯੋ ਵਹਿ ਸ਼ਾਹਿਨ ਕੋ ਸ਼ਾਹ॥ ਦੀਨ ਦੁਨੀ ਸਚੋ ਪਤਿਸ਼ਾਹਿ॥
    ਕਈ ਸ਼ਾਹ ਤਿਨ ਕੀਯੇ ਫਕੀਰ॥ ਕਈ ਫਕੀਰ ਕਰ ਦੀਨੇ ਪੀਰ॥
    ਰਹਯੋ ਆਪ ਹੁਇ ਬੇਪਰਵਾਹ॥ ਯੌਂ ਨਾਨਕ ਭਯੋ ਸ਼ਾਹਿਨ ਸ਼ਾਹਿ॥...
    ਰਤਨ ਸਿੰਘ ਭੰਗੂ, ਸ੍ਰੀ ਗੁਰ ਪੰਥ ਪ੍ਰਕਾਸ਼, ਬਲਵੰਤ ਸਿੰਘ ਢਿਲੋਂ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004, ਪੰਨਾ 7.
14. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1390.
15. ਸ੍ਰੀ ਗੁਰੂ ਗ੍ਰੰਥ ਸਾਹਿਬ , ਪੰਨਾ 1408.
16. ਸ੍ਰੀ ਗੁਰੂ ਗ੍ਰੰਥ ਸਾਹਿਬ , ਪੰਨਾ 1398.
17. ਸ੍ਰੀ ਗੁਰੂ ਗ੍ਰੰਥ ਸਾਹਿਬ , ਪੰਨਾ 1401.
18. ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
    ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1408.

19. ਜਵ ਅੰਗਦੁ ਅੰਗਿ ਸੰਗਿ ਨਾਨਕ ਗੁਰ ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1406.
20. ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1407.
21. ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1407.
22. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1392.3
23. ਵਾਰਾਂ ਭਾਈ ਗੁਰਦਾਸ, ਵਾਰ/ਪਉੜੀ – 24/12.
24. ਉਹੀ, 20/2.
25. ਵਾਰਾਂ ਭਾਈ ਗੁਰਦਾਸ, ਵਾਰ/ਪਉੜੀ – 22/8; ਹੋਰ ਵੇਖੋ: 3/11, 20/2, 24/10, 24/24.
26. ਉਹੀ, 24/25.
27. ਉਹੀ, 1/46.
28. ਵਾਰਾਂ ਭਾਈ ਗੁਰਦਾਸ, ਵਾਰ/ਪਉੜੀ – 24/12.
29. ਉਹੀ, 3/12.
30. ਉਹੀ, 8/20; ਹੋਰ ਵੇਖੋ: 13/25, 20/1, 24/25, 26/34, 39/2.
31. ਸ਼ਬਦਾਰਥ ਦਸਮ ਗ੍ਰੰਥ ਸਾਹਿਬ (ਪੋਥੀ ਪਹਿਲੀ), ਭਾਈ ਰਣਧੀਰ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995 (ਤੀਜਾ ਸੰਸਕਰਣ), ਪੰਨਾ 70.
32. ਉਹੀ.
33. ਸ਼ਬਦਾਰਥ ਦਸਮ ਗ੍ਰੰਥ ਸਾਹਿਬ (ਪੋਥੀ ਪਹਿਲੀ), ਪੰਨਾ 154.
34. ਗੰਡਾ ਸਿੰਘ (ਸੰਪਾ.), ਭਾਈ ਨੰਦ ਲਾਲ ਗ੍ਰੰਥਾਵਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994 (ਦੂਜੀ ਵਾਰ), ਪੰਨਾ 219.
35. ਉਹੀ, ਪੰਨੇ 194–95.
36. ਜਸਬੀਰ ਸਿੰਘ ਸਾਬਰ (ਸੰਪਾ.), ਗਿਆਨ ਰਤਨਾਵਲੀ : ਜਨਮਸਾਖੀ ਗੁਰੂ ਨਾਨਕ ਦੇਵ ਕੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, 1993, ਪੰਨੇ 358–61.
37. ਸੈਨਾਪਤਿ ਕਵੀ, ਸ੍ਰੀ ਗੁਰ ਸੋਭਾ, ਗੰਡਾ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990 (ਚੌਥੀ ਵਾਰ), ਅਧਿਆਇ/ਬੰਦ/ਪੰਨਾ 1/12/64.



38. ਉਹੀ, 2/46/68.
39. ਗੁਰਬਿਲਾਸ ਪਾ: ੬, ਅਧਿਆਇ/ਬੰਦ/ਪੰਨਾ – 8/908–09/288.
40. ਕੇਸਰ ਸਿੰਘ ਛਿਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਰਾਏ ਜਸਬੀਰ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001, ਚਰਣ/ਬੰਦ – 2/125.
41. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ: ਸੰਪਾਦਨ ਤੇ ਇਤਿਹਾਸਕ ਅਧਿਐਨ, ਚਰਣ/ਬੰਦ –2/131,133,136,138,139.
42. ਗੁਰਬਿਲਾਸ ਪਾ: ੬, ਅਧਿਆਇ/ਬੰਦ/ਪੰਨਾ – 15/84/518.
43. ਉਹੀ, 21/594/792.
44. ਸੁੱਖਾ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦, ਗੁਰਸ਼ਰਨ ਕੌਰ ਜੱਗੀ (ਸੰਪਾ.), ਭਾਸ਼ਾ ਵਿਭਾਗ, ਪਟਿਆਲਾ, 1989 (ਦੂਜੀ ਵਾਰ), ਅਧਿਆਇ/ਬੰਦ/ਪੰਨਾ – 16/51–4/238–39.
45. ਸ੍ਰੀ ਗੁਰ ਪੰਥ ਪ੍ਰਕਾਸ਼, ਸਾਖੀ/ਬੰਦ/ਪੰਨਾ – 12/8/23.
46. ਸ੍ਰੀ ਗੁਰ ਪੰਥ ਪ੍ਰਕਾਸ਼, ਸਾਖੀ/ਬੰਦ/ਪੰਨਾ – 102/39–42/258.
47. ਸੰਤੋਖ ਸਿੰਘ, ਭਾਈ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਜਿਲਦ ਪਹਿਲੀ), ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989, ਪੰਨਾ 171.
48. ਉਹੀ (ਜਿਲਦ ਚੌਥੀ), ਪੰਨਾ 1246.
49. ਸੁਮੇਰ ਸਿੰਘ ਬਾਵਾ, ਸ੍ਰੀ ਗੁਰ-ਪਦ ਪ੍ਰੇਮ ਪ੍ਰਕਾਸ਼, ਅੱਛਰ ਸਿੰਘ ਕਾਹਲੋਂ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ xxxvii; ਹੋਰ ਵੇਖੋ : ਪੰਨੇ 12, 257, 354.
50. ਗੁਰਕੀਰਤ ਪ੍ਰਕਾਸ਼, ਪੰਨਾ 47.
51. ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ (ਭਾਗ ਦੂਜਾ), ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ, ਪੰਜਾਬ, 2000, ਪੰਨਾ 486.
52. ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 966.

# ਗੁਰੂ ਅਮਰਦਾਸ ਅਤੇ ਗੋਇੰਦਵਾਲ ਸਾਹਿਬ

**ਹਰਪ੍ਰੀਤ ਸਿੰਘ 'ਨਾਜ'***

ਗੋਇੰਦਵਾਲ ਸਾਹਿਬ ਸਿੱਖ ਗੁਰੂ ਸਾਹਿਬਾਨ ਦੁਆਰਾ ਵਸਾਇਆ ਦੂਜਾ ਨਗਰ ਹੈ। ਗੋਇੰਦਵਾਲ ਸਾਹਿਬ ਕਰਤਾਰਪੁਰ ਸਾਹਿਬ ਤੋਂ ਬਾਅਦ ਅਤੇ ਅੰਮ੍ਰਿਤਸਰ ਦੀ ਸਥਾਪਨਾ ਤੋਂ ਪਹਿਲਾਂ ਤਕ ਸਿੱਖ-ਧਰਮ ਅਤੇ ਸਭਿਆਚਾਰ ਦਾ ਮੁੱਖ ਕੇਂਦਰ ਬਣਿਆ ਰਿਹਾ ਅਤੇ ਸਿੱਖੀ ਦਾ ਧੁਰਾ ਕਹਾਇਆ।

ਜਿਸ ਅਸਥਾਨ ਤੇ ਇਹ ਨਗਰ ਵਸਦਾ ਹੈ ਉਹ ਧਰਤੀ ਮੁਗ਼ਲ ਕਾਲ ਵੇਲੇ ਪਰਗਨਾ ਪੱਟੀ ਵਿਚ ਪੈਂਦੀ ਸੀ। ਇਹ ਜ਼ਮੀਨ ਗੋਇੰਦਾ (ਜਾਂ ਗੋਦਾਂ), ਨਾਮੀ ਮਰਵਾਹੇ ਖੱਤਰੀ ਦੀ ਸੀ, ਜੋ ਬਿਆਸ ਤੋਂ ਪਾਰ ਤਲਵੰਡੀ ਚੌਧਰੀਆਂ ਦਾ ਵਸਨੀਕ ਸੀ। ਉਸਦੇ ਸ਼ਰੀਕਾਂ ਨੇ ਇਸ ਜ਼ਮੀਨ ਤੇ ਕਬਜ਼ਾ ਕਰ ਲਿਆ ਸੀ। ਉਸਨੇ ਸ਼ਰੀਕਾਂ ਦੇ ਤਰਲੇ ਕੱਢੇ ਅਤੇ ਹੋਰ ਕਈ ਤਰੀਕੇ ਵਰਤੇ ਪਰ ਉਹਨਾਂ ਨੇ ਜ਼ਮੀਨ ਨਾ ਛੱਡੀ। ਆਖ਼ਿਰ ਮੁਕੱਦਮਾ ਕੀਤਾ ਜੋ ਦਿੱਲੀ ਤੱਕ ਚਲਾ ਗਿਆ। ਪਰ ਅੰਤ ਵਿੱਚ ਉਸਨੂੰ ਜ਼ਮੀਨ ਮਿਲ ਗਈ। ਉਸਨੇ ਇਸ ਵਿੱਚ ਬਿਆਸ ਦੇ ਪੱਛਮੀ ਕੰਢੇ 'ਤੇ ਇਕ ਨਗਰ ਵਸਾਉਣ ਦੀ ਯੋਜਨਾ ਬਣਾਈ। ਕੁਦਰਤੀ ਤਬਾਹੀ ਜਾਂ ਸ਼ਰੀਕਾਂ ਦੀ ਸ਼ਰਾਰਤ ਕਾਰਨ ਉਸਦੀਆਂ ਘਾਲਣਾਵਾਂ ਵਿਚ ਅਟਕਲਾਂ ਪੈਂਦੀਆਂ ਰਹੀਆਂ, ਇਸ ਸਭ ਪਿੱਛੇ ਗੋਇੰਦਾ ਨੇ ਬੁਰੀਆਂ ਆਤਮਾਵਾਂ ਦਾ ਹੱਥ ਸਮਝਿਆ ਅਤੇ ਇਸਨੇ ਖਡੂਰ ਸਾਹਿਬ ਵਿਖੇ ਗੁਰੂ ਅੰਗਦ ਦੇਵ ਦੀ ਸ਼ਰਨ ਲੈਣ ਦੀ ਸੋਚੀ।[1]

1586 ਈ. ਵਿਚ ਇਹ ਗੁਰੂ ਜੀ ਦੇ ਦਰਬਾਰ ਵਿੱਚ ਆਇਆ ਅਤੇ ਹੱਥ ਜੋੜ ਕੇ ਗੁਰੂ ਨੂੰ ਬੇਨਤੀ ਕੀਤੀ ਕਿ ਮੇਰਾ ਪਿੰਡ ਉੱਜੜ ਗਿਆ ਹੈ। ਬੁਰੀਆਂ ਆਤਮਾਵਾਂ ਉਸਨੂੰ ਵਸਣ ਨਹੀਂ ਦਿੰਦੀਆਂ। ਲੋਕਾਂ ਦੇ ਕੋਠੇ ਢਾਹ ਉਨ੍ਹਾਂ ਨੂੰ ਭੱਜਾ ਦਿੰਦੀਆਂ ਹਨ। ਸੋ, ਤੁਸੀਂ ਉੱਥੇ ਚਰਨ ਪਾਵੋ ਅਤੇ ਕਿਰਪਾ ਕਰਕੇ ਮੁੜ ਪਿੰਡ ਵਸਾਵੋ। ਆਪ ਜਿਤਨੀ ਚਾਹੋ ਉਤਨੀ ਜ਼ਮੀਨ ਲੈ ਲਵੋ, ਕੋਈ ਰੋਕਣ ਵਾਲਾ ਨਹੀਂ ਹੈ। ਹੇ ਕਿਰਪਾਲੂ, ਮੇਰੀ ਇੱਛਾ ਪੂਰਨ ਕਰੋ ਤੇ ਵੱਡਾ ਸਾਰਾ ਨਗਰ ਵਸਾਵੋ:

ਕਈ ਬਾਰ ਮੈਂ ਆਨਿ ਬਸਾਏ।
ਤ੍ਰਾਸ ਦੇਤਿ ਮਾਰਤਿ ਉਜਰਾਏ।
ਤਹਾਂ ਆਪਨੇ ਚਰਨ ਫਿਰਾਵੋ।

* **ਚਿੱਤਰਕਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ**



ਕ੍ਰਿਪਾ ਕਰਹੁ ਸੋ ਗ੍ਰਾਮ ਬਸਾਵੋ ॥7॥
ਆਪ ਲੇਹੁ ਛਿਤਿ ਬਾਂਛਤਿ ਜੇਤੀ।
ਕੋ ਨ ਮੁਜ਼ਾਹਮ ਹੋਵਹਿ ਤੇਤੀ।
ਇਹ ਮਮ ਜਾਚਾ ਪੂਰੁ ਕ੍ਰਿਪਾਲਾ।
ਕਰਹੁ ਬਸਾਵਨਿ ਗ੍ਰਾਮ ਬਿਸਾਲਾ ॥8॥ [2]

ਗੁਰੂ ਜੀ ਨੇ ਸੋਚ-ਵਿਚਾਰ ਕਰ ਆਪਣੇ ਛੋਟੇ ਪੁੱਤਰ ਦਾਸੂ ਨੂੰ ਬੁਲਾਇਆ ਅਤੇ ਭਾਈ ਗੋਂਦੇ ਨਾਲ ਜਾ ਕੇ ਪਿੰਡ ਵਸਾਉਣ ਲਈ ਕਿਹਾ, ਪਰ ਉਸਨੇ ਜਾਣ ਤੋਂ ਨਾਂਹ ਕਰ ਦਿੱਤੀ। ਫਿਰ ਗੁਰੂ ਨੇ ਵੱਡੇ ਪੱਤਰ ਦਾਤੂ ਨੂੰ ਕਿਹਾ, ਪਰ ਉਹ ਕਹਿਣ ਲੱਗਾ ਸਾਨੂੰ ਇਹ ਸਿਰਦਰਦੀ ਲੈਣ ਦੀ ਕੀ ਲੋੜ ਹੈ? ਫਿਰ ਗੁਰੂ ਨੇ ਆਪਣੇ ਪਰਮ ਸੇਵਕ (ਗੁਰੂ) ਅਮਰਦਾਸ ਨੂੰ ਬੁਲਾਕੇ ਕਿਹਾ, "ਪੁਰਖਾ, ਤੂੰ ਉੱਥੇ ਜਾਵੋ ਤੇ ਸੁੰਦਰ ਨਗਰੀ ਵਸਾਵੋ, ਜੋ ਕਿ ਗੁਰ-ਕੀਰਤੀ ਦਾ ਹੀ ਧਾਮ ਹੋਵੇ।"

ਕਹੋ ਜਾਹੁ ਪੁਰਖਾ ਤੁਮ ਤਹਾਂ।
ਬਾਸਾ ਭੂਤ ਪ੍ਰੇਤ ਕੋ ਜਹਾਂ।
ਕਰਹੁ ਬਸਾਵਨਿ ਸੁੰਦਰ ਪੁਰੀ।
ਜਨੁ ਗੁਰ ਕੀਰਤਿ ਕੀ ਹੁਇ ਪੁਰੀ ॥29॥ [3]

(ਗੁਰੂ) ਅਮਰਦਾਸ ਉੱਥੇ ਗਏ ਅਤੇ ਉਹ ਥਾਂ ਦੇਖੀ ਅਤੇ ਵਾਪਸ ਗੁਰੂ ਕੋਲ ਆਏ ਅਤੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਉਹਾ ਜਗਾ ਬਹੁਤ ਸਖਤ ਹੈ, ਰਹਨੇ ਦੀ ਨਹੀਂ।" ਗੁਰੂ ਜੀ ਨੇ ਬਚਨ ਕੀਤਾ, "ਪੁਰਖਾ ਤੁਮਾਰੇ ਚਰਨ ਕੇ ਪ੍ਰਤਾਪ ਕਾ ਭਲਾ ਹੋਵੈਗਾ। ਉਸ ਜਗਹ ਮੋ ਤਲਾਵ ਕੋ ਪੁਟਾਇ ਕਰ ਜਗਹ ਬਣੇ।" (ਗੁਰੂ) ਅਮਰਦਾਸ ਨੇ ਕਿਹਾ, "ਜਿਹੀ ਆਗਿਆ ਹੋਵੇ ਉਹੋ ਜਿਹਾ ਨਗਰ ਵਸਾਵਾਂ।"[4]

ਗੁਰੂ ਨੇ ਇੱਕ ਛਟੀ ਦੇ ਕੇ ਫੁਰਮਾਇਆ, ਜੋ ਥਾਂ ਪੂਰਬ ਦਿਸ਼ਾ ਵਿੱਚ ਹੈ, ਉਸ ਨੂੰ ਚੰਗੀ ਤਰ੍ਹਾਂ ਪੁੱਟ ਲੈਣਾ। ਫਿਰ ਉਸ ਥਾਂ ਨੂੰ ਇਕ ਸਮਾਨ ਪੱਧਰ ਕਰ ਵਸੇਵੇ-ਯੋਗ ਬਣਾਵੋ। ਆਪਣੇ ਨਿਵਾਸ ਲਈ ਘਰ ਬਣਾ ਲੈਣਾ, ਉਸਨੂੰ ਵੇਖ ਹੋਰ ਲੋਕ ਵਸਣ ਲੱਗ ਜਾਣਗੇ। ਇਹ ਧਨਵਾਨ ਗੋਂਦਾ ਘਰ ਬਣਵਾਵੇਗਾ। ਇਸ ਦੇ ਨਾਮ ਤੇ ਸ਼ਹਿਰ ਦਾ ਨਾਮ ਰੱਖ ਦੇਣਾ:

ਕਹੋ ਗੁਰੂ ਪੂਰਬ ਦਿਸ਼ ਜੋਈ।
ਕਰਹੁ ਖਨਾਵਨਿ ਨੀਕੇ ਸੋਈ।
ਇਕ ਸਮ ਕਰਿ ਕੈ ਥਾਨ ਤਹਾਂ ਸੁ।
ਬਸਿਬੇ ਕਾਰਨ ਰਚਹੁ ਅਵਾਸੁ ॥31॥
ਸੁੰਦਰ ਛਰੀ ਸੁ ਚੰਚਲ ਕਰਿਤੇ।

ਅਮਰਦਾਸ ਕੋ ਦੀਨਸਿ ਕਰ ਤੇ।
ਇਹੁ ਲੇ ਜਾਹੁ ਸਮੁਖ ਤਿਨ ਹੋਇ।
ਥਰਹੁ ਦਿਖਾਵਨਿ ਰਹਹਿ ਨ ਕੋਇ ॥32॥
ਜਹਿਂ ਜਹਿਂ ਚਰਨ ਤੁਹਾਰੋ ਫਿਰਿਹੀ।
ਹੋਇ ਅਸ਼ੁਭ ਤਿਸ ਕੋ ਸ਼ੁਭ ਕਰਿਹੀ।
ਨਿਜ ਨਿਵਾਸ ਹਿਤ ਰਚਹੁ ਅਵਾਸੁ।
ਨਰ ਪਿਖਿ ਆਵਹਿਂ ਕਰਹਿਂ ਸੁ ਬਾਸੁ ॥33॥
ਇਹ ਗੋਂਦਾ ਖਤ੍ਰੀ ਧਨਵਾਨ।
ਕਰਹਿ ਚਿਨਾਵਨ ਮਹਿਲ ਮਹਾਨ।
ਨਾਮ ਇਸੀ ਕੇ ਪਰਿ ਪੁਰਿ ਨਾਮੂ।
ਰਚਹੁ ਰੁਚਿਰ ਬਸਿਬੇ ਹਿਤ ਧਾਮੂ ॥34॥[5]

(ਗੁਰੂ) ਅਮਰਦਾਸ ਭਾਈ ਗੋਂਦੇ ਨਾਲ ਬਿਆਸ ਨਦੀ ਕੰਢੇ ਉਸ ਥਾਂ ਗਏ ਅਤੇ ਨਗਰ ਵਸਾਉਣ ਦਾ ਆਹਾਰ ਕੀਤਾ। ਗੁਰੂ ਆਗਿਆ ਅਨੁਸਾਰ ਉੱਚੀ ਥਾਂ ਦੇਖ, ਸਤਿਨਾਮ ਕਹਿਕੇ ਜਲ ਛਿੜਕਿਆ, ਫਿਰ ਗੁਰੂ ਅੰਗਦ ਦੇਵ ਦੀ ਦਿੱਤੀ ਛਟੀ ਨਾਲ ਨਗਰ ਦੀ ਲਕੀਰ ਖਿੱਚ ਦਿੱਤੀ। ਇਸ ਉਪਰੰਤ ਅਰਦਾਸ ਕਰ ਮਿਠਿਆਈ ਵੰਡੀ ਅਤੇ ਨਗਰ ਦਾ ਨੀਂਹ ਪੱਥਰ ਰੱਖ ਦਿੱਤਾ। ਨਗਰ ਦਾ ਨਾਮ ਗੋਇੰਦਵਾਲ ਰੱਖ ਦਿੱਤਾ ਅਤੇ ਬਹੁਤ ਕਾਰੀਗਰ ਲਗਾ ਤੇਜੀ ਨਾਲ ਉਸਾਰੀ ਸ਼ੁਰੂ ਕੀਤੀ:

ਛਰੀ ਧਰੀ ਕਰ ਸ਼੍ਰੀ ਗੁਰ ਕਰ ਕੀ।
ਕਰੀ ਲਕੀਰ ਜਿਤੀ ਧਰ ਪੁਰਿ ਕੀ।
ਬਹੁਰ ਮੰਗਾਯਹੁ ਬਹੁ ਮਿਸ਼ਟਾਨਾ।
ਹਰਖੋ ਗੋਂਦਾ ਧਨ ਮਹਾਨਾ ॥22॥
ਖਰੇ ਹੋਇ ਸ਼੍ਰੀ ਅਮਰ ਸੁਜਾਨੇ।
ਹਾਥ ਜੋਰਿ ਅਰਦਾਸ ਬਖਾਨੇ।
ਸ਼੍ਰੀ ਨਾਨਕ ਸ਼੍ਰੀ ਅੰਗਦ ਨਾਮੂ।
ਸਿਮਰਿ ਸਿਮਰਿ ਆਨਨ ਅਭਿਰਾਮੂ ॥23॥
ਅਰਪਨ ਕਰੋ ਸਕਲ ਮਿਸ਼ਟਾਨੂ।
ਪੁਨਹੁ ਸਭਿਨਿ ਕੋ ਬਾਂਟਨ ਠਾਨੂ।
ਪੂਰਬ ਦਿਸ਼ਾ ਧਰਾ ਪਟਵਾਈ।



ਏਕਸਾਰ ਸੁੰਦਰ ਬਨਵਾਈ ॥24॥
ਸ਼੍ਰੀ ਨਾਨਕ ਕੇ ਚਰਨ ਮਨਾਏ।
ਨਗਰ ਨੀਵ ਧਰਿ ਚਿਨਬੇ ਲਾਏ।
ਤਬਿ ਤੇ ਬਹੁਰ ਨ ਭੂਤ ਨ ਪ੍ਰੇਤ।
ਨਹਿਂ ਦੇਖੇ ਜੋ ਢਾਹਿਂ ਨਿਕੇਤ ॥25॥
ਪੂਰਬ ਸਦਨ ਬਨਾਵਹਿ ਕੋਊ।
ਪ੍ਰੇਤ ਬਿਦਾਰਤਿ ਢਾਹਤਿ ਸੋਊ।
ਚਿਨੋ ਜਿਤੋ ਸੋ ਬਨੋ ਰਹੋ ਹੈ।
ਗੋਂਦੇ ਦੇਖਿ ਅਨਦ ਲਹੋ ਹੈ ॥26॥
ਬਹੁ ਧਨ ਖਰਚ ਮਜੂਰ ਲਗਾਏ।
ਕਰਤੇ ਕਾਰੀਗਰ ਸਮਦਾਏ।
ਤਬਿ ਸ਼੍ਰੀ ਅਮਰ ਬਿਚਾਰ ਕਰੋ ਹੈ।
ਤਿਸ ਗੋਂਦੇ ਪਰ ਨਾਮ ਧਰੋ ਹੈ ॥27॥
ਗੋਇੰਦਵਾਲ ਉਚਾਰਿ ਸੁਨਾਯੋ।[6]

ਕਾਰੀਗਰਾਂ ਨੂੰ ਉਸਾਰੀ ਤੇ ਲਗਾ ਖਡੂਰ ਆ ਗਏ ਅਤੇ ਗੁਰੂ ਨੂੰ ਦੱਸਿਆ ਆਪ ਦੀ ਆਗਿਆ ਅਨੁਸਾਰ ਇਹ ਕਾਰਜ ਸੰਪੂਰਨ ਹੋ ਗਿਆ। ਗੁਰੂ ਨੇ ਆਗਿਆ ਕੀਤੀ, "ਜੋ ਪੁਰਖਾ ਜਗਹ ਤਿਆਰ ਹੋਈ। ਉਥੇ ਜਾਇ ਕੇ ਬਸੀਏ।"[7]

ਮਰਵਾਹੇ ਨੇ ਗੁਰੂ ਲਈ ਹਵੇਲੀ ਤਿਆਰ ਕਰਵਾਈ। ਪਰ ਗੁਰੂ ਨੂੰ ਇਹ ਪਸੰਦ ਨਹੀਂ ਆਈ। ਗੁਰੂ ਨੇ ਕਿਹਾ ਦੁਬਾਰਾ ਤਿਆਰ ਕਰਵਾਵੋ ਅਤੇ ਉਸ ਵਿੱਚ ਚੌਬਾਰਾ ਵੀ ਬਣਵਾਵੋ। ਗੁਰੂ ਸਾਹਿਬ ਦੀ ਰਿਹਾਇਸ਼ ਲਈ ਚੌਬਾਰੇ ਵਾਲੀ ਹਵੇਲੀ ਬਣਾਈ ਗਈ। ਗੁਰੂ ਅਮਰਦਾਸ ਆਪਣੇ ਪਰਿਵਾਰ ਸਹਿਤ ਰਹਿਣ ਲੱਗੇ। ਗੁਰੂ ਇਕਾਂਤ ਸਿਮਰਨ ਲਈ ਚੌਬਾਰੇ ਵਿਚ ਰਹਿੰਦੇ। ਇਸ ਅਸਥਾਨ ਤੇ ਹੁਣ 'ਗੁਰਦੁਆਰਾ ਸ੍ਰੀ ਚੌਬਾਰਾ ਸਾਹਿਬ' ਹੈ। ਗੁਰੂ ਅਮਰਦਾਸ ਇੱਕ ਪਲ ਵੀ ਬਿਰਥਾ ਨਹੀਂ ਜਾਣ ਦਿੰਦੇ ਸਨ, ਜਦੋਂ ਗੁਰੂ ਚੌਬਾਰੇ ਤੋਂ ਉੱਤਰ ਆਉਂਦੇ ਤਾਂ ਖੜ੍ਹੇ ਹੀ ਸਾਧਨਾ ਕਰਦੇ ਸਨ ਅਤੇ ਕੱਧ ਵਿਚ ਗੱਡੀ ਇੱਕ ਕਿੱਲੀ ਨੂੰ ਸਹਾਰੇ ਦੇ ਤੌਰ 'ਤੇ ਫੜੀ ਰੱਖਦੇ ਸਨ। ਇਹ ਲੱਕੜ ਦੀ ਕਿੱਲੀ ਸਾਹਿਬ ਸ੍ਰੀ ਚੁਬਾਰਾ ਸਾਹਿਬ ਦੇ ਬਾਹਰ ਉਸ ਦੀ ਸਾਮ੍ਹਣੀ ਕੰਧ ਵਿਚ ਹੁਣ ਵੀ ਲੱਗੀ ਹੋਈ ਹੈ, ਪਰ ਇਹ ਹੁਣ ਚਾਂਦੀ ਨਾਲ ਮੜ੍ਹੀ ਹੋਈ ਹੈ।

ਪਰੰਪਰਾ ਅਨੁਸਾਰ, ਭਾਵੇਂ (ਗੁਰੂ) ਅਮਰਦਾਸ ਗੋਇੰਦਵਾਲ ਵਸ ਗਏ ਸਨ, ਪਰ ਉਹ ਹਰ ਰੋਜ਼ ਗੁਰੂ ਅੰਗਦ ਦੀ ਸੇਵਾ ਵਿੱਚ ਖਡੂਰ ਸਾਹਿਬ ਜਾਂਦੇ। ਉਹ ਹਰ ਰੋਜ਼ ਸਵੇਰ ਵੇਲੇ ਜਾਂਦੇ ਸਮੇਂ ਗੁਰੂ ਅੰਗਦ ਦੇਵ ਦੇ ਇਸ਼ਨਾਨ ਲਈ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਭਰ ਲੈ

ਜਾਂਦੇ। ਉਹ ਗੋਇੰਦਵਾਲ ਤੋਂ 3 ਕਿ. ਮੀ. ਦੂਰ ਪਹੁੰਚ ਬਿਸ਼ਰਾਮ ਲਈ ਕੁਝ ਵਕਤ ਲਈ ਰੁਕਿਆ ਕਰਦੇ ਸਨ। ਉਸ ਥਾਂ ਹੁਣ ਗੁਰਦੁਆਰਾ ਦਮਦਮਾ ਸਾਹਿਬ ਬਣਾਇਆ ਗਿਆ ਹੈ। ਫਿਰ ਖਡੂਰ ਸਾਹਿਬ ਪਹੁੰਚ, ਗੁਰੂ ਨੂੰ ਇਸ਼ਨਾਨ ਕਰਵਾਉਂਦੇ ਅਤੇ ਸਾਰਾ ਦਿਨ ਲੰਗਰ ਆਦਿ ਵਿੱਚ ਸੇਵਾ ਕਰਦੇ।

(ਗੁਰੂ) ਅਮਰਦਾਸ ਦੀ ਯਾਰ੍ਹਾਂ ਵਰ੍ਹਿਆਂ ਦੀ ਨਿਸ਼ਕਾਮ ਸੇਵਾ-ਸਾਧਨਾ ਅਤੇ ਅਧਿਆਤਮਿਕ ਪਰਿਪਕਤਾ ਨੂੰ ਦੇਖ ਗੁਰੂ ਅੰਗਦ ਦੇਵ ਨੇ 29 ਮਾਰਚ 1552 (ਚੇਤ ਸੁਦੀ 4 ਸੰਮਤ 1609 ਬਿ.) ਨੂੰ ਉਹਨਾਂ ਨੂੰ ਗੁਰਿਆਈ ਸੌਂਪ ਦਿੱਤੀ। ਪਰ ਗੁਰੂ-ਪੁੱਤਰਾਂ (ਦਾਤੂ ਅਤੇ ਦਾਸੂ) ਦੇ ਵੈਰ-ਭਾਵ ਕਾਰਣ ਗੁਰੂ ਅਮਰਦਾਸ ਨੇ ਖਡੂਰ ਸਾਹਿਬ ਦੀ ਥਾਂ ਗੋਇੰਦਵਾਲ ਨੂੰ ਆਪਣਾ ਪ੍ਰਚਾਰ ਕੇਂਦਰ ਬਣਾਇਆ। ਜਦੋਂ ਉੱਥੇ ਵੀ ਦਾਤੂ ਨੇ ਆ ਕੇ ਗੁਰੂ ਨਾਲ ਦੁਰ-ਵਿਵਹਾਰ ਕੀਤਾ ਤਾਂ ਆਪ ਆਪਣੇ ਜੱਦੀ ਪਿੰਡ 'ਬਾਸਰਕੇ' ਚਲੇ ਗਏ ਅਤੇ ਆਪਣੇ ਆਪ ਨੂੰ ਇਕ ਕੋਠੇ ਵਿਚ ਬੰਦ ਕਰ ਲਿਆ। ਪਰ ਬਾਬਾ ਬੁੱਢਾ ਅਤੇ ਹੋਰ ਮੁੱਖ ਸੇਵਕਾਂ ਨੇ ਯਤਨ ਕਰਕੇ ਆਪ ਨੂੰ ਵਾਪਸ ਗੋਇੰਦਵਾਲ ਲਿਆਂਦਾ।

ਗੁਰੂ ਜੀ ਵਾਪਸ ਆ ਚੌਬਾਰੇ ਵਿਚ ਟਿਕ ਬੈਠੇ ਗਏ, ਕਿਸੇ ਨੂੰ ਦਰਸ਼ਨ ਨਾ ਦਿੰਦੇ। ਇਸੇ ਤਰ੍ਹਾਂ ਅੱਠ ਦਿਨ ਨਿਕਲ ਗਏ, ਕਿਸੇ ਨੂੰ ਦਰਸ਼ਨ ਨਾ ਦਿੱਤੇ ਤਾਂ ਸਿੱਖਾਂ ਨੇ ਭਾਈ ਬਲੂ ਨੂੰ ਆਖਿਆ, "ਜੋ ਸਾਹਿਬ ਕੋ ਬਾਹਰ ਲਿਆਉ। ਜੋ ਸਾਹਿਬ ਨਿਕਲੇ ਦਿਵਾਨ ਲਗੇ।" ਭਾਈ ਬਲੂ ਨੇ ਜਾਕੇ ਸੰਗਤ ਦੀ ਬਹਿਬਲਤਾ ਦੱਸੀ ਬੇਨਤੀ ਕੀਤੀ, "ਜਗਤ ਕੋ ਉਪਦੇਸ਼ ਕਰੀਏ, ਬਾਹਰ ਦਿਵਾਨ ਮੋ ਚਲ ਕੇ ਬੈਠੀਏ।" ਗੁਰੂ ਜੀ ਨੇ ਭਾਈ ਬਲੂ ਦੀ ਬੇਨਤੀ ਤੇ ਦਿਵਾਨ ਦਾ ਪ੍ਰਬੰਧ ਕਰਨ ਦਾ ਹੁਕਮ ਦਿੱਤਾ। ਬਾਹਰ ਸ਼ਾਮਿਆਨੇ ਲੱਗੇ ਗੁਰੂ ਜੀ ਨੇ ਸਿੰਘਾਸਨ ਤੇ ਬੈਠ ਦਰਸ਼ਨ ਦਿੱਤੇ, ਬਲੂ ਮੋਰਛਲੁ ਨਾਲ ਚੌਰ ਕਰਨ ਲੱਗਾ। ਸੱਤਾ ਤੇ ਬਲਵੰਡ ਕੀਰਤਨ ਕਰਨ ਲੱਗੇ। ਗੁਰੂ ਜੀ ਨੇ ਆਗਿਆ ਕੀਤੀ, "ਮੇਰੇ ਦਰਸ਼ਨ ਨੋ ਤਬ ਆਵੈ ਜਬ ਮੇਰੇ ਲੰਗਰ ਮੋ ਪ੍ਰਸਾਦਿ ਪਾਇ ਕਰ ਆਵੇ।"[8] ਇਸ ਤਰ੍ਹਾਂ ਗੁਰੂ ਅਮਰਦਾਸ ਨੇ ਸਭ ਤੋਂ ਪਹਿਲਾਂ 'ਪਹਿਲੇ ਪੰਗਤਿ ਪਾਛੇ ਸੰਗਤਿ' ਦਾ ਆਦੇਸ਼ ਦਿੱਤਾ। ਅਰਥਾਤ 'ਪੰਗਤਿ' (ਪੰਕਤੀ) ਵਿਚ ਬੈਠ ਕੇ ਲੰਗਰ ਛਕਣ ਉਪਰੰਤ ਹੀ ਸੰਗਤ ਵਿਚ ਆਕੇ ਬੈਠੋ। ਇਸ ਤਰ੍ਹਾਂ ਗੁਰੂ ਜੀ ਨੇ ਲੰਗਰ ਦੁਆਰਾ ਉਚ-ਨੀਚ, ਜਾਤ-ਪਾਤ ਛੱਡ ਕੇ ਸਮ-ਭਾਵਨਾ ਦਾ ਵਿਹਾਰਿਕ ਰੂਪ ਪੇਸ਼ ਕੀਤਾ।

ਫਿਰ ਗੁਰੂ ਅਮਰਦਾਸ ਨੇ ਆਗਿਆ ਕੀਤੀ, "ਜੋ ਕੋਈ ਮੇਰਾ ਪਰਵਾਰ ਹੈ ਸੋ ਆਨ ਕਰ ਮੇਰੇ ਪਾਸ ਰਹੇ।" ਸਭ ਰਿਸ਼ਤੇਦਾਰਾਂ ਦੇ ਰਹਿਣ ਲਈ ਘਰ ਚਾਹੀਦੇ ਸਨ, ਇਸ ਲਈ ਕਾਫੀ ਲੱਕੜ ਚਾਹੀਦੀ ਸੀ। ਭਾਈ ਬਲੂ ਨੇ ਗੁਰੂ ਨੂੰ ਬੇਨਤੀ ਕੀਤੀ, "ਸਚੇ ਪਾਤਸ਼ਾਹ, ਲਕੜੀ ਕੋ ਹੁਕਮ ਹੋਵੇ ਅਮਾਰਤ ਉਠੇ।" [9] ਗੁਰੂ ਨੇ ਆਪਣੇ ਭਤੀਜੇ ਸਾਵਨ ਮੱਲ ਨੂੰ ਬੁਲਾਇਆ ਅਤੇ ਹੁਕਮ ਕੀਤਾ ਕਿ ਹਰੀਪੁਰ ਦੇ ਪਹਾੜੀ ਰਾਜੇ ਪਾਸ ਜਾਵੋ ਅਤੇ ਲੱਕੜੀ ਪ੍ਰਾਪਤ ਕਰਕੇ ਬਿਆਸ ਦਰਿਆ ਰਾਹੀਂ



ਇੱਥੇ ਲੈ ਆਵੋ।

ਹਰੀਪੁਰ ਚੌਧਵੀਂ ਸਦੀ ਵਿੱਚ ਰਾਜਾ ਹਰੀਚੰਦ ਨੇ ਬਾਨਗੰਗਾ ਨਦੀ ਦੇ ਕੰਢੇ ਪੱਧਰੀ ਥਾਂ ਤੇ ਸਥਾਪਿਤ ਕੀਤਾ ਸੀ। ਇਹ ਫਿਰ ਗੁਲੇਰ ਰਿਆਸਤ ਵਿੱਚ ਹੀ ਮਿਲ ਗਿਆ। ਗੁਰੂ ਅਮਰਦਾਸ ਸਮੇਂ ਇੱਥੇ ਦਾ ਰਾਜਾ ਰਾਮਚੰਦ ਸੀ। ਇਸਦਾ ਪੁੱਤਰ ਜਗਦੀਸ਼ ਚੰਦ ਸੀ, ਜੋ ਅਸਵਸਥ ਸੀ।[10] ਗੁਰੂ ਜੀ ਦੀ ਬਖਸ਼ਿਸ਼ ਸਦਕਾ ਇਸ ਨੂੰ ਸਾਵਨ ਮੱਲ ਨੇ ਅਰੋਗ ਕਰ ਦਿੱਤਾ। ਰਾਜਾ ਬੜਾ ਪ੍ਰਭਾਵਿਤ ਹੋਇਆ। ਉਸਨੇ ਬਹੁਤ ਸਾਰੀ ਲੱਕੜ ਗੱਠੇ ਬੰਨ ਦਰਿਆ ਬਿਆਸ ਰਾਹੀਂ ਗੋਇੰਦਵਾਲ ਭੇਜ ਦਿੱਤੀ। ਗੁਰੂ ਦੇ ਭਰਾ, ਭਤੀਜੇ, ਜਵਾਈ ਆਦਿ ਸਾਰੇ ਗੋਇੰਦਵਾਲ ਵਸ ਗਏ:

ਸ੍ਰੀ ਗੁਰ ਅਮਰਦਾਸ ਕੇ ਭ੍ਰਾਤਾ।
ਆਯੋ ਰਾਮਾ ਤਹਾਂ ਜਮਾਤਾ।
ਜਿਤਿਕ ਭਤੀਜੇ ਸੋ ਸਭਿ ਆਏ।
ਗੋਇੰਦਵਾਲ ਬਸੇ ਘਰ ਪਾਏ ॥45॥
ਇਤਾਦਿਕ ਸਨਬੰਧੀ ਸਾਰੇ।
ਆਇ ਬਸੇ ਗੁਰ ਨਿਕਟ ਸੁਖਾਰੇ।
ਪ੍ਰਾਪਤਿ ਸਰਬੋਤਮ ਬਡਿਆਈ।
ਮਾਨਹਿਂ ਮਾਨਵ ਬਹੁ ਸੁਖ ਪਾਈ ॥46॥
ਸਭਿ ਲਾਯਕ ਸਨਬੰਧੀ ਜਾਨ।
ਆਇ ਸਮੀਪ ਬਸੇ ਪੁਰਿ ਥਾਨ।
ਸਤਿਗੁਰ ਦੇ ਕਰਿ ਧੀਰਜ ਸਬੈ।
ਨਿਕਟਿ ਬਸਾਵਨ ਕੀਨੇ ਤਬੈ ॥47॥ [11]

...

ਅਤ ਸੁੰਦਰ ਨਗਰੀ ਬਸੀ ਜਹਾ ਸਤਿਗੁਰ ਲੀਨਾ ਬਾਸ।
ਜੋ ਸਰਧਾ ਕਰ ਆਵੈ ਤਹਾ ਸਤਿਗੁਰ ਪੂਰੇ ਆਸ। [12]

1546 ਈ. ਵਿੱਚ ਗੁਰੂ ਅਮਰਦਾਸ ਦੇ ਚਚੇਰੇ ਭਰਾ ਭਾਈ ਈਸ਼ਰ ਦਾਸ ਆਪਣੇ ਪਰਿਵਾਰ ਸਮੇਤ ਗੋਇੰਦਵਾਲ ਵਿੱਚ ਵੱਸ ਗਏ। 1551 ਈ. ਨੂੰ ਗੋਇੰਦਵਾਲ ਵਿਖੇ ਇਹਨਾਂ ਦੇ ਘਰ ਭਾਈ ਗੁਰਦਾਸ ਦਾ ਜਨਮ ਹੋਇਆ। ਭਾਈ ਗੁਰਦਾਸ ਜਦੋਂ ਕੇਵਲ ਤਿੰਨ ਸਾਲ ਦੇ ਸਨ ਤਾਂ ਉਹਨਾਂ ਦੇ ਮਾਤਾ ਅਕਾਲ ਚਲਾਣਾ ਕਰ ਗਏ ਅਤੇ ਜਦੋਂ ਇਹ 12 ਸਾਲ ਦੇ ਸਨ ਇਹਨਾਂ ਦੇ ਪਿਤਾ ਵੀ ਅਕਾਲ ਚਲਾਣਾ ਕਰ ਗਏ। ਇਸ ਲਈ ਇਹਨਾਂ ਨੇ ਆਪਣੇ ਜੀਵਨ ਦੇ ਮੁਢਲੇ ਸਾਲ ਗੋਇੰਦਵਾਲ ਵਿਖੇ ਗੁਰੂ ਜੀ ਦੀ ਸਰਪ੍ਰਸਤੀ ਵਿੱਚ ਹੀ ਗੁਜਾਰੇ। ਗੋਇੰਦਵਾਲ ਵਿਚ ਇਹਨਾਂ ਨੂੰ ਕਈ ਗਿਆਨਵਾਨ ਵਿਅਕਤੀਆਂ ਜਿਹੜੇ ਕਿ ਇਸ ਨਗਰ ਵਿਚ ਆਉਂਦੇ-ਜਾਂਦੇ ਠਹਿਰਦੇ ਸਨ

ਨੂੰ ਸੁਣਨ ਦਾ ਅਤੇ ਉਹਨਾਂ ਤੋਂ ਅਧਿਆਤਮਿਕ ਗਿਆਨ ਪ੍ਰਾਪਤੀ ਦਾ ਮੌਕਾ ਮਿਲਿਆ। ਇਹ ਨਗਰ ਉਸ ਸਮੇਂ ਦੇ ਦਿੱਲੀ-ਲਾਹੌਰ ਮਾਰਗ ਉੱਪਰ ਸਥਿਤ ਸੀ ਅਤੇ ਉਸ ਸਮੇਂ ਸਿੱਖਾਂ ਦਾ ਧਾਰਮਿਕ ਕੇਂਦਰ ਸੀ। ਬਾਅਦ ਵਿਚ ਇਹ ਵਾਰਾਣਸੀ ਚੱਲੇ ਗਏ ਜਿੱਥੇ ਉਹਨਾਂ ਨੇ ਸੰਸਕ੍ਰਿਤ ਅਤੇ ਹਿੰਦੂ ਸ਼ਾਸਤਰਾਂ ਦਾ ਅਧਿਐਨ ਕੀਤਾ।[12]

ਹੌਲੀ-ਹੌਲੀ ਗੋਇੰਦਵਾਲ ਵਿੱਚ 22 ਜਾਤਾਂ ਦੇ ਖੱਤਰੀ ਵਸ ਗਏ। ਇਹਨਾਂ ਨੇ ਇੱਕ ਦਿਨ ਗੁਰੂ ਨੂੰ ਬੇਨਤੀ ਕੀਤੀ, "ਸਚੇ ਪਾਤਸ਼ਾਹ, ਹਮ ਸਭ ਤੋਂ ਲੰਗਰ ਮੋ ਪ੍ਰਸਾਦਿ ਕਰਤੇ ਹੈ। ਹਮਾਰੀ ਗੁਜਰ ਹੋਈ। ਬੇਟੀ ਬੇਟਾ ਬਿਆਹ ਚਾਹੀਐ। ਪਰ ਜਗਤ ਕਾ ਬਰਤਨ ਬਿਨਾ ਮਾਇਆ ਉਦਮ ਨਹੀ ਹੋਤਾ। ਸੋ ਜੋ ਮਰਜੀ ਸੋ ਕਹੈ।" ਗੁਰੂ ਨੇ ਸਲਾਹ ਦਿੱਤੀ, "ਜੋ ਕਪੜੇ ਕੇ ਸੂਦਨੇ (ਪਰਨੇ ਜਾਂ ਤੌਲੀਏ) ਬਨਾਵੋ। ਤੁਮ ਜੇਤੇ ਬਨਾਹਿ ਸਕੋ। ਜਬ ਸੰਗਤ ਦੇਸੰਤਰ ਦੀ ਦਰਸ਼ਨ ਕਉ ਆਵੈ, ਤਬ ਪਾਂਚ ਪਕੇ ਸੇਰ ਬੇਚਨਾ।" ਸਭ ਸੰਗਤ ਸੂਦਨੇ ਲੈਣ ਲੱਗੀ ਅਤੇ ਇਸ ਤਰ੍ਹਾਂ ਸਿੱਖਾਂ ਦਾ ਬੜਾ ਰੋਜਗਾਰ ਹੋਇਆ।[13] ਇਸ ਤਰ੍ਹਾਂ ਇੱਥੇ ਕਪੜੇ ਦਾ ਚੰਗਾ ਵਪਾਰ ਚੱਲ ਪਿਆ। 1546 ਈ. (ਸੰਮਤ 1603 ਬਿ.) ਵਿੱਚ ਗੁਰੂ ਅਮਰਦਾਸ ਨੇ ਆਪਣੇ ਪੁੱਤਰ ਮੋਹਰੀ ਦਾ ਵਿਆਹ ਕੀਤਾ।

ਲਾਹੌਰ ਨਗਰ ਦੀ ਚੂਨਾ-ਮੰਡੀ ਦੇ ਰਹਿਣ ਵਾਲੇ 'ਜੇਠਾ' ਸੱਤਾਂ ਸਾਲਾਂ ਦੀ ਉਮਰ ਵਿੱਚ ਅਨਾਥ ਹੋ ਗਏ। ਇਸ ਲਈ 'ਜੇਠਾ' ਦੇ ਨਾਨੀ ਉਹਨਾਂ ਨੂੰ ਲਾਹੌਰ ਤੋਂ ਆਪਣੇ ਪਿੰਡ ਬਾਸਰਕੇ ਲੈ ਆਈ। ਉੱਥੇ ਪਰਿਵਾਰਿਕ ਜ਼ਿੰਮੇਵਾਰੀਆਂ ਵਿਚ ਆਪਣਾ ਯੋਗਦਾਨ ਪਾਉਣ ਲਈ ਉਹ ਘੁੰਙਣੀਆਂ ਵੇਚਣ ਦਾ ਕੰਮ ਕਰਨ ਲੱਗੇ। ਜਦੋਂ ਉਹ 12 ਵਰ੍ਹਿਆਂ ਦੇ ਹੋਏ ਤਾਂ ਗੁਰੂ ਅਮਰਦਾਸ ਦੇ ਦਰਸ਼ਨ ਕਰਨ ਲਈ ਬਾਸਰਕੇ ਦੀ ਸੰਗਤ ਨਾਲ ਗੋਇੰਦਵਾਲ ਆਏ ਅਤੇ ਅਜਿਹੇ ਪ੍ਰਭਾਵਿਤ ਹੋਏ ਕਿ ਬਾਸਰਕੇ ਪਰਤਣ ਦਾ ਵਿਚਾਰ ਤਿਆਗ ਕੇ ਸਦਾ ਲਈ ਉੱਥੇ ਗੁਰੂ-ਸੇਵਾ ਵਿਚ ਮਗਨ ਰਹਿਣ ਲਗ ਗਏ। ਗੁਰੂ-ਸੇਵਾ ਉਹਨਾਂ ਦੇ ਜੀਵਨ ਦਾ ਮੁੱਖ ਮਨੋਰਥ ਬਣ ਗਿਆ। ਸਵੇਰੇ ਗੁਰੂ ਅਮਰਦਾਸ ਦੀ, ਫਿਰ ਲੰਗਰ ਵਿਚ ਸੇਵਾ ਕਰਦੇ, ਜੰਗਲ ਵਿਚੋਂ ਲਕੜਾਂ ਚੁਣ ਕੇ ਲਿਆਉਂਦੇ ਅਤੇ ਵੇਹਲੇ ਹੋ ਘੁੰਙਣੀਆਂ ਵੇਚਣ ਦਾ ਕੰਮ ਕਰਦੇ। ਉਹਨਾਂ ਦੀ ਅਦੁੱਤੀ ਸੇਵਾ, ਧਾਰਮਿਕਤਾ ਅਤੇ ਸ਼ਖ਼ਸੀਅਤ ਤੋਂ ਗੁਰੂ ਅਮਰਦਾਸ ਬਹੁਤ ਪ੍ਰਭਾਵਿਤ ਹੋਏ ਅਤੇ ਸੰਨ 1553 ਈ. (22 ਫਗਣ 1610 ਬਿ.) ਉਹਨਾਂ ਦਾ ਵਿਆਹ ਆਪਣੀ ਸੁਪੁੱਤਰੀ ਬੀਬੀ ਭਾਨੀ ਨਾਲ ਕਰ ਦਿੱਤਾ।

1610 ਬਿ. ਵਿਚ ਗੋਂਇੰਦਵਾਲ ਵਿਖੇ ਹੀ ਗੁਰੂ ਅਮਰਦਾਸ ਦੇ ਪੁੱਤਰ ਮੋਹਰੀ ਦੇ ਘਰ ਅਨੰਦ ਦਾ ਜਨਮ ਹੋਇਆ। ਇਸ ਸ਼ੁਭ ਸਮੇਂ ਤੇ ਗੁਰੂ ਨੇ ਅਨੰਦ ਬਾਣੀ ਦਾ ਉਚਾਰਣ ਕੀਤਾ, ਜਿਸ ਦਾ ਵਰਨਣ ਇਕ ਲਿਖਤ ਵਿੱਚ ਇਸ ਤਰ੍ਹਾਂ ਮਿਲਦਾ ਹੈ - ਏਕ ਦਿਨ ਗੁਰੂ ਅਮਰਦਾਸੁ ਪੰਜ-ਆਬ ਦੀ ਧਰਤੀ ਨਗਰਿ ਗੋਇੰਦਵਾਲ ਬੈਠਾ ਥਾ। ਅਰ ਮੋਹਰੀ ਕੇ ਘਰਿ ਬੇਟਾ ਹੋਆ। ਗੁਰੂ ਅਮਰਦਾਸ ਦੇ ਪੋਤਾ ਹੋਆ। ਨਾਮੁ ਅਨੰਦੁ ਰਖਿਆ। ਤਬ ਇਸਤਰੀਆ ਲਗੀਆ ਗਾਵਣਿ। ਰਣਿ ਝੁਝਟੜਾ ਮੇਰੀ ਮਾਏ। ਹਸਨੁ ਖੇਲਣੁ ਕਰ ਆਏ। ਤਬ ਗੁਰੂ ਅਮਰਦਾਸਿ ਸੁਣੀਆ ਕਿ ਬਚਾ ਏਹਿ ਇਸਤਰੀਆ ਕਿ ਗਾਵਦੀਆ ਹੈਨਿ। ਕਹੇ ਜਿ ਮੋਹਰੀ ਕੈ ਬੇਟਾ ਜਮਿਆ ਹੈ। ਰਣ ਝੁਝਟੜਾ ਮੇਰੀ ਮਾਏ ਗਾਵਦੀਆ ਹੈਨਿ। ਤਬ ਗੁਰੂ ਅਮਰਦਾਸਿ ਕਹਿਆ ਜਿ ਬਚਾ ਰਣ ਝੁਝਟੜਾ ਕਵਣੁ ਹੈ। ਕਏ ਜਿ ਇਵ ਵੀ ਜਾਣਦੇ ਪਰ ਜਿਥੇ ਸਾਦੀ ਆਨੰਦ ਹੋਦਾ ਤਿਥੈ ਏਹੋ ਰਣ ਝੁਝਟੜਾ ਹੀ ਗਾਵਦੀਆ ਹੈਨਿ। ਬਾਲਕਿ ਜਮਿਐ ਹੋਇਐ। ਤਬ ਗੁਰੂ ਕਹਿਆ ਜਿ ਬਚਾ ਜਿਨਿ ਏਹੁ ਭੇਜਿਆ ਹੈ ਉਸੈ ਦਾ ਆਨੰਦੁ ਗਾਵੀਐ ਜਿਸ ਦਾ ਆਨੰਦੋ ਹੀ ਆਨੰਦੁ ਹੋਇ ਰਹੈ। ਗੁਰੂ ਅਮਰਦਾਸ ਕਹਿਆ ਜਿ ਸਦਿਹੋ ਰਬਾਬੀਆ ਨੂੰ ਜਿ ਕਿਉ ਬਚਾ ਰਣ ਝੁਝਟੜਾ ਜਿਹ ਜੋਗ ਗਾਵਦੀਆ ਹੈਨਿ ਸਿ ਏਹੁ ਕਿਤੁ ਰਾਗਿ ਹੈ। ਕਹੈ ਪਾਤਸਾਹੁ ਤੂੰ ਸਭੁ ਕਿਛੁ ਜਾਣਦਾ ਹੈ। ਪਰ ਰਾਮਕਲੀ ਰਾਗੁ ਵਿਚਿ ਹੈ। ਤਬ ਗੁਰੂ ਅਮਰਦਾਸ ਕਹਿਆ ਕਿ ਬਚਾ ਪਿਛਹੁ ਕਰਿਹੁ ਰਾਮਕਾਲੀ ਅਨੰਦੁ ਗੁਰੂ ਭੇਜਿਆ ਹੈ। ਸੋਈ ਆਨੰਦੁ ਗਾਵਹੁ। ਕਹੈ ਭਲਾ ਹੋਵੇ ਰਬਾਬੀ ਕਾਲੈ ਮਿਠਦੇ ਤੂਰਬਾਬੁ ਵਜਾਏ। ਆਲਾਪਿ ਕਰਿ ਕਰਿ ਗੁਰੂ ਬਾਬੇ ਦਾ ਸਲੋਕ ਦਿਤਾ। ਤਬ ਝੋਸਿ ਕਰਿ ਪਗੁ ਗੁਰੂ ਅਮਰਦਾਸ ਰਾਮਕਲੀ ਰਾਗ ਮਹਿ ਆਨੰਦੁ ਲੈ ਲੈ ਉਠਿਆ...।[14]



ਸੰਨ 1559 ਈ. (1616 ਬਿ.) ਵਿੱਚ ਗੁਰੂ ਅਮਰਦਾਸ ਨੇ ਗੋਇੰਦਵਾਲ ਵਿੱਚ ਇਕ ਬਾਉਲੀ ਬਣਵਾਉਣ ਦੀ ਸੋਚੀ[15]:

ਦੋਹਰਾ: ਧਰਮ ਧੁਰੰਧਰ ਅਮਰ ਗੁਰੁ, ਸਦਾ ਚਹਿਤਿ ਉਪਕਾਰ।
ਰਚਿਬੇ ਤੀਰਥ ਬਾਵਲੀ, ਸਿੱਖਨਿ ਹੇਤੁ ਉਧਾਰ ॥1॥
ਚੌਪਈ: ਇਕ ਦਿਨ ਸਭਾ ਮਝਾਰ ਉਚਾਰਾ।
ਇਹਾਂ ਬਾਵਲੀ ਲਗਹਿ ਉਦਾਰਾ।
ਸਿਖ ਸੰਗਤਿ ਦਰਸ਼ਨ ਕੋ ਆਵਹਿਂ।
ਸਭਿ ਮਿਲਿ ਗੁਰ ਤੀਰਥ ਜਲ ਨਾਵਹਿਂ ॥2॥
ਇਮ ਕਹਿ ਸਤਿਗੁਰ ਆਇਸੁ ਦੀਨਸਿ।
ਲਿਖਹੁ ਹੁਕਮਨਾਮੇ ਹਿਤ ਚੀਨਸਿ।
ਤੀਰਥ ਕੀ ਤਾਰੀ ਗੁਰੁ ਕਰੈਂ।
ਹੁਇ ਨਿਹਾਲ ਸੇਵਾ ਹਿਤ ਧਰੈਂ ॥3॥
ਪਾਰੋ ਨੇ ਲਿਖਿ ਸਕਲ ਪਠਾਏ।
ਪੁਰਿ ਗ੍ਰਾਮਨ ਤੇ ਸੁਨਿ ਸਿਖ ਆਏ।
ਭਯੋ ਮੇਲ ਸੰਗਤਿ ਕੋ ਭਾਰੋ।
ਜਥਾ ਸ਼ਕਤਿ ਲੈ ਆਵਹਿਂ ਕਾਰੋ ॥4॥
ਦਰਸ਼ਨ ਹੇਤੁ ਚੌਂਪ ਚਿਤ ਧਾਰੇ।

ਸੇਵਾ ਠਾਨਹਿਂ ਗੁਰੂ ਅਗਾਰੇ।
ਮਿਲਿ ਗੁਰ ਪਗ ਕੋ ਬੰਦਨ ਠਾਨਹਿਂ।
ਧਰਹਿਂ ਭਾਉ ਅਪਨੋ ਹਿਤ ਜਾਨਹਿਂ ॥5॥
ਸ਼੍ਰੀ ਗੁਰੁ ਨੇ ਸ਼ੁਭ ਦਿਵਸਿ ਨਿਹਾਰਾ।
ਨਿਕਸੇ ਵਹਿਰ ਅਨਦ ਉਦਾਰਾ।
ਸਭਿ ਸੰਗਤਿ ਕੋ ਸੰਗਿ ਸੁ ਲੀਨਿ।
ਬਹੁ ਮਿਸ਼ਟਾਨ ਮੰਗਾਵਨਿ ਕੀਨਿ ॥6॥
ਥਲ ਸੁੰਦਰ ਪਿਖਿ ਪਾਸ ਬਿਪਾਸਾ।
ਢਿਗ ਪੁਰਿ ਗੋਇੰਦਵਾਲ ਪ੍ਰਕਾਸ਼ਾ।
ਮੰਦ ਮੰਦ ਪਦ ਸੁੰਦਰ ਧਰਿਹੀਂ।
ਸੰਗ ਸੰਗਤਾਂ ਭੀਰ ਨਿਹਰਿਹੀਂ ॥7॥

ਗੁਰੂ ਨੇ ਥਾਂ ਦੱਸ ਕੇ ਹੁਕਮ ਕੀਤਾ, "ਇੱਥੇ ਬਾਵਲੀ ਤੀਰਥ ਬਨਾਵਉ।" ਬਾਬਾ ਬੁੱਢਾ ਨੇ ਪਹਿਲਾਂ ਕਹੀ ਨਾਲ ਮਿੱਟੀ ਪੁੱਟੀ ਅਤੇ ਟੋਕਰੀ ਭਰਕੇ ਚੁੱਕ ਲਈ। ਇਸ ਤੋਂ ਬਾਅਦ ਬਾਕੀ ਦੀ ਸੰਗਤ ਵੀ ਪੁੱਟ ਮਿੱਟੀ ਚੱਕਣ ਲੱਗੀ। ਇਸ ਤਰ੍ਹਾਂ ਬਾਉਲੀ ਦੀ ਖੁਦਾਈ ਦਾ ਕੰਮ ਸ਼ੁਰੂ ਕਰ ਦਿੱਤਾ:

ਸੁਥਲ ਜਾਨਿ ਗੁਰੁ ਇਸਥਿਤ ਭਏ।
ਟਕ ਲਾਵਨਿ ਕੀ ਆਇਸੁ ਦਏ।
ਬੁੱਢੇ ਪ੍ਰਥਮ ਕਹੀ ਕਰ ਗਹੀ।
ਜਹਿਂ ਗੁਰ ਕਹੀ ਤੀਰਥ ਕਰਿ ਸਹੀ ॥8॥
ਤਹਿਂ ਤੇ ਮਾਟੀ ਲੀਨਿ ਉਪਾਟੀ।
ਭਰੀ ਟੋਕਰੀ ਸਿਰਧਰਿ ਸਾਟੀ।
ਬਹੁਰੋ ਸਕਲ ਸਿੱਖ ਲਗਿ ਪਰੇ।
ਧਰੇ ਚੌਂਪ ਸੇਵਾ ਹਿਤ ਕਰੇ ॥9॥
ਸਤਿਗੁਰ ਖਰੇ ਕਰਾਵਤਿ ਕਾਰ।
ਸੰਗਤਿ ਕਰਤਿ ਚੌਂਪ ਚਿਤ ਧਾਰਿ।
ਜਹਿਂ ਕਹਿਂ ਪਸਰਿ ਗਯੋ ਬਿਰਤੰਤੂ।
ਤੀਰਥ ਰਚੋ ਗੁਰੁ ਭਗਵੰਤੂ ॥10॥ [16]

ਸਰਬਤ ਸਿੱਖ ਸੰਗਤ ਪ੍ਰੇਮ ਸੋ ਖੋਦਨ ਲਗੀ। ਸਰਬਤ ਸਿਖ ਬਾਉਲੀ ਕੀ ਟਹਲ ਅਪਨੇ ਪ੍ਰੇਮ ਸੋ



ਕਰਤੇ, ਕੋਈ ਈਟ ਲਿਆਵਤੇ, ਕੋਈ ਚੂਨਾ ਲਿਆਵਤੇ। ਇਸੀ ਪ੍ਰਕਾਰ ਕਰ ਕੇ ਸਭ ਸੰਗਤ ਹੀ ਸੇਵਾ ਕਰਤੀ। ਜੇਠਾ ਇਟ ਕੀ ਕਾਰ ਕਰਤੇ ਥੇ।[17]

ਨਿਜ ਘਰ ਤੇ ਕਹੀਆਂ ਬਹੁ ਲਾਵਹਿਂ।
ਸਿਰ ਪਰ ਧਰੇ ਟੋਕਰੇ ਆਵਹਿਂ।
ਜੋਂ ਜੋਂ ਸੇਵ ਕਰਹਿਂ ਧਰਿ ਭਾਊ।
ਤੋਂ ਤੋਂ ਸਤਿਗੁਰ ਹੋਤਿ ਪਸਾਊ ॥11॥
ਨਿਤਪ੍ਰਤਿ ਕਰਤਿ ਕਾਰ ਨਰ ਬ੍ਰਿੰਦ।
– – – –
ਇਕ ਸਿਖ ਪ੍ਰੇਮੀ ਤਹਿਂ ਚਲਿ ਆਵੈਂ।
ਇਕ ਮਿਹਨਤੀ ਦਿਹਾੜੀ ਪਾਵੈਂ।
ਦਿਨ ਪ੍ਰਤਿ ਬਾਪੀ ਕਾਰ ਮਹਾਨਾ।
ਹੋਵਤਿ ਹੈ ਭੀ ਬਿਦਤ ਮਹਾਨਾ ॥21॥
ਸਭਿ ਮਹਿਂ ਰਾਮਦਾਸ ਮਿਲਿ ਕਰਿ ਕੈ।
ਸਤਿਗੁਰ ਚਰਨ ਪ੍ਰੇਮ ਕੋ ਧਰਿ ਕੈ।
ਕਰਹਿਂ ਬਾਪਿਕਾ ਸੇਵ ਬਿਸਾਲਾ।
ਸਰਬ ਗਰਬ ਤੇ ਹੋਹਿ ਨਿਰਾਲਾ ॥22॥
ਅਤਿ ਹਿਤ ਕਰਿ ਕੈ ਕਾਰ ਕਮਾਵਹਿਂ।
ਧਰਹਿਂ ਟੋਕਰੀ ਸਿਰ, ਨਿਕਸਾਵਹਿਂ। [18]

ਗੁਰੂ ਸਾਹਿਬ ਖੁਦ ਬਾਉਲੀ ਪਾਸ ਬੈਠ ਕੰਮ ਦੀ ਨਿਗਰਾਨੀ ਕਰਦੇ ਸਨ। ਜਿਥੇ ਗੁਰੂ ਬੈਠਦੇ ਸਨ, ਉਸ ਥਾਂ ਤੇ ਹੁਣ ਬਾਉਲੀ ਸਾਹਿਬ ਦੇ ਪ੍ਰਵੇਸ਼-ਦੁਆਰ ਕੋਲ 'ਥੜਾ ਸਾਹਿਬ ਗੁਰੂ ਅਮਰਦਾਸ' ਬਣਿਆ ਹੋਇਆ ਹੈ। ਬਾਉਲੀ ਸੰਪੂਰਨ ਤਿਆਰ ਹੋਈ। ਸਰਬਤ ਸੰਗਤ ਪਰ ਬਡੀ ਖੁਸੀ ਹੋਈ।[19] ਇਹ ਛੇਤੀ ਹੀ ਸ਼ਰਧਾਲੂਆਂ ਦੀ ਖਿੱਚ ਦਾ ਕਾਰਨ ਬਣ ਗਈ।

ਜਿਹੜੇ-ਜਿਹੜੇ ਗੁਰਸਿੱਖ ਮਨ-ਤਨ ਤੋਂ ਬਾਉਲੀ ਦੀ ਕਾਰ ਕਰਦੇ, ਉਹਨਾਂ ਤੇ ਗੁਰੂ ਦੀ ਖਾਸ ਬਖਸ਼ਿਸ਼ ਹੋਈ। 'ਬਾਉਲੀ ਕੀ ਟਹਲ ਕਾਜ ਜਿਨ ਜਿਨ ਸਿਖੋ ਨੇ ਕੀਆ ਸਭ ਕੀ ਕਾਰ ਥਾਇ ਹੋਈ, ਅਰ ਬਖਸ ਭੀ ਹੋਤੀ ਗਈ।'[20] ਗੁਰੂ ਉਹਨਾਂ ਨੂੰ ਮੰਜੀ ਤੇ ਬੈਠ ਸੰਗਤ ਵਿੱਚ ਪ੍ਰਚਾਰ ਦੀ ਆਗਿਆ ਦਿੰਦੇ, ਇਸ ਲਈ ਇਹ ਮੰਜੀ ਪ੍ਰਣਾਲੀ ਨਾਲ ਜਾਣੀ ਗਈ। ਇਹ ਖ਼ਾਸ ਸੇਵਕ ਵੱਖਰੇ-ਵੱਖਰੇ ਇਲਾਕਿਆਂ ਦੇ ਰਹਿਣ ਵਾਲੇ ਸਨ। ਇਸ ਨਾਲ ਸਿੱਖੀ ਦਾ ਕਾਫ਼ੀ ਵਿਸਤਾਰ ਹੋਇਆ। ਇਹ ਪ੍ਰਚਾਰਕਾਂ ਦੀ ਗਿਣਤੀ ਹੋਲੀ-ਹੌਲੀ ਬਾਈ ਤੱਕ ਪਹੁੰਚ ਗਈ ਅਤੇ

ਇਹ 'ਬਾਈ ਮੰਜੀਆਂ' ਦੇ ਨਾਂ ਨਾਲ ਪ੍ਰਸਿੱਧ ਹੋਏ।

ਕੁਝ ਸਮੇਂ ਬਾਅਦ ਗੁਰੂ ਦੀ ਸਪੁੱਤਰੀ ਬੀਬੀ ਭਾਨੀ ਆਪਣੇ ਪਰਿਵਾਰ ਸਮੇਤ ਗੋਇੰਦਵਾਲ ਹੀ ਆ ਰਹਿਣ ਲੱਗੀ। ਗੁਰੂ ਦੀ ਰਿਹਾਇਸ਼ ਦੇ ਬਰਾਂਡੇ ਵਿੱਚ ਬੀਬੀ ਭਾਨੀ ਦਾ ਚੁਲ੍ਹਾ ਹੁਣ ਵੀ ਮੌਜੂਦ ਹੈ, ਜਿੱਥੇ ਉਹ ਪ੍ਰਸ਼ਾਦਾ ਤਿਆਰ ਕਰਿਆ ਕਰਦੇ ਸਨ। ਇੱਥੇ ਰਹਿੰਦੇ ਹੋਏ ਬੀਬੀ ਭਾਨੀ ਨੇ 1558 ਈ. ਵਿਚ ਪ੍ਰਿਥੀ ਚੰਦ, 1560 ਈ. ਵਿਚ ਮਹਾਂਦੇਵ ਅਤੇ 15 ਅਪ੍ਰੈਲ 1563 (ਵੈਸਾਖ ਵਦੀ 7, 1620 ਬਿ.) ਵਿਚ (ਗੁਰੂ) ਅਰਜਨ ਦੇਵ ਨੂੰ ਜਨਮ ਦਿੱਤਾ:

ਸੰਮਤ ਸੋਲਾਂ ਸੈ ਦਸ ਦਿਨ ਵਿਸਾਖ ਗਏ ਅਠਾਰਾਂ।
ਗੁਰੂ ਅਰਜਨ ਤਬ ਜਨਮ ਕੋ ਧਾਰਾ। [21]

ਗੁਰੂ ਅਮਰਦਾਸ ਨੇ ਇਹਨਾਂ ਦੇ ਜਨਮ ਸਮੇਂ ਹੀ ਹੀ ਬਚਨ ਕਰ ਦਿੱਤਾ ਸੀ ਕਿ ਇਹ ਮਹਾਨ ਭਾਰੀ ਪੁਰਖ ਹੋਵੇਗਾ:

ਕ੍ਰਿਸ਼ਨ ਹੇਤ ਅਵਤਾਰ ਇਨ ਧਾਰਾ।
ਨਾਨਾ ਜੀ ਕੋ ਲਗੇ ਪਿਆਰਾ।
ਗੁਰੂਅਮਰਦਾਸੇ ਅਰਜਨ ਸਹੀ ਕਰ ਲੀਤਾ।
ਤਬ ਭਾਰੀ ਪੁਰਖੁ ਕਰ ਬਚਨ ਸੀ ਕੀਤਾ। [22]

ਜਿਸ ਕੋਠੜੀ ਵਿੱਚ ਬਾਬਾ ਪ੍ਰਿਥੀਚੰਦ ਅਤੇ ਮਹਾਦੇਵ ਅਤੇ ਗੁਰੂ ਅਰਜਨ ਦੇਵ ਨੇ ਜਨਮ ਲਿਆ ਉਸ ਥਾਂ ਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ।

ਬੀਬੀ ਭਾਨੀ ਦੇ ਚੁੱਲ੍ਹੇ ਦੇ ਪਾਸ ਹੀ ਉਹ ਥੰਮ੍ਹ ਮੌਜੂਦ ਹੈ, ਜਿਸ ਦੇ ਸਹਾਰੇ ਬਾਲ (ਗੁਰੂ) ਅਰਜਨ ਦੇਵ ਖਲੋਇਆ ਕਰਦੇ ਸਨ। ਭਾਈ ਕੇਸਰ ਸਿੰਘ ਛਿੱਬਰ ਅਨੁਸਾਰ ਇਕ ਦਿਨ ਖੇਡਦਿਆਂ ਖੇਡਦਿਆਂ ਬਾਲ (ਗੁਰੂ) ਅਰਜਨ ਦੇਵ ਦਾ ਗੇਂਦ ਜਾਂ ਖੇਨੂੰ ਚੌਬਾਰੇ ਵਿਚ ਸਮਾਧੀ ਦੀ ਅਵਸਥਾ ਵਿਚ ਬਿਰਾਜਮਾਨ ਗੁਰੂ ਅਮਰਦਾਸ ਦੀ ਮੰਜੀ ਹੇਠਾਂ ਚਲਾ ਗਿਆ। ਬਾਲ (ਗੁਰੂ) ਅਰਜਨ ਦੇ ਉਸ ਨੂੰ ਕਢਣ ਲਈ ਮੰਜੀ ਹੇਠ ਗਏ ਤਾਂ ਮੰਜੀ ਨੂੰ ਝਟਕਾ ਲੱਗਾ, ਜਿਸ ਕਾਰਣ ਗੁਰੂ ਅਸਰਦਾਸ ਦੀ ਸਮਾਧੀ ਖੁਲ੍ਹ ਗਈ ਅਤੇ ਗੁਰੂ ਜੀ ਨੇ ਬਾਲਕ ਨੂੰ 'ਬਡਾ ਪੁਰਖ ਹੈ ਭਾਰੀ' ਦਾ ਵਰਦਾਨ ਦਿੱਤਾ। ਭਾਈ ਸੰਤੋਖ ਸਿੰਘ ਨੇ 'ਗੁਰਪ੍ਰਤਾਪ ਸੂਰਜ ਗ੍ਰੰਥ' ਵਿਚ ਲਿਖਿਆ ਹੈ ਕਿ ਇਸ ਸਮੇਂ ਗੁਰੂ ਨੇ 'ਬਾਣੀ ਦਾ ਬੋਹਥਾ' ਦਾ ਵਰਦਾਨ ਦਿੱਤਾ ਸੀ।

(ਗੁਰੂ) ਅਰਜਨ ਦੇਵ ਨੇ ਬਾਲ-ਕਾਲ ਗੋਇੰਦਵਾਲ ਵਿਚ ਹੀ ਆਪਣੇ ਨਾਨਾ ਦੀ ਦੇਖ-ਰੇਖ ਵਿਚ ਬਿਤਾਇਆ। (ਗੁਰੂ) ਅਰਜਨ ਦੇਵ ਦਾ ਵਿਆਹ ਮਉ ਪਿੰਡ ਦੇ ਕ੍ਰਿਸ਼ਨ ਚੰਦ ਦੀ ਸੁਪੁੱਤਰੀ ਗੰਗਾ ਦੇਵੀ ਨਾਲ ਸੰਨ 1579 ਈ. (23 ਹਾੜ 1636 ਬਿ.) ਨੂੰ ਨਿਯਤ ਹੋਇਆ। ਵਿਆਹ ਵਾਲੇ ਦਿਨ ਗੁਰੂ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਸਿਹਰੇ ਸਜਾਏ:



ਸੰਮਤ ਸੋਲਾਂ ਸੈ ਬਾਈ ਵੈਸਾਖ ਮਹੀਨੇ।
ਕੀਤਾ ਬਿਆਹੁ ਗੁਰੂ ਅਰਜਨ ਜੀ ਨੇ।
ਨਾਨੇ ਅਪਨੇ ਹੱਥੀਂ ਸੇਹਰੇ ਲਾਏ।
ਮਰੂਆ ਗਾਉਂ ਸੂਹੜੀਆਂ ਖੱਤ੍ਰੀਆਂ ਦੇ ਘਰਿ ਪਰਨਾਏ। [23]

ਗੋਇੰਦਵਾਲ ਵਿੱਚ ਇੱਕ ਬ੍ਰਾਹਮਣ ਤਪਾ ਰਹਿੰਦਾ ਸੀ, ਜੋ ਬਾਦਸ਼ਾਹ ਅਕਬਰ ਦੇ ਦਰਬਾਰੀ ਬੀਰਬਲ ਦਾ ਗੁਰੂ ਸੀ। ਇਹ ਸਤਿਗੁਰਾਂ ਦੀ ਮਹਿਮਾ ਦੇਖ ਬੜਾ ਸੜਦਾ ਸੀ। ਇਸਨੇ ਬ੍ਰਾਹਮਣ ਇੱਕਠੇ ਕਰਕੇ ਅਕਬਰ ਪਾਸ ਫਰਿਆਦ ਕੀਤੀ ਕਿ ਗੁਰੂ ਅਮਰਦਾਸ ਨੇ ਵਰਣ ਵਿਵਸਥਾ ਨਸ਼ਟ ਕਰ ਦਿੱਤੀ ਅਤੇ ਗਾਇਤਰੀ ਦੀ ਥਾਂ ਵਾਹਿਗੁਰੂ ਦਾ ਮੰਤ੍ਰ ਕੀਤਾ ਹੈ, ਇਸ ਨਾਲ ਧਰਮ ਦੀ ਹਾਨੀ ਹੋਈ ਹੈ। ਅਕਬਰ ਨੇ ਗੁਰੂ ਅਮਰਦਾਸ ਨੂੰ ਆਪਣੇ ਪਾਸ ਬੁਲਾਇਆ। ਗੁਰੂ ਨੇ ਭਾਈ ਜੇਠਾ ਨੂੰ ਅਕਬਰ ਪਾਸ ਭੇਜਿਆ। ਉਹਨਾਂ ਨੇ ਬਾਦਸ਼ਾਹ ਦੀ ਤੱਸਲੀ ਕਰਵਾ ਦਿੱਤੀ। [24] ਫਿਰ ਗੁਰੂ ਜੀ ਨੇ ਹਿੰਦੂ ਤੀਰਥਾਂ ਤੇ ਪ੍ਰਚਾਰ ਫੇਰੀ ਲਾਈ। ਤੀਰਥਾਂ ਤੇ ਲੋਕਾਈ ਨੂੰ ਸਿੱਧੇ ਮਾਰਗ ਪਾ ਵਾਪਸ ਗੋਇੰਦਵਾਲ ਆ ਗਏ।

ਡੱਲਾ ਪਿੰਡ ਦੇ ਰਹਿਣ ਵਾਲੇ ਭਾਈ ਪਾਰੋ ਜੁਲਕਾ ਨੇ ਗੁਰੂ ਅੰਗਦ ਦੇਵ ਤੋਂ ਸਿੱਖੀ ਦੀ ਦਾਤ ਪ੍ਰਾਪਤ ਕੀਤੀ ਸੀ। ਇਸ ਦੀ ਸੇਵਾ-ਸਾਧਨਾ ਅਤੇ ਸਿਦਕ ਤੋਂ ਪ੍ਰਭਾਵਿਤ ਹੋ ਕੇ ਗੁਰੂ ਨੇ ਇਸ ਨੂੰ 'ਪਰਮਹੰਸ' ਹੋਣ ਦਾ ਮਾਣ ਬਖ਼ਸ਼ਿਆ ਸੀ। ਗੁਰੂ ਅੰਗਦ ਦੇਵ ਤੋਂ ਬਾਅਦ ਇਹ ਗੁਰੂ ਅਮਰਦਾਸ ਦੀ ਸੇਵਾ ਵਿਚ ਰਹਿਣ ਲੱਗਾ। ਆਪਣੇ ਪਿੰਡ ਤੋਂ ਇਹ ਨਿੱਤ ਘੋੜੇ 'ਤੇ ਸਵਾਰ ਹੋ ਕੇ ਗੁਰੂ ਅਮਰਦਾਸ ਦੇ ਦਰਸ਼ਨਾਂ ਲਈ ਗੋਇੰਦਵਾਲ ਆਉਂਦਾ ਸੀ। ਗੁਰੂ ਜੀ ਇਸਤੇ ਬਹੁਤ ਪ੍ਰਸੰਨ ਹੋਏ ਅਤੇ ਇਸਨੂੰ ਪ੍ਰਚਾਰਕ ਥਾਪ ਕੇ ਇਕ ਮੰਜੀ ਦੀ ਜ਼ਿੰਮੇਵਾਰੀ ਪ੍ਰਦਾਨ ਕੀਤੀ ਸੀ। ਇਸ ਦੇ ਪ੍ਰਚਾਰ ਦੇ ਫਲਸਰੂਪ ਕਈ ਮੁਸਲਮਾਨ ਵੀ ਗੁਰੂ ਅਮਰਦਾਸ ਦੇ ਸਿੱਖ ਬਣ ਗਏ। ਇਸ ਸੰਬੰਧ ਵਿਚ ਦਿੱਲੀ ਦੇ ਇਕ ਘੋੜਿਆਂ ਦੇ ਵਪਾਰੀ ਅਲਾਹਯਾਰ ਦਾ ਨਾਂ ਵਿਸ਼ੇਸ਼ ਉੱਲੇਖਯੋਗ ਹੈ।

ਭਾਈ ਪਾਰੋ ਨੇ ਸੋਚਿਆ ਕਿ ਸਾਲ ਵਿੱਚ ਇੱਕ ਵਾਰ ਗੋਇੰਦਵਾਲ ਵਿੱਚ ਇੱਕ ਵੱਡਾ ਮੇਲਾ ਹੋਣਾ ਚਾਹੀਦਾ ਹੈ, ਜਿਸ ਵਿੱਚ ਗੁਰਸਿੱਖ ਗੁਰੂ ਸਾਹਿਬ ਦੇ ਹਜੂਰ ਇਕੱਠੇ ਹੋਣ ਜਿਸ ਨਾਲ ਆਪਸੀ ਭਾਈਚਾਰਾ ਤੇ ਪ੍ਰੇਮ ਵਧੇ। ਇਸ ਲਈ ਭਾਈ ਪਾਰੋ ਗੁਰਸਿੱਖਾਂ ਨੂੰ ਨਾਲ ਲੈ ਕੇ ਗੁਰੂ ਦੇ ਹਜੂਰ ਪਹੁੰਚੇ ਤੇ ਹੱਥ ਜੋੜ ਅਰਦਾਸ ਕੀਤੀ:

ਹੇ ਦੀਨ ਦਿਆਲ ਜੋ ਆਗਿਆ ਹੋਏ। ਬਰਖ ਮਾਹ ਦਿਨ ਕਹੀਏ ਜੋਇ।
ਸਰਬ ਸਿੱਖ ਗੁਰ ਦਰਸ਼ਨ ਆਵੈ। ਝੂਰ ਦਰਸ ਪ੍ਰਤਾਪ ਭਵ ਪਾਰ ਪਰਾਵੈ।
ਅਰੁ ਸਿਖ ਸਿਖ ਗੁਰਧਾਰੇ ਪ੍ਰੇਮ। ਬਢੇ ਭਗਤ ਹੋਇ ਪੂਰਨ ਨੇਮ। [25]

ਇਹ ਸੁਣ ਗੁਰੂ ਪ੍ਰਸੰਨ ਹੋਏ ਤੇ ਬਚਨ ਕੀਤਾ:

ਜੋ ਤੁਮ ਚਿਤਵੀ ਮਮ ਚਿਤ ਸੋਈ। ਬਿਸੋਏ ਕੇ ਦਿਨ ਆਵੈ ਸਭ ਕੋਈ।
ਸਭ ਸਿਖਨ ਇਹ ਦੇਹੁ ਪਠਾਇ। ਸਨ ਸਭ ਆਵੈ ਪ੍ਰੇਮ ਬਚਾਇ।[26]

ਭਾਈ ਪਾਰੋ ਨੇ ਸਭ ਦੇਸ਼ਾਂ ਦੀਆਂ ਸੰਗਤਾਂ ਨੂੰ ਲਿਖਕੇ ਭੇਜ ਦਿੱਤਾ, ਵਿਸਾਖੀ ਤੇ ਭਾਰੀ ਸੰਗਤ ਆਈ ਅਤੇ ਗੁਰੂ ਦੇ ਦਰਸ਼ਨ ਪਾ ਨਿਹਾਲ ਹੋਈ। ਇਸ ਤਰ੍ਹਾਂ ਭਾਈ ਪਾਰੋ ਦੀ ਸਿਆਣਪ ਅਤੇ ਗੁਰੂ ਕ੍ਰਿਪਾ ਨਾਲ ਸਿਖ ਧਰਮ ਵਿੱਚ ਵਿਸਾਖੀ ਦਾ ਮੇਲਾ ਪੱਕਾ ਹੋ ਗਿਆ।

ਮੁਗਲ ਬਾਦਸ਼ਾਹ ਅਕਬਰ ਗੁਰੂ ਅਮਰਦਾਸ ਤੋਂ ਪ੍ਰਭਾਵਿਤ ਸੀ, ਇਸ ਲਈ ਉਹ ਗੁਰੂ ਦੇ ਦਰਸ਼ਨ ਕਰਨ ਲਈ ਗੋਇੰਦਵਾਲ ਆਇਆ। ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਬਾਦਸ਼ਾਹ ਦੇ ਲਈ ਰੇਸ਼ਮੀ ਕਪੜਾ ਵਿਛਾਇਆ ਗਿਆ। ਪਰ ਉਸਨੇ ਇਸ ਉੱਪਰ ਤੁਰਨ ਤੋਂ ਇਨਕਾਰ ਕਰ ਦਿੱਤਾ। ਇਸ ਨੇ ਆਪਣੇ ਹੱਥਾਂ ਨਾਲ ਇਹ ਵਿਛੇ ਹੋਏ ਕਪੜੇ ਲਾਂਭੇ ਕਰ ਦਿੱਤੇ ਅਤੇ ਗੁਰੂ ਨੂੰ ਨੰਗੇ ਪੈਰੀਂ ਮਿਲਣ ਗਿਆ। ਅਕਬਰ ਲੰਗਰ ਦਾ ਪ੍ਰਸ਼ਾਦਾ ਛੱਕ ਬੜਾ ਪ੍ਰਸੰਨ ਹੋਇਆ। ਕੁਝ ਸ੍ਰੋਤਾਂ ਅਨੁਸਾਰ ਮੁਗ਼ਲ ਬਾਦਸ਼ਾਹ ਅਕਬਰ ਨੇ ਗੁਰੂ ਅਮਰਦਾਸ ਦੀ ਸੁਪੁੱਤਰੀ, ਬੀਬੀ ਭਾਨੀ, ਨੂੰ ਸੁਗਾਤ ਵਜੋਂ ਕੁਝ ਜ਼ਮੀਨ ਭੇਂਟ ਕੀਤੀ। ਮੁਗਲ ਬਾਦਸ਼ਾਹਾਂ ਦੇ ਵੇਲੇ ਦੀ 1155 ਰੁਪਏ ਦੀ ਜਾਗੀਰ ਗੋਇੰਦਵਾਲ, ਟੋਡੇਵਾਲ, ਦੁੱਗਲਵਾਲਾ ਅਤੇ ਫਤੇ ਚੱਕ ਵਿੱਚ ਸੀ।[27]

ਸੁਲਤਾਨਪੁਰ ਨਿਵਾਸੀ ਰਈਆ ਦੇ ਪੱਤਰ ਭਿੱਖਾ ਭੱਟ ਆਤਮਿਕ ਤੌਰ ਤੇ ਸੁਚੇਤ ਅਤੇ ਚੰਗੇ ਕਵੀ ਸਨ, ਉਹ ਅਨੇਕਾਂ ਸਾਧਾਂ, ਸੰਨਿਆਸੀਆਂ, ਤਪੱਸਵੀਆਂ ਤੇ ਪੰਡਤਾਂ ਨੂੰ ਵੀ ਮਿਲੇ ਪਰ ਉਹਨਾਂ ਦੀ ਰਹਿਤ ਨੇ ਪ੍ਰਭਾਵਿਤ ਨਹੀਂ ਕੀਤਾ ਕਿਉਂਕਿ ਸਾਰੇ ਹੀ ਦੂਜਿਆਂ ਨੂੰ ਉਪਦੇਸ਼ ਕਰਨ ਵਾਲੇ ਤੇ ਮਾਇਆ ਵਿਚ ਗਲਤਾਨ ਸਨ। ਭਿੱਖਾ ਭੱਟ ਥਾਂ-ਥਾਂ ਭਟਕਦੇ ਰਹੇ ਪਰ ਇਹਨਾਂ ਨੂੰ ਕਿਸੇ ਥਾਂ ਤੋਂ ਵੀ ਨਿਸ਼ਾ ਨਾ ਹੋਈ। ਅਖ਼ੀਰ ਉਹ ਗੁਰੂ ਦੇ ਦਰਬਾਰ ਵਿਚ ਆਏ ਤੇ ਇੱਥੋਂ ਦੇ ਹੋ ਕੇ ਰਹਿ ਗਏ। ਇਸ ਦਾ ਉਲੇਖ ਭਿੱਖਾ ਨੇ ਹੇਠ ਲਿਖੇ ਸਵਈਏ ਵਿਚ ਕੀਤਾ ਹੈ:

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥[28]

ਭੱਟਾਂ ਨੇ ਆਪ ਮੰਨਿਆਂ ਹੈ ਕਿ ਉਹਨਾਂ ਨੇ ਗੁਰੂ ਸੰਗਤ ਤੇ ਅਧਾਰਿਤ ਇਕ ਉੱਤਮ ਪੰਥ ਦੀ ਸੋਭਾ ਸੁਣੀ, ਉਹਨਾਂ ਦੇ ਸੁੱਤੇ ਭਾਗ ਜਾਗ ਪਏ ਤੇ ਪਿਛਲੇ ਕਰਮਾਂ ਦਾ ਅੰਕੁਰ ਫੁੱਟ ਪਿਆ, ਗੁਰੂ ਦੇ ਦਰਸ਼ਨ ਕੀਤਿਆਂ ਮਨ ਸ਼ਾਂਤ ਹੋ ਗਿਆ ਤੇ ਅਕਹਿ ਆਨੰਦ ਦੀ ਪ੍ਰਾਪਤੀ ਹੋ ਗਈ, ਗੁਰੂ



ਸਾਹਿਬਾਨ ਦੀ ਅਮਲੀ ਜੀਵਨ-ਜੁਗਤਿ ਵਿਚੋਂ ਰੱਬੀ ਜੋਤਿ ਦੇ ਦੀਦਾਰ ਹੋਏ, ਇਸ ਲਈ ਭਾਈ ਭਿੱਖਾ ਨੇ ਸ਼ਰਧਾ ਤੇ ਪ੍ਰੇਮ ਨਾਲ ਗੁਰੂ ਅਮਰਦਾਸ ਦੀ ਸਿਫ਼ਤ ਵਿਚ ਦੋ ਸਵਈਏ ਲਿਖੇ। ਫਿਰ ਇਥੇ ਹੀ ਹੋਰ ਭੱਟ-ਕਵੀ ਗੁਰੂ ਦਰਬਾਰ ਵਿਚ ਹਾਜ਼ਰ ਹੋਏ। ਨਲ੍ਹ ਭੱਟ ਨੇ ਇਸ ਮਹਾਨ ਗੁਰੂ-ਧਾਮ ਦੀ ਮਹਾਨਤਾ ਬਾਰੇ ਲਿਖਿਆ - ਗੋਇੰਦਵਾਲ ਗੋਬਿੰਦਪੁਰੀ ਸਮ ਜਲਨ ਤੀਰਿ ਬਿਪਾਸ ਬਨਾਯਉ।[29]

ਗੋਇੰਦਵਾਲ ਵਿਖੇ ਹੀ ਗੁਰੂ ਅਮਰਦਾਸ ਬਿਰਧ ਅਵਸਥਾ ਵਿਚ ਜੀਵਨ-ਅਨੁਭਵ ਦੇ ਨਿਚੋੜ ਨਾਲ ਸ਼ਰਸਾਰ ਬਾਣੀ ਉਚਾਰਦੇ। ਇਹ ਬਾਣੀ (ਗੁਰੂ) ਰਾਮਦਾਸ ਲਿਖਦੇ। ਮਹਿਮਾ ਪ੍ਰਕਾਸ਼ ਵਿੱਚ ਲਿਖਿਆ ਹੈ - ਤਬ ਗੁਰੂ ਅਮਰਦਾਸਿ ਕੈ ਪਾਸਿ ਸੰਗਤਿ ਬੈਠੀ ਕੁਲਿ ਪਰਵਾਰੁ ਬੈਠਾ। ਗੁਰੂ ਅਮਰਦਾਸਿ ਸੁਪੇਦ ਦਾੜੀ ਮਥੇ ਉਪਰਿ ਧਮਰਾਈ। ਝੋਸਿ ਕਰਿ ਪਰਮੇਸੁਰ ਕੀ ਉਸਤਤਿ ਕਰਤਾ ਹੈ। ਗੁਰੂ ਅਮਰਦਾਸੁ ਪਾਸਿ ਗੁਰੂ ਅਰਜਨ, ਗੁਰੂ ਸਾਹਿਬ, ਮਹਾਦੇਉ, ਮੋਹਰੀ। ਰਬਾਬੀ ਪਿਛੇ ਗਾਵਦੇ ਹੈਨਿ। ਗੁਰੂ ਰਾਮਦਾਸੁ ਆਗੇ ਗਾਵੈ। ਨਾਲੇ ਗੁਰੂ ਰਾਮਦਾਸੁ ਲਿਖਦਾ ਜਾਇ। ਜਿਉ ਜਿਉ ਗੁਰੂ ਅਮਰਦਾਸੁ ਬਾਨੀ ਬੋਲੀ ਤਿਉ ਤਿਉ ਗੁਰੂ ਰਾਮਦਾਸੁ ਲਿਖਦਾ ਜਾਇ।... ਫਿਰ ਜਦੋਂ ਪ੍ਰਿਥੀਚੰਦ ਲਿਖਣਯੋਗ ਹੋਏ ਤਾਂ ਉਹ ਬਾਣੀ ਲਿਖਣ ਲੱਗੇ। ... ਪੀਰਥੀ ਚੰਦ ਸਾਹਿਬ ਕੇ ਹਜੂਰ ਮੋ ਜੋ ਕੁਝ ਕਥਾ ਬਾਰਤਾ ਜੋ ਹੋਤੀ ਪੀਰਥੀ ਚੰਦ ਸੁਨ ਕਰ ਕਰ ਸਭ ਲਿਖ ਲੇਤੇ ਸਾਹਿਬ ਕੀ ਖੁਸੀ ਥੀ।[30]

ਗੁਰੂ ਅਮਰਦਾਸ ਦੇ ਪੋਤਰੇ ਸੰਸਰਾਮ (ਬਾਬਾ ਮੋਹਨ) ਸਨ, ਬਚਪਨ ਵਿਚ ਹੀ ਇਹਨਾਂ ਦੇ ਮਾਤਾ ਦਾ ਚਲਾਣਾ ਹੋ ਗਿਆ ਸੀ। ਪਿਤਾ ਦੇ ਦੁਨਿਆਵੀ ਮਾਮਲਿਆਂ ਤੋਂ ਉਦਾਸੀਨ ਹੋਣ ਕਾਰਨ, ਗੁਰੂ ਅਮਰਦਾਸ ਨੇ ਇਹਨਾਂ ਨੂੰ ਆਪਣੀ ਦੇਖਭਾਲ ਵਿਚ ਲੈ ਲਿਆ। ਇਹ ਬਹੁਤ ਸਮਾਂ ਗੁਰੂ ਅਮਰਦਾਸ ਦੀ ਟਹਿਲ ਸੇਵਾ ਵਿਚ ਜੁਟੇ ਰਹਿੰਦੇ ਜਾਂ ਫਿਰ ਗੁਰੂ ਜੀ ਦੇ ਮੁਖ਼ਾਰਬਿੰਦ ਤੋਂ ਉਚਾਰੀ ਗਈ ਬਾਣੀ ਨੂੰ ਯਾਦ ਕਰਨ ਵਿਚ ਸਮਾਂ ਬਤੀਤ ਕਰਦੇ ਸਨ। ਗੁਰੂ ਜੀ ਨੇ ਬਾਣੀ ਨੂੰ ਰਲਿਆਂ ਤੋਂ ਬਚਾਉਣ ਲਈ ਉਸ ਦੇ ਸੰਕਲਨ ਦੀ ਯੋਜਨਾ ਬਣਾਈ। ਪੋਥੀਆਂ ਲਿਖਣ ਦਾ ਕੰਮ ਇਹਨਾਂ ਨੇ ਆਪਣੇ ਪੋਤਰੇ ਸੰਸਰਾਮ ਨੂੰ ਦਿੱਤਾ। ਇਹਨਾਂ ਨੇ ਸਾਰੀ ਬਾਣੀ ਨੂੰ ਗੁਰਮੁਖੀ ਲਿਪੀ ਵਿਚ ਕਲਮਬੰਦ ਕੀਤਾ। ਉਹਨਾਂ ਦੁਆਰਾ ਤਿਆਰ ਕੀਤੀਆਂ ਦੋ ਪੋਥੀਆਂ, ਹੁਣ ਤਕ ਇਹਨਾਂ ਦੇ ਵੰਸ਼ਜਾਂ ਪਾਸ ਹਨ। ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦਾ ਸੰਕਲਨ ਕਰਦੇ ਸਮੇਂ ਇਹਨਾਂ ਪੋਥੀਆਂ ਦੀ ਵੀ ਵਰਤੋਂ ਕੀਤੀ ਸੀ। ਇਹਨਾਂ ਵਿੱਚੋਂ ਇਕ ਪੋਥੀ ਬਾਬਾ ਭਗਤ ਸਿੰਘ ਦੇ ਪੁੱਤਰਾਂ (ਕੰਵਰਜੀਤ ਸਿੰਘ, ਜਗਜੀਤ ਸਿੰਘ, ਅਮਰਜੀਤ ਸਿੰਘ) ਕੋਲ ਪੰਜੋਰ ਵਿਚ ਅਤੇ ਦੂਜੀ ਪੋਥੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮੰਡੀ ਦਾਰਾਪੁਰ ਦੇ ਬਾਬਾ ਦਲੀਪ ਸਿੰਘ ਦੀ ਸੰਤਾਨ (ਪੜਪੋਤਾ ਵਿਨੋਦ ਕੁਮਾਰ ਭੱਲਾ) ਪਾਸ ਜਲੰਧਰ ਵਿਚ

ਸੁਰਖਿਅਤ ਹੈ।[31]

ਗੁਰੂ ਅਮਰਦਾਸ ਨੇ ਭਾਈ ਜੇਠਾ ਨੂੰ ਪਹਿਲਾਂ ਬਾਉਲੀ ਬਣਾਉਣ ਦੀ ਸੇਵਾ ਸੌਂਪੀ ਸੀ, ਜੋ ਉਹਨਾਂ ਨੇ ਬੜੀ ਸਫਲਤਾ ਨਾਲ ਮੁਕੰਮਲ ਕੀਤੀ ਸੀ। ਹੁਣ ਗੁਰੂ ਅਮਰਦਾਸ ਨੇ ਭਾਈ ਜੇਠਾ ਨੂੰ ਨਵਾਂ ਨਗਰ ਵਸਾਉਣ ਦਾ ਆਦੇਸ਼ ਦਿੱਤਾ। ਤੁੰਗ, ਗੁਮਟਾਲਾ, ਸੁਲਤਾਨਵਿੰਡ ਆਦਿ ਪਿੰਡਾਂ ਦੀ ਜ਼ਮੀਨ ਖ਼ਰੀਦ ਕੇ ਉੱਥੇ ਸੰਨ 1574 ਈ. (ਸੰ. 1631 ਬਿ.) ਵਿਚ ਇਕ ਬਸਤੀ ਕਾਇਮ ਕੀਤੀ ਜਿਸ ਦਾ ਨਾਂ 'ਗੁਰੂ ਕਾ ਚੱਕ' ਰਖਿਆ ਜੋ ਕਾਲਾਂਤਰ ਵਿਚ ਸਾਰਾ ਨਗਰ ਹੀ 'ਅੰਮ੍ਰਿਤਸਰ' ਦੇ ਨਾਂ ਨਾਲ ਜਾਣਿਆ ਜਾਣ ਲਗਿਆ।

ਗੁਰੂ ਅਮਰਦਾਸ ਨੇ ਗੁਰਗੱਦੀ ਲਈ ਆਪਣੇ ਦੋਹਾਂ ਪੁੱਤਰਾਂ (ਬਾਬਾ ਮੋਹਨ ਅਤੇ ਮੋਹਰੀ) ਅਤੇ ਦੋਹਾਂ ਜਵਾਈਆਂ (ਰਾਮਾ ਅਤੇ ਜੇਠਾ) ਦੀ ਪਰੀਖਿਆ ਲਈ, ਇਸ ਪਰਖ ਦੀ ਕਸਵੱਟੀ ਵਿੱਚ ਭਾਈ ਜੇਠਾ ਪੂਰੇ ਉੱਤਰੇ ਅਤੇ ਗੁਰੂ ਜੀ ਨੇ ਇਹਨਾਂ ਨੂੰ ਗੁਰੂ-ਗੱਦੀ ਦੇਣ ਦਾ ਨਿਰਣਾ ਕੀਤਾ। ਆਪਣਾ ਅੰਤ-ਕਾਲ ਨੇੜੇ ਆਇਆ ਵੇਖ ਕੇ ਗੁਰੂ ਜੀ ਨੇ ਆਪਣੇ ਸਾਰੇ ਸੰਬੰਧੀਆਂ ਅਤੇ ਮੁੱਖ ਸੇਵਕਾਂ ਨੂੰ ਬੁਲਾ ਕੇ 1 ਸਤੰਬਰ 1574 ਈ. (2 ਅਸੂ1631 ਬਿ.) ਨੂੰ ਗੁਰੂ-ਪਦਵੀ ਆਪਣੇ ਜਵਾਈ ਭਾਈ ਜੇਠਾ ਜੀ ਨੂੰ ਪ੍ਰਦਾਨ ਕੀਤੀ ਅਤੇ ਗੁਰੂ ਰਾਮਦਾਸ ਬਣਾ ਦਿੱਤਾ। ਹੁਣ ਗੁਰੂ ਅਮਰਦਾਸ ਨੇ ਆਪਣੇ ਦੋਹਾਂ ਪੁੱਤਰਾਂ ਨੂੰ ਉਹਨਾਂ ਅੱਗੇ ਮੱਥਾ ਟੇਕਣ ਲਈ ਕਿਹਾ। ਵੱਡੇ ਪੁੱਤਰ ਬਾਬਾ ਮੋਹਨ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਜਦ ਕਿ ਬਾਬਾ ਮੋਹਰੀ ਨੇ ਗੁਰੂ ਪਿਤਾ ਦਾ ਹੁਕਮ ਸਿਰ ਮੱਥੇ ਮੰਨ ਕੇ ਗੁਰੂ ਰਾਮਦਾਸ ਅੱਗੇ ਸਿਰ ਨਿਵਾ ਦਿੱਤਾ:

ਸਤਿਗੁਰੂ ਭਾਣੇ ਆਪਣੈ ਬਹਿ ਪਰਵਾਰੁ ਸਦਾਇਆ ॥
ਮਤ ਮੈ ਪਿਛੈ ਰੋਵਸੀ ਸੋ ਮੈ ਮੂਲਿ ਨ ਭਾਇਆ ॥
ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ ॥
ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ ॥
ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪ ਵਿਕਾਇਆ ॥
ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ ॥

ਅੰਤ ਵੇਲੇ ਗੁਰੂ ਜੀ ਨੇ ਕਿਹਾ -

ਅੰਤੇ ਸਤਿਗੁਰੂ ਬੋਲਿਆ ਮੈਂ ਪਿਛੈ ਕੀਰਤਨੁ ਕਰਿਅਹੁ ਨਿਰਬਾਣ ਜੀਉ ॥[32]

ਗੁਰੂ ਜੀ ਨੇ ਆਦੇਸ਼ ਦਿੱਤਾ - ਮੇਰੇ ਦੇਹਾਂਤ ਦੇ ਬਾਅਦ ਕਿਸੇ ਦਾ ਵੀ ਜੁਦਾਈ ਵਿੱਚ ਰੋਣਾ ਬਿਲਕੁੱਲ ਉਚਿਤ ਨਹੀਂ ਹੋਵੇਗਾ ਕਿਉਂਕਿ ਮੈਨੂੰ ਅਜਿਹੇ ਰੋਣ ਵਾਲੇ ਵਿਅਕਤੀ ਚੰਗੇ ਨਹੀਂ ਲਗਦੇ। ਮੈਂ ਪਰਮ ਪਿਤਾ ਰੱਬ ਦੀ ਸੁੰਦਰ ਜੋਤੀ ਵਿੱਚ ਵਿਲੀਨ ਹੋਣ ਜਾ ਰਿਹਾ ਹਾਂ। ਅੰਤ ਤੁਹਾਨੂੰ ਮੇਰੇ ਲਈ ਇੱਕ ਪ੍ਰੇਮੀ ਹੋਣ ਦੇ ਨਾਤੇ ਪ੍ਰਸੰਨਤਾ ਹੋਣੀ ਚਾਹੀਦੀ ਹੈ। ਸੰਸਾਰ ਨੂੰ ਸਾਰਿਆਂ ਨੇ



ਤਿਆਗਨਾ ਹੀ ਹੈ, ਅਜਿਹੀ ਪ੍ਰਥਾ ਪ੍ਰਭੂ ਨੇ ਬਣਾਈ ਹੈ। ਕੋਈ ਵੀ ਇੱਥੇ ਸਥਾਈ ਨਹੀਂ ਰਹਿ ਸਕਦਾ, ਅਜਿਹਾ ਕੁਦਰਤ ਦਾ ਅਟਲ ਨਿਯਮ ਹੈ। ਅੰਤ ਸਾਨੂੰ ਉਸ ਪ੍ਰਭੂ ਦੇ ਨਿਯਮਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਹਮੇਸ਼ਾਂ ਇਸ ਮਨੁੱਖ ਜਨਮ ਨੂੰ ਸਫਲ ਕਰਣ ਦੇ ਜਤਨਾਂ ਵਿੱਚ ਕਾਰਜਰਤ ਰਹਿਣਾ ਚਾਹੀਦਾ ਹੈ ਤਾਂਕਿ ਇਹ ਮਨੁੱਖ ਜੀਵਨ ਵਿਅਰਥ ਨਹੀਂ ਚਲਾ ਜਾਵੇ। ਮੇਰੇ ਅੰਤਿਮ ਸੰਸਕਾਰ ਦੇ ਸਮੇਂ ਕਿਸੇ ਪ੍ਰਚੱਲਤ ਕਰਮਕਾਂਡ ਦੀ ਲੋੜ ਨਹੀਂ। ਮੇਰੇ ਲਈ ਕੇਵਲ ਪ੍ਰਭੂ ਚਰਣਾਂ ਵਿੱਚ ਅਰਦਾਸ ਕਰਨਾ ਅਤੇ ਸਾਰੀ ਸੰਗਤ ਮਿਲਕੇ ਹਰਿ ਕੀਰਤਨ ਕਰਨਾ। ਕਥਾ ਕੇਵਲ ਪ੍ਰਭੂ ਮਿਲਣ ਦੀ ਹੀ ਕੀਤੀ ਜਾਵੇ। ਕੇਵਲ ਅਤੇ ਕੇਵਲ ਹਰਿਨਾਮ ਦੀ ਹੀ ਵਡਿਆਈ ਹੋਣੀ ਚਾਹੀਦੀ ਹੈ।

ਇਹਨਾਂ ਵਿਸ਼ੇਸ਼ ਉਪਦੇਸ਼ਾਂ ਨੂੰ ਉਨ੍ਹਾਂ ਦੇ ਪੜਪੋਤੇ ਭਾਈ ਸੁੰਦਰ ਨੇ ਰਾਗ ਰਾਮਕਲੀ ਵਿੱਚ 'ਸਦੁ' ਦੇ ਸਿਰਲੇਖ ਵਿੱਚ ਬਹੁਤ ਹੀ ਸੁੰਦਰ ਸ਼ਬਦਾਂ ਨਾਲ ਵਰਣਨ ਕੀਤਾ ਹੈ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਹੈ। ਇਹ ਆਗਿਆ ਦੇ ਕੇ ਗੁਰੂ ਜੀ ਇੱਕ ਸਫੇਦ ਚਾਦਰ ਤਾਣ ਕੇ ਲੇਟ ਗਏ ਅਤੇ 1 ਸੰਤਬਰ 1574 ਈ. (ਸੰ. 1631 ਭਾਦੋਂ ਸੁਦਿ ਪੂਰਨਿਮਾ) ਵਾਲੇ ਦਿਨ ਜੋਤੀ ਜੋਤ ਸਮਾਏ। ਸ੍ਰੀ ਚੁਬਾਰਾ ਸਾਹਿਬ ਦੇ ਨਾਲ ਹੀ 'ਗੁਰਿਆਈ ਅਸਥਾਨ ਗੁਰੂ ਰਾਮਦਾਸ' ਹੈ ਜਿਥੇ ਗੁਰੂ ਜੀ ਨੇ ਗੁਰੂ ਰਾਮਦਾਸ ਨੂੰ ਗੁਰੂ-ਪਦ ਪ੍ਰਦਾਨ ਕੀਤਾ ਸੀ। ਇਥੇ ਹੀ 'ਜੋਤੀ ਜੋਤਿ ਅਸਥਾਨ ਪਾਤਿਸ਼ਾਹੀ ਤੀਜੀ' ਵੀ ਹੈ। ਸਰਬਤ ਸੰਗਤ ਬਿਬਾਨ ਕਰਕੇ ਕੀਰਤਨ ਭਜਨ ਕਰਤੇ ਬਿਆਸ ਕੇ ਕੰਢੇ ਉਪਰ ਸਿਸਕਾਰ ਕੀਆ। ਅਰ ਫੂਲ ਬਿਆਸ ਕੇ ਪਰਵਾਹ ਕੋ ਚਲਾਏ। ਅਰ ਦਰਿਆਉ ਕੇ ਉਪਰਿ ਦੇਹਰਾ ਹੁਆ।[33]

ਗੋਇੰਦਵਾਲ ਕਈ ਇਤਿਹਾਸਕ ਘਟਨਾਵਾਂ ਦਾ ਸਾਖੀ ਹੈ। ਗੋਇੰਦਵਾਲ ਵਿਖੇ ਹੀ ਸਿੱਖ ਧਰਮ ਵਿੱਚ ਵਿਸਾਖੀ ਨੂੰ ਵਿਸ਼ੇਸ਼ ਮਹਤੱਵ ਮਿਲਿਆ। ਇੱਥੇ ਗੁਰੂ ਜੀ ਨੇ ਅਨੰਦ ਸਾਹਿਬ ਬਾਣੀ ਦੀ ਰਚਨਾ ਕੀਤੀ। ਇੱਥੋਂ ਹੀ ਮੰਜੀ ਪ੍ਰਥਾ ਦਾ ਆਰੰਭ ਹੋਇਆ, ਜਿਸ ਨਾਲ ਸਿੱਖ ਧਰਮ ਦਾ ਬੜਾ ਪ੍ਰਚਾਰ ਹੋਇਆ। ਇਸ ਅਸਥਾਨ ਤੇ ਹੀ ਬਾਣੀ ਅਤੇ ਇਤਿਹਾਸ ਦਾ ਸੰਗ੍ਰਿਹ ਹੋਇਆ। ਇਹ ਗੁਰੂਅਰਜਨ ਦੇਵ ਦੀ ਜਨਮ ਭੂਮੀ ਹੈ। ਇਸ ਲਈ ਸਿੱਖ ਇਤਿਹਾਸ ਵਿੱਚ ਗੋਇੰਦਵਾਲ ਦੀ ਹਮੇਸ਼ਾ ਇੱਕ ਵਿਸ਼ੇਸ਼ ਥਾਂ ਰਹੇਗੀ।

**ਹਵਾਲੇ:**


1. ਸਤਿਬੀਰ ਸਿੰਘ, ਪਰਬਤੁ ਮੇਰਾਣੁ, ਨਿਉ ਬੁੱਕ ਕੰਪਨੀ, ਜਲੰਧਰ, 1997, ਪੰਨਾ 43.
2. ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 1389.
3. ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ,

ਪੰਨਾ 1391.
4. ਕੁਲਵਿੰਦਰ ਸਿੰਘ ਬਾਜਵਾ, (ਸੰਪਾ.), ਮਹਿਮਾ ਪ੍ਰਕਾਸ਼ ਵਾਰਤਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜਨਵਰੀ 2004, ਪੰਨਾ 67.
5. ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 1392.
6. ਉਹੀ, ਪੰਨਾ 1395.
7. ਕੁਲਵਿੰਦਰ ਸਿੰਘ ਬਾਜਵਾ (ਸੰਪਾ.), ਮਹਿਮਾ ਪ੍ਰਕਾਸ਼ ਵਾਰਤਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜਨਵਰੀ 2004, ਪੰਨਾ 67.
8. ਉਹੀ, ਪੰਨਾ 73.
9. ਉਹੀ, ਪੰਨਾ 74.
10. ਭਾਈ ਸੰਤੋਖ ਸਿੰਘ (ਸੰਪਾਦਕ ਡਾ. ਕਿਰਪਾਲ ਸਿੰਘ), ਗੁਰ ਪ੍ਰਤਾਪ ਸੂਰਜ ਗ੍ਰੰਥ (ਵਿਚੋਂ ਗਰੂ ਅਮਰਦਾਸ ਦਾ ਬ੍ਰਿਤਾਂਤ), ਸ਼੍ਰੋ.ਗੁ. ਪ੍ਰ. ਕਮੇਟੀ, ਅੰਮ੍ਰਿਤਸਰ, 2008, ਪੰਨਾ 18.
11. ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 1397.
12. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਗੁਰ ਰਤਨ ਪਬਲੀਸ਼ਰਜ਼, ਪਟਿਆਲਾ, 2005, ਪੰਨਾ 602.
13. ਕੁਲਵਿੰਦਰ ਸਿੰਘ ਬਾਜਵਾ (ਸੰਪਾ.), ਮਹਿਮਾ ਪ੍ਰਕਾਸ਼ ਵਾਰਤਕ, ਪੰਨਾ 76.
14. ਰਾਏ ਜਸਬੀਰ ਸਿੰਘ (ਸੰਪਾ.), ਗੁਰੂ ਅਮਰਦਾਸ ਸਰੋਤ ਪੁਸਤਕ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1986, ਪੰਨਾ 175.
15. ਬਾਉਲੀ ਤੋਂ ਭਾਵ ਅਜਿਹੇ ਖੂਹ ਤੋਂ ਹੈ ਜਿਸ ਵਿੱਚ ਪਾਣੀ ਦੀ ਸਤਹਿ ਤਕ ਪੌੜੀਆਂ ਜਾਂਦੀਆਂ ਹਨ।
16. ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 1541
17. ਕੁਲਵਿੰਦਰ ਸਿੰਘ ਬਾਜਵਾ(ਸੰਪਾ.), ਮਹਿਮਾ ਪ੍ਰਕਾਸ਼ ਵਾਰਤਕ, ਪੰਨੇ 80, 83.
18. ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1542.
19. ਮਹਿਮਾ ਪ੍ਰਕਾਸ਼ ਵਾਰਤਕ, ਮਈ 1995, ਪੰਨਾ 85 ਬਾਉਲੀ ਸਾਹਿਬ, ਇਕ ਵੱਡਾ 8 ਮੀਟਰ ਘੇਰੇ ਵਾਲਾ ਉੱਪਰੋਂ ਖੁੱਲ੍ਹਾ ਖੂਹ ਹੈ ਅਤੇ ਇਸ ਦੀ ਪਾਣੀ ਦੀ ਸਤਹਿ ਤਕ



ਪਹੁੰਚਣ ਲਈ ਬਣਿਆ ਰਸਤਾ ਉੱਪਰੋਂ ਛੱਤਿਆ ਹੋਇਆ ਹੈ, ਜਿਸ ਦੀਆਂ 84 ਪੌੜੀਆਂ ਹਨ। ਇਹ ਉੱਪਰੋਂ ਖੁੱਲ੍ਹਾ ਡਾਟਾਂ ਵਾਲਾ ਗੁੰਬਦਦਾਰ ਰਸਤਾ ਹੈ ਅਤੇ ਜ਼ਮੀਨ ਤੋਂ ਚਾਰ ਪੌੜ੍ਹੀਆਂ ਨੀਂਵਾਂ ਹੈ।
20. ਕੁਲਵਿੰਦਰ ਸਿੰਘ ਬਾਜਵਾ(ਸੰਪਾ.), ਮਹਿਮਾ ਪ੍ਰਕਾਸ਼ ਵਾਰਤਕ, ਪੰਨਾ 84.
21. ਪਿਆਰਾ ਸਿੰਘ ਪਦਮ (ਸੰਪਾ.), ਬੰਸਾਵਲੀਨਾਮਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਫਰਵਰੀ 1997, ਪੰਨਾ 70.
22. ਉਹੀ, ਪੰਨਾ 70.
23. ਉਹੀ, ਪੰਨਾ 70.
24. ਕੁਲਵਿੰਦਰ ਸਿੰਘ ਬਾਜਵਾ (ਸੰਪਾ.), ਮਹਿਮਾ ਪ੍ਰਕਾਸ਼ ਵਾਰਤਕ, ਪੰਨਾ 77.
25. ਮਹਿਮਾ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2003, ਪੰਨਾ 178.
26. ਉਹੀ, ਪੰਨਾ 178.
27. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2006, ਪੰਨਾ 427.
28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1395-96.
29. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1400.
30. ਕੁਲਵਿੰਦਰ ਸਿੰਘ ਬਾਜਵਾ, (ਸੰਪਾ.), ਮਹਿਮਾ ਪ੍ਰਕਾਸ਼ ਵਾਰਤਕ, ਪੰਨਾ 98.
31. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਗੁਰ ਰਤਨ ਪਬਲੀਸ਼ਰਜ਼, ਪਟਿਆਲਾ, 2005, ਪੰਨਾ 1255.
32. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 923.
33. ਕੁਲਵਿੰਦਰ ਸਿੰਘ ਬਾਜਵਾ (ਸੰਪਾ.), ਮਹਿਮਾ ਪ੍ਰਕਾਸ਼ ਵਾਰਤਕ, ਪੰਨਾ 102.

# ਗੁਰੂ ਅਮਰਦਾਸ ਦਾ ਜੀਵਨ ਚਰਿਤ੍ਰ: ਚਤ੍ਰਜੁਗੀ ਗ੍ਰੰਥ ਦੇ ਵਿਸ਼ੇਸ਼ ਸੰਦਰਭ ਵਿਚ

**ਡਾ. ਕੁਲਵਿੰਦਰ ਸਿੰਘ***

ਚਤ੍ਰਜੁਗੀ ਗ੍ਰੰਥ ਭਾਈ ਟੇਕ ਸਿੰਘ ਨੇ 1843-44 ਈ. ਵਿਚ ਅੰਮ੍ਰਿਤਸਰ ਵਿਖੇ ਸੰਪੂਰਣ ਕੀਤਾ ਸੀ। ਚਾਰ ਜੁਗਾਂ ਦੇ ਇਤਿਹਾਸ/ਮਿਥਿਹਾਸ ਬਾਰੇ ਲਿਖੇ 1274 ਪੰਨੇ ਦੇ ਇਸ ਵਡ-ਆਕਾਰੀ ਗ੍ਰੰਥ ਵਿਚਲੇ 444 ਪੰਨੇ ਸਿਖ ਧਰਮ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ। ਇਹ ਜਾਣਕਾਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਮਹਾਰਾਜਾ ਦਲੀਪ ਸਿੰਘ ਦੇ ਗੱਦੀ ਉਪਰ ਬੈਠਣ ਤਕ ਦੀ ਹੈ। ਗੁਰੂ ਅਮਰਦਾਸ ਬਾਰੇ ਪਰਿਚਿਤ ਕਰਵਾਉਂਦੇ ਲਗਭਗ 20 ਪੰਨੇ (ਪੱਤਰਾ ਨੰ. 346ਅ ਤੋਂ 357ੳ ਤਕ) ਚੁਚਿਤ ਗ੍ਰੰਥ ਵਿਚ ਦਰਜ ਹਨ।

ਗੁਰੂ ਅਮਰਦਾਸ ਬਾਰੇ ਗ੍ਰੰਥ ਵਿਚ ਲਿਖਿਆ ਗਿਆ ਹੈ ਕਿ ਉਹ ਬਾਸਰਕੇ ਨਗਰ ਦੇ ਤੇਜੋ (ਤੇਜ ਭਾਨ) ਨਾਮਕ ਖਤ੍ਰੀ ਤੇ ਮਾਤਾ ਲਖੋ ਦੇ ਸਪੁਤਰ ਸਨ। ਸਾਰਾ ਪਰਿਵਾਰ ਵੈਸ਼ਨਵ ਧਰਮ ਨੂੰ ਮੰਨਣ ਵਾਲਾ ਸੀ। ਬਚਪਨ ਤੋਂ ਹੀ ਅਮਰਦਾਸ ਹਮੇਸ਼ਾ ਮੁਕਤ ਪਦ ਦੀ ਪ੍ਰਾਪਤੀ ਲਈ ਧਾਰਮਿਕ ਮਾਰਗ ਉਤੇ ਤੁਰਨ ਦੇ ਅਭਿਲਾਸ਼ੀ ਸਨ।[1] ਇਕ ਵਾਰ ਉਨ੍ਹਾਂ ਦੇ ਘਰ ਕੁਝ ਸਾਧੂ ਠਹਿਰੇ, ਜਿਨ੍ਹਾਂ ਦੀ ਉਨ੍ਹਾਂ ਨੇ ਬਹੁਤ ਸੇਵਾ ਕੀਤੀ। ਅਮਰਦਾਸ ਦੇ ਸੇਵਾ ਭਾਵ ਨੂੰ ਵੇਖ ਕੇ ਸਾਧੂ ਬਹੁਤ ਖੁਸ਼ ਹੋਏ ਅਤੇ ਸਵੇਰੇ ਜਦੋਂ ਉਹ ਵਿਦਾ ਹੋਣ ਲਗੇ ਤਾਂ ਉਨ੍ਹਾਂ ਨੇ ਅਮਰਦਾਸ ਨੂੰ ਪੁਛਿਆ ਕਿ ਤੁਹਾਡਾ ਗੁਰੂ ਕੌਣ ਹੈ? ਉਤਰ ਵਿਚ ਪਤਾ ਲਗਿਆ ਕਿ ਉਹ ਅਜੇ ਗੁਰੂ ਵਾਲੇ ਨਹੀਂ ਬਣੇ ਸਨ, ਜਿਸ ਕਾਰਨ ਸਾਧੂ ਬਹੁਤ ਨਿਰਾਸ਼ ਹੋਏ ਅਤੇ ਅਮਰਦਾਸ ਪ੍ਰਤੀ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਤੇਰੇ ਨਿਗੁਰੇ ਦੇ ਹਥੋਂ ਭੋਜਨ ਛਕ ਕੇ ਸਾਡਾ ਕੀਤਾ ਸਾਰਾ ਜਪ-ਤਪ ਨਸ਼ਟ ਹੋ ਗਿਆ ਹੈ, ਜੇਕਰ ਸਾਨੂੰ ਤੇਰੇ ਨਿਗੁਰੇ ਹੋਣ ਦੀ ਵਿਥਿਆ ਪਹਿਲਾਂ ਪਤਾ ਹੁੰਦੀ ਤਾਂ ਅਸੀਂ ਕਦੇ ਵੀ ਤੇਰੇ ਹਥੋਂ ਭੋਜਨ ਨਾ ਛਕਦੇ। ਸਾਧੂਆਂ ਦੀ ਇਸ ਗੱਲ ਨੇ ਅਮਰਦਾਸ ਨੂੰ ਕਈ ਦਿਨਾਂ ਤਕ ਬੇਚੈਨ ਕੀਤਾ। ਅਚਾਨਕ ਇਕ ਦਿਨ ਸਵੇਰੇ ਉਨ੍ਹਾਂ ਨੇ ਗੁਰੂ ਅੰਗਦ ਦੇਵ ਦੀ ਪੁਤਰੀ (ਬੀਬੀ ਅਮਰੋ)[2] ਨੂੰ ਬਾਣੀ ਪੜ੍ਹਦੇ ਸੁਣਿਆਂ ਜੋ ਜਪੁਜੀ ਦਾ ਪਾਠ ਕਰ ਰਹੀ ਸੀ-

ਅੰਮ੍ਰਿਤ ਵੇਲੇ ਬ੍ਰਹਮ ਮਹੂਰਤਿ ਅੰਗਦ ਕੀ ਪੁਤ੍ਰੀ ਘਰ ਮੋਹੈ॥
ਝਪਜੀ ਪੜਤ ਪਾਵਨ ਤਨ ਕਰਿ ਕੈ ਪਤਿ ਕੀ ਆਗਿਆ ਮਧ ਤਦੋ ਹੈ॥

*ਸਹਾਇਕ ਪ੍ਰੋਫੈਸਰ, ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ



ਮੰਨੇ ਕੀ ਪਉੜੀ ਮੈ ਬੋਲਤ ਪ੍ਰੇਮ ਸਾਥ ਸੁਨਿਤਾ ਵਿਧ ਮੋ ਹੈ॥
ਤਰੇ ਤਾਰੇ ਗੁਰਸਿਖ[3] ਕਹਿਓ ਜਬ ਤਾ ਪਰਿ ਪ੍ਰਨ ਬਾਧਤ ਗੁਨ ਬੋ ਹੈ॥[4]

ਅਮਰਦਾਸ ਨੇ ਇਸ ਸ਼ਬਦ ਦਾ ਪਾਠ ਬਹੁਤ ਧਿਆਨਪੂਰਵਕ ਸ੍ਰਵਣ ਕੀਤਾ ਅਤੇ ਪਾਠ ਦੀ ਸਮਾਪਤੀ ਉਪਰੰਤ ਗੁਰੂ ਅੰਗਦ ਦੇਵ ਦੀ ਪੁਤਰੀ ਨੂੰ ਪੁਛਿਆ ਕਿ ਇਹ ਬਾਣੀ ਕਿਸਦੀ ਹੈ ? ਮੇਰਾ ਦਿਲ ਤਤਕਾਲ ਉਸਦੇ ਦਰਸ਼ਨ ਕਰਨ ਲਈ ਉਤਾਵਲਾ ਹੋ ਰਿਹਾ ਹੈ।[5] ਗੁਰੂ ਜੀ ਦੀ ਪੁਤਰੀ ਨੇ ਕਿਹਾ ਕਿ ਇਹ ਬਾਣੀ ਗੁਰੂ ਨਾਨਕ ਦੇਵ ਦੀ ਹੈ ਅਤੇ ਇਹ ਮੈਂ ਆਪਣੇ ਪਿਤਾ ਤੋਂ ਸਿਖੀ ਹੈ, ਜੋ ਹੁਣ ਗੁਰੂ ਨਾਨਕ ਦੀ ਗੱਦੀ ਦੇ ਵਾਰਿਸ਼ ਹਨ। ਅਮਰਦਾਸ ਨੇ ਬੀਬੀ ਨੂੰ ਖਡੂਰ ਸਾਹਿਬ ਚੱਲਣ ਲਈ ਕਿਹਾ ਅਤੇ ਬੀਬੀ (ਅਮਰੋ) ਉਨ੍ਹਾਂ ਦੇ ਵੈਰਾਗ ਨੂੰ ਵੇਖ ਕੇ ਖਡੂਰ ਸਾਹਿਬ ਆਪਣੇ ਪਿਤਾ ਕੋਲ ਪੁਜ ਗਈ। ਗੁਰੂ ਅੰਗਦ ਦੇਵ ਨੇ ਅਮਰਦਾਸ ਨੂੰ ਆਦਰ ਭਾਵ ਨਾਲ ਅੰਦਰ ਸਦਿਆ ਅਤੇ ਉਨ੍ਹਾਂ ਦਾ ਬਹੁਤ ਸਤਿਕਾਰ ਕੀਤਾ। ਉਪਰੰਤ ਅਮਰਦਾਸ ਨੇ ਗੁਰੂ ਅੰਗਦ ਦੇਵ ਨੂੰ ਭੇਟਾ ਸਹਿਤ ਨਮਸਕਾਰ ਕੀਤੀ। ਜਾਣੀ-ਜਾਣ ਗੁਰੂ ਜੀ ਨੇ ਉਨ੍ਹਾਂ ਦੇ ਦਿਲੀ ਭਾਵ ਨੂੰ ਸਮਝਦਿਆਂ ਖਡੂਰ ਵਿਖੇ ਹੀ ਟਿਕਾਣਾ ਕਰਨ ਲਈ ਕਿਹਾ। ਗ੍ਰੰਥਕਾਰ ਅਨੁਸਾਰ ਉਸ ਸਮੇਂ ਗੁਰੂ ਅੰਗਦ ਦੇਵ ਦੇ ਲੰਗਰ ਵਿਚ ਮਹਾਪ੍ਰਸ਼ਾਦ ਬਣਿਆ ਕਰਦਾ ਸੀ, ਜਿਸ ਕਾਰਨ ਅਮਰਦਾਸ ਨੇ ਆਪਣੇ ਮਨ ਵਿਚ ਇਹ ਵਿਚਾਰ ਕੀਤਾ ਕਿ ਵੈਸ਼ਨਵ ਰਹਿਣਾ ਹੈ ਭਾਵ ਮਾਸ (ਮਹਾਪ੍ਰਸ਼ਾਦ) ਨਹੀਂ ਖਾਣਾ।[6] ਗੁਰੂ ਜੀ ਨੇ ਲਾਂਗਰੀਆਂ ਨੂੰ ਹੁਕਮ ਦਿਤਾ ਕਿ ਅਮਰਦਾਸ ਲਈ ਪਹਿਲਾਂ ਵੈਸ਼ਨਵ ਭੋਜਨ ਬਣਾ ਕੇ ਪਿਛੋਂ ਸਾਰਿਆਂ ਲਈ ਲੰਗਰ ਤਿਆਰ ਕਰਨਾ ਹੈ। ਗੁਰੂ ਹੁਕਮ ਅਨੁਸਾਰ ਅਮਰਦਾਸ ਨੂੰ ਸਾਦਾ ਲੰਗਰ ਮਿਲਿਆ, ਜਿਸਨੂੰ ਪ੍ਰਾਪਤ ਕਰਕੇ ਪਹਿਲਾਂ ਤਾਂ ਖੁਸ਼ੀ ਹੋਈ ਪਰ ਜਲਦੀ ਹੀ ਸਮਝ ਆ ਗਈ ਕਿ ਜੇਕਰ ਗੁਰੂ ਅੰਗਦ ਸਾਹਿਬ ਦਾ ਸਿੱਖ ਬਣਨਾ ਹੈ ਤਾਂ ਸੀਤ ਪ੍ਰਸ਼ਾਦ ਛਕਣਾ ਹੀ ਪਵੇਗਾ, ਇਸ ਲਈ ਉਨ੍ਹਾਂ ਨੇ ਗੁਰੂ ਜੀ ਕੋਲ ਸਿਖ ਬਣਨ ਲਈ ਬੇਨਤੀ ਕੀਤੀ। ਗੁਰੂ ਜੀ ਨੇ ਆਪਣਾ ਸੀਤ ਪ੍ਰਸ਼ਾਦ ਅਮਰਦਾਸ ਨੂੰ ਬਖ਼ਸ਼ਿਆ, ਜਿਸਨੂੰ ਛਕ ਕੇ ਉਨ੍ਹਾਂ ਦੇ ਕਪਾਟ ਖੁਲ ਗਏ।[7] ਇਹ ਸਾਖੀ ਸਰੂਪ ਦਾਸ ਭੱਲਾ ਨੇ ਵੀ 'ਮਹਿਮਾ ਪ੍ਰਕਾਸ਼' ਵਿਚ ਕੁਝ ਕੁ ਫ਼ਰਕ ਨਾਲ ਅੰਕਿਤ ਕੀਤੀ ਹੈ, ਪਰ ਉਸਨੇ ਵੀ ਉਪਰੋਕਤ ਭਾਵ ਨੂੰ ਹੀ ਪ੍ਰਗਟ ਕੀਤਾ ਹੈ।[8]

ਗੁਰੂ ਅੰਗਦ ਦੇਵ ਦੇ ਹੁਕਮ ਅਨੁਸਾਰ ਅਮਰਦਾਸ ਨੇ ਆਪਣਾ ਟਿਕਾਣਾ ਗੋਇੰਦਵਾਲ ਵਿਖੇ ਕਰ ਲਿਆ, ਜਿਥੋਂ ਹਰ ਰੋਜ਼ ਅੰਮ੍ਰਿਤ ਵੇਲੇ ਉਹ ਗੁਰੂ ਜੀ ਦੇ ਦਰਸ਼ਨ ਕਰਨ ਲਈ ਖਡੂਰ ਸਾਹਿਬ ਆਇਆ ਕਰਦੇ ਸਨ।[9] ਖਡੂਰ ਸਾਹਿਬ ਦੀ ਇਕ ਘਟਨਾ ਬਾਰੇ ਟੇਕ ਸਿੰਘ ਲਿਖਦਾ ਹੈ ਕਿ ਇਕ ਸਮੇਂ ਔੜ ਲਗੀ ਹੋਈ ਸੀ, ਜਿਸ ਕਾਰਨ ਫ਼ਸਲਾਂ ਸੁਕ ਰਹੀਆਂ ਸਨ। ਸਭ ਲੋਕ ਦੁਖੀ ਸਨ ਅਤੇ ਇਸਦੇ ਉਪਾਅ ਲਈ ਕੁਝ ਵੀ ਕਰਨ ਨੂੰ ਤਿਆਰ ਸਨ। ਉਸ ਸਮੇਂ ਖਡੂਰ

ਸਾਹਿਬ ਵਿਖੇ ਇਕ ਕੰਨ-ਪਾਟਾ ਜੋਗੀ ਰਹਿੰਦਾ ਸੀ ਜੋ ਗੁਰੂ ਅੰਗਦ ਦੇਵ ਨਾਲ ਬਹੁਤ ਈਰਖਾ ਕਰਦਾ ਸੀ। ਗੁਰੂ ਜੀ ਨੂੰ ਤੰਗ ਕਰਨ ਲਈ ਉਸਨੇ ਲੋਕਾਂ ਨੂੰ ਕਿਹਾ ਕਿ ਜੇਕਰ ਤੁਸੀਂ ਗੁਰੂ ਅੰਗਦ ਦੇਵ ਨੂੰ ਏਥੋਂ ਕਢ ਦੇਵੋਂ ਤਾਂ ਬਹੁਤ ਮੀਂਹ ਪਵੇਗਾ। ਜੋਗੀ ਦੀਆਂ ਗੱਲਾਂ ਵਿਚ ਆ ਕੇ ਜ਼ਿਮੀਦਾਰਾਂ ਨੇ ਗੁਰੂ ਜੀ ਕੋਲ ਬੇਨਤੀ ਕੀਤੀ ਕਿ ਜਾਂ ਤਾਂ ਆਪ ਮੀਂਹ ਪਵਾਓ, ਨਹੀਂ ਤਾਂ ਖਡੂਰ ਸਾਹਿਬ ਨੂੰ ਛਡ ਕੇ ਕਿਸੇ ਹੋਰ ਥਾਂ 'ਤੇ ਚਲੇ ਜਾਵੋ। ਜ਼ਿਮੀਦਾਰਾਂ ਦੇ ਕਹਿਣ 'ਤੇ ਗੁਰੂ ਅੰਗਦ ਦੇਵ ਖਡੂਰ ਸਾਹਿਬ ਨੂੰ ਛਡ ਕੇ ਹੋਰ ਨਗਰ ਵਿਚ ਚਲੇ ਗਏ। ਮਹਿਮਾ ਪ੍ਰਕਾਸ਼ ਵਿਚ ਇਸ ਸਥਾਨ ਦਾ ਨਾਮ ਖਾਨਰਜਾਦਾ ਲਿਖਿਆ ਹੋਇਆ ਹੈ।[10] ਅਗਲੇ ਦਿਨ ਜਦੋਂ ਅਮਰਦਾਸ ਗੁਰੂ-ਦਰਸ਼ਨਾਂ ਲਈ ਆਏ ਤਾਂ ਸਾਰੀ ਗੱਲ ਦਾ ਪਤਾ ਲਗਣ 'ਤੇ ਜ਼ਿਮੀਦਾਰਾਂ ਨੂੰ ਕਿਹਾ ਕਿ ਜੋਗੀ ਨੂੰ ਜਲਦੀ ਮੀਂਹ ਪਵਾਉਣ ਲਈ ਕਹੋ। ਜ਼ਿਮੀਦਾਰਾਂ ਨੇ ਜਦੋਂ ਜੋਗੀ ਨੂੰ ਮੀਂਹ ਪਵਾਉਣ ਲਈ ਕਿਹਾ ਤਾਂ ਉਹ ਅਜ-ਕਲ ਕਰਕੇ ਟਾਲੇ ਲਾਉਣ ਲਗ ਪਿਆ ਅਤੇ ਇਸੇ ਤਰ੍ਹਾਂ ਕਈ ਦਿਨ ਬੀਤ ਗਏ। ਫਿਰ ਅਮਰਦਾਸ ਨੇ ਲੋਕਾਂ ਨੂੰ ਕਿਹਾ ਕਿ ਤੁਸੀਂ ਇਸ ਜੋਗੀ ਦੇ ਕਹਿਣ ਉਤੇ ਗੁਰੂ ਜੀ ਦਾ ਨਿਰਾਦਰ ਕੀਤਾ ਹੈ, ਜੇਕਰ ਤੁਸੀਂ ਚਾਹੁੰਦੇ ਹੋ ਕਿ ਮੀਂਹ ਪਵੇ ਤਾਂ ਇਸਨੂੰ ਰਸਿਆਂ ਨਾਲ ਬੰਨ ਕੇ ਖੇਤਾਂ ਵਿਚ ਘਸੀਟੋ। ਜ਼ਿਮੀਦਾਰਾਂ ਨੇ ਅਮਰਦਾਸ ਦੇ ਕਹਿਣ ਤੇ ਇਸੇ ਤਰ੍ਹਾਂ ਕੀਤਾ, ਜਿਸ ਨਾਲ ਬਹੁਤ ਮੀਂਹ ਪਿਆ। ਗ੍ਰੰਥਕਾਰ ਅਨੁਸਾਰ ਅੰਤ ਵਿਚ ਲੋਕ ਜੋਗੀ ਦੇ ਸਰੀਰ ਦੇ ਟੁਕੜੇ ਕਰ ਕੇ ਆਪੋ-ਆਪਣੇ ਖੇਤਾਂ ਵਿਚ ਲੈ ਗਏ।[11] ਇਸ ਤਪੇ ਦੀ ਬਾਬਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਕ ਸ਼ਬਦ ਦਰਜ਼ ਹੈ।[12]

ਇਸ ਘਟਨਾ ਤੋਂ ਬਾਅਦ ਅਮਰਦਾਸ ਸੰਗਤ ਨੂੰ ਲੈ ਕੇ ਗੁਰੂ ਜੀ ਨੂੰ ਵਾਪਿਸ ਲੈਣ ਲਈ ਗਏ ਪਰ ਜਦੋਂ ਗੁਰੂ ਜੀ ਨੂੰ ਜ਼ਿਮੀਦਾਰਾਂ ਕੋਲ ਅਮਰਦਾਸ ਦੁਆਰਾ ਕੀਤੀ ਕਰਾਮਾਤ ਦਾ ਪਤਾ ਲਗਿਆ ਤਾਂ ਉਨ੍ਹਾਂ ਮਨ ਵਿਚ ਬਹੁਤ ਅਫ਼ਸੋਸ ਕੀਤਾ ਅਤੇ ਅਮਰਦਾਸ ਦੇ ਮੱਥੇ 'ਤੇ ਹਥ ਰਖ ਕੇ ਸਾਰੀ ਬਖ਼ਸ਼ਿਸ਼ ਵਾਪਿਸ ਖਿਚ ਲਈ। ਅਮਰਦਾਸ ਤੇ ਸੰਗਤ ਨੇ ਗੁਰੂ ਅੰਗਦ ਦੇਵ ਤੋਂ ਹੋਈ ਗ਼ਲਤੀ ਦੀ ਮਾਫ਼ੀ ਮੰਗੀ ਅਤੇ ਕਿਹਾ ਕਿ ਅਸੀਂ ਤੇਰੇ ਸੇਵਕ ਹਾਂ ਜਦੋਂ ਤੁਹਾਨੂੰ ਭਾਵੇਗਾ ਤਾਂ ਸਾਨੂੰ ਇਸ ਕਰਮ ਦੇ ਫਲ ਤੋਂ ਮੁਕਤ ਕਰ ਦੇਣਾ, ਪਰ ਹੁਣ ਸਾਡੇ ਨਾਲ ਖਡੂਰ ਸਾਹਿਬ ਵਾਪਿਸ ਚਲੋ।[13]

ਅਮਰਦਾਸ ਦੁਆਰਾ ਗੁਰੂ ਅੰਗਦ ਦੇਵ ਦੇ ਇਸ਼ਨਾਨ ਲਈ ਬਿਆਸ ਦਰਿਆ ਤੋਂ ਪਾਣੀ ਲਿਆਉਣ ਸਮੇਂ ਜੁਲਾਹਿਆਂ ਦੀ ਖਡੀ ਵਿਚ ਗਿਰਨ ਵਾਲੀ ਸਾਖੀ ਤੋਂ ਭਾਵੇਂ ਅਸੀਂ ਸਾਰੇ ਹੀ ਚੰਗੀ ਤਰ੍ਹਾਂ ਵਾਕਿਫ਼ ਹਾਂ ਪਰ ਟੇਕ ਸਿੰਘ ਨੇ ਇਸ ਘਟਨਾ ਨੂੰ ਬਾਕੀ ਗ੍ਰੰਥਕਾਰਾਂ ਨਾਲੋਂ ਵਖਰੇ ਢੰਗ ਨਾਲ ਪੇਸ਼ ਕੀਤਾ ਹੈ। ਇਸ ਸਾਖੀ ਬਾਰੇ 'ਮਹਿਮਾ ਪ੍ਰਕਾਸ਼' ਦਾ ਲਿਖਾਰੀ ਸਰੂਪ ਦਾਸ ਭੱਲਾ ਲਿਖਦਾ ਹੈ:

ਚੌਪਈ-...ਲੇ ਜਲ ਤਿਸ ਮਗ ਆਵਤ ਭਏ। ਬਿਜਲਿਓ ਪਗ ਕੁੰਭਕ ਮਧ ਪਏ।



ਸੁਨਿ ਇਹ ਖੜਕ ਜੁਲਾਹੈ ਕਹਾ। ਪੂਛੈ ਜੋਰ ਇਹ ਕਿਆ ਭਇਆ।
ਜੋਰੋ ਕਹੈ ਤਾ ਕੋ ਸਮਝਾਵੈ। ਨਿਤ ਅਮਰਦਾਸ ਜਲ ਲੇਨੇ ਆਵੈ।
ਵਹੀ ਨਿਥਾਵਾ ਬਿਛਲਿਓ ਆਹ। ਇਉ, ਖੜਕ ਭਇਆ ਅੰਗਨ ਕੇ ਮਾਹਿ।
ਜੁਲਾਹੀ ਬਾਚ।
ਦੋਹਰਾ- ਨਿਥ੍ਹਾ ਹੋਇ ਈਹਾਂ ਰਹਾ ਕੁਲ ਗ੍ਰਿਹ ਦੀਆ ਤਿਆਗ।
ਜਗ ਉਪਹਾਸ ਜਾਨੇ ਨਹੀ ਨਹੀ ਰਹਿਓ ਤਪੇ ਢਿਗ ਲਾਗ।
ਸਾਹਿਬ ਬਾਚ।
ਦੋਹਰਾ- ਜਲਾਹੀ ਤੂੰ ਕਮਲੀ ਭਈ ਤੋ ਕੋ ਬੁਧ ਨ ਆਹਿ।
ਮੈ ਐਸਾ ਸਤਗੁਰ ਸੇਵਿਆ ਕਹੈ ਨਿਥਾਵਾ ਕਾਹਿ।
ਚੌਪਈ- ਕਲਸ ਬਚਾਇ ਧਰਿ ਸਿਰ ਲੇ ਗਏ। ਸਤਗੁਰ ਇਸਨਾਨ ਕਰਾਵਤ ਭਏ।
ਓਹਾ ਜੁਲਾਹੀ ਗਈ ਦਉਰਾਇ। ਦਾਂਤਨ ਕਾਟੈ ਮੁਖ ਬਕੇ ਬਕਾਇ।[14]

ਅਰਥਾਤ ਜੁਲਾਹੀ ਦੁਆਰਾ ਨਿਥਾਵਾ ਕਹਿਣ ਤੇ ਅਮਰਦਾਸ ਨੇ ਉਸਨੂੰ ਕਮਲੀ ਕਿਹਾ ਜਿਸ ਨਾਲ ਉਹ ਕਮਲੀ ਹੋ ਕੇ ਜੰਗਲਾਂ ਨੂੰ ਦੌੜ ਗਈ, ਪਰ ਟੇਕ ਸਿੰਘ ਨੇ ਇਸ ਘਟਨਾ ਵਿਚ ਪਹਿਲਾਂ ਕੀਤੀ ਕਰਾਮਾਤ ਦਾ ਪਸ਼ਚਾਤਾਪ ਕਰ ਰਹੇ ਅਮਰਦਾਸ ਨੂੰ ਦੁਬਾਰਾ ਕਰਾਮਾਤ ਵਿਖਾਉਦਿਆਂ ਨਹੀਂ ਦਰਸਾਇਆ ਭਾਵ ਜੁਲਾਹੀ ਨੂੰ ਸਰਾਪ ਦੇਣ ਵਾਲੀ ਘਟਨਾ ਦਾ ਜ਼ਿਕਰ ਨਹੀਂ ਕੀਤਾ, ਸਗੋਂ ਉਨ੍ਹਾਂ ਦੀ ਸ਼ਾਤ-ਸੁਭਾਅ ਤੇ ਮਾਨ-ਰਹਿਤ ਸ਼ਖ਼ਸੀਅਤ ਦਾ ਪ੍ਰਗਟਾਵਾ ਕੀਤਾ ਹੈ। ਜਿਸਦਾ ਫਲ ਅਗੇ ਵਰਣਨ ਕਰਦਿਆਂ ਟੇਕ ਸਿੰਘ ਲਿਖਦਾ ਕਿ ਜਦੋਂ ਗੁਰੂ ਅੰਗਦ ਦੇਵ ਨੇ ਉਸ ਕੋਲੋਂ ਰਾਹ ਵਿਚ ਵਾਪਰੀ ਘਟਨਾ ਬਾਰੇ ਪੁਛਿਆ ਤਾਂ ਗੁਰੂ ਅਮਰਦਾਸ ਨੇ ਕਿਹਾ ਕਿ ਇਕ ਜੁਲਾਹੀ ਨੇ ਮੈਨੂੰ ਨਿਥਾਵਾ ਕਿਹਾ ਹੈ। ਜਿਸਨੂੰ ਸੁਣ ਕੇ ਗੁਰੂ ਜੀ ਨੇ ਅਮਰਦਾਸ ਦੇ ਕਪਟ-ਰਹਿਤ ਹਿਰਦੇ ਨੂੰ ਮਾਣ ਦਿੰਦਿਆਂ ਬਚਨ ਕੀਤਾ ਕਿ "ਤੂੰ ਤਾਂ ਨਿਥਾਵਿਆਂ ਲਈ ਥਾਂ ਹੈਂ ਅਤੇ ਨਿਓਟਿਆਂ ਦੀ ਓਟ ਹੈਂ।" ਟੇਕ ਸਿੰਘ ਅਨੁਸਾਰ ਅਮਰਦਾਸ ਦੇ ਇਸ ਵਿਵਹਾਰ ਤੋਂ ਖ਼ੁਸ਼ ਹੋ ਕੇ ਗੁਰੂ ਅੰਗਦ ਦੇਵ ਨੇ ਉਨ੍ਹਾਂ ਨੂੰ ਗੁਰਿਆਈ ਬਖ਼ਸ਼ੀ ਸੀ:

ਜਨ ਕਾ ਪਰਦਾ ਰਾਖਨਹਾਰੇ ਬੋਲਤ ਆਪ ਦਇਆ ਮੈ ਸੋਈ॥
ਨਿਥਾਵਿਆ ਕੇ ਥਾਵ ਭਏ ਤੁਮ ਨਿਓਟਿਆ ਕੀ ਉਟ ਤੁਮ ਹੋਈ॥
ਨਿਮਾਣਿਆ ਕੇ ਹੋ ਮਾਣ ਅਮਰ ਜੀ ਉਟ ਤੁਮੋ ਜਗਤ ਵਿਧ ਸੋਈ॥
ਐਸੇ ਕਹਤ ਭੁਜਾ ਭੁਰ ਲੀਨੋ ਅਪਨੇ ਅੰਗ ਏਕਤਾ ਜੋਈ॥
ਦੀਨੀ ਭੇਟ ਸਕਤਿ ਗੁਰਆਈ ਪੂਰਨ ਕੀਨ ਤੁਰਤ ਹੀ ਜਾਨੋ॥
ਨਾਨਕ ਮੂਰਤਿ ਅੰਗਦ ਜਾਨਤ ਅਮਰਦਾਸ ਤੈਸੇ ਪਹਚਾਨੋ॥

ਪੰਜ ਪੈਸੇ ਨਰੀਏਲ ਧਰਤ ਜਬ ਸੰਗਤਿ ਲੜਿ ਪਕਰਾਵਤ ਮਾਨੋ ॥
ਪਰੀ ਧੂੰਮ ਖਡੂਰ ਮਧ ਹੀ ਅਮਰਦਾਸ ਗੁਰੂ ਹੋਤ ਹੀਏ ਆਨੋ ॥ [15]

ਟੇਕ ਸਿੰਘ ਲਿਖਦਾ ਹੈ ਕਿ ਗੁਰੂ ਅਮਰਦਾਸ ਨੂੰ ਗੁਰਿਆਈ ਦਾ ਤਿਲਕ ਬਾਬਾ ਬੁਢਾ ਨੇ ਦਿਤਾ। ਉਸ ਸਮੇਂ ਮਾਤਾ ਖੀਵੀ ਅਤੇ ਗੁਰੂ ਜੀ ਦੇ ਪੁਤਰ ਦਾਤੂ ਅਤੇ ਦਾਸੂ ਵੀ ਓਥੇ ਹੀ ਸਨ। [16] ਗੁਰੂ ਅੰਗਦ ਦੇਵ 12 ਸਾਲ 6 ਮਹੀਨੇ 9 ਦਿਨ ਗੁਰਗੱਦੀ ਉਪਰ ਰਹਿਣ ਉਪਰੰਤ ਚੇਤ ਸੁਦੀ ਚੌਥ ਨੂੰ ਸਰੀਰ ਛਡ ਕੇ ਗੁਰੂ ਨਾਨਕ ਵਾਂਗ ਸੰਸਾਰ ਤੋਂ ਚਲੇ ਗਏ। [17]

ਟੇਕ ਸਿੰਘ ਅਨੁਸਾਰ ਗੁਰਿਆਈ ਉਪਰੰਤ ਗੁਰੂ ਅਮਰਦਾਸ ਨੇ ਖਡੂਰ ਛਡ ਕੇ ਆਪਣਾ ਟਿਕਾਣਾ ਗੋਇੰਦਵਾਲ ਵਿਖੇ ਕਰ ਲਿਆ ਸੀ। [18] ਗੋਇੰਦਵਾਲ ਦੀ ਇਕ ਘਟਨਾ ਬਾਰੇ ਗ੍ਰੰਥ ਵਿਚ ਲਿਖਿਆ ਹੈ ਕਿ ਗੁਰੂ ਜੀ ਦੇ ਸੇਵਕ ਜਦੋਂ ਲੰਗਰ ਲਈ ਘੜਿਆਂ ਵਿਚ ਪਾਣੀ ਲਿਆਉਂਦੇ ਸਨ ਤਾਂ ਤੇਲੀਆਂ ਦੇ ਲੜਕੇ ਗੁਲੇਲੇ ਮਾਰ ਕੇ ਘੜਿਆਂ ਨੂੰ ਭੰਨ ਦੇਂਦੇ ਸਨ। ਗੁਰੂ ਜੀ ਪਾਸ ਸਿਖਾਂ ਨੇ ਜਦੋਂ ਵਿਥਿਆ ਦਸੀ ਤਾਂ ਗੁਰੂ ਜੀ ਨੇ ਕਿਹਾ ਭਾਈ ਨਿਮਰਤਾ ਵਿਚ ਰਹੋ ਅਤੇ ਧਾਤ ਦੇ ਬਰਤਨਾਂ ਵਿਚ ਪਾਣੀ ਲਿਆਇਆ ਕਰੋ, ਪਰ ਤੇਲੀਆਂ ਦੇ ਲੜਕਿਆਂ ਨੇ ਫ਼ੌਲਾਦ ਦੇ ਤੀਰਾਂ ਨਾਲ ਉਹ ਵੀ ਭੰਨ ਦਿਤੇ। ਸੰਗਤਾਂ ਦੇ ਮੁੜ ਸ਼ਿਕਾਇਤ ਕਰਨ 'ਤੇ ਵੀ ਗੁਰੂ ਜੀ ਨੇ ਸ਼ਾਂਤ ਰਹਿਣ ਲਈ ਹੀ ਕਿਹਾ। ਇਸੇ ਸਾਖੀ ਦੌਰਾਨ ਹੀ ਟੇਕ ਸਿੰਘ ਬਾਉਲੀ ਬਣਨ ਦਾ ਜ਼ਿਕਰ ਵੀ ਕਰਦਾ ਹੈ ਪਰ ਅਸੀਂ ਉਸ ਘਟਨਾ ਨੂੰ ਵਖਰੇ ਤੌਰ 'ਤੇ ਵਿਚਾਰਨ ਦਾ ਜਤਨ ਕਰਾਂਗੇ। ਉਪਰੋਕਤ ਘਟਨਾ ਦਾ ਹੋਰ ਹਾਲ ਵਰਣਨ ਕਰਦਾ ਹੋਇਆ ਟੇਕ ਸਿੰਘ ਲਿਖਦਾ ਹੈ ਕਿ ਜਦੋਂ ਤੇਲੀਆਂ ਦੇ ਲੜਕਿਆਂ ਨੇ ਗੁਰੂ ਜੀ ਦੇ ਸਿਖਾਂ ਨੂੰ ਸਤਾਉਣ ਦੀ ਅੱਤ ਚੁਕੀ ਹੋਈ ਸੀ, ਉਸ ਸਮੇਂ ਗੋਇੰਦਵਾਲ ਵਿਚ ਇਕ ਵੈਰਾਗੀ ਸਾਧੂਆਂ ਦਾ ਝੁੰਡ ਆ ਪਹੁੰਚਿਆ। ਜਿਨ੍ਹਾਂ ਦੇ ਮੁਖੀ ਦੀ ਅੱਖ ਵਿਚ ਤੇਲੀਆਂ ਦੇ ਲੜਕਿਆਂ ਨੇ ਇਕ ਗੁਲੇਲਾ ਮਾਰਿਆ, ਜਿਸ ਨਾਲ ਉਸਦੀ ਮ੍ਰਿਤੂ ਹੋ ਗਈ। ਗੁਸੇ ਵਿਚ ਆ ਕੇ ਵੈਰਾਗੀਆਂ ਨੇ ਤੇਲੀਆਂ ਦੇ ਲੜਕਿਆਂ ਨੂੰ ਤੀਰਾਂ ਅਤੇ ਤਲਵਾਰਾਂ ਨਾਲ ਐਸੀ ਮਾਰ ਮਾਰੀ ਕਿ ਉਨ੍ਹਾਂ ਵਿਚੋਂ ਬਹੁਤੇ ਮਰ ਗਏ। ਉਸ ਸਮੇਂ ਨੇੜੇ ਹੀ ਪਾਤਸ਼ਾਹੀ ਫ਼ੌਜ ਦਾ ਡੇਰਾ ਸੀ ਜੋ ਰੌਲਾ ਸੁਣ ਕੇ ਪਹੁੰਚ ਗਈ। ਗੁਰੂ ਜੀ ਅਤੇ ਵੈਰਾਗੀਆਂ ਨਾਲ ਕੀਤੇ ਸਲੂਕ ਕਾਰਨ ਉਨ੍ਹਾਂ ਨੇ ਤੇਲੀਆਂ ਦੇ ਘਰ ਲੁੱਟ ਲਏ ਅਤੇ ਕਈਆਂ ਨੂੰ ਦਿਲੀ ਵਿਖੇ ਕੈਦ ਕਰ ਲਿਆ। [19]

ਗੁਰੂ ਅਮਰਦਾਸ ਦੁਆਰਾ ਗੋਇੰਦਵਾਲ ਸਾਹਿਬ ਵਿਖੇ ਕੀਤਾ ਬਾਉਲੀ ਦਾ ਨਿਰਮਾਣ ਉਨ੍ਹਾਂ ਦੇ ਜੀਵਨ ਦੀ ਇਕ ਵਿਸ਼ੇਸ਼ ਪ੍ਰਾਪਤੀ ਸੀ, ਜਿਸਦੇ ਸੰਬੰਧ ਵਿਚ ਲਿਖਦਾ ਹੋਇਆ ਟੇਕ ਸਿੰਘ ਇਸਦਾ ਸੰਬੰਧ ਇਕ ਇਤਿਹਾਸਕ ਘਟਨਾ ਨਾਲ ਜੋੜਦਾ ਹੈ ਜੋ ਕਿ ਅਕਬਰ ਦੇ ਰਾਜ-ਕਾਲ ਸਮੇਂ ਵਾਪਰੀ ਸੀ। ਟੇਕ ਸਿੰਘ ਅਨੁਸਾਰ ਬਾਉਲੀ ਦਾ ਨਿਰਮਾਣ ਉਸ ਸਮੇਂ ਹੋਇਆ ਜਦੋਂ ਅਕਬਰ ਸਾਰੇ ਹਿੰਦੋਸਤਾਨ ਨੂੰ ਕਬਜ਼ੇ ਵਿਚ ਕਰਨ ਦੇ ਉਦੇਸ਼ ਨਾਲ ਚਤੌੜਗੜ੍ਹ ਵਿਖੇ ਜੈਮਲ/ਫੱਤੇ



ਨਾਲ ਲੜ ਰਿਹਾ ਸੀ, ਪਰ ਉਸਤੋਂ ਕਿਲ੍ਹਾ ਜਿਤਿਆ ਨਹੀਂ ਜਾ ਰਿਹਾ ਸੀ। ਉਸ ਸਮੇਂ ਅਕਬਰ ਵਲੋਂ ਭੇਜਿਆ ਇਕ ਦੂਤ ਗੁਰੂ ਅਮਰਦਾਸ ਨੂੰ ਗੋਇੰਦਵਾਲ ਸਾਹਿਬ ਮਿਲਣ ਲਈ ਆਇਆ ਅਤੇ ਚਤੌੜਗੜ੍ਹ ਉਪਰ ਅਕਬਰ ਦੇ ਕਬਜ਼ਾ ਹੋਣ ਬਾਰੇ ਪੁਛਣ ਲਗਾ। ਗੋਇੰਦਵਾਲ ਸਾਹਿਬ ਵਿਖੇ ਚਲ ਰਹੇ ਬਾਉਲੀ ਨਿਰਮਾਣ ਦਾ ਕਾਰਜ ਵੀ ਉਸ ਸਮੇਂ ਲਗਪਗ ਪੂਰਾ ਹੋ ਚੁਕਾ ਸੀ ਪਰ ਉਸਦਾ ਕੜ ਨਹੀਂ ਟੁੱਟ ਰਿਹਾ ਸੀ, ਇਸ ਲਈ ਗੁਰੂ ਜੀ ਨੇ ਬਚਨ ਕੀਤੇ ਕਿ ਜਿਸ ਦਿਨ ਬਾਉਲੀ ਦਾ ਕੜ ਟੁਟੇਗਾ, ਉਸੇ ਦਿਨ ਕਿਲ੍ਹਾ ਫਤਹਿ ਹੋ ਜਾਵੇਗਾ। [20] ਕੁਝ ਦਿਨਾਂ ਬਾਅਦ ਇਕ ਸਿਖ (ਮਾਨਕ ਚੰਦ)[21] ਨੇ ਬਸੋਲਾ[22] ਮਾਰਕੇ ਬਾਉਲੀ ਦਾ ਕੜ ਤਾਂ ਤੋੜ ਦਿਤਾ, ਪਰ ਆਪ ਉਹ ਮਸਾਂ ਹੀ ਡੁਬਦਾ-ਡੁਬਦਾ ਬਚਿਆ। ਟੇਕ ਸਿੰਘ ਅਨੁਸਾਰ ਉਸ ਸਿੱਖ ਨੂੰ ਗੁਰੂ ਅਮਰਦਾਸ ਨੇ ਮੰਜੀ ਦੀ ਬਖ਼ਸ਼ਿਸ਼ ਵੀ ਕੀਤੀ ਸੀ। ਗੁਰੂ ਜੀ ਦੇ ਕਹੇ ਅਨੁਸਾਰ ਇਸ ਦਿਨ ਹੀ ਅਕਬਰ ਨੇ ਚਤੌੜਗੜ੍ਹ ਦੇ ਕਿਲ੍ਹੇ ਉਪਰ ਕਬਜ਼ਾ ਕਰ ਲਿਆ। ਟੇਕ ਸਿੰਘ ਲਿਖਦਾ ਹੈ ਕਿ ਗੁਰੂ ਜੀ ਦੇ ਵਾਕ ਸਚ ਹੋਣ 'ਤੇ ਅਕਬਰ ਗੁਰੂ ਜੀ ਨੂੰ ਮਿਲਣ ਲਈ ਆਇਆ ਅਤੇ ਉਸਨੇ ਕੁਝ ਜ਼ਮੀਨ ਦਾ ਪਟਾ ਵੀ ਲਿਖ ਕੇ ਗੁਰੂ ਜੀ ਨੂੰ ਦਿਤਾ। [23] ਚਤੌੜਗੜ੍ਹ ਉਪਰ ਅਕਬਰ ਦੇ ਕਬਜ਼ੇ ਵਾਲੀ ਸਾਖੀ ਨੂੰ ਸਰੂਪ ਦਾਸ ਭੱਲਾ ਨੇ ਵੀ ਇਸੇ ਤਰ੍ਹਾਂ ਬਿਆਨ ਕੀਤਾ ਹੈ:

ਗੜ੍ਹ ਚਿਤੌੜ ਲਾਗਾ ਸੁਲਤਾਨ ॥ ਲੜੇ ਬਰਖ ਦੁਆਦਸ ਪਰਮਾਨ ॥
ਨਹੀ ਛੁਟੇ ਗੜ ਬਹੁ ਜਤਨ ਕਾਰਏ ॥ ਬਾਗ ਲਗਾਏ ਆਬ ਫਲੁ ਖਾਏ ॥
ਪੀਰ ਫਕੀਰ ਤਿਨ ਬਹੁਤ ਮਨਾਏ ॥ ਕਿਨਹੂ ਗੜ ਨਹੀ ਦੀਆ ਛਡਾਏ ॥
ਅਤ ਦੁਖ ਲਾਗ ਚਿੰਤਾ ਮਨ ਧਰਾ ॥ ਗੁਰੂ ਅਮਰ ਦਇਆਲ ਕੋ ਚਿਤਵਤ ਕਰਾ ॥
ਤਾ ਕੇ ਮਨ ਬੁਧ ਐਸੀ ਆਈ ॥ ਲਿਖੀ ਬੇਨਤੀ ਤੁਰਤ ਪਠਾਈ ॥
ਅਹਿਦੀ ਕੌ ਤਿਨ ਦੀਆ ਸਿਖਾਇ ॥ ਕਰ ਅਦਬ ਬੰਦਗੀ ਦੇਵੋ ਜਾਇ ॥

– – – –

ਆਨ ਠੌਰ ਅਹਿਦੀ ਜਾ ਰਹਾ ॥ ਕੇਤਕ ਦਿਨ ਬਤੀਤ ਜਦ ਭਇਆ ॥
ਬਾਂਵਲੀ ਮੋ ਕੰਕਰ ਜਬ ਫੂਟਾ ॥ ਉਸੀ ਸਮੇ ਚਿਤੌੜ ਗੜ ਟੂਟਾ ॥
ਅਹਿਦੀ ਕੋ ਪ੍ਰਭ ਲੀਆ ਬੁਲਾਇ ॥ ਗੜ ਫਤਹ ਮਹੂਰਤ ਦੀਆ ਲਿਖਾਇ ॥
ਖੁਰਨਸ ਕਰ ਅਹਿਦੀ ਤਬ ਚਲਾ ॥ ਤੁਰਤ ਜਾਇ ਅਕਬਰ ਸੌ ਮਿਲਾ ॥
ਜੋ ਲਿਖਾ ਸਮਾ ਸੋਈ ਪੜ ਦੇਖਾ ॥ ਅਕਬਰ ਮਨ ਭਈ ਪ੍ਰੀਤ ਬਸੇਖਾ ॥
ਸਤਿਗੁਰ ਕੀ ਪਰਤਗਿਆ ਲੀਨੀ ॥ ਆਮ ਖਾਸ ਬਹੁ ਉਸਤਤਿ ਕੀਨੀ ॥ [24]

ਪਰ ਜੇਕਰ ਇਤਿਹਾਸਕ ਤੌਰ ਤੇ ਇਨ੍ਹਾਂ ਦੋਵਾਂ ਘਟਨਾਵਾਂ ਦਾ ਸਮਾਂ ਵੇਖਿਆ ਜਾਵੇ ਤਾਂ ਇਨ੍ਹਾਂ ਦੇ ਵਾਪਰਨ ਵਿਚ 9 ਸਾਲ ਦਾ ਅੰਤਰ ਹੈ, ਜਿਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਟੇਕ

ਸਿੰਘ ਨੇ ਸਰੂਪ ਦਾਸ ਦੀ ਹੀ ਨਕਲ ਕੀਤੀ ਹੈ, ਨਾ ਕਿ ਤੱਥਾਧਾਰਿਤ ਘਟਨਾ ਨੂੰ ਲਿਖਣ ਦਾ ਜਤਨ।[25]

ਗੁਰੂ ਨਾਨਕ ਦੀ ਗੱਦੀ ਦੇ ਚੌਥੇ ਵਾਰਿਸ ਗੁਰੂ ਰਾਮਦਾਸ[26] ਦੇ ਜਨਮ ਬਾਰੇ ਟੇਕ ਸਿੰਘ ਲਿਖਦਾ ਹੈ ਕਿ ਹਰਿਦਾਸ ਅਤੇ ਦਯਾ ਕੌਰ ਦੇ ਘਰ ਉਨ੍ਹਾਂ ਦਾ ਜਨਮ ਹੋਇਆ ਸੀ।[27] ਬਾਲ ਅਵਸਥਾ ਵਿਚ ਹੀ ਉਨ੍ਹਾਂ ਦੇ ਪਿਤਾ ਚਲਾਣਾ ਕਰ ਗਏ ਸਨ। ਘਰ ਦੀ ਆਰਥਿਕ ਹਾਲਤ ਠੀਕ ਨਾ ਹੋਣ ਕਰਕੇ ਰਾਮਦਾਸ ਕੁਝ ਸਮੇਂ ਪਿਛੋਂ ਮਾਤਾ ਨੂੰ ਨਾਲ ਲੈ ਕੇ ਗੁਰੂ ਅਮਰਦਾਸ ਦੇ ਨਗਰ ਗੋਇੰਦਵਾਲ ਆ ਗਏ। ਉਥੇ ਉਨ੍ਹਾਂ ਨੇ ਘਰ ਦੇ ਗੁਜ਼ਾਰੇ ਲਈ ਲੋਬੀਆ ਅਤੇ ਘੁੰਗਣੀਆਂ ਵੇਚਣ ਦਾ ਕੰਮ ਸ਼ੁਰੂ ਕਰ ਦਿਤਾ। ਗੋਇੰਦਵਾਲ ਵਿਖੇ ਚਲ ਰਹੇ ਗੁਰੂ ਅਮਰਦਾਸ ਦੇ ਲੰਗਰ ਲਈ ਉਨ੍ਹਾਂ ਨੇ ਸਮਰਥਾ ਅਨੁਸਾਰ ਲੋਬੀਆ ਦੇਣਾ ਅਤੇ ਇਮਾਰਤ ਉਸਾਰੀ ਦੀ ਸੇਵਾ ਵਿਚ ਇਟਾਂ/ਗਾਰਾ ਢੋਣ ਦੀ ਸੇਵਾ ਵੀ ਸ਼ੁਰੂ ਕਰ ਦਿਤੀ। ਇਸ ਤਰ੍ਹਾਂ ਸੇਵਾ ਕਰਦਿਆਂ ਉਨ੍ਹਾਂ ਨੂੰ ਕਈ ਸਾਲ ਬੀਤ ਗਏ।[28]

ਬੀਬੀ ਭਾਨੀ ਦੇ ਵਿਆਹ ਬਾਰੇ ਟੇਕ ਸਿੰਘ ਲਿਖਦਾ ਹੈ ਕਿ ਯੋਗ ਵਰ ਦੀ ਭਾਲ ਕਰਨ ਲਈ ਗੁਰੂ ਅਮਰਦਾਸ ਨੇ ਪੰਡਤਾਂ ਅਤੇ ਮਰਾਸੀਆਂ ਨੂੰ ਆਪਣੇ ਕੋਲ ਸਦਿਆ। ਬਾਉਲੀ ਦੇ ਥੜ੍ਹੇ ਦੀ ਸੇਵਾ ਕਰਵਾ ਰਹੇ ਗੁਰੂ ਜੀ ਕੋਲੋਂ ਲਾਗੀਆਂ ਨੇ ਪੁਛਿਆ ਕਿ ਵਰ ਕਿਹੋ ਜਿਹਾ ਹੋਣਾ ਚਾਹੀਂਦਾ ਹੈ? ਤਾਂ ਗੁਰੂ ਜੀ ਨੇ ਸੇਵਾ ਕਰ ਰਹੇ ਰਾਮਦਾਸ ਵਲ ਇਸ਼ਾਰਾ ਕੀਤਾ। ਫੇਰ ਅਚਾਨਕ ਰਾਮਦਾਸ ਨੂੰ ਕੋਲ ਸਦ ਕੇ ਪਰਿਵਾਰ ਬਾਰੇ ਪੁਛਿਆ। ਰਾਮਦਾਸ ਨੇ ਕਿਹਾ ਕਿ ਮੈਂ ਖਤ੍ਰੀ ਘਰਾਣੇ ਨਾਲ ਸੰਬੰਧ ਰਖਦਾ ਹਾਂ ਅਤੇ ਮੇਰੀ ਵੰਸ਼ ਸੋਢੀ ਹੈ। ਗੁਰੂ ਜੀ ਨੇ ਰਾਮਦਾਸ ਨੂੰ ਆਪਣੀ ਬੇਟੀ ਲਈ ਯੋਗ ਵਰ ਜਾਣਕੇ ਉਸੇ ਸਮੇਂ ਨਾਤੇ ਦਾ ਤਿਲਕ ਲਗਾ ਦਿਤਾ ਅਤੇ ਕੁਝ ਸਮੇਂ ਪਿਛੋਂ ਵਿਵਾਹ ਕਰਕੇ ਬੀਬੀ ਭਾਨੀ ਦਾ ਵਿਆਹ ਰਾਮਦਾਸ ਨਾਲ ਕਰ ਦਿਤਾ।[29] ਤਿੰਨ ਦਿਨਾਂ ਪਿਛੋਂ ਜਦੋਂ ਬੀਬੀ ਭਾਨੀ ਆਪਣੇ ਪਿਤਾ ਦੇ ਘਰ ਵਾਪਿਸ ਆਈ ਤਾਂ ਉਸਨੇ ਮਾਤਾ ਨੂੰ ਕਿਹਾ ਕਿ ਪਿਤਾ ਨੂੰ ਬੇਨਤੀ ਕਰੋ ਕਿ ਮੇਰਾ ਮਨ ਸਹੁਰੇ ਘਰ ਨਹੀਂ ਲਗਦਾ। ਮਾਤਾ ਦੇ ਕਹਿਣ 'ਤੇ ਗੁਰੂ ਅਮਰਦਾਸ ਨੇ ਰਾਮਦਾਸ ਨੂੰ ਆਪਣੇ ਕੋਲ ਰਹਿਣ ਲਈ ਮਨਾ ਲਿਆ। ਟੇਕ ਸਿੰਘ ਲਿਖਦਾ ਹੈ ਕਿ ਗੋਇੰਦਵਾਲ ਨਿਵਾਸ ਸਮੇਂ ਹੀ ਗੁਰੂ ਰਾਮਦਾਸ ਦੇ ਘਰ ਪ੍ਰਿਥੀ ਚੰਦ, ਮਹਾਦੇਵ ਅਤੇ ਗੁਰੂ ਅਰਜਨ ਦੇਵ, ਦਾ ਜਨਮ ਹੋਇਆ ਸੀ।[30] ਇਤਿਹਾਸ ਅਨੁਸਾਰ ਇਨ੍ਹਾਂ ਦਾ ਜਨਮ ਕ੍ਰਮਵਾਰ 1558 ਈ., 1560 ਈ. ਅਤੇ 15 ਅਪ੍ਰੈਲ 1563 ਈ. ਨੂੰ ਗੋਇੰਦਵਾਲ ਵਿਖੇ ਹੀ ਹੋਇਆ ਸੀ।

ਇਕ ਅਪ੍ਰਸੰਗਿਕ ਸਾਖੀ ਦਾ ਉਲੇਖ ਕਰਦਿਆਂ ਟੇਕ ਸਿੰਘ ਨੇ ਲਿਖਿਆ ਹੈ ਕਿ ਇਕ ਦਿਨ ਗੁਰੂ ਅਮਰਦਾਸ ਨੂੰ ਪਰਮੇਸ਼ਰ ਦੇ ਦੂਤ ਆ ਮਿਲੇ ਅਤੇ ਕਿਹਾ ਕਿ ਰਾਮਦਾਸ ਦੀ ਉਮਰ ਪੂਰੀ ਹੋ ਚੁਕੀ ਹੈ, ਇਸ ਲਈ ਅਸੀਂ ਉਸਨੂੰ ਲੈ ਜਾਣਾ ਹੈ। ਟੇਕ ਸਿੰਘ ਨੇ ਦਸਮ ਗ੍ਰੰਥ ਨੂੰ



ਆਧਾਰ ਬਣਾ ਕੇ ਲਿਖਿਆ ਹੈ ਕਿ ਗੁਰੂ ਜੀ ਨੇ ਇਹ ਜਾਣ ਕੇ ਕਿ ਪਿਛਲੇ ਜੁਗ ਵਿਚ ਜਿਵੇਂ ਸੋਢੀਆਂ ਨੇ ਵੇਦੀਆਂ ਨੂੰ ਰਾਜ ਦਿਤਾ ਸੀ,[31] ਉਸਦੇ ਬਦਲੇ ਵਿਚ ਹੁਣ ਗੁਰਿਆਈ ਸੋਢੀਆਂ ਨੂੰ ਦੇਣੀ ਹੈ ਅਤੇ ਰਾਮਦਾਸ ਕੋਲੋਂ ਸਰੋਵਰ ਦੀ ਸੇਵਾ ਵੀ ਲੈਣੀ ਹੈ, ਆਪਣੀ ਉਮਰ ਦੇ ਕੁਲ ਦਸ ਸਾਲਾਂ ਵਿਚੋਂ ਚਾਰ ਸਾਲ ਰੱਖਕੇ ਬਾਕੀ 6 ਸਾਲ ਰਾਮਦਾਸ ਨੂੰ ਦੇ ਦਿਤੇ। ਚਾਰ ਸਾਲ ਦੀ ਉਮਰ ਆਪ ਰਖ ਲਈ ਤਾਂ ਕਿ ਰਾਮਦਾਸ ਦੁਆਰਾ ਹੁੰਦੀ ਸਰੋਵਰ ਦੀ ਸੇਵਾ ਵੇਖੀ ਜਾ ਸਕੇ।[32] ਮਹਿਮਾ ਪ੍ਰਕਾਸ਼ ਵਿਚ ਵੀ ਇਸ ਘਟਨਾ ਦਾ ਉਲੇਖ ਕੀਤਾ ਗਿਆ ਹੈ:

ਇਕ ਸੌ ਸਾਤ ਬਰਖ ਮਮ ਅਉਧ। ਬੀਤਤ ਭਈ ਬਾਕੀ ਕੀ ਆਉਧ।
ਛੈ ਬਰਸ ਛੇ ਮਾਸ ਬਾਕੀ ਹੈ ਰਹੀ। ਸੋ ਅਪਨੀ ਮੈਂ ਤੁਮ ਕੋ ਦਈ।[33]

ਇਹ ਘਟਨਾ ਇਤਿਹਾਸਕ ਤੌਰ 'ਤੇ ਠੀਕ ਨਹੀਂ ਹੈ ਅਤੇ ਕਲਪਨਾ ਵਿਚੋਂ ਪ੍ਰਗਟ ਹੋਈ ਜਾਪਦੀ ਹੈ। ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਅਮਰਦਾਸ ਨੇ 107 ਸਾਲ ਵਿਚੋਂ ਛੇ ਸਾਲ ਛੇ ਮਹੀਨੇ ਉਮਰ ਗੁਰੂ ਰਾਮਦਾਸ ਨੂੰ ਦੇ ਦਿਤੀ। ਜਿਸ ਅਨੁਸਾਰ ਗੁਰੂ ਅਮਰਦਾਸ 100 ਸਾਲ ਛੇ ਮਹੀਨੇ ਦੀ ਉਮਰ ਭੋਗ ਕੇ ਜੋਤੀ-ਜੋਤਿ ਸਮਾ ਗਏ। ਇਹ ਆਯੂ-ਕਾਲ ਇਤਿਹਾਸਕ ਤੌਰ 'ਤੇ ਠੀਕ ਨਹੀਂ ਹੈ ਕਿਉਂਕਿ ਗੁਰੂ ਅਮਰਦਾਸ 95 ਸਾਲ (1479-1574 ਈ.) ਉਮਰ ਭੋਗ ਕੇ ਜੋਤੀ-ਜੋਤਿ ਸਮਾਏ ਸਨ। ਇਸੇ ਤਰ੍ਹਾਂ ਟੇਕ ਸਿੰਘ ਦੁਆਰਾ ਦਸ ਸਾਲ ਵਿਚੋਂ ਛੇ ਸਾਲ ਉਮਰ ਗੁਰੂ ਰਾਮਦਾਸ ਨੂੰ ਦੇਣ ਦੀ ਗੱਲ ਵੀ ਨਿਰਮੂਲ ਹੈ ਕਿਉਂਕਿ ਇਸ ਵੰਡ ਅਨੁਸਾਰ ਗੁਰੂ ਅਮਰਦਾਸ ਅਤੇ ਰਾਮਦਾਸ ਦੇ ਅਕਾਲ ਚਲਾਣੇ ਵਿਚ ਸਿਰਫ਼ ਦੋ ਸਾਲ ਦਾ ਅੰਤਰ ਹੋਣਾ ਚਾਹੀਦਾ ਸੀ, ਜਦੋਂ ਕਿ ਇਤਿਹਾਸਕ ਤੌਰ ਤੇ ਇਹ ਅੰਤਰ 7 ਸਾਲ ਬਣਦਾ ਹੈ।

ਗੁਰੂ ਅਮਰਦਾਸ ਦੇ ਜੋਤੀ-ਜੋਤਿ ਸਮਾਉਣ ਅਤੇ ਗੁਰੂ ਰਾਮਦਾਸ ਦੀ ਗੁਰਿਆਈ ਸੰਬੰਧੀ ਜਾਣਕਾਰੀ ਦਿੰਦਾ ਹੋਇਆ ਟੇਕ ਸਿੰਘ ਲਿਖਦਾ ਹੈ ਕਿ ਜਦੋਂ ਅੰਮ੍ਰਿਤਸਰ ਵਿਖੇ ਸਰੋਵਰ ਦੀ ਖੁਦਾਈ ਦਾ ਕਾਰਜ ਸੰਪੂਰਨ ਹੋ ਗਿਆ ਤਾਂ ਰਾਮਦਾਸ ਨੂੰ ਗੋਇੰਦਵਾਲ ਗੁਰੂ ਅਮਰਦਾਸ ਕੋਲ ਵਾਪਿਸ ਆ ਗਏ।[34] ਇਕ ਦਿਨ ਗੁਰੂ ਅਮਰਦਾਸ ਨੇ ਗੁਰੂ ਰਾਮਦਾਸ ਅਤੇ ਸਾਰੇ ਸਕੇ-ਸੰਬੰਧੀਆਂ ਨੂੰ ਕੋਲ ਬੁਲਾ ਕੇ ਕਿਹਾ ਕਿ ਮੇਰਾ ਸੰਸਾਰ ਛਡਣ ਦਾ ਸਮਾਂ ਆ ਗਿਆ ਹੈ ਅਤੇ ਮੈਂ ਗੁਰੂ ਨਾਨਕ ਦੀ ਗੱਦੀ ਦਾ ਵਾਰਿਸ ਗੁਰੂ ਰਾਮਦਾਸ ਨੂੰ ਚੁਣਿਆ ਹੈ। ਸੰਗਤ ਤੇ ਸਕੇ-ਸੰਬੰਧੀਆਂ ਦੀ ਹਾਜ਼ਰੀ ਵਿਚ ਗੁਰੂ ਅਮਰਦਾਸ ਨੇ ਗੁਰੂ ਰਾਮਦਾਸ ਅਗੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਮੱਥਾ ਟੇਕਿਆ ਅਤੇ ਗੁਰੂ ਨਾਨਕ ਦੀ ਗੱਦੀ ਦਾ ਵਾਰਿਸ਼ ਬਣਾ ਦਿਤਾ:

ਰਾਮਦਾਸ ਕਉ ਪਾਸ ਬੈਠਾਵਿਤ ਪੰਜ ਪੈਸੇ ਨਰੀਏਲ ਮੰਗਾਇਓ॥
ਨਾਨਕ ਅੰਗਦ ਕਾ ਜੋਊ ਦੇਣਾ ਅਮਰਦਾਸ ਦੈ ਹੈ ਮਨ ਲਾਇਓ॥
ਗੁਰਆਈ ਅਬ ਸੋਢ ਵੰਸ ਮੈ ਬੀਬੀ ਭਾਨੀ ਨੇ ਵਰ ਪਾਇਓ॥

ਰਾਮਦਾਸ ਸਿਰ ਛਤ੍ਰ ਫਿਰਾ ਹੈ ਅਚਲ ਰਾਜ ਲਵ ਵੰਸ ਮੈ ਆਇਓ ॥
ਬੇਦੀ ਤ੍ਰਿਹਵਣ ਭਾਲਾ ਤੀਜੋ ਚਤਰਥ ਸੋਢੀ ਥਾਪਨ ਕੀਓ ॥
ਸੰਗਤਿ ਕਾ ਲੜ ਦੀਓ ਫੜਾਈ ਆਪ ਬਿਰਾਜਤ ਧਰਿ ਮੈ ਜੀਓ ॥ [35]

ਗੁਰਿਆਈ ਦੀ ਰਸਮ ਉਪਰੰਤ ਗੁਰੂ ਅਮਰਦਾਸ ਨੇ ਆਪਣੀ ਅੰਤਿਮ ਕਿਰਿਆ ਨਿਮਨ ਅਨੁਸਾਰ ਦਸਦੇ ਹੋਏ ਸਰੀਰ ਛਡ ਦਿਤਾ:

ਪਾਛੇ ਕਿਰਿਆ ਪਤਿਲ ਬਾਮਨ ਕਥਾ ਕਰਤ ਰਸ ਲੀਉ ॥
ਹਰਿਸਰਿ ਮੈ ਫੂਲ ਪਾਵਹੁ ਹਮਰੇ ਅਗਮ ਨਿਗਮ ਸੰਗਤਿ ਫਲ ਬੀਓ ॥
ਜਿਓ ਕੁਲ ਰੀਤ ਦੇਸ ਮਿਰਜਾਦਾ ਨਾਨਕ ਅੰਗਦ ਵਾਕ ਵਿਚਾਰੋ ॥
ਹੀਨ ਹੋਤ ਨਹਿ ਸਵ ਕੀ ਰਚਨਾ ਐਸੇ ਕਹਤ ਪ੍ਰਾਨ ਛੁਟਕਾਰੋ ॥ [36]

ਉਕਤ ਮਰਯਾਦਾ ਅਨੁਸਾਰ ਹੀ ਉਨ੍ਹਾਂ ਦੇ ਪੁਤਰਾਂ ਨੇ ਉਨ੍ਹਾਂ ਦੀ ਅੰਤਿਮ ਕਿਰਿਆ ਕੀਤੀ। ਗੁਰੂ ਜੀ ਦੇ ਅੰਤਿਮ ਸਮੇਂ ਬਾਰੇ ਟੇਕ ਸਿੰਘ ਦੁਆਰਾ ਲਿਖੀ ਉਕਤ ਵਾਰਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਅਨੁਸਾਰੀ ਹੈ। ਦਸਣਯੋਗ ਹੈ ਕਿ ਵੇਦੀਆਂ ਦੁਆਰਾ ਅਗੇ ਸੋਢੀਆਂ ਨੂੰ ਗੁਰਿਆਈ ਸੌਂਪਣ ਵਾਲੀ ਕਥਾ ਦਸਮ ਗ੍ਰੰਥ ਤੋਂ ਲਈ ਗਈ ਹੈ[37] ਜਦੋਂ ਕਿ ਗੁਰਿਆਈ ਸੌਂਪਣ ਤੇ ਅੰਤਿਮ ਕਿਰਿਆ ਦੀ ਕਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਲਈ ਗਈ ਹੈ।[38] ਟੇਕ ਸਿੰਘ ਨੇ ਗੁਰਬਾਣੀ ਵਿਚ ਆਏ ਸ਼ਬਦ 'ਕੇਸੋ ਗੁਪਾਲ ਪੰਡਿਤ' ਦੀ ਥਾਂ 'ਬਾਮਨ' ਸ਼ਬਦ ਦਾ ਪ੍ਰਯੋਗ ਕੀਤਾ ਹੈ, ਜਿਸਤੋਂ ਪਤਾ ਲਗਦਾ ਹੈ ਕਿ ਉਹ ਗੁਰੂ ਅਮਰਦਾਸ ਦਾ ਸੰਸਕਾਰ ਹਿੰਦੂ ਮਰਯਾਦਾ ਅਨੁਸਾਰ ਹੋਇਆ ਮੰਨਦਾ ਹੈ। ਕਈ ਵਿਆਖਿਆਕਾਰਾਂ ਨੇ ਵੀ ਗੁਰਬਾਣੀ ਦੇ ਇਸ ਸ਼ਬਦ ਨੂੰ ਇਨ੍ਹਾਂ ਅਰਥਾਂ ਵਿਚ ਹੀ ਵਿਚਾਰਿਆ ਹੈ ਪਰ ਪ੍ਰੋ. ਸਾਹਿਬ ਸਿੰਘ ਨੇ ਇਸ ਸ਼ਬਦ ਦੇ ਸਹੀ ਅਰਥਾਂ ਤਕ ਪੁਜਣ ਲਈ 'ਗੁਰੂ ਗ੍ਰੰਥ ਸਾਹਿਬ ਦਰਪਣ' ਵਿਚ ਲੰਮੀ ਤਾਰਕਿਕ-ਵਿਚਾਰ ਦੇਣ ਤੋਂ ਬਾਅਦ ਇਸਦੇ ਅਰਥ ਇਸ ਤਰ੍ਹਾਂ ਦਰਸਾਏ ਹਨ "ਜੋਤੀ ਜੋਤਿ ਸਮਾਣ ਵੇਲੇ ਗੁਰੂ ਅਮਰਦਾਸ ਨੇ ਆਖਿਆ(ਹੇ ਭਾਈ!) 'ਮੇਰੇ ਪਿੱਛੋਂ ਨਿਰੋਲ ਕੀਰਤਨ ਕਰਿਓ, ਕੇਸੋ ਗੋਪਾਲ (ਅਕਾਲ ਪੁਰਖ) ਦੇ ਪੰਡਿਤਾਂ (ਵਿਦਵਾਨਾਂ/ਗਿਆਨੀਆਂ) ਨੂੰ ਸੱਦ ਘੱਲਿਓ, ਜੋ (ਆ ਕੇ) ਅਕਾਲ ਪੁਰਖ ਦੀ ਕਥਾ ਵਾਰਤਾ-ਰੂਪ ਪੁਰਾਣ ਪੜ੍ਹਨ। (ਚੇਤਾ ਰੱਖਿਓ, ਮੇਰੇ ਪਿੱਛੋਂ) ਅਕਾਲ ਪੁਰਖ ਦੀ ਕਥਾ (ਹੀ) ਪੜ੍ਹਨੀ ਚਾਹੀਦੀ ਹੈ, ਅਕਾਲ ਪੁਰਖ ਦਾ ਨਾਮ ਹੀ ਸੁਣਨਾ ਚਾਹੀਦਾ ਹੈ, ਬੇਬਾਣ ਭੀ ਗੁਰੂ ਨੂੰ (ਕੇਵਲ) ਅਕਾਲ ਪੁਰਖ ਦਾ ਪਿਆਰ ਹੀ ਚੰਗਾ ਲੱਗਦਾ ਹੈ। ਗੁਰੂ (ਤਾਂ) ਪਿੰਡ ਪਤਲਿ, ਕਿਰਿਆ, ਦੀਵਾ ਅਤੇ ਫੁੱਲ ਇਹਨਾਂ ਸਭਨਾਂ ਨੂੰ ਸਤਸੰਗ ਤੋਂ ਸਦਕੇ ਕਰਦਾ ਹੈ।' ਅਕਾਲ ਪੁਰਖ ਨੂੰ ਪਿਆਰੇ ਲੱਗੇ ਹੋਏ ਗੁਰੂ ਨੇ (ਉਸ ਵੇਲੇ) ਇਉਂ ਆਖਿਆ"।[39] ਇਸ ਵਿਆਖਿਆ ਤੋਂ ਪਤਾ ਲਗਦਾ ਹੈ ਕਿ ਗੁਰੂ ਜੀ ਦਾ ਸਸਕਾਰ ਹਿੰਦੂ ਰੀਤੀ ਅਨੁਸਾਰ ਨਹੀਂ



ਸਗੋਂ ਸਿਖ ਰੀਤੀ ਅਨੁਸਾਰ ਹੀ ਹੋਇਆ ਸੀ, ਜਿਸਦੀ ਟੇਕ ਸਿੰਘ ਨੂੰ ਸਹੀ ਸਮਝ ਨਹੀਂ ਲਗੀ।

ਸਿਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਅਮਰਦਾਸ ਦੇ ਜੀਵਨ ਬਾਰੇ ਚਤ੍ਰਜੁਗੀ ਗ੍ਰੰਥ ਵਿਚ ਜੋ ਵਰਣਨ ਮਿਲਦਾ ਹੈ ਉਸ ਵਿਚ ਭਾਵੇਂ ਕਈ ਊਣਤਾਈਆਂ ਹਨ ਅਤੇ ਪੁਰਾਣੀਆਂ ਸਾਖੀਆਂ ਦਾ ਹੀ ਦੁਹਰਾਉ ਹੈ ਪਰ ਫਿਰ ਵੀ ਇਸ ਵਿਚ ਅੰਕਿਤ ਸਾਖੀਆਂ ਨੂੰ ਵਖਰੇ ਦ੍ਰਿਸ਼ਟੀਕੋਣ ਤੋਂ ਲਿਖਿਆ ਗਿਆ ਹੈ। ਗ੍ਰੰਥਕਾਰ ਨੇ ਬਹੁਤੀਆਂ ਸਾਖੀਆਂ ਮਹਿਮਾ ਪ੍ਰਕਾਸ਼ ਅਤੇ ਪਰਚੀ ਪਾਤਸ਼ਾਹੀ ਦਸਵੀਂ ਕੀ ਤੋਂ ਲੈ ਕੇ ਉਨ੍ਹਾਂ ਨੂੰ ਆਪਣੇ ਢੰਗ ਨਾਲ ਲਿਖਣ ਦਾ ਯਤਨ ਕੀਤਾ ਹੈ। ਸਮੁਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਅਮਰਦਾਸ ਬਾਰੇ ਉਸ ਦੁਆਰਾ ਦਿਤੀ ਸੂਚਨਾ ਇਕ ਇਤਿਹਾਸਕਾਰ ਵਰਗੀ ਨਹੀਂ ਸਗੋਂ ਸਿੱਖ ਸ਼ਰਧਕ ਵਰਗੀ ਹੈ, ਜਿਸਨੂੰ ਉਸਨੇ ਜਗਿਆਸੂਆਂ ਨਾਲ ਸਾਝੀਂ ਕਰਨ ਦਾ ਸ਼ਲਾਘਾਯੋਗ ਯਤਨ ਕੀਤਾ ਹੈ।

**ਹਵਾਲੇ:**

1. ਟੇਕ ਸਿੰਘ, ਚਤ੍ਰਜੁਗੀ, ਡਾ. ਬਲਬੀਰ ਸਿੰਘ (ਸੰਪਾ.), ਸਾਹਿਤ ਕੇਂਦਰ, ਦੇਹਰਾਦੂਨ, ਖਰੜਾ ਨੰ. 233, ਕਲਿਜੁਗ, ਪੱਤਰਾ 346(ਅ).
2. ਬੀਬੀ ਅਮਰੋ ਦਾ ਜਨਮ 1524 ਈ. ਨੂੰ ਪਿੰਡ ਸੰਘਰ ਵਿਖੇ ਭਾਈ ਲਹਿਣਾ (ਗੁਰੂ ਅੰਗਦ ਦੇਵ) ਦੇ ਘਰ ਹੋਇਆ। 1539 ਈ. ਵਿਚ ਆਪ ਦਾ ਵਿਆਹ ਬਾਸਰਕੇ ਗਿੱਲਾਂ ਵਿਖੇ ਗੁਰੂ ਅਮਰਦਾਸ ਦੇ ਭਤੀਜੇ ਰਾਮ ਮੱਲ ਨਾਲ ਹੋਇਆ। ਆਪ ਦਾ ਦੇਹਾਂਤ ਵੀ ਇਥੇ ਹੀ ਹੋਇਆ। ਆਪ ਦੀ ਯਾਦ ਵਿਚ ਇਥੇ ਗੁਰਦੁਵਾਰਾ ਬਣਿਆ ਹੋਇਆ ਹੈ।
3. ਮੰਨੈ ਤਰੈ ਤਾਰੇ ਗੁਰੁ ਸਿਖ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 2.
4. ਚਤ੍ਰਜੁਗੀ, ਪੱਤਰਾ 347(ੳ).

ਨੋਟ : ਗੁਰੂ ਅਮਰਦਾਸ ਦੁਆਰਾ ਬ੍ਰਹਮਚਾਰੀ ਸੰਤਾਂ ਨੂੰ ਭੋਜਨ ਛਕਾਉਣਾ, ਉਨ੍ਹਾਂ ਦੁਆਰਾ ਗੁਰੂ ਅਮਰਦਾਸ ਤੋਂ 'ਗੁਰੂ' ਬਾਬਤ ਪੁਛਣਾ, ਗੁਰੂ ਜੀ ਦੁਆਰਾ ਨਿਗੁਰਾ ਹੋਣਾ ਦਸਣਾ ਅਤੇ ਸੰਤਾਂ ਦੁਆਰਾ ਨਿਗੁਰੇ ਹਥੋਂ ਭੋਜਨ ਛਕ ਕੇ ਪਛਤਾਵਾ ਕਰਨ ਵਾਲੀਆਂ ਗੱਲਾਂ ਦਾ ਵਰਣਨ ਸਰੂਪ ਦਾਸ ਭੱਲਾ ਨੇ 'ਮਹਿਮਾ ਪ੍ਰਕਾਸ਼' ਭਾਗ ਦੂਜਾ ਦੇ ਪੰਨਾ 107 ਤੋਂ 109 ਤਕ ਕੀਤਾ ਹੈ, ਪਰ ਉਸਨੇ ਬੀਬੀ ਅਮਰੋ ਦੁਆਰਾ 'ਮੰਨੇ ਕੀ' ਪਉੜੀ ਉਚਾਰਨ ਦੀ ਥਾਂ 'ਚਿਤਵਤ ਮਿਟੀ ਭਈ ਮਨ ਆਸਾ॥ ਲੇ ਸੁਆਤ ਬੂੰਦ ਚਾਤ੍ਰਕ ਗਈ ਪਿਆਸਾ' (ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ) ਸ਼ਬਦ ਪੜ੍ਹਨ ਬਾਰੇ ਲਿਖਿਆ ਹੈ।

5. ਚਤ੍ਰਜੁਗੀ, ਪੱਤਰਾ 347(ਅ).

6. ਉਹੀ, ਪੱਤਰਾ 348(ੳ).

7. ਚੰਦਨ ਸਾਥ ਚੰਦਨ ਜਿਮ ਹੋਇ ਕੈ ਸਮਤਾ ਲੇਤ ਕੀਟ ਭਿੰਗ ਜਾਨੋ॥
ਪਾਰਸ ਪਰਸੈ ਕੰਚਨ ਹੋਵੈ ਸੁਰਿ ਤਰਿ ਤਰਿ ਸਿਧ ਮਨੋਰਥ ਮਾਨੋ॥
ਮਾਨ ਸਰੋਵਰ ਹੰਸ ਬਿਰਾਜੈ ਕਾਗ ਭਾਵ ਹਾਨਤ ਬਖਾਨੋ॥
ਅਮਰਦਾਸ ਇਮ ਅਮਰ ਹੋਤ ਹੀ ਗੋਇਦਵਾਲੇ ਜਾਇ ਠਹਿਰਾਨੋ।
ਉਹੀ, ਪੱਤਰਾ 348(ਅ).

8. ਭੱਲਾ, ਸਰੂਪ ਦਾਸ, ਮਹਿਮਾ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨੇ 110-111.

9. ਚਤ੍ਰਜੁਗੀ, ਪੱਤਰਾ 348(ਅ).

10. ਇਹ ਅਸਥਾਨ ਹਮ ਨਾਹੀ ਰਹੈਂ। ਜੋਗੀ ਪੀਰ ਨਿਜ ਆਸਨ ਬਹੈ।
ਬੁਢੇ ਕੋ ਕਹਿਉ ਪ੍ਰਭ ਸਮਝਾਇ। ਮਮ ਆਸਨ ਪਲੰਗ ਤੁਮ ਲੇਹੁ ਉਠਾਇ।
ਜੰਗਲ ਮਾਹਿ ਇਕ ਡੀਹ ਪੁਰਾਨੀ। ਖਾਨਰਜਾਦਾ ਤਿਸ ਨਾਮ ਬਖਾਨੀ।
ਚਲੋ ਤਹਾ ਹਮ ਰਹੈਂ ਇਕੰਤ। ਸਦਾ ਇਕੰਤ ਸੋਹਤ ਹੈ ਸੰਤ।
ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971, ਪੰਨਾ 129.

11. ਉਹੀ, ਪੱਤਰਾ 349.

12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 315-16.

13. ਚਤ੍ਰਜੁਗੀ, ਪੱਤਰਾ 350(ਅ).

14. ਮਹਿਮਾ ਪ੍ਰਕਾਸ਼, ਭਾਗ-ਦੂਜਾ, ਪੰਨਾ 112.

ਨੋਟ- ਮਹਿਮਾ ਪ੍ਰਕਾਸ਼ ਵਿਚ ਇਹ ਸਾਖੀ ਤਪੇ ਦੁਆਰਾ ਗੁਰੂ ਜੀ ਨੂੰ ਖਡੂਰ ਤੋਂ ਕਢਣ ਵਾਲੀ ਸਾਖੀ ਤੋਂ ਪਹਿਲਾਂ ਆਈ ਹੈ।

15. ਚਤ੍ਰਜੁਗੀ, ਪੱਤਰਾ 351(ੳ).

16. ਉਹੀ, ਪੱਤਰਾ 351.

17. ਬਾਰਾ ਵਰੇ ਅਰ ਖਟ ਮਾਸ ਹੀ ਨਉ ਦਿਨ ਹੀ ਬਿਨ ਸ੍ਰਮ ਬੀਤਾਇਓ॥
ਚੇਤਰ ਸੁਦੀ ਚੌਥ ਭਏ ਪੂਰਨ ਦੈ ਉਪਦੇਸ ਏਹੁ ਮਨ ਭਾਇਓ।
ਉਹੀ, ਪੱਤਰਾ 352(ੳ).
12 ਬਰਸ, 6 ਮਹੀਨੇ, 9 ਦਿਨ ਗੁਰਆਈ ਵਿਚ ਸਰੀਰ ਰਖਿਆ।
ਮਹਿਮਾ ਪ੍ਰਕਾਸ਼, ਭਾਗ 2, ਪੰਨਾ 144.



18. ਗੋਇੰਦਵਾਲ ਦਰਿਆ ਬਿਆਸ ਦੇ ਕੰਢੇ, ਖਡੂਰ ਸਾਹਿਬ ਦੇ ਨਜ਼ਦੀਕ, ਤਰਤ ਤਾਰਨ ਤੋਂ ਤਕਰੀਬਨ 25 ਕਿਲੋਮੀਟਰ ਤੇ ਅਮ੍ਰਿਤਸਰ ਤੋਂ 30 ਕਿਲੋਮੀਟਰ 'ਤੇ ਸਥਿਤ ਹੈ। 1546 ਈ. ਵਿਚ ਇਸ ਦੀ ਬੁਨਿਆਦ ਗੁਰੂ ਅਮਰਦਾਸ ਸਾਹਿਬ ਨੇ ਰੱਖੀ ਸੀ। ਇਸ ਕਸਬੇ ਦੀ ਉਸਾਰੀ ਲਈ ਜ਼ਮੀਨ ਗੋਇੰਦੇ ਮਰਵਾਹ ਨੇ ਮੁਹਈਆ ਕੀਤੀ ਸੀ, ਇਸ ਕਰਕੇ ਇਸ ਦਾ ਨਾਮ ਗੋਇੰਦਵਾਲ ਰਖਿਆ ਗਿਆ ਸੀ।

19. ਚਤ੍ਰਜੁਗੀ, ਪੱਤਰਾ 354.

ਨੋਟ : 'ਪਰਚੀ ਪਾਤਸ਼ਾਹੀ ਦਸਵੀਂ ਕੀ' ਦੀ ਤੀਜੀ ਸਾਖੀ ਵਿਚ ਇਸ ਘਟਨਾ ਦੇ ਕੁਝ ਅੰਸ਼ ਵਖਰੇ ਹਨ। ਪਰਚੀ ਵਿਚ ਲਿਖਿਆ ਹੈ, "ਓਥੈ ਇਕ ਦਿਨਿ ਸੰਨਿਆਸ ਆਇ ਉਤਰੀ॥ ਕਿਸੀ ਸੰਨਿਆਸੀ ਕਉ ਭੀ ਉਨਹੁ ਨੇ ਗਲੋਲਾ ਚਲਾਇਆ॥ ਸੰਨਿਆਸੀ ਕੀ ਅਖ ਨਿਕਲ ਪੜੀ॥ ਉਹ ਸੰਨਿਆਸੀ ਸਭ ਸੰਨਿਆਸ ਕਾ ਗੁਰੂ ਥਾ॥ ਤਬ ਸਭ ਸੰਨਿਆਸੀ ਸਸਤ੍ਰ ਬਾਂਧਿ ਆਏ॥ ਸੇਖਾਂ ਕਉ ਕਢਿ ਕਰਿ ਤਲਵਾਰੀ ਪਏ॥ ਕੇਤੇ ਸੇਖ ਮਾਰੇ ਗਏ॥ ਫੇਰਿ ਦੂਸਰੇ ਦਿਨ ਪਾਤਸਾਹ ਕਾ ਖਜਾਨਾ ਆਇ ਉਤਰਿਆ॥ ਖਜਾਨੇ ਕੀ ਖਚਰ ਛਪੀ ਗਈ॥ ਸੋ ਖਚਰ ਸੇਖਾਂ ਕੇ ਘਰ ਥੀ ਨਿਕਸੀ॥ ਜੋ ਕੋਈ ਸੇਖ ਸੰਨਿਆਸੀਆ ਤੇ ਬਚਿਆ ਸੀ ਸੋ ਦਿਲੀ ਬਾਂਧਾ ਗਇਆ॥"

20. ਉਹੀ, ਪੱਤਰਾ 253.

21. ਸਰੂਪ ਦਾਸ ਭੱਲਾ ਨੇ ਇਸਦਾ ਨਾਮ ਮਾਨਕ ਚੰਦ ਲਿਖਿਆ ਹੈ।
ਮਹਿਮਾ ਪ੍ਰਕਾਸ਼, ਭਾਗ-2, ਪੰਨਾ 205.

22. ਮਹਿਮਾ ਪ੍ਰਕਾਸ਼ ਅਤੇ ਸੂਰਜ ਪ੍ਰਕਾਸ਼ ਵਿਚ ਇਸ ਸੰਦ ਦਾ ਨਾਮ 'ਵਿਦਾਨ' ਲਿਖਿਆ ਹੋਇਆ ਹੈ।

23. ਕਛ ਕੁ ਭੂਮ ਬਲੁ ਮੰਗ ਲਈ। ਲਿਖ ਬਾਦਸਾਹਿ ਆਇਸ ਕਰ ਦਈ।
ਮਹਿਮਾ ਪ੍ਰਕਾਸ਼, ਭਾਗ-2, ਪੰਨਾ 256.

24. ਮਹਿਮਾ ਪ੍ਰਕਾਸ਼, ਭਾਗ-2, ਪੰਨੇ 208-09.

25. "ਅਕਬਰ ਬਾਦਸ਼ਾਹ ਵਲੋਂ ਚਿਤੌੜ ਨੂੰ ਫ਼ਤਹਿ ਕਰਨ ਦੀ ਘਟਨਾ ਨੂੰ ਬਾਉਲੀ ਸਾਹਿਬ ਦੇ ਕੜ ਟੁਟਣ ਨਾਲ ਜੋੜਨਾ ਇਕ ਵੱਡੀ ਇਤਿਹਾਸਕ ਉਕਾਈ ਹੈ ਜੋ ਲਿਖਾਰੀਆਂ ਨੇ ਖ਼ਾਸ ਅਸਰ ਅਧੀਨ ਕਰ ਦਿਤੀ ਹੈ। ਸ਼ਾਹੀ ਫ਼ੌਜ ਨੇ ਚਿਤੌੜ ਦਾ ਘੇਰਾ ਸਤੰਬਰ 1567 ਈ. ਵਿਚ ਪਾਇਆ ਸੀ ਅਤੇ 22 ਫਰਵਰੀ 1568 ਈ. ਨੂੰ ਚਿਤੌੜ ਸਰ ਹੋ ਗਿਆ ਸੀ, ਜਦ ਕਿ ਬਾਉਲੀ ਸਾਹਿਬ 1559 ਈ. ਨੂੰ ਤਿਆਰ ਹੋ ਚੁਕੀ ਸੀ। ਸੋ ਇਹ ਮਿਥ ਲੈਣਾ ਕਿ 1559 ਈ. ਤੋਂ ਲੈ ਕੇ 1568 ਈ. ਤਕ 9 ਸਾਲ ਵਿਚ ਮਸਾਂ ਬਾਉਲੀ ਦਾ ਕੜ ਹੀ ਪਾਟਾ ਸੀ, ਇਕ

ਹਾਸੋਹੀਣੀ ਤੇ ਅਗਿਆਨਤਾ ਭਰੀ ਗੱਲ ਹੈ। ”
ਮਹਿਮਾ ਪ੍ਰਕਾਸ਼ (ਵਾਰਤਕ), ਪੰਨਾ 82 (ਫੁਟਨੋਟ).

26. ਗੁਰੂ ਰਾਮਦਾਸ ਦਾ ਗੁਰਗੱਦੀ ਮਿਲਣ ਤੋਂ ਪਹਿਲਾਂ ਦਾ ਨਾਮ ਇਤਿਹਾਸਕਾਰਾਂ ਨੇ ਭਾਈ ਜੇਠਾ ਲਿਖਿਆ ਹੈ।
27. ਗੁਰੂ ਰਾਮਦਾਸ ਦਾ ਜਨਮ ਚੂਨਾ ਮੰਡੀ (ਲਾਹੌਰ) ਵਿਖੇ 24 ਸਤੰਬਰ 1534 ਈ. ਨੂੰ ਹੋਇਆ ਸੀ।
28. ਚਤੁ੍ਜੁਗੀ, ਪੱਤਰਾ 354(ਅ).
29. ਉਹੀ, ਪੱਤਰਾ 355(ੳ).
30. ਉਹੀ, ਪੱਤਰਾ 355(ਅ)
31. ਮਹਿਮਾ ਪ੍ਰਕਾਸ਼, ਪੰਨਾ 140.
32. ਚਤੁ੍ਜੁਗੀ, ਪੱਤਰਾ 355(ਅ)-356(ੳ).
33. ਮਹਿਮਾ ਪ੍ਰਕਾਸ਼, ਪੰਨਾ 272.
34. ਉਹੀ, ਪੱਤਰਾ 356(ਅ)-357(ੳ).
35. ਉਹੀ, ਪੱਤਰਾ 357(ੳ).
36. ਉਹੀ, ਪੱਤਰਾ 357(ੳ).
37. ਦਸਮ ਗ੍ਰੰਥ, ਪੰਨਾ 140.
38. ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥
ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥
ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ ॥
ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ ॥
ਹਰਿ ਭਾਇਆ ਸਤਿਗੁਰੁ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ॥
ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 923-24.
39. ਸਾਹਿਬ ਸਿੰਘ, ਗੁਰੂ ਗ੍ਰੰਥ ਸਾਹਿਬ ਦਰਪਨ, ਰਾਜ ਪਬਲਿਸ਼ਰ, ਜਲੰਧਰ, 1972, ਜਿਲਦ-6, ਪੰਨਾ 722.



# ਗੁਰੂ ਅਮਰਦਾਸ ਦੀ ਬਾਣੀ ਵਿਚ ਪ੍ਰਤੀਕ ਅਭਿਵਿਅੰਜਨਾ

**ਸੰਦੀਪ ਸਿੰਘ***

ਧਾਰਮਿਕ ਰਹਿਨੁਮਾ ਧਰਮ ਪਰੰਪਰਾ ਲਈ ਇਕ ਅਹਿਮ ਕੜੀ ਦਾ ਕਾਰਜ ਕਰਦੇ ਹਨ ਜੋ ਆਪਣੀ ਅਗਵਾਈ ਨਾਲ ਧਰਮ ਪਰੰਪਰਾ ਨੂੰ ਸਦੀਵੀ ਤੌਰ 'ਤੇ ਜੀਵੰਤ ਰੱਖਦੇ ਹਨ। ਉਨ੍ਹਾਂ ਦਾ ਜੀਵਨ-ਚਰਿੱਤਰ ਅਤੇ ਸਮੁੱਚ ਨੂੰ ਦਿੱਤਾ ਗਿਆ ਰੱਬੀ ਇਲਹਾਮ; ਧਰਮ ਨੂੰ ਅੰਦਰੂਨੀ ਅਤੇ ਬਾਹਰੀ ਹਮਲਿਆਂ ਤੋਂ ਬਚਾ ਕੇ ਸਥਿਰਤਾ ਪ੍ਰਦਾਨ ਕਰਦਾ ਹੈ ਜਿਸ ਤੋਂ ਲੋਕਾਈ ਨੂੰ ਸੇਧ ਪ੍ਰਾਪਤ ਹੁੰਦੀ ਹੈ।

ਸਿੱਖ ਧਰਮ ਪਰੰਪਰਾ ਵਿਚ ਗੁਰੂ ਸੰਸਥਾ ਨੂੰ ਇਕ ਪ੍ਰਮੁੱਖ ਸਥਾਨ ਪ੍ਰਾਪਤ ਹੈ ਜਿਸ ਦੀ ਆਰੰਭਤਾ ਗੁਰੂ ਨਾਨਕ ਦੇਵ ਨੇ ਕੀਤੀ। ਗੁਰੂ ਸੰਸਥਾ ਦੇ ਤੀਸਰੇ ਰਹਿਨੁਮਾ ਗੁਰੂ ਅਮਰਦਾਸ (1479-1574) ਨੇ ਪੁਰਬਲੇ ਗੁਰੂ ਸਾਹਿਬਾਨ ਦੀ ਤਰ੍ਹਾਂ ਸਿੱਖੀ ਨੂੰ ਵਿਹਾਰਕ ਰੂਪ ਵਿਚ ਜੀਅ ਕੇ ਦੱਸਿਆ ਅਤੇ ਆਪਣੀ ਬਾਣੀ ਦੁਆਰਾ ਸਿੱਖ ਸਿਧਾਂਤਾਂ ਨੂੰ ਹਮੇਸ਼ਾਂ ਲਈ ਸੁਰੱਖਿਅਤ ਕਰਕੇ ਸਿੱਖ ਧਰਮ ਨੂੰ ਇਕ ਵਡਮੁੱਲੀ ਦੇਣ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਉਨ੍ਹਾਂ ਦੀ ਬਾਣੀ ਪੜ੍ਹ ਕੇ ਅਸੀਂ ਸਹਿਜੇ ਹੀ ਉਨ੍ਹਾਂ ਦੀ ਉੱਚ ਸ਼ਖ਼ਸੀਅਤ ਅਤੇ ਅਧਿਆਤਮਕ ਅਵਸਥਾ ਦਾ ਅੰਦਾਜਾ ਲਗਾ ਸਕਦੇ ਹਾਂ। ਰਾਮਕਲੀ ਕੀ ਵਾਰ ਵਿਚ ਭਾਈ ਸਤਾ ਅਤੇ ਭਾਈ ਬਲਵੰਡ ਨੇ ਉਨ੍ਹਾਂ ਦੀ ਤੁਲਨਾ ਇਕ ਅਡੋਲ ਪਹਾੜ (ਪਰਬਤ ਮੇਰਾਣੁ) ਅਤੇ ਸੂਰਬੀਰ ਨਾਲ ਕੀਤੀ ਹੈ ਜੋ ਅਧਿਆਤਮਕ ਗੁਣਾਂ ਦੇ ਹਥਿਆਰਾਂ ਨਾਲ ਸ਼ਸਤ੍ਰਬੱਧ ਹਨ।[1] ਭੱਟ ਭਿਖਾ ਨੇ ਉਨ੍ਹਾਂ ਨੂੰ ਇਕ ਪੂਰਨ ਸੰਤ ਦਾ ਦਰਜਾ ਦਿੱਤਾ ਹੈ ਜਿਨ੍ਹਾਂ ਦੀ ਪ੍ਰਾਪਤੀ ਭਿਖਾ ਨੂੰ ਇਕ ਸਾਲ ਕਈ ਸੰਨਿਆਸੀਆਂ, ਸਾਧਾਂ ਤੇ ਤਪੱਸਵੀਆਂ ਕੋਲ ਭਟਕਨ ਤੋਂ ਬਾਅਦ ਹੋਈ।[2] ਉਨ੍ਹਾਂ ਦੀ ਸਮੁੱਚੀ ਬਾਣੀ ਦਾ ਮੂਲ ਵਿਸ਼ਾ ਪਰਮਾਤਮਾ ਹੈ ਜਿਸ ਦੁਆਰਾ ਪਰਮ ਚੇਤਨਾ ਦੇ ਸਰੂਪ, ਪ੍ਰਕ੍ਰਿਤੀ, ਉਸ ਨਾਲ ਇਕਰੂਪ ਹੋਣ ਵਿਚ ਆਉਣ ਵਾਲੀਆਂ ਰੁਕਾਵਟਾਂ ਬਾਰੇ ਜੀਵ ਨੂੰ ਦੱਸਿਆ ਗਿਆ ਹੈ। ਉਨ੍ਹਾਂ ਨੇ ਆਪਣੀ ਬਾਣੀ ਵਿਚ ਪਰਮ ਸੱਤਾ, ਜੀਵ, ਸੰਸਾਰ, ਅਧਿਆਤਮਕ ਗੁਣਾਂ, ਵਿਸ਼ੇ-ਵਿਕਾਰਾਂ ਆਦਿ ਲਈ ਕਈ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ ਤਾਂ ਜੋ ਜਗਿਆਸੂ ਨੂੰ ਗੂੜ੍ਹ ਰਮਜ਼ ਅਤੇ ਰਹੱਸ ਦੀਆਂ ਗੱਲਾਂ ਸੁਖੈਨ ਢੰਗ ਨਾਲ ਸਮਝ ਆ ਸਕਣ। ਅਸਲ ਵਿਚ ਪ੍ਰਤੀਕ ਅਕੱਥ ਨੂੰ ਕਹਿਣ ਦਾ ਇਕ ਸੁਚੱਜਾ, ਸਰਲ

***ਰਿਸਰਚ ਸਕਾਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

ਅਤੇ ਸ਼ਾਨਦਾਰ ਮਾਧਿਅਮ ਹੈ, ਜਿਥੇ ਸ਼ਬਦਾਂ ਰਾਹੀਂ ਨਾ ਬਿਆਨ ਕੀਤੀ ਜਾਣ ਵਾਲੀ ਗੱਲ ਨੂੰ ਪ੍ਰਤੀਕਾਂ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ।

ਗੁਰੂ ਅਮਰਦਾਸ ਦੀ ਬਾਣੀ ਦੇ ਪ੍ਰਤੀਕਾਤਮਕ ਪੱਖ ਦੀ ਗੱਲ ਕਰਨ ਤੋਂ ਪਹਿਲਾਂ ਪ੍ਰਤੀਕ ਦੇ ਅਰਥ ਅਤੇ ਕਾਰਜ ਬਾਰੇ ਜਾਣ ਲੈਣਾ ਜਰੂਰੀ ਹੈ।

ਆਕਸਫੋਰਡ ਐਡਵਾਂਸਡ ਡਿਕਸ਼ਨਰੀ ਅਨੁਸਾਰ ਪ੍ਰਤੀਕ ਦਾ ਅਰਥ ਹੈ- ਕੋਈ ਜੀਵ, ਵਸਤੂਆਂ ਘਟਨਾ ਆਦਿ ਜੋ ਕਿਸੇ ਖਾਸ ਸਮਰੱਥਾ ਜਾਂ ਸਥਿਤੀ ਨੂੰ ਪੇਸ਼ ਕਰਦੀ ਹੈ।[3] ਬੇਵੇਲ ਨੇ ਪ੍ਰਤੀਕ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਹੈ- ਮੇਰੇ ਵਿਚਾਰ ਨਾਲ ਪ੍ਰਤੀਕ ਮੁੱਖ ਰੂਪ ਵਿੱਚ ਇੰਦਰੀਆਂ ਜਾ ਕਲਪਨਾ ਦੇ ਸਾਹਮਣੇ ਕੋਈ ਵਸਤੂ ਹੈ ਜਿਸਦਾ ਕਿਸੇ ਦੂਸਰੀ ਵਸਤੂ ਲਈ ਪ੍ਰਯੋਗ ਹੁੰਦਾ ਹੈ।[4]

ਹਿੰਦੀ ਵਿਸ਼ਵਕੋਸ਼ ਵਿਚ ਪ੍ਰਤੀਕਾਂ ਨੂੰ ਸਰਵਵਿਆਪੀ [5] ਮੰਨਦੇ ਹੋਏ ਇਹ ਕਿਹਾ ਗਿਆ ਹੈ ਕਿ ਪ੍ਰਤੀਕ, ਬਿਨਾਂ ਵਿਆਖਿਆ ਦੇ ਸਮਝ ਵਿਚ ਨਹੀਂ ਆਉਂਦਾ ਭਾਵੇਂ ਧੁਨੀ ਦਾ ਪ੍ਰਤੀਕ ਅੱਖਰ ਅਤੇ ਭਾਵ ਦਾ ਪ੍ਰਤੀਕ ਸ਼ਬਦ ਹੀ ਕਿਉਂ ਨਾ ਹੋਵੇ।[6] ਕੰਪਰਾਇਡ ਐਡਵਾਂਸਡ ਡਿਕਸ਼ਨਰੀ ਵਿਚ ਪ੍ਰਤੀਕ ਉਸ ਚਿੰਨ੍ਹ, ਆਕਾਰ ਜਾਂ ਵਸਤੂ ਦਾ ਨਾਂ ਹੈ ਜੋ ਕਿਸੇ ਹੋਰ ਨੂੰ ਪ੍ਰਗਟ ਕਰਨ ਲਈ ਵਰਤੇ ਜਾਂਦੇ ਹਨ।[7]

ਹਿੰਦੀ ਸਾਹਿਤ ਕੋਸ਼ ਅਨੁਸਾਰ ਪ੍ਰਤੀਕ ਸ਼ਬਦ ਦਾ ਪ੍ਰਯੋਗ ਉਸ ਦ੍ਰਿਸਮਾਨ ਵਸਤੂ ਲਈ ਕੀਤਾ ਜਾਂਦਾ ਹੈ ਜੋ ਕਿਸੇ ਅਦ੍ਰਿਸ਼ਮਾਨ ਵਿਸ਼ੇ ਦਾ ਪ੍ਰਤੀ ਵਿਧਾਨ ਆਪਣੇ ਨਾਲ ਵਰਤੋਂ ਦੇ ਕਾਰਣ ਕਰਦੀ ਹੈ।[8]

ਇਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ ਅਨੁਸਾਰ ਪ੍ਰਤੀਕ ਮਾਨਸ ਪ੍ਰਤੱਖ ਅਤੇ ਕਲਪਨਾ ਦੇ ਖੇਤਰ ਵਿਚ ਆਉਣ ਵਾਲੇ ਭਾਵਾਂ ਅਤੇ ਅਨੁਭੂਤੀਆਂ ਦੇ ਗੋਚਰ ਸੰਕੇਤ ਜਾਂ ਚਿੰਨ੍ਹ ਹਨ।[9]

ਉਤਪਤੀ ਦੇ ਆਧਾਰ ’ਤੇ ਪ੍ਰਤੀਕ, ਸ਼ਬਦ ਜਾਂ ਅਰਥ ਪ੍ਰਤਿਸਥਾਨ ਜਾਂ ਕਿਸੇ ਇਕ ਵਸਤੂ ਦੇ ਲਈ ਦੂਸਰੀ ਦੀ ਸਥਾਪਨਾ ਹੈ।[10] ਭਾਵੇਂ ਪ੍ਰਤੀਕ ਸੰਸਕ੍ਰਿਤ ਤੋਂ ਉਤਪੰਨ ਸ਼ਬਦ ਹੈ ਪਰ ਇਸਦੇ ਅਰਥਾਂ ਦਾ ਨਿਰੰਤਰ ਵਿਕਾਸ ਹੁੰਦਾ ਰਿਹਾ ਹੈ ਅਤੇ ਅੱਜ ਵੀ ਜਿਸ ਅਰਥ ਅਤੇ ਰੂਪ ਵਿਚ ਪ੍ਰਤੀਕ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ ਉਹ ਅੰਗਰੇਜ਼ੀ ਦੇ Symbol ਦੇ ਸਮਾਨਰਥੀ ਰੂਪ ਵਿਚ ਹੈ। ਆਂਗਲ ਭਾਸ਼ਾ ਦਾ ਇਹ ਸ਼ਬਦ ਗ੍ਰੀਕ ਭਾਸ਼ਾ ਦੇ ਸਿੰਬਾਲਿਆ (Symbollism) ਤੋਂ ਬਣਿਆ ਹੈ।[11]

ਜੇਕਰ ਪ੍ਰਤੀਕਾਂ ਦਾ ਪ੍ਰਯੋਗ ਭਾਸ਼ਾ ਵਿਚ ਨਾ ਹੁੰਦਾ ਤਾਂ ਪਤਾ ਨਹੀਂ ਕਿੰਨੇ ਭਾਵ ਅਣਕਹੇ ਅਤੇ ਅਣਸੁਣੇ ਰਹਿ ਜਾਂਦੇ ਕਿਉਂਕਿ ਪ੍ਰਤੀਕ ਘੱਟ ਤੋਂ ਘੱਟ ਸ਼ਬਦਾਂ ਵਿਚ ਵੱਧ ਤੋਂ ਵੱਧ ਕਹਿ ਸਕਣ ਦੇ ਸਮਰੱਥ ਹਨ।[12] ਜੇਕਰ ਅਸੀਂ ਧਰਮ ਦੇ ਸੰਦਰਭ ਵਿਚ ਪ੍ਰਤੀਕਾਂ ਦੀ ਗੱਲ ਕਰੀਏ ਤਾਂ



ਇਹਨਾਂ ਦਾ ਧਰਮ ਵਿਚ ਵਿਸ਼ੇਸ ਮਹੱਤਵ ਹੈ ਕਿਉਂਕਿ ਅਧਿਆਤਮਕ ਅਨੁਭੂਤੀ ਨੂੰ ਅਕਥਨੀ ਹੋਣ ਕਰਕੇ ਸਾਧਾਰਨ ਭਾਸ਼ਾ ਵਿਚ ਬਿਆਨ ਕਰਨਾ ਕਠਿਨ ਕਾਰਜ ਹੈ। ਇਸ ਅਨੁਭਵ ਨੂੰ ਸਾਕਾਰ ਕਰਨ ਲਈ ਪ੍ਰਤੀਕ ਇਕ ਸਫਲ ਮਾਧਿਅਮ ਹੈ।

ਧਰਮ ਦਾ ਅਤੇ ਵਿਸ਼ੇਸ਼ ਕਰਕੇ ਰਹੱਸਮਈ ਅਨੁਭਵ ਦਾ ਪ੍ਰਤੀਕਵਾਦ ਨਾਲ ਡੂੰਘਾ ਸੰਬੰਧ ਮੰਨਿਆ ਜਾਂਦਾ ਹੈ। ਰਹੱਸਵਾਦ ਦੀ ਅੰਤਮ ਅਸਲ ਮੰਜਲ ‘ਮੈਂ’ ਤੇ ‘ਤੂੰ’ ਦੀ ਇਕਮਿਕਤਾ ਹੈ ਜਿਸ ਨੂੰ ਕੇਵਲ ਪ੍ਰਤੀਕਾਂ ਰਾਹੀਂ ਹੀ ਦਰਸਾਇਆ ਜਾ ਸਕਦਾ ਹੈ। ਵਿਅਕਤੀ ਅਤੇ ਸ਼ਿਰੋਮਣੀ ਹਕੀਕਤ ਵਿਚਕਾਰ ਸੰਬੰਧ ਦੀ ਸਥਾਪਨਾ ਕਿਸੇ-ਨ-ਕਿਸੇ ਪ੍ਰਤੀਕ ਰਾਹੀਂ ਹੀ ਸੰਭਵ ਹੁੰਦੀ ਹੈ ਅਤੇ ਅਪਣਾਇਆ ਗਿਆ ਪ੍ਰਤੀਕ ਹਕੀਕਤ ਦੀ ਨੁਹਾਰ ਤੈਅ ਕਰਦਾ ਹੈ। ਪ੍ਰਤੀਕ ਦੇ ਸੁਭਾ ਵਿਚ ਇਹ ਗੱਲ ਸ਼ਾਮਿਲ ਹੈ ਕਿ ਇਹ ਆਪਣੇ ਆਪ ਤੋਂ ਪਰੇਡੇ ਕਿਸੇ ਯਥਾਰਥ, ਕਿਸੇ ਤੱਥ ਦੀ ਪ੍ਰਤੀਨਿਧਤਾ ਕਰਦਾ ਹੈ।[13]

ਪ੍ਰਤੀਕਾਂ ਦੀ ਸਰਬ ਸਮਰਥਾ ਉਸ ਦੇ ਅਰਥ ਨੂੰ ਸੁੰਦਰ ਵਿਧੀ ਨਾਲ ਪ੍ਰਗਟ ਕਰਨ ’ਤੇ ਨਿਰਭਰ ਹੈ। ਪ੍ਰਤੀਕ ਦੀ ਅਰਥ ਵਿਅੰਜਨਾ ਉਦੋਂ ਸਫਲ ਹੋ ਸਕਦੀ ਹੈ ਜਦੋਂ ਉਹ ਆਪਣੇ ਵਰਣ ਵਿਸ਼ੇ ਨਾਲ ਤਦਾਤਮਯ ਸਥਾਪਿਤ ਕਰ ਲਵੇ।[14] ਪ੍ਰਤੀਕ ਦੇ ਕਾਰਜ ਬਾਰੇ ਡਾ. ਬਲਬੀਰ ਕੌਰ ਦਾ ਵਿਚਾਰ ਹੈ- ਪ੍ਰਤੀਕ ਦਾ ਕਾਰਜ, ਵਿਚਾਰ ਤਥਾ ਭਾਵ ਦੀ ਅਰਥ ਵਿਅਕਤੀ ਹੈ।[15]

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਪ੍ਰਤੀਕ ਅਕੱਥ ਨੂੰ ਪ੍ਰਗਟ ਕਰਨ ਦਾ ਇਕ ਸੁੰਦਰ ਸਾਧਨ ਹੈ ਅਤੇ ਧਾਰਮਿਕ ਅਨੁਭਵ ਦੀ ਅਭਿਵਿਅਕਤੀ ਦਾ ਸਰਲ ਮਾਧਿਅਮ ਹੈ। ਗੁਰੂ ਅਮਰਦਾਸ ਨੇ ਆਪਣੀ ਰਚਨਾ ਵਿਚ ਪ੍ਰਤੀਕਾਂ ਦੀ ਬੜੇ ਸੁੰਦਰ ਢੰਗ ਨਾਲ ਵਰਤੋਂ ਕੀਤੀ ਹੈ ਜਿਸ ਨਾਲ ਪਰਮ ਚੇਤਨਾ ਅਕਾਲ ਪੁਰਖ, ਨਾਮ, ਸਬਦ, ਗੁਰਮੁਖ-ਮਨਮੁਖ ਆਦਿ ਦੇ ਕਈ ਪੱਖ ਉਘੜ ਕੇ ਸਾਹਮਣੇ ਆਉਂਦੇ ਹਨ ਜਿਨ੍ਹਾਂ ਦਾ ਵਿਸਥਾਰਿਤ ਵੇਰਵਾ ਇਸ ਪ੍ਰਕਾਰ ਹੈ :

1. ਪਰਮਾਤਮਾ

ਪਰਮਾਤਮਾ ਸਮੁੱਚੀ ਗੁਰਬਾਣੀ ਦਾ ਆਧਾਰ ਵਿਸ਼ਾ ਹੈ ਜਿਸ ’ਤੇ ਸਮੁੱਚੀ ਗੁਰਬਾਣੀ ਕੇਂਦਰਿਤ ਹੈ। ਮਨੁੱਖਾ ਜੀਵਨ ਦਾ ਉਦੇਸ਼ ਹੀ ਪਰਮਾਤਮਾ ਨਾਲ ਮਿਲਾਪ ਹੈ ਜੋ ਪਰਮਾਤਮਾ ਦੇ ਸਰੂਪ ਨੂੰ ਸਮਝੇ ਬਿਨਾਂ ਸੰਭਵ ਨਹੀਂ। ਗੁਰੂ ਅਮਰਦਾਸ ਨੇ ਪਰਮਾਤਮਾ ਨੂੰ ਜੀਵ ਅਤੇ ਸੰਸਾਰ ਨਾਲ ਜੋੜਦੇ ਹੋਏ ਪਰਮ ਸੱਤਾ ਦੇ ਗੁਣਾਂ, ਸਰੂਪ ਅਤੇ ਪ੍ਰਾਪਤੀ ਦੇ ਢੰਗਾਂ ਬਾਰੇ ਕਈ ਪ੍ਰਕਾਰ ਦੇ ਪ੍ਰਤੀਕਾਂ ਰਾਹੀਂ ਦੱਸਿਆ ਹੈ:

1.1 ਸੰਸਾਰ ਵਾੜੀ (ਬਾਗ਼) ਅਤੇ ਪਰਮਾਤਮਾ ਮਾਲੀ ਰੂਪ ਵਿਚ

ਗੁਰੂ ਸਾਹਿਬ ਨੇ ਇਸ ਸਮੁੱਚੇ ਸੰਸਾਰ ਨੂੰ ਇਕ ਵਾੜੀ ਵਾਂਗ ਦੱਸਦੇ ਹੋਏ ਪਰਮਾਤਮਾ ਨੂੰ ਇਸ ਸਮੁੱਚੀ ਵਾੜੀ ਦਾ ਮਾਲੀ ਕਿਹਾ ਹੈ ਜੋ ਇਸ ਸੰਸਾਰ ਰੂਪੀ ਵਾੜੀ ਦੀ ਸਦਾ ਹੀ ਸੰਭਾਲ

ਕਰਦਾ ਹੈ:

ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ ॥
ਸਦਾ ਸਮਾਲੇ ਕੋ ਨਾਹੀ ਖਾਲੀ ॥ [16]

ਇਸ ਸੰਸਾਰ ਰੂਪ ਵਾੜੀ ਵਿਚ ਜੀਵ ਨੂੰ ਉਸ ਪਰਮਾਤਮਾ ਰੂਪ ਮਾਲੀ ਦੁਆਰਾ ਹੀ ਪ੍ਰਦਾਨ ਕੀਤੀ ਗੁਣਾਂ ਰੂਪ ਖੁਸ਼ਬੂ ਪ੍ਰਾਪਤ ਹੁੰਦੀ ਹੈ ਜਿਸ ਰਾਹੀਂ ਅਗੰਮੀ ਜੋਤਿ ਨੂੰ ਜਾਣਿਆ ਜਾ ਸਕਦਾ ਹੈ। [17]

1.2 ਅਕਾਲ ਪੁਰਖ; ਪਤੀ ਅਤੇ ਜੀਵ; ਇਸਤਰੀ ਦੇ ਪ੍ਰਤੀਕ ਵਜੋਂ

ਅਕਾਲ ਪੁਰਖ ਨੂੰ ਗੁਰੂ ਸਾਹਿਬ ਨੇ ਇਕ ਸੋਹਣੇ ਪਤੀ ਦੇ ਰੂਪ ਵਿਚ ਚਿਤ੍ਰਿਤ ਕੀਤਾ ਹੈ ਜਿਸ ਨੂੰ ਗੁਰੂ ਦੀ ਵੀਚਾਰ ਦੁਆਰਾ ਹੀ ਪਾਇਆ ਜਾ ਸਕਦਾ ਹੈ। [18] ਸੰਜੋਗ-ਵਸ ਹੀ ਜੀਵ ਰੂਪ ਇਸਤਰੀਆਂ ਨੂੰ ਪ੍ਰਭੂ ਪਤੀ ਦਾ ਮਿਲਾਪ ਪ੍ਰਾਪਤ ਹੁੰਦਾ ਹੈ ਜਿਸ ਨਾਲ ਦੁਰਮਤਿ ਦਾ ਨਾਸ ਹੋ ਜਾਂਦਾ ਹੈ ਅਤੇ ਜੀਵ ਇਸਤਰੀ ਸਦੀਵੀ ਆਤਮਿਕ ਅਨੰਦ ਵਿਚ ਰਹਿੰਦੀ ਹੈ। [19] ਪ੍ਰਭੂ ਪਤੀ ਦੇ ਸਦੀਵੀ ਸੁਹਾਗ ਦੀ ਪ੍ਰਾਪਤੀ ਸਤਿਗੁਰੂ ਦੇ ਹੁਕਮਾਂ ਅਨੁਸਾਰ ਚਲਣ ਨਾਲ ਹੁੰਦੀ ਹੈ। ਗੁਰੂ ਦੁਆਰਾ ਦੱਸੇ ਸ਼ਬਦ ਰਾਹੀਂ, ਜੀਵ ਇਸਤਰੀ ਨੂੰ ਸਦਾ ਕਾਇਮ ਰਹਿਣ ਵਾਲਾ (ਅਮਰ ਪਦਵੀ ਵਾਲਾ) ਪ੍ਰਭੂ ਪਤੀ ਪ੍ਰਾਪਤ ਹੋ ਜਾਂਦਾ ਹੈ ਜਿਸ ਤੋਂ ਕਦੀ ਵੀ ਵਿਛੋੜਾ ਨਹੀਂ ਹੁੰਦਾ [20] ਪਰੰਤੂ ਸਤਿਗੁਰੂ ਤੋਂ ਬਿਨਾਂ ਚਾਰੇ ਜੁਗਾਂ ਵਿਚ ਫਿਰਨ ਨਾਲ ਵੀ ਪ੍ਰਭੂ ਪਤੀ ਰੂਪ ਸੁਹਾਗ ਦੀ ਪ੍ਰਾਪਤੀ ਨਹੀਂ ਹੁੰਦੀ:

ਜੁਗ ਚਾਰੇ ਧਨ ਜੇ ਭਵੈ ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ ॥ [21]

ਦੂਸਰੇ ਪਾਸੇ ਮਨ ਦੀ ਮਤ ਨਾਲ ਚਲਣ ਵਾਲੀਆਂ ਜੀਵ ਇਸਤਰੀਆਂ ਪਰਮਾਤਮਾ ਪਤੀ ਨੂੰ ਪਛਾਣਦੀਆਂ ਨਹੀਂ ਅਤੇ ਆਪਣੇ ਹੰਕਾਰ, ਤ੍ਰਿਸ਼ਨਾਵਾਂ ਆਦਿ ਵਿਕਾਰਾਂ ਵਿਚ ਜਲ ਕੇ ਦੁਖ ਪਾਉਂਦੀਆਂ ਹਨ:

ਮਨਮੁਖਿ ਕੰਤ ਨ ਪਛਾਣਈ ਤਿਨ ਕਿਉ ਰੈਣਿ ਵਿਹਾਇ ॥
ਗਰਬ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ ॥ [22]

ਗੁਰੂ ਅਮਰਦਾਸ ਉਨ੍ਹਾਂ ਜੀਵ ਇਸਤਰੀਆਂ ਤੋਂ ਕੁਰਬਾਨ ਜਾਂਦੇ ਹਨ ਜਿਨ੍ਹਾਂ ਨੇ ਪਰਮਾਤਮਾ ਪਤੀ ਨੂੰ ਪਛਾਣ ਲਿਆ ਹੈ। [23]

1.3 ਜੀਵ ਅਤੇ ਪਰਮਾਤਮਾ: ਜੋਤਿ ਵਾਂਗ ਇਕਮਿਕ

ਸੰਸਾਰ ਵਿਚ ਜੀਵ ਅਤੇ ਪਰਮਾਤਮਾ ਭਾਵੇਂ ਦੋ ਮੂਰਤਾਂ ਹਨ ਪਰੰਤੂ ਇਹ ਇਕ ਜੋਤਿ ਵਾਂਗ ਹਨ। ਜੀਵ ਦੀ ਪਰਮਾਤਮਾ ਨਾਲ ਜੋਤਿ ਰੂਪ ਵਿਚ ਇਕਰੂਪਤਾ ਸਬਦ ਰਾਹੀਂ ਸੰਭਵ ਹੈ। [24] ਜਦੋਂ ਜੀਵ ਗੁਰੂ ਰੂਪ ਪਾਰਸ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਉਸ ਅਗੰਮੀ ਜੋਤਿ ਨਾਲ



ਇਕਮਿਕ ਹੋ ਜਾਂਦਾ ਹੈ:

ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥ [25]

ਗੁਰਦੁਆਰਾ ਦੱਸੇ ਮਾਰਗ ਰਾਹੀਂ ਜੀਵ ਆਪਣੇ ਮਨ ਨੂੰ ਨਾਮ ਰੰਗ ਵਿਚ ਰੰਗ ਕੇ ਇਸ ਵਿਚਾਰਾਂ ਵਾਲੇ ਸੰਸਾਰ ਵਿਚ ਵੀ ਪਰਮ ਤੱਤ ਨੂੰ ਪ੍ਰਾਪਤ ਕਰ ਕੇ[26] ਉਸ ਵਿਸਮਾਦੀ ਜੋਤਿ ਨਾਲ ਇਕਰੂਪ ਹੋ ਜਾਂਦਾ ਹੈ[27] ਅਤੇ ਜੀਵ ਦੇ ਹਿਰਦੇ ਵਿਚ ਸਚੇ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ:

ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ ॥ [28]

2. ਗੁਰੂ/ਸਤਿਗੁਰੂ

ਗੁਰਮਤਿ ਵਿਚ ਗੁਰੂ ਅਤੇ ਪਰਮਾਤਮਾ ਨੂੰ ਅਭੇਦ ਮੰਨ ਕੇ ਗੁਰੂ ਨੂੰ ਪਰਮ ਹਸਤੀ ਦੇ ਤੁੱਲ ਦੱਸਿਆ ਗਿਆ ਹੈ। ਪ੍ਰਭੂ ਨਾਲ ਸ਼ਬਦ ਦੁਆਰਾ ਆਪਣੀ ਸੁਰਤਿ ਜੋੜਣਾ ਗੁਰੂ ਤੋਂ ਬਿਨਾਂ ਸੰਭਵ ਨਹੀਂ ਕਿਉਂਕਿ ਗੁਰੂ ਦੁਆਰਾ ਦੱਸਿਆ ਸ਼ਬਦ ਹੀ ਜੀਵ ਦੇ ਅਗਿਆਨ ਨੂੰ ਦੂਰ ਕਰਦਾ ਹੈ। ਗੁਰੂ ਅਮਰਦਾਸ ਦੀ ਰਚਨਾ ਵਿਚ ਗੁਰੂ ਦਾ ਪ੍ਰਗਟਾਅ ਇਨ੍ਹਾਂ ਪ੍ਰਤੀਕਾਂ ਰਾਹੀਂ ਹੋਇਆ ਹੈ:

2.1 ਗੁਰੂ: ਪਾਰਸ ਰੂਪ

ਗੁਰੂ ਸਾਹਿਬ ਨੇ ਸਤਿਗੁਰੂ ਨੂੰ ਇਕ ਪਾਰਸ ਕਿਹਾ ਹੈ ਜਿਸ ਦੇ ਛੂਹਣ ਨਾਲ (ਸਬਦ-ਸੁਰਤਿ ਦਾ ਰਾਹ ਦੱਸਣ ਨਾਲ) ਜੀਵ ਪਰਮਾਤਮਾ ਦੀ ਕਿਰਪਾ ਨਾਲ ਪਾਰਸ ਹੋ ਕੇ[29] ਲੋਹੇ (ਅਣਗੁਣਾਂ ਨਾਲ ਭਰੇ ਹੋਏ ਵਿਕਾਰਾਂ) ਤੋਂ ਸੋਨਾ (ਅਧਿਆਤਮਿਕ ਗੁਣਾਂ ਨਾਲ ਭਰਪੂਰ) ਬਣ ਜਾਂਦਾ ਹੈ:

ਮਨੁ ਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ ॥ [30]

ਇਸ ਪ੍ਰਕਾਰ ਜੀਵ ਪਾਰਸ ਰੂਪ ਸਤਿਗੁਰੂ ਰਾਹੀਂ, ਪਾਰਸ ਬਣ ਕੇ ਅਗੰਮੀ ਜੋਤਿ ਨਾਲ ਇਕਰੂਪ ਹੋ ਜਾਂਦਾ ਹੈ। [31]

2.3 ਅੰਮ੍ਰਿਤ ਰੂਪ ਸਰੋਵਰ ਅਤੇ ਮਾਨਸਰੋਵਰ

ਗੁਰੂ ਅੰਮ੍ਰਿਤ ਰੂਪ ਸਰੋਵਰ ਵਾਂਗ ਹੈ ਜਿਸ ਵਿਚ ਮਨ ਦੇ ਇਸ਼ਨਾਨ ਕਰਨ ਨਾਲ ਵਿਕਾਰਾਂ ਰੂਪੀ ਮੈਲ ਖਤਮ ਹੋ ਜਾਂਦੀ ਹੈ:

ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥ [32]

ਸਤਿਗੁਰੂ ਨੂੰ ਗੁਰੂ ਸਾਹਿਬ ਨੇ ਇਕ ਮਾਨਸਰੋਵਰ (ਅਧਿਆਤਮਕ ਗੁਣਾਂ ਦਾ ਖਜ਼ਾਨਾ) ਕਿਹਾ ਹੈ ਜਿਸ ਨੂੰ ਵਡੇ ਭਾਗਾਂ ਵਾਲੇ ਗੁਰਮੁਖਿ ਜਨ ਹੀ ਲੱਭਦੇ ਕੇ ਹੰਸ ਵਾਂਗ ਨਾਮ ਰੂਪ ਮੋਤੀ ਪ੍ਰਾਪਤ ਕਰਦੇ ਹਨ:

ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨਿ ॥
ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ॥ [33]

3. ਜੀਵ

3.1 ਜੀਵ; ਇਸਤਰੀ ਅਤੇ ਪਰਮਾਤਮਾ; ਪਤੀ ਰੂਪ ਵਿਚ

ਗੁਰੂ ਸਾਹਿਬ ਨੇ ਆਪਣੀ ਰਚਨਾ ਵਿਚ ਜੀਵ ਨੂੰ ਇਸਤਰੀ ਅਤੇ ਪਰਮਾਤਮਾ ਨੂੰ ਪਤੀ ਰੂਪ ਵਿਚ ਚਿਤ੍ਰਿਤ ਕੀਤਾ ਹੈ ਜਿਸ ਦਾ ਵਿਸਥਾਰ ਪਿਛੇ ਆ ਚੁੱਕਾ ਹੈ।

3.2 ਜੀਵ ਪੰਛੀ ਦੇ ਪ੍ਰਤੀਕ ਵਜੋਂ

ਸੰਸਾਰ ਵਿਚ ਆਉਣ ਵਾਲਾ ਜੀਵ ਇਕ ਪੰਛੀ ਵਾਂਗ ਹੈ। ਗੁਰਮੁਖਿ ਰੂਪ ਪੰਛੀ ਗੁਰੂ ਦੇ ਭਾਣੇ ਵਿਚ ਸਚ ਰੂਪ ਨਾਮ ਦਾ ਚੋਗਾ ਚੁਗਦੇ ਹਨ ਅਤੇ ਅਕਾਲ ਪੁਰਖ ਦੇ ਅਗੰਮੀ ਨਾਮ ਰਸ ਨੂੰ ਪੀ ਕੇ ਸਹਿਜ ਅਵਸਥਾ ਵਿੱਚ ਰਹਿੰਦੇ ਹਨ ਜਿਸ ਨਾਲ ਉਨ੍ਹਾਂ ਦਾ ਇਧਰ-ਉਧਰ ਭਟਕ ਕੇ ਉਡਣਾ ਭਾਵ ਜਨਮ-ਮਰਣ ਖਤਮ ਹੋ ਜਾਂਦਾ ਹੈ[34] ਪਰੰਤੂ ਮਨਮੁਖ ਬਿਰਤੀ ਵਾਲੇ ਜੀਵ ਰੂਪ ਆਪਣੀ ਮਤ ਕਾਰਨ ਗੁਰੂ ਤੋਂ ਬਿਨਾਂ ਹਾਰੇ ਦਿਸ਼ਾਵਾਂ ਵਿਚ ਉਡਦੇ ਰਹਿੰਦੇ ਹਨ (ਵਿਕਾਰਾਂ ਪਿੱਛੇ ਥਾਂ-ਥਾਂ ਭਟਕਦੇ ਹਨ)। ਇਹ ਜਿਨ੍ਹਾਂ ਜਿਆਦਾ ਉਡਦੇ ਹਨ, ਉਨ੍ਹਾਂ ਹੀ ਦੁਖ ਪਾਉਂਦੇ ਹਨ। ਗੁਰੂ ਤੋਂ ਬਿਨਾਂ ਇਨ੍ਹਾਂ ਨੂੰ ਅੰਮ੍ਰਿਤ ਫਲ ਦੀ ਪ੍ਰਾਪਤੀ ਨਹੀਂ ਹੁੰਦੀ।[35]

4. ਸੰਸਾਰ

ਗੁਰਬਾਣੀ ਵਿਚ ਸੰਸਾਰ ਨੂੰ ਕਰਤੇ ਦੀ ਖੇਡ ਕਿਹਾ ਗਿਆ ਹੈ ਜਿਸ ਨੂੰ ਉਸਨੇ ਆਪ ਸਾਜਿਆ ਹੈ ਅਤੇ ਸਮੁੱਚੀ ਸ੍ਰਿਸ਼ਟੀ ਵਿਚ ਉਸ ਦਾ ਹੀ ਪਾਸਾਰਾ ਹੈ। ਗੁਰਮੁਖਾਂ ਲਈ ਇਹ ਸੰਸਾਰ 'ਸਚੇ ਕੀ ਕੋਠੜੀ' ਹੈ ਅਤੇ ਮਨਮੁਖਾਂ ਲਈ 'ਕੂੜ ਸਭ ਸੰਸਾਰ' ਵਾਂਗ ਹੈ। ਗੁਰੂ ਅਮਰਦਾਸ ਨੇ ਸੰਸਾਰ ਨੂੰ ਭਵਜਲ, ਪਾਣੀ ਦਾ ਬੁਲਬੁਲਾ ਆਦਿ ਪ੍ਰਤੀਕਾਂ ਵਿਚ ਨਿਰੂਪਿਤ ਕੀਤਾ ਹੈ।

4.1 ਸੰਸਾਰ: ਇਕ ਭਵਜਲ (ਸਮੁੰਦਰ)

ਭਵਜਲ ਦਾ ਅਰਥ ਹੈ- ਮਿਥਯਾ ਪਦਾਰਥਾਂ ਦੀ ਹੋਂਦ (ਅਸਿਤ੍ਵ) ਰੂਪ ਜਲ।[36] ਸੰਸਾਰ ਦਾ ਮਾਇਆ ਰੂਪ ਸਮੁੰਦਰ ਬਹੁਤ ਜ਼ੋਰ ਨਾਲ ਵਰਤ ਰਿਹਾ ਹੈ ਜਿਸ ਨੂੰ ਪਾਰ ਕਰਨਾ ਬਹੁਤ ਔਖਾ ਹੈ। ਪ੍ਰਭੂ ਦੇ ਨਾਮ ਨੂੰ ਬੋਹਿਥ (ਜਹਾਜ਼) ਬਣਾ ਕੇ ਸਬਦ ਦੇ ਖੇਵਟ ਨਾਲ ਹੀ ਇਸਨੂੰ ਪਾਰ ਕਰਨਾ ਸੰਭਵ ਹੈ।[37] ਗੁਰਮੁਖ ਜਨ ਨਾਮ ਰੂਪ ਬੇੜੇ ਨਾਲ ਸਤਿਗੁਰੂ ਰਾਹੀਂ[38] ਮਨ ਦੀਆਂ ਤ੍ਰਿਸ਼ਨਾਂਵਾਂ ਨੂੰ ਮਾਰ ਕੇ, ਗੁਰ ਦੇ ਦੱਸੇ ਸਬਦ ਦੁਆਰਾ ਇਸ ਭਵਜਲ ਨੂੰ ਪਾਰ ਕਰ ਲੈਂਦੇ ਹਨ:

ਗੁਰ ਕੈ ਸਬਦਿ ਜੀਵਤ ਮਰੈ ਗੁਰਮੁਖਿ ਭਵਜਲੁ ਤਰਣਾ ॥[39]

ਦੂਸਰੇ ਪਾਸੇ ਮਨਮੁਖ ਮਾਇਆ ਵਿਚ ਗਲਤਾਨ ਰਹਿੰਦੇ ਹਨ[40] ਅਤੇ ਉਨ੍ਹਾਂ ਨੂੰ ਅਗਿਆਨ ਦੇ ਹਨੇਰੇ ਕਰਕੇ ਕੁਝ ਵੀ ਸਮਝ ਨਹੀਂ ਆਉਂਦਾ ਜਿਸ ਕਾਰਨ ਉਹ ਗੁਰੂ ਤੋਂ ਬਿਨਾਂ ਸਿਰ 'ਤੇ ਵਿਕਾਰਾਂ ਦਾ ਭਾਰ ਹੋਣ ਕਾਰਨ ਸੰਸਾਰ ਭਵਜਲ ਵਿਚ ਡੁੱਬ ਜਾਂਦੇ ਹਨ।[41]



4.2 ਸਮੁੱਚੀ ਸ੍ਰਿਸ਼ਟੀ: ਗੁਰਮੁਖਿ ਦੇ ਪ੍ਰਤੀਕ ਵਜੋਂ

ਇਹ ਸਾਰੀ ਸ੍ਰਿਸ਼ਟੀ ਉਸ ਰੱਬੀ ਹੁਕਮ ਵਿਚ ਚਲਣ ਕਾਰਨ ਗੁਰਮੁਖਿ ਵਾਂਗ ਹੈ। ਇਹ ਸਾਰੀ ਧਰਤੀ ਅਤੇ ਧਰਤੀ ਦਾ ਪਾਣੀ ਰੱਬੀ ਹੁਕਮ ਵਿਚ ਵਹਿਣ ਕਾਰਨ ਗੁਰਮੁਖ ਹਨ। ਜੀਵਾਂ ਦਾ ਆਧਾਰ ਹਵਾ ਅਤੇ ਸਾਰੀ ਅਗਨੀ ਵੀ ਉਸ ਕਰਤੇ ਦੀ ਵਿਡਾਣੀ ਖੇਡ ਖੇਡਣ ਕਾਰਨ ਗੁਰਮੁਖਾਂ ਵਾਂਗ ਹਨ:

ਗੁਰਮੁਖਿ ਧਰਤੀ ਗੁਰਮੁਖਿ ਪਾਣੀ ॥
ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ ॥[42]

4.3 ਸੰਸਾਰ: ਇਕ ਬਾਗ਼ਵਾਂਗ

ਇਹ ਸਾਰਾ ਸੰਸਾਰ ਇਕ ਬਾਗ਼ ਦੀ ਤਰ੍ਹਾਂ ਹੈ ਜਿਸ ਦੀ ਸੰਭਾਲ ਪ੍ਰਭੂ ਰੂਪ ਮਾਲੀ ਕਰ ਰਿਹਾ ਹੈ। ਇਸ ਸੰਬੰਧੀ ਵਿਸਥਾਰ ਪਿਛੇ ਆ ਚੁੱਕਾ ਹੈ।

4.4 ਪਾਣੀ ਦੇ ਬੁਲਬੁਲੇ ਦੇ ਪ੍ਰਤੀਕ ਵਜੋਂ

ਗੁਰੂ ਜੀ ਨੇ ਸੰਸਾਰ ਨੂੰ ਪਾਣੀ ਦੇ ਬੁਲਬੁਲੇ ਵਜੋਂ ਅਭਿਵਿਅਕਤ ਕਰਦੇ ਹੋਏ ਇਸ ਨੂੰ ਪਾਣੀ ਉਪਰ ਪੈਦਾ ਹੋਣ ਵਾਲੇ ਉਸ ਬੁਲਬੁਲੇ ਦੀ ਸੰਗਯਾ ਦਿੱਤੀ ਹੈ ਜੋ ਕੁਝ ਪਲਾਂ ਵਿਚ ਖਤਮ ਹੋ ਕੇ ਪਾਣੀ ਵਿਚ ਸਮਾਅ ਜਾਂਦਾ ਹੈ[43] ਇਸ ਪ੍ਰਤੀਕ ਨੂੰ ਸੰਸਾਰ ਦੀ ਨਾਸ਼ਵਾਨਤਾ ਦਰਸਾਉਣ ਲਈ ਵਰਤਿਆ ਗਿਆ ਹੈ।

5. ਸਰੀਰ

ਸਰੀਰ ਨੂੰ ਗੁਰੂ ਅਮਰਦਾਸ ਨੇ ਹਰੀ ਦਾ ਮੰਦਰ, ਖੇਤ, ਰੁੱਖ, ਨਗਰੀ ਆਦਿ ਕਈ ਪ੍ਰਤੀਕਾਂ ਰਾਹੀਂ ਨਿਰੂਪਿਤ ਕਰ ਕੇ ਜੀਵ ਨੂੰ ਸੁਚੇਤ ਕੀਤਾ ਹੈ ਤਾਂ ਜੋ ਉਹ ਇਸ ਸਰੀਰ ਨੂੰ ਪਰਮਾਤਮਾ ਦਾ ਘਰ ਬਣਾ ਸਕੇ।

5.1 ਸਰੀਰ: ਇਕ ਰੁੱਖ ਵਾਂਗ

ਗੁਰਮੁਖ ਜਨਾਂ ਦਾ ਸਰੀਰ ਇਕ ਹਰੇ ਰੁੱਖ ਵਾਂਗ ਹੁੰਦਾ ਹੈ ਜੋ ਤਿੰਨ ਗੁਣਾਂ (ਰਜੋ, ਸਤੋ, ਤਮੋ) ਰੂਪ ਟਾਹਣੀਆਂ ਨੂੰ ਨਿਵਾਰ ਕੇ ਇਕ ਸਬਦ ਨਾਲ ਸੁਰਤੀ ਲਾਉਂਦੇ ਹਨ ਪਰੰਤੂ ਮਨਮੁਖਾਂ ਦਾ ਸਰੀਰ ਸੁੱਕੇ ਰੁੱਖ ਵਾਂਗ ਹੁੰਦਾ ਹੈ ਜਿਸ 'ਤੇ ਨਾ ਹੀ ਫਲ ਹੁੰਦੇ ਹਨ (ਆਤਮਕ ਗੁਣ) ਅਤੇ ਨਾ ਹੀ ਛਾਂ ਹੰਦੀ ਹੈ (ਅਧਿਆਤਮਿਕ ਸਾਂਤੀ ਵਾਲਾ ਪ੍ਰਭਾਵ)। ਇਸ ਲਈ ਉਨ੍ਹਾਂ ਸੁਕੇ ਰੁੱਖਾਂ ਵਰਗੇ ਮਨਮੁਖਾਂ ਕੋਲ ਨਹੀਂ ਬੈਠਣਾ ਚਾਹੀਦਾ। ਅਜਿਹੇ ਸੁੱਕੇ ਰੁੱਖ (ਮਨਮੁਖ) ਸਬਦ ਦੀ ਅਣਹੋਂਦ ਕਾਰਨ ਕੱਟ ਕੇ ਜਲਾਉਣ ਦੇ (ਜਮ ਦੰਡ ਕੇ ਭਾਗੀ ਬਣਦੇ ਹਨ) ਹੀ ਕੰਮ ਆਉਂਦੇ ਹਨ।[44]

5.2 ਗੁਫਾ ਦੇ ਪ੍ਰਤੀਕ ਵਜੋਂ

ਇਸ ਸਰੀਰ ਰੂਪੀ ਗੁਫਾ ਵਿਚ ਨਾ ਮੁੱਕਣ ਵਾਲੇ ਭੰਡਾਰ ਹਨ (ਰੱਬੀ ਚੇਤਨਾ ਦੇ ਗੁਣਾਂ

ਵਾਲੇ) ਜਿਸ ਵਿਚ ਪਰਮਾਤਮਾ ਦਾ ਵਾਸਾ ਹੈ:

ਇਸ ਗੁਫਾ ਮਹਿ ਅਖੁਟ ਭੰਡਾਰਾ॥
ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ॥[45]

ਸਰੀਰ ਰੂਪ ਗੁਫਾ ਵਿਚ ਪ੍ਰਭੂ ਨੇ ਸਵਾਸਾਂ ਦਾ ਵਾਜਾ ਵਜਾਇਆ ਹੈ।[46] ਇਸ ਗੁਫਾ ਦੇ ਸੁਹਾਵਣੇ ਥਾਂ ਦੀ ਗੁਰੂਦੁਆਰਾ ਹਉਮੈਂ ਖਤਮ ਕਰ ਕੇ,[47] ਗੁਰੂ ਦੇ ਸ਼ਬਦ ਦੁਆਰਾ ਹੀ ਸਮਝ ਪੈਂਦੀ ਹੈ ਕਿ ਮੈਲ ਤੋਂ ਰਹਿਤ ਅਕਾਲ ਪੁਰਖ ਇਸ ਗੁਫਾ ਅੰਦਰ ਹੀ ਹੈ।[48]

### 5.3 ਸਰੀਰ ਸਰੋਵਰ ਰੂਪ

ਮਨੁੱਖਾ ਸਰੀਰ ਇਕ ਸਰੋਵਰ ਵਾਂਗ ਹੈ ਜਿਸ ਵਿਚ ਗੁਰਮੁਖ ਜਨ ਨਾਮ ਦਾ ਇਸ਼ਨਾਨ ਕਰ ਕੇ ਉਸ ਪ੍ਰਭੂ ਨਾਲ ਸੁਰਤੀ ਲਾਉਂਦੇ ਹਨ ਅਤੇ ਵਿਸ਼ੇ-ਵਿਕਾਰਾਂ ਰੂਪੀ ਮੈਲ ਤੋਂ ਰਹਿਤ ਹੋ ਕੇ ਨਿਰਮਲ ਹੋ ਜਾਂਦੇ ਹਨ।[49]

### 5.4 ਇਕ ਨਗਰੀ

ਸਰੀਰ ਇਕ ਖਜ਼ਾਨੇ ਨਾਲ ਭਰਪੂਰ ਨਗਰੀ ਦੀ ਤਰ੍ਹਾਂ ਹੈ ਜਿਸ ਵਿਚ ਗੁਰ-ਸਬਦ ਰਾਹੀਂ ਖੋਜ ਕਰਨ ਨਾਲ ਨਾਮ ਰੂਪ ਨੌਂ ਨਿਧੀਆਂ ਦੇ ਖਜ਼ਾਨੇ ਪ੍ਰਾਪਤ ਹੁੰਦੇ ਹਨ।[50]

### 5.5 ਧਰਤੀ (ਖੇਤ) ਦੇ ਪ੍ਰਤੀਕ ਵਜੋਂ

ਮਨੁੱਖਾ ਸਰੀਰ ਇਕ ਧਰਤੀ (ਖੇਤ) ਹੈ ਜਿਸ ਵਿਚ ਗੁਰਮੁਖ ਜਨ ਸਬਦ ਰੂਪ ਬੀਜ ਬੀਜਦੇ ਹਨ ਅਤੇ ਪਰਮਾਤਮਾ ਨਾਲ ਵਪਾਰ ਕਰਦੇ ਹਨ। ਇਸ ਸਰੀਰ ਰੂਪ ਖੇਤ ਵਿਚ ਪੈਦਾ ਹੋਏ ਨਾਮ ਧਨ ਦੀ ਕਦੇ ਵੀ ਤੋਟ ਨਹੀਂ ਆਉਂਦੀ ਅਤੇ ਅੰਤਰ ਆਤਮੇ ਵਿਚ ਨਾਮ ਦਾ ਨਿਵਾਸ ਹੋ ਜਾਂਦਾ ਹੈ।[51]

### 5.6 ਸਰੀਰ-ਇਕ ਕਿਲ੍ਹਾ

ਗੁਰੂ ਅਮਰਦਾਸ ਨੇ ਸਰੀਰ ਨੂੰ ਇਕ ਕਿਲ੍ਹੇ ਵਾਂਗ ਚਿਤ੍ਰਿਤ ਕਰਦੇ ਹੋਏ ਇਸਨੂੰ ਇਕ 'ਅਤਿ ਅਪਾਰ' (ਵੱਡਾ) ਕਿਲ੍ਹਾ ਕਿਹਾ ਹੈ ਜਿਸ ਵਿਚ ਪਰਮ ਚੇਤਨਾ ਰੂਪ ਅਕਾਲ ਪੁਰਖ ਬੈਠ ਕੇ ਵੀਚਾਰ ਕਰ ਰਿਹਾ ਹੈ।[52] ਇਸ ਸੋਨੇ ਦੇ ਕਿਲ੍ਹੇ ਵਿਚ ਕੀਮਤੀ ਸਬਦ ਰੂਪ ਖਜ਼ਾਨਾ ਹੈ[53] ਅਤੇ ਕਈ ਪ੍ਰਕਾਰ ਦੇ ਦੁਕਾਨਾਂ ਤੇ ਬਾਜ਼ਾਰ ਹਨ। ਇਨ੍ਹਾਂ ਵਿਚ ਸਭ ਤੋਂ ਉਤਮ ਵਸਤੂ ਨਾਮ ਨੂੰ ਗੁਰ ਦੇ ਸਬਦ ਦੁਆਰਾ ਹੀ ਹਉਮੈ ਮਾਰ ਕੇ ਪਛਾਣਿਆ ਜਾ ਸਕਦਾ ਹੈ।[54]

### 5.7 ਸਰੀਰ-ਹਰਿਮੰਦਰ (ਪਰਮਾਤਮਾ ਦਾ ਘਰ)

ਸਰੀਰ ਰੂਪ ਹਰੀ ਦਾ ਮੰਦਰ ਉਸ ਪਰਮਾਤਮਾ ਦਾ ਸਾਜਿਆ ਹੋਇਆ ਹੈ ਜਿਸ ਵਿਚ ਉਹ ਆਪ ਵਿਦਮਾਨ ਹੈ। ਗੁਰੂ ਦੀ ਮਤ ਨਾਲ, ਮਾਇਆ ਦੇ ਮੋਹ ਨੂੰ ਜਲਾ ਕੇ ਉਸ ਹਰੀ ਦੀ ਪ੍ਰਾਪਤੀ ਹੁੰਦੀ ਹੈ।[55] ਇਸ ਸਰੀਰ ਰੂਪ 'ਹਰਿਮੰਦਰ' ਨੂੰ ਉਹ ਪ੍ਰਭੂ ਆਪ ਹੀ ਸਵਾਰ ਕੇ, ਵਾਸਾ



ਕਰ ਰਿਹਾ ਹੈ।[56] ਸਰੀਰ ਰੂਪ ਹਰਿਮੰਦਰ ਸਬਦ ਨਾਲ ਸੋਹਣਾ ਹੋ ਕੇ ਸੋਨੇ ਦਾ ਕਿਲ੍ਹਾ ਬਣਾ ਜਾਂਦਾ ਹੈ ਜਿਸ ਵਿਚੋਂ ਗਿਆਨ ਰਤਨ ਪ੍ਰਗਟ ਹੁੰਦੇ ਹਨ।[57] ਇਹ ਹਰਿਮੰਦਰ ਸਰੀਰ ਉਸ ਪਰਮਾਤਮਾ ਦੀ ਹੱਟੀ ਹੈ ਜਿਸ ਵਿਚ ਸਬਦ ਨੂੰ ਰੱਖਿਆ ਗਿਆ ਹੈ। ਇਸ ਵਿਚੋਂ ਗੁਰਮੁਖ ਜਨ ਨਾਮ ਰੂਪ ਸੌਦਾ ਪ੍ਰਾਪਤ ਕਰਦੇ ਹਨ[58] ਪਰੰਤੂ ਮਨਮੁਖ ਪ੍ਰਵਿਰਤੀ ਵਾਲੇ ਮੂਰਖ ਪ੍ਰਾਣੀ ਸਰੀਰ ਵਿਚ ਮੌਜੂਦ ਨਾਮ ਖਜ਼ਾਨੇ ਨੂੰ ਨਹੀਂ ਜਾਣ ਪਾਉਂਦੇ।

ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ॥[59]

## 6. ਨਾਮ

ਸਮੁੱਚੀ ਗੁਰਬਾਣੀ ਵਿਚ ਨਾਮ ਨੂੰ ਪ੍ਰਭੂ ਪ੍ਰਾਪਤੀ ਦਾ ਆਧਾਰ ਮੰਨ ਕੇ ਇਸਦੀ ਵਡਿਆਈ ਕੀਤੀ ਗਈ ਹੈ ਅਤੇ 'ਨਾਨਕ ਕੈ ਘਰ ਕੇਵਲ ਨਾਮ' ਕਹਿ ਕੇ ਨਾਮ ਨੂੰ ਸਰਬਉੱਚ ਮੰਨਿਆ ਹੈ। 'ਜਨ ਕੀ ਭੂਖ ਤੇਰਾ ਨਾਮ ਅਧਾਰ' ਦਾ ਵੀਚਾਰ ਵੀ ਇਸੇ ਕਥਨ ਦੀ ਪ੍ਰੋੜ੍ਹਤਾ ਕਰਦਾ ਹੈ। ਗੁਰੂ ਅਮਰਦਾਸ ਨੇ ਨਾਮ ਨੂੰ ਉਤਮ ਰਸ, ਅਮੋਲਕ ਧਨ, ਅੰਮ੍ਰਿਤ ਆਦਿ ਦੇ ਪ੍ਰਤੀਕ ਵਜੋਂ ਰੂਪਮਾਨ ਕੀਤਾ ਹੈ।

### 6.1 ਨਾਮ-ਇਕ ਉੱਤਮ ਰਸ

ਪਰਮਾਤਮਾ ਦੇ ਨਾਮ ਰੂਪ ਰਸ ਨੂੰ ਪੀ ਕੇ ਪਿਆਸ ਖਤਮ ਹੋ ਜਾਂਦੀ ਹੈ ਤੇ ਇਸਨੂੰ ਪੀਣ ਵਾਲੇ ਗੁਰਮੁਖ ਸਹਜ ਅਵਸਥਾ ਵਿਚ ਸਮਾ ਜਾਂਦੇ ਹਨ।[60] ਇਹ ਰਸ ਗੁਰੂ ਦੀ ਮਤ ਨਾਲ ਪ੍ਰਾਪਤ ਹੁੰਦਾ ਹੈ ਜਿਸ ਨਾਲ ਜੀਭ ਇਸ ਰਸ ਵਿਚ ਹੀ ਸਮਾਅ ਜਾਂਦੀ ਹੈ।[61] ਇਸ ਨਾਮ ਰਸ ਨੂੰ ਪੀਣ ਵਾਲੇ ਨਿਰਮਲ ਹੋ ਜਾਂਦੇ ਹਨ ਅਤੇ ਨਿਰਮਲ ਪ੍ਰਭੂ ਦਾ ਨਾਮ ਧਿਆਉਂਦੇ ਹਨ।[62] ਅਕਾਲ ਪੁਰਖ ਦੇ ਇਸ ਨਾਮ ਰਸ ਨੂੰ ਪੀਣ ਨਾਲ ਤ੍ਰਿਸ਼ਨਾਂਵਾਂ ਖਤਮ ਹੋ ਜਾਂਦੀਆਂ ਹਨ ਪਰੰਤੂ ਇਸ ਰਸ ਦੀ ਪ੍ਰਾਪਤੀ ਕਰਮਾਂ ਨਾਲ ਹੀ ਸਤਿਗੁਰੂ ਦੇ ਮਿਲਣ ਤੋਂ ਹੁੰਦੀ ਹੈ। ਇਸ ਰਸ ਦੇ ਮਨ ਵਿਚ ਵਸ ਜਾਣ ਤੋਂ ਬਾਅਦ ਦੂਸਰੇ ਦੁਨਿਆਵੀਂ ਰਸ ਵਿਸਰ ਜਾਂਦੇ ਹਨ।[63]

### 6.2 ਅਮੋਲਕ ਧਨ

ਪਰਮਾਤਮਾ ਦਾ ਨਾਮ ਨਾ ਮੁੱਕਣ ਵਾਲਾ ਖਜ਼ਾਨਾ ਹੈ ਜੋ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ।[64] ਇਸ ਨਾਮ ਰਤਨ ਦੇ ਲਾਭ ਦੀ ਗੁਰਮੁਖਾਂ ਨੂੰ ਉਹ ਆਪ ਹੀ ਸੋਝੀ ਕਰਵਾ ਦਿੰਦਾ ਹੈ।[65] ਸੱਚੇ ਨਾਮ ਦੇ ਧਨ ਦੀ ਕਦੇ ਵੀ ਤੋਟ ਨਹੀਂ ਆਉਂਦੀ,[66] ਨਾ ਹੀ ਇਹ ਧਨ (ਜੋ ਪੂਰੇ ਸਤਿਗੁਰੂ ਦੁਆਰਾ ਦੱਸਿਆ ਗਿਆ ਹੈ) ਕਦੇ ਮੁਕਦਾ ਹੈ।[67] ਨਾਮ ਰੂਪ ਧਨ ਹੀ ਨਿਰਮਲ ਧਨ ਹੈ ਜੋ ਗੁਰੂ ਦੇ ਸਬਦ ਨਾਲ ਭਰਿਆ ਹੋਇਆ ਹੈ; ਇਸ ਤੋਂ ਬਿਨਾਂ ਹੋਰ ਦੁਨੀਆਵੀਂ ਧਨ ਜਹਿਰ ਦੇ ਸਮਾਨ ਹਨ ਜੋ ਹੰਕਾਰ ਤੇ ਮਾਇਆ ਦਾ ਮੋਹ ਪੈਦਾ ਕਰਦੇ ਹਨ।[68]

### 6.3 ਨਾਮ ਰੂਪ ਬੀਜ ਦੀ ਖੇਤੀ

ਮਨੁੱਖੀ ਸਰੀਰ ਰੂਪੀ ਖੇਤ ਵਿਚ, ਸਚ ਨਾਮ ਰੂਪੀ ਬੀਜ ਦੀ ਖੇਤੀ ਕਰਨੀ ਚਾਹੀਦੀ ਹੈ ਕਿਉਂਕਿ ਇਹ ਸਹਜ ਰੂਪ ਖੇਤੀ ਹੈ। ਇਸ ਨਾਮ ਰੂਪ ਬੀਜ ਰਾਹੀਂ ਪੈਦਾ ਹੋਈ ਖੇਤੀ ਤੋਂ ਇਹ ਮਨ ਸਹਜ ਤਰੀਕੇ ਨਾਲ ਰੱਜ ਜਾਂਦਾ ਹੈ ਭਾਵ ਵਿਸ਼ੇ ਵਿਕਾਰਾਂ ਦੀ ਭੁੱਖ ਖਤਮ ਹੋ ਜਾਂਦੀ ਹੈ।[69]

6.5 ਨਾਮ: ਮਜੀਠਾ ਰੰਗ (ਪੱਕਾ ਰੰਗ)

ਅਕਾਲ ਪੁਰਖ ਦਾ ਨਾਮ ਇਕ ਪੱਕੇ ਰੰਗ ਦੀ ਤਰ੍ਹਾਂ ਹੈ ਜੋ ਰਾਤ ਦਿਨ ਉਸ ਦੀ ਯਾਦ ਵਿਚ ਜੁੜਣ ਨਾਲ ਪ੍ਰਗਟ ਹੁੰਦਾ ਹੈ।[70] ਉਹ ਪਰਮਾਤਮਾ ਆਪ ਹੀ ਗੁਰਮੁਖਾਂ ਨੂੰ ਸਹਿਜ-ਸੁਭਾ ਗੁਰੂ ਦੇ ਸਬਦ ਰਾਹੀਂ ਆਪਣੇ ਰੰਗ ਵਿਚ ਰੰਗ ਦਿੰਦਾ ਹੈ।[71] ਇਹ ਗੂੜ੍ਹਾ ਰੰਗ ਜੀਵ-ਇਸਤਰੀ ਅਤੇ ਪ੍ਰਭੂ-ਪਤੀ ਵਿਚ ਹੁੰਦਾ ਹੈ[72] ਜੋ ਕਦੀ ਵੀ ਖਤਮ ਨਹੀਂ ਹੁੰਦਾ।[73]

6.5 ਅੰਮ੍ਰਿਤ ਦੇ ਪ੍ਰਤੀਕ ਵਜੋਂ

ਨਾਮ ਰੂਪ ਅੰਮ੍ਰਿਤ ਮਿਠਾਸ ਨਾਲ ਭਰਪੂਰ ਹੈ ਜਿਸ ਰਾਹੀਂ ਇਸ ਸੰਸਾਰ ਵਿਚ ਨਿਰਮਲਤਾ ਦਾ ਪਾਸਾਰਾ ਹੈ।[74] ਇਸ ਨਾਮ ਅੰਮ੍ਰਿਤ ਨੂੰ ਦੇਵਤੇ, ਮਨੁੱਖ, ਰਿਸ਼ੀ-ਮੁਨੀ ਆਦਿ ਲੱਭਦੇ ਫਿਰਦੇ ਹਨ ਪਰੰਤੂ ਇਹ ਗੁਰੂ ਰਾਹੀਂ ਪ੍ਰਾਪਤ ਹੁੰਦਾ ਹੈ। ਉਹ ਪਰਮਾਤਮਾ ਆਪ, ਜਿਸ ਜੀਵ 'ਤੇ ਕਿਰਪਾ ਕਰਦਾ ਹੈ ਉਸ ਨੂੰ ਹੀ ਗੁਰੂ ਰਾਹੀਂ ਨਾਮ ਰੂਪ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ।[75]

7. ਮਾਇਆ

ਮਾਇਆ ਦਾ ਸ਼ਾਬਦਿਕ ਅਰਥ 'ਭਰਮ' ਹੈ। .......ਗੁਰਬਾਣੀ ਵਿਚ ਮਾਇਆ ਪ੍ਰਭੂ ਦੀ ਸ਼ਕਤੀ, ਭਰਮ, ਅਵਿਦਿਆ, ਅਗਿਆਨਤਾ, ਪੰਜ ਕਾਮਾਦਕਾਂ ਤੋਂ ਇਲਾਵਾ ਇਖ਼ਲਾਕੀ ਤੇ ਮਾਦੀ ਅਰਥਾਂ ਵਿਚ ਵੀ ਆਈ ਹੈ ਜਿਸ ਨੂੰ ਅੱਗੇ ਵਿਦਵਾਨਾਂ ਨੇ ਰਚਨਾਤਮਕ ਸ਼ਕਤੀ, ਵਿਸ਼ੇ ਵਾਸ਼ਨਾ, ਵਿਸ਼ੇ ਵਿਕਾਰ, ਧੰਨ, ਦਾਰਾ, ਸੰਪਤੀ, ਜਗਤ ਪ੍ਰਪੰਚ, ਦੁਨਿਆਵੀ ਸੁਖ, ਤ੍ਰਿਸ਼ਨਾ, ਜਾਲ ਆਦਿ ਢੰਗਾਂ ਨਾਲ ਵਰਣਨ ਕਰਨ ਦਾ ਯਤਨ ਕੀਤਾ ਹੈ।[76]

7.1 ਠਗਮੂਰੀ (ਠਗਉਲੀ ਦੇ ਪ੍ਰਤੀਕ ਵਜੋਂ)

ਠਗਮੂਰੀ ਜਾਂ ਠਗਉਲੀ ਉਹ ਨਸ਼ੇ ਵਾਲੀ ਵਸਤੂ ਹੈ ਜਿਸ ਨਾਲ ਬੇਹੋਸ਼ ਕਰਕੇ ਠਗ ਧਨ ਲੁੱਟਦਾ ਹੈ।[77] ਇਹ ਮਾਇਆ ਮੋਹ ਲੈਣ ਵਾਲੀ ਹੈ ਜਿਸ ਨੇ ਸਾਰੇ ਸੰਸਾਰ ਨੂੰ ਭਰਮ ਵਿਚ ਪਾਇਆ ਹੈ ਪਰੰਤੂ ਇਸ ਦਾ ਮੋਹ ਲੈਣ ਵਾਲਾ ਸਰੂਪ ਉਸ ਪ੍ਰਭੂ ਦਾ ਹੀ ਬਣਾਇਆ ਹੋਇਆ ਹੈ ਜਿਸ ਨੇ ਇਸ ਠਗਉਲੀ (ਮਾਇਆ) ਨੂੰ ਪੈਦਾ ਕੀਤਾ ਹੈ।[78]

7.2 ਅੱਗ ਦੇ ਰੂਪ ਵਿਚ

ਜਿਸ ਪ੍ਰਕਾਰ ਦੀ ਅਗਨੀ ਮਾਂ ਦੇ ਪੇਟ ਵਿਚ ਹੁੰਦੀ ਹੈ ਉਸੇ ਤਰ੍ਹਾਂ ਦੇ ਪ੍ਰਭਾਵ ਵਾਲੀ ਮਾਇਆ ਬਾਹਰ ਸੰਸਾਰ ਵਿਚ ਹੈ। ਮਾਇਆ ਅਤੇ ਪੰਨਾ ਇਕੋ ਜਿਹੇ ਹਨ ਜੋ ਉਸ ਕਰਤੇ ਦੀ



ਖੇਡ ਵਾਂਗ ਹਨ।[79] ਸਾਰਾ ਸੰਸਾਰ ਮਾਇਆ ਦੀ ਇਸ ਅਗਨੀ ਵਿਚ ਸੜ ਰਿਹਾ ਹੈ ਸਿਰਫ ਗੁਰਮੁਖ ਜਨ ਹੀ ਗੁਰ-ਸਬਦ ਦੇ ਵੀਚਾਰ ਰਾਹੀਂ ਇਸ ਤੋਂ ਬਚਦੇ ਹਨ।[80]

7.3 ਮਾਇਆ: ਇਕ ਜਹਿਰੀਲਾ ਸੱਪ

ਮਾਇਆ ਇਕ ਭੁਇੰਗਮ ਸੱਪ ਦੀ ਤਰ੍ਹਾਂ ਹੈ ਜਿਸ ਨੇ ਸਮੁੱਚੇ ਜਗਤ ਨੂੰ ਆਪਣੇ ਵਿਸ਼ੇ-ਵਿਕਾਰਾਂ ਦੀ ਜ਼ਹਿਰ ਨਾਲ ਖਾਧਾ ਹੋਇਆ ਹੈ। ਇਸ ਜ਼ਹਿਰ ਨੂੰ ਮਾਰਨ ਦਾ ਇਕੋ ਇਕ ਤਰੀਕਾ ਪ੍ਰਭੂ ਦਾ ਨਾਮ ਹੈ ਜੋ ਗੁਰੂ ਦੁਆਰਾ ਗਰੁੜ ਰੂਪ ਸਬਦ ਰਾਹੀਂ ਮੂੰਹ ਅੰਦਰ ਪਾਇਆ ਜਾਂਦਾ ਹੈ। ਜਿਨ੍ਹਾਂ ਜੀਵਾਂ ਦੇ ਪੂਰਬਲੇ ਕਰਮ ਜਾਗਦੇ ਹਨ ਉਨ੍ਹਾਂ ਨੂੰ ਹੀ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ ਜਿਸ ਨਾਲ ਮਾਇਆ ਦਾ ਹਉਮੈ ਰੂਪੀ ਜ਼ਹਿਰ ਨਾਸ ਹੋ ਜਾਂਦਾ ਹੈ ਅਤੇ ਮਨ ਨਿਰਮਲ ਹੋ ਜਾਂਦਾ ਹੈ।[81]

8. ਮਨਮੁਖ

ਮਨਮੁਖ ਦਾ ਅਰਥ ਹੈ-ਵਿਮੁਖ, ਗੁਰਮਤਿ ਤੋਂ ਉਲਟ ਜਿਸ ਨੇ ਆਪਣੇ ਮਨ (ਸੰਕਲਪ) ਨੂੰ ਹੀ ਮੁੱਖ ਜਾਣਿਆ ਹੈ। ਮਨਮਤ ਧਾਰਨ ਕਰਨ ਵਾਲਾ।[82] ਮਨਮੁਖ ਨੂੰ ਗੁਰਬਾਣੀ 'ਬਿਸਟਾ ਕੇ ਕੀੜੇ' ਕਹਿ ਕੇ ਤ੍ਰਿਸਕਾਰਿਆ ਗਿਆ ਜੋ ਇਕ ਰੋਗੀ ਵਾਂਗ ਤੜਫਦਾ ਹੈ, ਦੋਹਾਗਣ ਵਾਂਗ ਕਰਮ ਕਰਦਾ ਹੈ, ਮੈਲ ਨਾਲ ਭਰਿਆ ਹੁੰਦਾ ਹੈ ਆਦਿ। ਇਸ ਦੀ ਪੁਸ਼ਟੀ ਗੁਰੂ ਅਮਰਦਾਸ ਨੇ ਇਸ ਪ੍ਰਕਾਰ ਕੀਤੀ ਹੈ:

8.1 ਵਿਕਾਰਾਂ ਰੂਪ ਮੈਲ ਨਾਲ ਭਰੇ ਹੋਏ

ਮਨਮੁਖ ਪ੍ਰਾਣੀ ਹਮੇਸ਼ਾ ਹੀ ਹਉਮੈ-ਤ੍ਰਿਸ਼ਨਾਂਵਾਂ ਰੂਪ ਵਿਕਾਰਾਂ ਦੀ ਗੰਦਗੀ ਨਾਲ ਮੈਲੇ ਹੀ ਰਹਿੰਦੇ ਹਨ। ਇਹ ਮੈਲ ਕਦੀ ਵੀ ਸਾਫ ਨਹੀਂ ਹੁੰਦੀ ਅਤੇ ਮਨਮੁਖ ਜਨਮ-ਮਰਣ ਨਾਲ ਖੁਆਰ ਹੁੰਦੇ ਹਨ[83] ਜਿਸ ਕਾਰਨ ਉਹ ਮੈਲ ਨਾਲ ਭਰੇ ਹੋਏ ਹੀ ਮਰ ਕੇ ਆਪਣੀ ਇੱਜਤ ਗਵਾ ਦਿੰਦੇ ਹਨ।[84]

8.2 ਸੁੰਨੇ ਘਰ ਦੇ ਕਾਂ ਵਾਂਗ ਨਿਥਾਵੇਂ

ਮਨਮੁਖ ਜੀਵ ਮਾਨਸਿਕ ਅਤੇ ਸਰੀਰਕ ਤੌਰ 'ਤੇ ਅੰਨ੍ਹੇ (ਅਧਿਆਤਮਕ ਗਿਆਨ ਤੇ ਸੇਵਾ ਤੋਂ ਵਿਹੂਣੇ) ਹੁੰਦੇ ਹਨ ਜਿਨ੍ਹਾਂ ਦਾ ਕਿਤੇ ਵੀ ਟਿਕਾਣਾ ਨਹੀਂ ਹੁੰਦਾ। ਉਹ ਸੁੰਨੇ ਘਰ ਦੇ ਕਾਂ ਵਾਂਗ ਜੂਨਾਂ ਵਿਚ ਭਟਕਦੇ ਰਹਿੰਦੇ ਹਨ।[85]

8.3 ਮਨਮੁਖ ਦੇ ਕਰਮ: ਦੋਹਾਗਣਿ ਦੇ ਸ਼ਿੰਗਾਰ ਵਾਂਗ

ਗੁਰੂ ਦੀ ਮਤ ਤੋਂ ਉਲਟ ਚਲਣ ਵਾਲੇ ਮਨਮੁਖਾਂ ਦੇ ਕਰਮ (ਵਿਸ਼ੇ-ਵਿਕਾਰਾਂ ਨਾਲ ਭਰੇ ਹੋਏ ਕਾਰਜ) ਇਕ ਦੋਹਾਗਣਿ ਇਸਤਰੀ ਦੇ ਸ਼ਿੰਗਾਰ ਵਾਂਗ ਹੁੰਦੇ ਹਨ[86] ਜਿਸਦਾ ਕੋਈ ਲਾਭ ਨਹੀਂ ਹੁੰਦਾ।

8.4 ਰੋਗੀ ਦੇ ਰੂਪ ਵਿਚ

ਗੁਰੂ ਦੀ ਸਿੱਖਿਆ 'ਤੇ ਨਾ ਚਲਣ ਕਾਰਨ ਮਨਮੁਖਾਂ ਦੁਬਿਧਾ ਰੂਪ ਰੋਗ ਨਾਲ ਗ੍ਰਸੇ ਰਹਿੰਦੇ ਹਨ ਅਤੇ ਤ੍ਰਿਸ਼ਨਾਂਵਾਂ ਵਿਚ ਸੜਦੇ ਹਨ। ਇਸ ਤਰ੍ਹਾਂ ਉਹ ਨਿਥਾਵੇਂ ਹੋ ਕੇ ਜਨਮ ਗਵਾ ਲੈਂਦੇ ਹਨ।[87]

8.5 ਬਿਸਟਾ (ਗੰਦਗੀ) ਦੇ ਕੀੜੇ ਦੇ ਪ੍ਰਤੀਕ ਵਜੋਂ

ਮਨਮੁਖ ਪ੍ਰਾਣੀ ਅੰਨ੍ਹੇ (ਅਧਿਆਤਮਕ ਗਿਆਨ ਤੋਂ) ਹੋਣ ਕਰਕੇ ਨਿਥਾਵਿਆਂ ਵਾਂਗ ਹੁੰਦੇ ਹਨ ਜੋ ਆਪਣੇ ਵਿਸ਼ੇ ਵਿਕਾਰਾਂ ਕਾਰਨ ਬਿਸਟਾ (ਗੰਦਗੀ) ਦੇ ਕੀੜੇ ਦੀ ਤਰ੍ਹਾਂ ਹਨ ਅਤੇ ਮਨਮੁਖ ਬਿਰਤੀ ਵਾਲੇ ਮੂਰਖ ਗੰਦਗੀ ਵਿਚ ਹੀ ਸਮਾਏ ਰਹਿੰਦੇ ਹਨ[88] ਭਾਵ ਗੰਦਗੀ ਦੇ ਕੀੜੇ ਦੀ ਤਰ੍ਹਾਂ ਸਾਰੀ ਜਿੰਦਗੀ ਵਿਸ਼ੇ-ਵਿਕਾਰਾਂ ਵਿਚ ਹੀ ਗਵਾ ਲੈਂਦੇ ਹਨ।

9. ਮਨੁੱਖੀ ਹਿਰਦਾ: ਖਿੜਿਆ ਕਮਲ

ਗੁਰਮੁਖ ਜਨਾਂ ਦਾ ਸੁਹਾਗ ਪ੍ਰਭੂ-ਨਾਮ ਹੁੰਦਾ ਹੈ, ਮੱਥੇ ਤੇ ਨਾਮ ਦੀ ਮਣੀ ਸ਼ੋਭਦੀ ਹੈ ਅਤੇ ਅਕਾਲ ਮੁਰਖ ਦੇ ਨਾਮ ਦੁਆਰਾ ਹਿਰਦਾ ਰੂਪ ਕਮਲ ਖਿੜਿਆ ਰਹਿੰਦਾ ਹੈ।[89] ਹਿਰਦੇ ਰੂਪ ਕਮਲ ਦਾ ਖਿੜਾਓ ਗੁਰ-ਸਬਦ ਰਾਹੀਂ ਹਉਮੈਂ ਦਾ ਤਿਆਗ ਕਰਨ ਨਾਲ ਹੁੰਦਾ ਹੈ[90] ਜਿਸ ਨਾਲ ਗੁਰਮੁਖਾਂ ਨੂੰ ਆਪਣੇ ਅੰਤਰ ਆਤਮੇ ਵਿਚ ਹੀ ਬ੍ਰਹਮ ਦੀ ਪਛਾਣ ਹੋ ਜਾਂਦੀ ਹੈ।[91]

10. ਮਨ: ਆਰਸ਼ੀ (ਸ਼ੀਸ਼ੇ) ਦੇ ਪ੍ਰਤੀਕ ਵਜੋਂ

ਇਹ ਮਨ ਇਕ ਸ਼ੀਸ਼ੇ ਦੀ ਤਰ੍ਹਾਂ ਹੈ ਜਿਸ ਨੂੰ ਕੋਈ ਵਿਰਲਾ ਹੀ ਗੁਰਮੁਖ ਜਨ ਦੇਖਦਾ ਹੈ ਭਾਵ ਆਪਣੇ ਆਪੇ ਦੀ ਪਛਾਣ ਕਰਦਾ ਹੈ। ਇਸ ਸ਼ੀਸ਼ੇ ਨੂੰ ਨਾ ਹੀ ਵਿਸ਼ੇ ਵਿਕਾਰਾਂ ਦਾ ਜੰਗਾਲ ਲਗਦਾ ਹੈ ਅਤੇ ਇਹ ਹਉਮੈ ਤੋਂ ਵੀ ਮੁਕਤ ਰਹਿੰਦਾ ਹੈ (ਗੁਰੂ ਦੀ ਮਤ ਧਾਰਨ ਕਰਨ ਨਾਲ)। ਗੁਰੂ ਦੇ ਦੱਸੇ ਸਬਦ ਦੀ ਜੁਗਤਿ ਤੋਂ ਬਿਨਾਂ ਇਸ ਨੂੰ ਦੇਖਿਆ ਨਹੀਂ ਜਾ ਸਕਦਾ। ਗੁਰੂ ਦੁਆਰਾ ਕਿਰਪਾ ਕਰਨ ਨਾਲ ਹੀ ਇਹ ਸੰਭਵ ਹੈ।[92]

11. ਅਧਿਆਤਮਿਕ ਗੁਣ

ਅਧਿਆਤਮਿਕ ਗੁਣ ਪ੍ਰਭੂ ਮਿਲਾਪ ਲਈ ਇਕ ਵਿਸ਼ੇਸ਼ ਮਹੱਤਵ ਰੱਖਦੇ ਹਨ ਜਿਨ੍ਹਾਂ ਨੂੰ ਧਾਰਨ ਕਰਨ ਲਈ ਗੁਰਬਾਣੀ ਵਿਚ ਥਾਂ-ਥਾਂ 'ਤੇ ਤਾਕੀਦ ਕੀਤੀ ਗਈ ਹੈ। ਗੁਰੂ ਅਮਰਦਾਸ ਦੀ ਬਾਣੀ ਵਿਚ ਇਹ ਸ਼ਿੰਗਾਰ ਅਤੇ ਜੋਗ ਦੇ ਬਾਹਰੀ ਚਿੰਨ੍ਹਾਂ ਦੇ ਪ੍ਰਤੀਕ ਵਜੋਂ ਵਰਤੇ ਗਏ ਹਨ।

11.1 ਸਿੰਗਾਰ ਦੇ ਪ੍ਰਤੀਕ ਵਿਚ

ਪ੍ਰਭੂ-ਪਤੀ ਨੂੰ ਉਹੀ ਜੀਵ-ਇਸਤਰੀ ਭਾਉਂਦੀ ਹੈ ਜੋ ਗੁਰੂ ਦੇ ਸਬਦ ਰਾਹੀਂ[93] ਭੈ ਅਤੇ ਭਉ ਨੂੰ ਸ਼ਿੰਗਾਰ ਬਣਾਉਂਦੀ ਹੈ।[94] ਗੁਰੂ ਦੇ ਸਬਦ ਦੁਆਰਾ ਸਿੰਗਾਰ ਕਰਨ ਤੋਂ ਬਾਅਦ ਜੀਵ ਇਸਤਰੀ ਸਦਾ ਹੀ ਪ੍ਰਭੂ ਪਤੀ ਦੇ ਰੰਗ ਵਿਚ ਰੱਤੀ ਰਹਿੰਦੀ ਹੈ।[95] ਜੀਵ ਇਸਤਰੀ ਦਾ ਪ੍ਰਭੂ ਦੇ ਭੈ (ਨਿਰਮਲ ਡਰ) ਅਤੇ ਭਉ (ਪਿਆਰ) ਦਾ ਸ਼ਿੰਗਾਰ ਕਰ ਕੇ ਉਸ ਨਾਲ ਸੁਰਤੀ ਜੋੜਦੀ ਹੈ।[96]



11.2 ਜੋਗ ਦੇ ਪ੍ਰਤੀਕ ਵਜੋਂ

ਗੁਰੂ ਅਮਰਦਾਸ ਨੇ ਜੋਗੀ ਨੂੰ ਬਾਹਰੀ ਜੋਗ ਦੀ ਥਾਂ ਅਧਿਆਤਮਿਕ ਗੁਣਾਂ ਦਾ ਅੰਦਰੂਨੀ ਜੋਗ ਧਾਰਨ ਕਰਨ ਦਾ ਉਪਦੇਸ਼ ਕੀਤਾ ਹੈ। ਜੇਕਰ ਜੋਗੀ ਮਿਹਨਤ ਦੀਆਂ ਮੁੰਦਰਾਂ, ਦਇਆ ਰੂਪ ਖਿੰਥਾ, ਅੰਤਰਿ ਆਤਮੇ ਵਿਚ ਆਉਣ-ਜਾਣ ਵਾਲੀ ਬਿਭੂਤੀ ਲਗਾਵੇ ਤਾਂ ਉਹ ਤਿੰਨ ਭਵਨਾਂ ਨੂੰ ਪਛਾਣ ਸਕਦਾ ਹੈ।[97] ਇਸੇ ਪ੍ਰਕਾਰ ਹੀ ਸਤ ਅਤੇ ਸੰਤੋਖ ਗੁਣਾਂ ਨੂੰ ਝੋਲੀ ਬਣਾ ਕੇ ਇਸ ਵਿਚ ਅੰਮ੍ਰਿਤ ਰੂਪ ਨਾਮ ਭੁਗਤਿ ਪਾਵੇ; ਧਿਆਨ ਰੂਪ ਡੰਡਾ ਧਾਰਨ ਕਰਕੇ ਆਪਣੀ ਸੁਰਤਿ ਨੂੰ ਸਿੰਙੀ ਵਾਂਗ ਵਜਾਵੇ ਅਤੇ ਮਨ ਨੂੰ ਵਿਕਾਰਾਂ ਤੋਂ ਸੰਕੋਚ ਕੇ ਆਸਣ ਲਗਾਵੇ ਤਾਂ ਉਸਦੇ ਫੁਰਨੇ ਖਤਮ ਹੋ ਜਾਣਗੇ। ਬਾਹਰੀ ਨਗਰੀ ਵਿਚ ਮੰਗਣ ਦੀ ਥਾਂ ਸਰੀਰ ਰੂਪ ਨਗਰ ਅੰਦਰ ਮੰਗਣ ਜਾਵੇ ਤਾਂ ਸਚ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ।[98]

12. ਵਿਸ਼ੇ-ਵਿਕਾਰ

ਦੁਨੀਆਵੀ ਵਿਸ਼ੇ-ਵਿਕਾਰ ਜੀਵ ਪਰਮ ਹਸਤੀ ਨਾਲ ਇਕਰੂਪਤਾ ਵਿਚਕਾਰ ਸਭ ਤੋਂ ਵੱਡੀ ਰੁਕਾਵਟ ਹਨ ਜਿਨ੍ਹਾਂ ਵਿਚ ਪੈ ਕੇ ਜੀਵ ਆਪਣੇ ਅਸਲ ਮਨੋਰਥ (ਪ੍ਰਭੂਮਿਲਾਪ) ਨੂੰ ਭੁੱਲ ਜਾਂਦਾ ਹੈ। ਗੁਰਬਾਣੀ ਵਿਚ ਇਨ੍ਹਾਂ ਦੀ ਅਭਿਵਿਅੰਜਨਾ ਨਕਰਾਤਮਕ ਪੱਖ ਦੇ ਤੌਰ 'ਤੇ ਹੋਈ ਹੈ। ਗੁਰੂ ਅਮਰਦਾਸ ਨੇ ਇਨ੍ਹਾਂ ਦੀ ਅਭਿਵਿਅਕਤੀ ਇਸ ਪ੍ਰਕਾਰ ਕੀਤੀ ਹੈ:

12.1 ਕੱਚੇ ਰੰਗ ਵਾਂਗ

ਵਿਸ਼ੇ ਵਿਕਾਰ ਕੱਚੇ ਰੰਗ ਵਾਂਗ ਹੁੰਦੇ ਹਨ ਜਿਨ੍ਹਾਂ ਨੇ ਖਤਮ ਹੋ ਜਾਣ ਨਾਲ ਜੀਵ ਦੁਖੀ ਹੁੰਦਾ ਹੈ।[99] ਇਸ ਲਈ ਇਸ ਕੱਚੇ ਰੰਗ ਦਾ ਤਿਆਗ ਕਰ ਕੇ ਅਤੇ ਨਾਮ ਰੂਪ ਮਜੀਠ ਰੰਗ ਦਾ ਆਸਰਾ ਲੈ ਕੇ ਸਦੀਵੀ ਸੁਖ ਪ੍ਰਾਪਤ ਕਰਨਾ ਚਾਹੀਦਾ ਹੈ।

12.2 ਕੱਚੇ ਧਨ ਦੇ ਪ੍ਰਤੀਕ ਵਜੋਂ

ਕੱਚੇ ਧਨ ਰੂਪੀ ਵਿਕਾਰ ਨੂੰ ਮਨਮੁਖ ਬਿਰਤੀ ਵਾਲੇ ਮੂਰਖ ਅਤੇ ਗਵਾਰ ਪ੍ਰਾਣੀ ਇੱਕਠਾ ਕਰਦੇ ਹਨ[100] ਜੋ ਹਮੇਸਾਂ ਹੀ ਦੁੱਖ ਦਾ ਕਾਰਨ ਬਣਦਾ ਹੈ ਕਿਉਂਕਿ ਨਾ ਤਾਂ ਇਹ ਧਨ ਨਾਲ ਜਾਂਦਾ ਹੈ ਅਤੇ ਨਾ ਹੀ ਬਾਅਦ ਵਿਚ ਪ੍ਰਾਪਤ ਹੁੰਦਾ ਹੈ ਸਗੋਂ ਇਹ ਹੰਕਾਰ ਦਾ ਕਾਰਨ ਬਣਦਾ ਹੈ।[101]

12.3 ਅੱਗ ਦੇ ਰੂਪ ਵਿਚ

ਵਿਸ਼ੇ-ਵਿਕਾਰਾਂ ਦੀਆਂ ਚਾਰ ਨਦੀਆਂ (ਹਿੰਮਾ, ਲੋਭ, ਮੋਹ, ਕ੍ਰੋਧ) ਦੀ ਅਗਨੀ ਇਸ ਤਨ ਨੂੰ ਜਲਾ ਰਹੀ ਹੈ ਅਤੇ ਤ੍ਰਿਸਨਾ-ਹੰਕਾਰ ਨਾਲ ਸੰਸਾਰ ਸੜ ਰਿਹਾ ਹੈ।[102] ਗੁਰਮੁਖਿ ਜਨ ਨਾਮ ਦੇ ਨਾਲ ਸਬਦ ਰਾਹੀਂ,[103] ਅਕਾਲ ਪੁਰਖ ਦੇ ਭਾਣੇ ਵਿਚ ਇਸ ਅਗਨੀ ਨੂੰ ਸਾਂਤ ਕਰ ਕੇ ਸੁਖ ਪ੍ਰਾਪਤ ਕਰਦੇ ਹਨ।

12.4 ਰੋਗ ਦੇ ਪ੍ਰਤੀਕ ਵਜੋਂ

ਮਨਮੁਖ ਬਿਰਤੀ ਵਾਲਾ ਸਾਰਾ ਸੰਸਾਰ ਵਿਸ਼ੇ-ਵਿਕਾਰਾਂ ਦੇ ਰੋਗ ਨਾਲ ਰੋਗੀ ਹੈ, ਤਿੰਨ ਗੁਣਾਂ (ਰਜੋ, ਤਮੋ ਅਤੇ ਸਤੋ) ਵਾਲੇ ਰੋਗ ਸਾਰਿਆਂ ਨੂੰ ਹੀ ਹਨ ਅਤੇ ਮੋਹ ਮਮਤਾ ਨੇ ਪ੍ਰਭੂ ਨਾਲੋਂ ਸ਼ਰਤੀ ਤੋੜ ਦਿੱਤੀ ਹੈ।[104] ਗੁਰਮੁਖ ਜਨ ਗੁਰੂ ਦੇ ਸਬਦ ਦੁਆਰਾ ਇਸ ਰੋਗ ਨੂੰ ਸਮਝ ਪਰਮਾਤਮਾ ਦੀ ਕਿਰਪਾ ਨਾਲ ਰੋਗ ਮੁਕਤ ਹੋ ਜਾਂਦੇ ਹਨ।[105]

12.5 ਠਗਉਲੀ (ਠੱਗ ਲੈਣ ਵਾਲੀ ਬੂਟੀ)

ਸਤਿਗੁਰੂ ਦੀ ਸੇਵਾ ਤੋਂ ਬਿਨਾਂ ਸੁੱਖ ਪ੍ਰਾਪਤ ਨਹੀਂ ਹੁੰਦਾ ਅਤੇ ਦੂਸਰੇ ਵਿਕਾਰਾਂ ਕਾਰਨ ਜੀਵ ਮੋਹ ਦੀ ਠਗਉਲੀ ਦਾ ਸ਼ਿਕਾਰ ਹੋ ਕੇ ਜੰਮਣ-ਮਰਨ ਦੇ ਗੇੜ ਵਿਚ ਪੈ ਜਾਂਦਾ ਹੈ।[106]

13. ਹਉਮੈਂ

ਹਉਮੈ ਦਾ ਅਰਥ ਹੈ- ਮੈਂ ਮੇਰੀ ਦਾ ਭਾਵ, ਅਹੰਤਾ, ਅਭਿਮਾਨ, ਖੁਦੀ।[108] ਇਸ ਹਉਮੈਂ ਕਰਕੇ ਹੀ ਵਿਸ਼ੇਸ ਪਦਾਰਥ ਮੈਂ, ਤੂੰ, ਇਹ, ਉਹ ਹੋਂਦ ਵਿਚ ਆਉਂਦੇ ਹਨ। ਇਹ ਉਹ ਚਾਰ ਦੀਵਾਰੀ ਹੈ, ਜਿਹੜੀ ਸਰਵ-ਵਿਆਪੀ ਆਤਮਾ ਤੋਂ ਜੀਵਾਤਮਾ ਬਣਾਉਂਦੀ ਹੈ।[109] ਹਉਮੈ ਦੀ ਬੂਝ ਹੀ ਹਉਮੈ ਦਾ ਦਾਰੂ ਹੈ, ਹਉਮੈ ਦੀ ਅਸੂਝ ਦੀਰਘ ਰੋਗ ਹੈ। ਇਹੋ ਕੂੜ ਦੀ ਪਾਲ ਖੜ੍ਹੀ ਕਰ ਦੇਂਦੀ ਹੈ। ਜੇ ਹਉਮੈ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਵੇ ਤਾਂ ਮਨੁੱਖ ਦਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ।[110] ਗੁਰੂ ਅਮਰਦਾਸ ਨੇ ਹਉਮੈ ਨੂੰ ਇਕ ਵੱਡੇ ਰੋਗ ਅਤੇ ਮੈਲ ਦੇ ਪ੍ਰਤੀਕ ਵਜੋਂ ਇਸ ਪ੍ਰਕਾਰ ਨਿਰੂਪਿਤ ਕੀਤਾ ਹੈ:

13.1 ਹਉਮੈ: ਇਕ ਵੱਡਾ ਰੋਗ

ਇਹ ਸਾਰਾ ਜਗਤ ਹਉਮੈ ਰੂਪ ਰੋਗ ਨਾਲ ਗ੍ਰਸਿਤ ਰੋਗੀ ਪੈਦਾ ਹੋਇਆ ਹੈ ਜੋ ਬਿਨਾਂ ਸਬਦ ਤੋਂ ਠੀਕ ਨਹੀਂ ਹੋ ਸਕਦਾ।[111] ਇਹ ਕਠਿਨ ਰੋਗ ਸਰੀਰ ਨੂੰ ਪੀੜ੍ਹਾ ਪਹੁੰਚਾਉਣ ਵਾਲਾ ਰੋਗ ਹੈ ਜਿਸ ਨੂੰ ਗੁਰਮੁਖ ਜਨ ਗੁਰੂ ਰਾਹੀਂ ਰਾਮ ਨਾਮ ਦੀ ਦਾਰੂ ਨਾਲ ਠੀਕ ਕਰ ਲੈਂਦੇ ਹਨ।[112] ਇਸ ਪ੍ਰਕਾਰ ਗੁਰਮੁਖ ਜਨ ਗੁਰੂ ਦੁਆਰਾ ਦੱਸੇ ਸਬਦ ਰਾਹੀਂ ਹਉਮੈ ਨੂੰ ਖਤਮ ਕਰ ਕੇ ਇਸ ਰੋਗ ਤੋਂ ਮੁਕਤ ਹੋ ਜਾਂਦੇ ਹਨ।

13.2 ਮੈਲ ਦੇ ਪ੍ਰਤੀਕ ਵਜੋਂ

ਹਉਮੈ ਰੂਪ ਮੈਲ ਨਾਲ ਇਹ ਸੰਸਾਰ ਦੁਖ ਪਾਉਂਦਾ ਹੈ ਜੋ ਮਨ ਨੂੰ ਦੂਸਰੇ ਵਿਕਾਰਾਂ ਤੋਂ ਲਗਦੀ ਹੈ। ਸੌ ਤੀਰਥਾਂ 'ਤੇ ਵੀ ਨਹਾਉਣ ਨਾਲ ਵੀ ਇਹ ਮੈਲ ਨਹੀਂ ਉਤਰਦੀ ਸਗੋਂ ਕਈ ਤਰੀਕਿਆਂ ਨਾਲ ਕਰਮ ਕਮਾਉਣ ਕਰਕੇ ਦੁਗਣੀ ਮੈਲ ਲੱਗ ਜਾਂਦੀ ਹੈ ਭਾਵ ਕਿ ਹੋਰ ਹਉਮੈ ਪੈਦਾ ਹੁੰਦੀ ਹੈ। ਗ੍ਰੰਥਾਂ-ਪੋਥੀਆਂ ਨੂੰ ਪੜ੍ਹ ਕੇ ਗਿਆਨ ਪ੍ਰਾਪਤ ਕਰਨ ਨਾਲ ਵੀ ਇਹ ਮੈਲ ਦੂਰ ਨਹੀਂ ਹੁੰਦੀ।[113] ਇਸ ਪ੍ਰਕਾਰ ਪ੍ਰਭੂ ਦੇ ਨਾਮ ਰਾਹੀਂ ਹੀ ਇਹ ਮੈਲ ਦੂਰ ਹੋ ਸਕਦੀ ਹੈ; ਬਾਕੀ ਦੇ



ਦੁਨੀਆਵੀ ਤੌਰ-ਤਰੀਕੇ ਇਸ ਹਉਮੈ ਮੈਲ ਨੂੰ ਵਧਾਉਣ ਦਾ ਕਾਰਨ ਬਣਦੇ ਹਨ।

14.ਸਬਦ

ਸਬਦ ਨੂੰ ਗੁਰਬਾਣੀ ਵਿਚ ਇਕ ਵਿਸ਼ੇਸ਼ ਦਰਜਾ ਪ੍ਰਾਪਤ ਹੈ ਕਿਉਂਕਿ ਸਬਦ ਹੀ ਦੁਬਿਧਾ, ਤ੍ਰਿਸ਼ਨਾ, ਹਉਮੈ ਆਦਿ ਨੂੰ ਦੂਰ ਕਰਨ ਦਾ ਸਾਧਨ ਹੈ। ਜਦੋਂ ਜੀਵ ਆਪਣੀ ਸੁਰਤਿ, ਸਬਦ ਨਾਲ ਜੋੜ ਲੈਂਦਾ ਹੈ ਤਾਂ ਉਹ ਤਿੰਨਾ ਗੁਣਾਂ ਤੋਂ ਉਪਰ ਉਠ ਕੇ ਸਹਿਜ ਅਵਸਥਾ ਦਾ ਧਾਰਨੀ ਹੋ ਜਾਂਦਾ ਹੈ। ਸਬਦ ਦੀ ਇਸੇ ਮਹਾਨਤਾ ਕਾਰਨ ਗੁਰਬਾਣੀ ਵਿਚ ਸਬਦ ਨੂੰ ਗੁਰੂ ਅਤੇ ਸੁਰਤਿ ਨੂੰ ਇਸ ਦਾ ਚੇਲਾ ਕਹਿ ਕੇ 'ਸਬਦ-ਸੁਰਤਿ' ਰਾਹੀਂ ਪ੍ਰਗਟ ਕੀਤਾ ਗਿਆ ਹੈ। ਗੁਰੂ ਅਮਰਦਾਸ ਨੇ ਸਬਦ ਨੂੰ ਅਮੋਲਕ ਰਤਨਾਂ ਅਤੇ ਸ਼ਿੰਗਾਰ ਦੇ ਪ੍ਰਤੀਕ ਵਜੋਂ ਇਸ ਪ੍ਰਕਾਰ ਅਭਿਵਿਅਕਤ ਕੀਤਾ ਹੈ:

14.1 ਕੀਮਤੀ ਰਤਨ ਦੇ ਰੂਪ ਵਿਚ

ਗੁਰੂ ਦਾ ਸਬਦ ਇਕ ਕੀਮਤੀ ਰਤਨ ਹੈ ਜਿਸ ਵਿਚ ਹੀਰੇ ਜੜੇ ਹੋਏ ਹਨ (ਪ੍ਰਭੂ-ਨਾਮ ਰੂਪ ਹੀਰੇ)। ਇਹ ਇਕ ਅਜਿਹਾ ਰਤਨ ਹੈ ਜਿਸ ਰਾਹੀਂ ਜੀਵ ਪਰਮਾਤਮਾ ਦੀ ਯਾਦ ਵਿਚ ਜੁੜ ਕੇ ਉਸ ਵਿਚ ਹੀ ਸਮਾਅ ਜਾਂਦਾ ਹੈ। ਹੀਰਿਆਂ ਨਾਲ ਜੜਿਆ ਹੋਇਆ ਰਤਨ ਰੂਪ ਗੁਰੂ ਦਾ ਸਬਦ ਉਸੇ ਨੂੰ ਪ੍ਰਾਪਤ ਹੁੰਦਾ ਹੈ ਜਿਸ ਨੂੰ ਪ੍ਰਭੂ ਆਪ ਸੂਝ ਬਖਸ਼ਦਾ ਹੈ।[114]

14.2 ਸਬਦ-ਸ਼ਿੰਗਾਰ ਦੇ ਪ੍ਰਤੀਕ ਵਜੋਂ

ਪਰਮਾਤਮਾ ਪਤੀ ਨਾਲ ਜੁੜੀਆਂ ਹੋਈਆਂ ਜੀਵ ਰੂਪ ਸੁਹਾਗਣ ਇਸਤਰੀਆਂ ਗੁਰੂਦੁਆਰਾ ਦੱਸੇ ਸਬਦ ਦਾ ਸ਼ਿੰਗਾਰ ਕਰਦੀਆਂ ਹਨ।[115] ਇਸ ਸਬਦ ਰੂਪ ਸ਼ਿੰਗਾਰ ਰਾਹੀਂ ਜੀਵ ਇਸਾਤਰੀ ਪ੍ਰਭੂ ਪਤੀ ਨਾਲ ਇਕਰੂਪਤਾ ਹਾਸਿਲ ਕਰ ਲੈਂਦੀ ਹੈ।

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਅਮਰਦਾਸ ਦੀ ਬਾਣੀ ਵਿਚ ਨਾਮ, ਸਬਦ, ਸੰਸਾਰ, ਜੀਵ, ਮਨੁੱਖਾ ਸਰੀਰ, ਗੁਰੂ ਆਦਿ ਪ੍ਰਤੀਕਾਂ ਦੀ ਸਫਲ ਅਭਿਵਿਅਕਤੀ ਹੋਈ ਹੈ ਜਿਨ੍ਹਾਂ ਦਾ ਕੇਂਦਰ ਬਿੰਦੂ ਪਰਮਾਤਮਾ ਹੈ। ਜੀਵ ਅਤੇ ਪਰਮਾਤਮਾ ਦੀ ਇਕਰੂਪਤਾ ਵਿਚ ਰੁਕਾਵਟ ਬਣਨ ਵਾਲੇ ਵਿਸ਼ੇ-ਵਿਕਾਰਾਂ (ਪੰਜ ਵਿਕਾਰਾਂ, ਹਉਮੈ ਆਦਿ) ਬਾਰੇ ਵੀ ਗੁਰੂ ਸਾਹਿਬ ਨੇ ਪ੍ਰਤੀਕਾਂ ਰਾਹੀਂ ਜਿਗਿਆਸੂ ਨੂੰ ਸੁਖੈਨ ਢੰਗ ਨਾਲ ਸਮਝਾਇਆ ਹੈ ਤਾਂ ਜੋ ਉਹ 'ਸਬਦ ਸੁਰਤਿ' ਦੇ ਮਾਰਗ ਰਾਹੀਂ 'ਏਕ ਜੋਤਿ ਦੁਇ ਮੂਰਤੀ' ਵੀ ਅਵਸਥਾ ਦਾ ਧਾਰਨੀ ਹੋ 'ਜੋਤੀ ਜੋਤਿ ਸਮਾਇ' ਦੀ ਰੂਹਾਨੀ ਮੰਜਿਲ ਨੂੰ ਪ੍ਰਾਪਤ ਕਰ ਸਕੇ।

**ਹਵਾਲੇ:**

1. (ੳ) ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥
   ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 968.

(ਅ) ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ॥
ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 968.

2. ਬਰਸੁ ਏਕੁ ਹਉ ਫਿਰਿ ਕਿਨੈ ਨਹੁ ਪਰਚਉ ਲਾਯਉ॥ ......
........ਗੁਰੁ ਦਯੁ ਮਿਲਾਯਉ ਭਿਖਿਆ ਜਿਵ ਤੁਰਖਹਿ ਤਿਵ ਰਹਉ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1395-96.
3. *Oxford Advanced Learns Dictionary of Current English*, Oxford University Press, 2005, p. 1556.
4. ਮਦਨ ਲਾਲ, ਕਾਮਯਨੀ ਔਰ ਉਰਵਸ਼ੀ ਮੇਂ ਪ੍ਰਤੀਕ ਯੋਜਨਾ, ਸੰਜਯ ਪ੍ਰਕਾਸ਼ਨ, ਦਿੱਲੀ, 1998, ਪੰਨਾ 13.
5. ਰਾਮਪ੍ਰਸਾਦ ਤ੍ਰਿਪਾਠੀ (ਮੁਖ ਸੰਪਾ.), ਹਿੰਦੀ ਵਿਸ਼ਵਕੋਸ਼, ਭਾਗ 7 ਵਾਂ, ਨਾਗਰੀ ਪ੍ਰਚਾਰਿਨੀ ਸਭਾ, ਵਾਰਾਨਸੀ, 1966, ਪੰਨਾ 448.
6. ਉਹੀ, ਪੰਨਾ 450.
7. *Comprise Advanced Learns Dictionary,* Cambridge University Press, 2006, p. 318.
8. ਹਿੰਦੀ ਸਾਹਿਤ ਕੋਸ਼, ਪੰਨਾ 515, ਉਧਰਿਤ ਰਾਮਨਾਰਾਯਨ ਲਾਲ, ਹਿੰਦੀ ਸਾਹਿਤਯ ਮੇਂ ਪ੍ਰਤੀਕ ਨਾਟਕ, ਆਸਾ ਪ੍ਰਕਾਸ਼ਨ, ਕਾਨਪੁਰ, 2000, ਪੰਨਾ 10.
9. *Encyclopedia of Religion and Ethics,* Vol.XII, P. 139, *Sikh Adhiyan,* Balkar Singh (ed.), Publication Bureau, Punjabi University, Patiala, 1998, p. 69.
10. ਤਨੇਜਾ, ਵਿਨੋਦ ਕੁਮਾਰ, ਸਿੱਧ ਔਰ ਨਾਥ ਸਾਹਿਤਯ ਮੇਂ ਪ੍ਰਤੀਕ ਯੋਜਨਾ, ਨਿਰਮਲ ਪਬਲੀਕੇਸ਼ਨਜ, ਦਿੱਲੀ, 1998, ਪੰਨਾ 17.
11. *Prinstan Encyclopadea of Peotry and Poetics,* p. 833.
12. ਦਵੇਂਦਰ ਆਚਾਰਯ, ਹਿੰਦੀ ਸੰਤ ਕਾਵਯ ਮੇਂ ਪ੍ਰਤੀਕ ਵਿਧਾਨ, ਨੈਸ਼ਨਲ ਪਬਲੀਸ਼ਿੰਗ ਹਾਊਸ, 1971, ਪੰਨਾ 66.
13. ਵਜ਼ੀਰ ਸਿੰਘ, ਧਰਮ ਦਾ ਦਾਰਸ਼ਨਿਕ ਪੱਖ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨਾ 125.
14. ਬਲਬੀਰ ਕੌਰ, ਗੁਰੂ ਨਾਨਕ ਬਾਣੀ ਵਿਚ ਬਿੰਬ-ਵਿਧਾਨ ਤੇ ਪ੍ਰਤੀਕ ਯੋਜਨਾ,



ਪੀਐਚ.ਡੀ. ਖੋਜ-ਪ੍ਰਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972, ਪੰਨਾ 63.
15. ਬਲਕਾਰ ਸਿੰਘ (ਸੰਪਾ.), ਸਿੱਖ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 69
16. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 117.
17. ਜੇਹੀ ਵਾਸਨਾ ਪਾਏ ਤੇਹੀ ਵਰਤੇ ਵਾਸੂ ਵਾਸ ਜਣਾਵਣਿਆ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 117.
18. ਪਿਰ ਪ੍ਰਭ ਸਚਾ ਸੋਹਣਾ ਪਾਈਐ ਗੁਰ ਬੀਚਾਰ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 38.
19. ਸੰਜੋਗੀ ਧਨ ਪਿਰ ਮੇਲਾ ਹੋਵੈ॥
ਗੁਰਮਤਿ ਵਿਚਹੁ ਦੁਰਮਤਿ ਖੋਵੈ॥
ਰੰਗ ਸਿਉ ਨਿਤ ਰਲੀਆ ਮਾਣੈ ਆਪਣੈ ਕੰਤ ਪਿਆਰੀ ਜੀਉ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1016.
20. ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ॥
ਸਦਾ ਪਿਰ ਨਿਹਚਲ ਪਾਈਐ ਨ ਓਹੁ ਮਰੈ ਨ ਜਾਇ॥ ॥
ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 66.
21. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 769.
22. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 38.
23. ਜਿਨੀ ਸਖੀ ਕੰਤੁ ਪਛਾਣਿਆ ਹਉ ਤਿਨ ਕੈ ਲਾਗਉ ਪਾਇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 37.
24. ਨਾਨਕ ਏਕ ਜੋਤਿ ਦੁਇ ਮੂਰਤੀ ਸਬਦ ਮਿਲਾਵਾ ਹੋਇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 30.
25. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 271.
26. ਅਨਦਿਨ ਨਾਮੇ ਰਤਿਆ ਜੋਤਿ ਜੋਤਿ ਸਮਾਈ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 35.
27. ਅੰਜਨਿ ਮਾਹਿ ਨਿਰੰਜਨ ਪਾਇਆ ਜੋਤੀ ਜੋਤਿ ਮਿਲਾਵਣਿਆ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 112.
28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 769
29. ਪਾਰਸ ਪਰਸੇ ਫਿਰਿ ਪਾਰਸ ਹੋਏ ਹਰਿ ਜੀਉ ਅਪਣੀ ਕਿਰਪਾ ਧਾਰੀ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 911.

30. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 638.

31. ਪਾਰਸਿ ਪਰਸਿਐ ਪਾਰਸ ਹੋਇ ਜੋਤੀ ਜੋਤਿ ਮਿਲਾਇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 27.

32. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 113.

33. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 746-47.

34. ਪੰਖੀ ਬਿਰਖ ਸੁਹਾਵੜਾ ਸਚ ਚੁਗੈ ਗੁਰ ਭਾਇ॥
ਹਰਿ ਰਸ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 66.

35. ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥
ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥
ਬਿਨ ਗੁਰ ਮਹਲਿ ਨ ਜਾਪਈ ਨ ਅੰਮ੍ਰਿਤ ਫਲ ਪਾਇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 66.

36. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਭੰਨਾ 908.

37. ਮਾਇਆ ਸਰ ਸਬਲ ਵਰਤੈ ਜੀਉ ਕਿਉ ਕਰਿ ਦੁਤਰੁ ਤਰਿਆ ਜਾਏ॥
ਰਾਮੁ ਨਾਮੁ ਕਰ ਬੋਹਿਥਾ ਜੀਉ ਸਬਦ ਖੇਵਟ ਵਿਚਿ ਪਾਇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ਪੰਨਾ 245.

38. (ੳ) ਨਾਨਕ ਨਾਉ ਬੇੜਾ ਨਾਉ ਤੁਲਹੜਾ ਭਾਈ ਜਿਤ ਲਗਿ ਪਾਰਿ ਜਨ ਪਾਇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 603.
(ਅ) ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੇ ਚਾੜਿ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 638.

39. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 69.

40. ਭਭੈ ਭਵਜਲਿ ਡੂਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 435.

41. ਮਨਮੁਖਿ ਮਰਹਿ ਕਿਛੂਨ ਸੁਝੈ ਦੁਰਮਤਿ ਅਗਿਆਨ ਅੰਧਾਰਾ॥
ਭਵਜਲਿ ਪਾਰਿ ਨ ਪਾਵਹਿ ਕਬਹੀ ਡੂਬਿ ਮੂਏ ਬਿਨ ਗੁਰ ਸਿਰਿ ਭਾਰਾ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1155.

42. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 117.



43. ਜਿਉ ਜਲਿ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ॥
ਜਿਸ ਤੇ ਹੋਆ ਤਿਸ ਮਾਹਿ ਸਮਾਣਾ ਚੂਕ ਗਇਆ ਪਾਸਾਰਾ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1258.

44. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 124.

45. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 922.

46. ਇਸੁ ਗੁਫਾ ਮਹਿ ਇਕ ਥਾਨੁ ਸੁਹਾਇਆ॥
ਪੂਰੈ ਗੁਰਿ ਹਉਮੈ ਭਰਮੁ ਚੁਕਾਇਆ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 126.

47. ਗੁਰ ਕੈ ਸਬਦ ਇਹੁ ਗੁਫਾ ਵੀਚਾਰੇ॥
ਨਾਮ ਨਿਰੰਜਨੁ ਅੰਤਰਿ ਵਸੈ ਮੁਰਾਰੇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 126.

48. ਏਹੁ ਸਰੀਰ ਸਰੋਵਰ ਹੈ ਸੰਤਹੁ ਇਸਨਾਨ ਕਰੇ ਲਿਵ ਲਾਈ॥
ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੈ ਮੈਲ ਗਵਾਈ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 909.

49. ਏਹੁ ਸਰੀਰ ਸਰੋਵਰ ਹੈ ਸੰਤਹੁ ਇਸਨਾਨ ਕਰੇ ਲਿਵ ਲਾਈ॥
ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲ ਗਵਾਈ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 909.

50. ਕਾਇਆ ਨਗਰੀ ਸਬਦੇ ਖੋਜੇ ਨਾਮ ਨਵੰ ਨਿਧਿ ਪਾਈ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 909.

51. ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ॥ ਹਰਿ ਸਾਚੇ ਸੇਤੀ ਵਣਜੁ ਵਾਪਾਰਾ॥
ਸਚ ਧਨੁ ਜੰਮਿਆ ਤੋਟਿ ਨ ਆਵੈ ਅੰਤਰਿ ਨਾਮ ਨਿਵਾਸੀ ਹੇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1048.

52. ਕਾਇਆ ਕੋਟੁ ਅਤਿ ਅਪਾਰਾ॥
ਤਿਸ ਵਿਚਿ ਬਹਿ ਪ੍ਰਭੁ ਕਰੇ ਵੀਚਾਰਾ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1064.

53. ਕਾਇਆ ਕੰਚਨ ਕੋਟੁ ਅਪਾਰਾ॥
ਜਿਸੁ ਵਿਚਿ ਰਵਿਆ ਸਬਦੁ ਅਪਾਰਾ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1056.

54. ਗੜ ਕਾਇਆ ਅੰਦਰਿ ਬਹੁ ਹਟ ਬਾਜਾਰਾ ॥
ਤਿਸੁ ਵਿਚਿ ਨਾਮੁ ਹੈ ਅਤਿ ਅਪਾਰਾ ॥
ਗੁਰ ਕੈ ਸਬਦ ਸਦਾ ਦਰਿ ਸੋਹੈ ਹਉਮੈ ਮਾਰਿ ਪਛਾਤਾ ਹੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1053.

55. ਹਰਿ ਮੰਦਰ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ ॥
ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1418.

56. ਕਾਇਆ ਹਰਿਮੰਦਰ ਹਰਿ ਆਪਿ ਸਵਾਰੇ ॥
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1056.

57. (ੳ) ਹਰਿ ਮੰਦਰ ਸਬਦੇ ਸੋਹਣਾ ਕੰਚਨ ਕੋਟ ਆਪਾਰ ॥
(ਅ) ਹਰਿ ਮੰਦਰ ਏਹੁ ਸਰੀਰ ਹੈ ਗਿਆਨ ਰਤਨਿ ਪਰਗਟਿ ਹੋਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1346.

58. ਹਰਿ ਮੰਦਰ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥
ਤਿਸ ਵਿਚ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1346.

59. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1346.

60. ਮਨ ਮੇਰੇ ਹਰਿ ਰਸ ਚਾਖੁ ਤਿਖ ਜਾਇ ॥
ਜਿਨੀ ਗੁਰਮੁਖਿ ਰਾਖਿਆ ਸਹਜੇ ਰਹੇ ਸਮਾਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 26.

61. ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸ ਸਮਾਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 66.

62. ਹਰਿ ਰਸ ਰਾਖਹਿ ਸੇ ਜਨ ਨਿਰਮਲ ਨਿਰਮਲ ਨਾਮ ਪਿਆਵਣਿਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 128.

63. ਹਰਿ ਰਸ ਪਾਇ ਪਲੈ ਪੀਐ ਹਰਿ ਰਸ ਬਹੁੜਿ ਨ ਤ੍ਰਿਸਨਾ ਲਾਗੈ ਆਇ ॥
ਏਹੁ ਹਰਿ ਰਸ ਕਰਮੀ ਪਾਈਐ ਸਤਗੁਰੂ ਮਿਲੈ ਜਿਸੁ ਆਇ ॥
ਕਹੈ ਨਾਨਕ ਹੋਰ ਅਨਰਸ ਸਭ ਵੀਸਰੈ ਜਾ ਹਰਿ ਵਸੈ ਮਨਿ ਆਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 921.

64. ਨਾਮੁ ਨਿਧਾਨ ਅਖੁਟੁ ਹੈ ਵਡਭਾਗਿ ਪਰਾਪਤਿ ਹੋਇ ॥



ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 29.

65. ਨਾਨਕ ਨਾਮ ਰਤਨ ਜਗਿ ਲਾਹਾ ਗੁਰਮੁਖਿ ਆਪਿ ਬੁਝਾਏ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 247.

66. ਸਾਚਾ ਧਨ ਖਟਿਆ ਕਦੇ ਤੋਟਿ ਨ ਆਵੈ ਬੁਝੈ ਕੋ ਵੀਚਾਰੀ ਹੇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1050.

67. ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ ॥
ਪੂਰੈ ਸਤਿਗੁਰਿ ਦੀਆ ਦਿਖਾਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 663.

68. ਨਾਮ ਧਨ ਬਿਨ ਹੋਰ ਸਭ ਬਿਖ ਜਾਣੁ ॥
ਮਾਇਆ ਮੋਹ ਜਲੈ ਅਭਿਮਾਨ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 664.

69. ਸਹਜੇ ਖੇਤੀ ਰਾਹੀਐ ਸਚੁ ਨਾਮ ਬੀਜ ਪਾਇ ॥
ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜ ਸੁਭਾਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 535.

70. ਅਨਦਿਨ ਸਦਾ ਰਵੈ ਦਿਨੁ ਰਾਤੀ ਮਜੀਠੈ ਰੰਗ ਬਣਾਵਣਿਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 35.

71. ਆਪੇ ਰੰਗੇ ਸਹਜਿ ਸੁਭਾਏ ॥
ਗੁਰ ਕੈ ਸਬਦ ਹਰਿ ਰੰਗ ਚੜਾਏ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 114.

72. ਇਹੁ ਹਰਿ ਰੰਗੁ ਗੂੜਾ ਧਨ ਪਿਰ ਹੋਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 664.

73. ਇਹੁ ਰੰਗੁ ਕਦੇ ਨ ਉਤਰੈ ਸਾਚਿ ਸਮਾਏ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 798.

74. ਏਕੋ ਨਾਮੁ ਅੰਮ੍ਰਿਤ ਹੈ ਮੀਠਾ ਜਗਿ ਨਿਰਮਲ ਸਚੁ ਸੋਈ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1259.

75. ਸੁਰਿ ਨਰ ਮੁਨਿ ਜਨ ਅੰਮ੍ਰਿਤ ਖੋਜਦੇ ਸੁ ਅੰਮ੍ਰਿਤ ਗੁਰ ਤੇ ਪਾਇਆ ॥
ਪਾਇਆ ਅੰਮ੍ਰਿਤ ਗੁਰ ਕਿਰਪਾ ਕੀਨੀ ਸਚਾ ਮਨਿ ਵਸਾਇਆ ॥.......
ਕਹੈ ਨਾਨਕ ਗੁਰਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 918.

76. ਬਲਕਾਰ ਸਿੰਘ (ਸੰਪਾ.), ਸਿੱਖ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨੇ 87, 89.

77. ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 2011, ਪੰਨਾ 554.

78. ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥
ਮਾਇਆ ਤ ਮੋਹਲੀ ਭਿਨੈ ਕੀਤੀ ਜਿਨ ਠਗਉਲੀ ਪਾਈਆ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 918.

79. ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥
ਮਾਇਆ ਅਗਨਿ ਸਭ ਏਕੋ ਜੇਹੀ ਕਰਤੈ ਖੇਲੁ ਰਚਾਇਆ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 921.

80. ਮਾਇਆ ਅਗਨਿ ਜਲੈ ਸੰਸਾਰੇ॥
ਗੁਰਮੁਖਿ ਨਿਵਾਰੈ ਸਬਦਿ ਵੀਚਾਰੇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1049.

81. ਮਾਇਆ ਭੁਇੰਗਮੁ ਸਰਪੁ ਹੈ ਜਗ ਘੇਰਿਆ ਬਿਖ ਖਾਇ॥
ਬਿਖੁ ਕਾ ਮਾਰਣ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ॥
ਜਿਨ ਕਉ ਪੂਰਬਿ ਲਿਖਿਆ ਤਿਨ ਸਤਿਗੁਰੂ ਮਿਲਿਆ ਆਇ॥
ਮਿਲਿ ਸਤਿਗੁਰ ਨਿਰਮਲੁ ਹੋਇਆ ਬਿਖੁ ਹਉਮੈ ਗਇਆ ਬਿਲਾਇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1415.

82. ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 2011,
ਪੰਨਾ 950.

83. ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰ॥
ਬਿਨ ਸਬਦੈ ਮੈਲ ਨ ਉਤਰੈ ਮਰਿ ਜੰਮਹਿ ਹੋਇ ਖੁਆਰ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 29.

84. ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 39.

85. ਮਨਮੁਖ ਮਨੁ ਤਨੁ ਅੰਧ ਹੈ ਤਿਸ ਕਉ ਠਉਰ ਨ ਠਾਉ॥



ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈ ਘਰਿ ਕਾਉ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 30.

86. ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰ॥
ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 31.

87. ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮ ਗਵਾਈ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1130.

88. (ੳ) ਮਨਮੁਖ ਅੰਧਾ ਠਉਰ ਨ ਪਾਇ॥
ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 362.
(ਅ) ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 601.

89. ਗੁਰਮੁਖਿ ਨਾਮ ਸੁਹਾਗੁ ਹੈ ਮਸਤਕਿ ਮਣੀ ਲਿਖਿਆਸੁ॥
ਹਰਿ ਹਰਿ ਨਾਮੁ ਉਰਿ ਧਾਰਿਆ ਹਰਿ ਹਿਰਦੈ ਕਮਲ ਪ੍ਰਗਾਸ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1134.

90. ਗੁਰ ਕੇ ਸਬਦ ਕਮਲ ਪਰਗਾਸਿਆ ਹਉਮੈ ਦੁਰਮਤਿ ਖੋਈ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1334.

91. ਗੁਰਮੁਖਿ ਕਮਲ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1419.

92. ਇਹੁ ਮਨ ਆਰਸੀ ਕੋਈ ਗੁਰਮੁਖਿ ਵੇਖੈ॥
ਮੋਰਚ ਨ ਲਾਗੈ ਜਾ ਹਉਮੈ ਸੋਖੈ॥
ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ॥
ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 115.

93. ਸਦਾ ਸੁਹਾਗਣਿ ਜੋ ਪ੍ਰਭ ਭਾਵੈ॥
ਗੁਰ ਸਬਦੀ ਸੀਗਾਰੁ ਬਣਾਵੈ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 363.

94. ਕਾਮਵਿ ਗੁਣਵੰਤੀ ਹਰਿ ਪਾਏ॥

ਭੈ ਭਾਇ ਸੀਗਾਰੁ ਬਣਾਏ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 123.

95. ਗੁਰ ਸਬਦ ਸੀਗਾਰੀ ਸਚਿ ਸਵਾਰੀ ਸਦਾ ਰਾਵੇ ਰੰਗਿ ਰਾਤੀ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 435.

96. ਭੈ ਦਾ ਸਹਜੁ ਸੀਗਾਰ ਕਰਿਹੁ ਸਚ ਰਹਹੁ ਲਿਵ ਲਾਇ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1420.

97. ਸਰਮੈ ਦੀਆ ਮੁੰਦਾ ਕੰਨੀ ਪਾਇ ਜੋਗੀ ਖਿੰਥਾ ਕਰਿ ਤੂਦਇਆ॥

ਆਵਣੁ ਜਾਣੁ ਬਿਭੂਤਿ ਲਾਇ ਜੋਗੀ ਤਾ ਤੀਨਿ ਭਵਣ ਜਿਨਿ ਲਇਆ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 908.

98. ਸਤੁ ਸੰਤੋਖ ਪਤੁ ਕਰਿ ਝੋਲੀ ਜੋਗੀ ਅੰਮ੍ਰਿਤ ਨਾਮੁ ਭੁਗਤਿ ਪਾਈ॥

ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ ਵਜਾਈ॥

ਮਨ ਦ੍ਰਿੜ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ॥

ਕਾਇਆ ਨਗਰੀ ਮਹਿ ਮੰਗਣਿ ਚੜਹਿ ਤਾ ਸਚੁ ਪਲੈ ਪਾਈ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 908.

99. ਕੂੜਾ ਰੰਗ ਕਸੁੰਭ ਦਾ ਬਿਨਸਿ ਜਾਇ ਦੁਖ ਹੋਇ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 281.

100. ਕਾਚਾ ਧਨੁ ਸੰਚਹਿ ਮੂਰਖ ਗਾਵਾਰ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 665.

101. ਬਿਖਿਆ ਕੈ ਧਨਿ ਸਦਾ ਦੁਖੁ ਹੋਇ॥ ਨਾ ਸਾਥਿ ਜਾਇ ਨਾ ਪਰਾਪਤਿ ਹੋਇ॥.......

......ਬਿਖਿਆ ਕਾ ਧਨੁ ਬਹੁਤ ਅਭਿਮਾਨੁ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 664.

102. ਚਾਰ ਨਦੀਆ ਅਗਨਿ ਤਨ ਜਾਰੇ॥ ਤ੍ਰਿਸਨਾ ਜਲਤ ਜਲੇ ਅਹੰਕਾਰੇ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1172.

103. ਅੰਤਰਿ ਨਾਮੁ ਰਵਿਆ ਨਿਹਕੇਵਲ ਤ੍ਰਿਸਨਾ ਸਬਦ ਬੁਝਾਈ ਹੇ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1044.

104. (ੳ) ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1130.

(ਅ) ਤ੍ਰੈ ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ॥



ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1130.

105. (ੳ) ਗੁਰਮੁਖਿ ਬੂਝਹਿ ਰੋਗ ਗਵਾਵਹਿ ਗੁਰ ਸਬਦੀ ਵੀਚਾਰਾ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1130.

(ਅ) ਗੁਰ ਕਾ ਸਬਦ ਸਭ ਰੋਗ ਗਵਾਏ ਜਿਸ ਨੋ ਹਰਿ ਜੀਉ ਲਾਏ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1131.

106. ਬਿਨ ਸਤਿਗੁਰ ਸੇਵੇ ਸੁਖ ਨਹੀ ਮਰਿ ਜਮਹਿ ਵਾਰੋ ਵਾਰ॥

ਮੋਹ ਠਗਉਲੀ ਪਾਈਅਨ ਬਹੁ ਦੂਜੈ ਭਾਇ ਵਿਕਾਰ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1248.

107. ਇਸ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮ ਕ੍ਰੋਧ ਲੋਭੁ ਮੋਹ ਅਹੰਕਾਰਾ॥

ਅੰਮ੍ਰਿਤ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੁਕਾਰਾ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 600.

108. ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 2011, ਪੰਨਾ 255.

109. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2010, ਪੰਨਾ 401.

110. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 405.

111. ਹਉਮੈ ਰੋਗੀ ਜਗਤ ਉਪਾਇਆ ਬਿਨੁ ਸਬਦੈ ਰੋਗੁ ਨ ਜਾਈ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1130.

112. ਹਉਮੈ ਰੋਗ ਕਠਿਨ ਤਨਿ ਪੀਰਾ॥

.......ਗੁਰਮੁਖਿ ਰਾਮ ਨਾਮ ਦਾਰੂਲਾਇਆ॥

ਕਰਿ ਕਿਰਪਾ ਗੁਰ ਰੋਗੁ ਗਵਾਇਆ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1172.

113. ਜਗ ਹਉਮੈ ਮੈਲੁ ਦੁਖੁ ਪਾਇਆ ਮਲ ਲਾਗੀ ਦੂਜੇ ਭਾਇ॥

ਮਲ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥

ਬਹੁਬਿਧਿ ਕਰਮ ਕਮਾਵਦੇ ਦੂਣੀ ਮਲ ਲਾਗੀ ਆਇ॥

ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥

ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 39.

114. ਗੁਰ ਕਾ ਸ਼ਬਦੁ ਰਤੰਨੁ ਹੈ ਹੀਰੇ ਜਿਤ ਜੜਾਉ॥

ਸਬਦੁ ਰਤਨੁ ਜਿਤੁ ਮੰਨੁ ਲਾਗਾ ਲਾਗਾ ਏਹੁ ਹੋਆ ਸਮਾਉ॥.......
.......ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920.

115. ਸਬਦਿ ਰਤੀਆ ਸੋਹਾਗਣੀ ਸਚੈ ਸਬਦਿ ਸੀਗਾਰਿ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 38.



# ਸਹਜ ਦਾ ਗੁਰਮਤਿ ਪਰਿਪੇਖ
## (ਗੁਰੂ ਅਮਰਦਾਸ ਦੀ ਬਾਣੀ ਦੇ ਸੰਦਰਭ ਵਿਚ)

ਹਰਵਿੰਦਰ ਸਿੰਘ*

ਸਹਜ ਸ਼ਬਦ ਦੀ ਵਰਤੋਂ ਧਾਰਮਿਕਤਾ ਨਾਲ ਸੰਬੰਧਤ ਸਾਹਿਤ ਵਿਚ ਪੁਰਾਣੇ ਸਮੇਂ ਤੋਂ ਕੀਤੀ ਹੋਈ ਮਿਲਦੀ ਹੈ। ਸਹਜ ਸ਼ਬਦ ਦੀ ਵਧੇਰੇ ਵਰਤੋਂ ਬੋਧੀਆਂ, ਸਿੱਧਾਂ ਅਤੇ ਨਾਥ ਜੋਗੀਆਂ ਨੇ ਹੀ ਕੀਤੀ ਹੈ। ਸਹਜ ਦੇ ਸੰਕਲਪ ਤੇ ਕੇਂਦਰਤ ਸੰਪਰਦਾਵਾਂ ਵੀ ਚਲਣ ਦੇ ਹਵਾਲੇ ਮਿਲਦੇ ਹਨ। ਭਾਰਤੀ ਚਿੰਤਨ ਪੱਧਤੀ ਵਿਚ ਸਹਜ ਨੂੰ ਉਪਾਸਨਾ ਨਾਲ ਸੰਬੰਧ ਰੂਪਾਂ ਨੂੰ ਕ੍ਰਮਬਧ ਕਰਦਿਆਂ ਸਹਜ-ਅਵਸਥਾ ਨੂੰ ਉਤਮ ਅਵਸਥਾ ਪਰਵਾਨ ਕੀਤਾ ਹੋਇਆ ਹੈ। ਜਿਸ ਦੇ ਨਾਲ ਉਪਾਸਨਾ ਦੇ ਜੋ ਤਿੰਨ ਹੋਰ ਰੂਪ ਪਰਵਾਨ ਕੀਤੇ ਹੋਏ ਹਨ, ਉਨ੍ਹਾਂ ਵਿਚ ਧਿਆਨ ਤੇ ਧਾਰਨਾ, ਮੂਰਤੀ ਪੂਜਾ ਅਤੇ ਜਗ ਤਥਾ ਹੋਮ ਆਦਿ ਨੂੰ ਸ਼ਾਮਲ ਕੀਤਾ ਹੋਇਆ ਹੈ।[1] ਵਿਦਵਾਨਾਂ ਦਾ ਅਨੁਮਾਨ ਹੈ ਕਿ ਸਹਜ ਸ਼ਬਦ ਚੀਨੀ ਭਾਸ਼ਾ ਦੇ ਸ਼ਬਦ ਤਾਓ ਦਾ ਸੰਸਕ੍ਰਿਤ ਰੂਪਾਂਤਰ ਹੈ।[2] ਨਿਰੁਕਤ ਦੀ ਦ੍ਰਿਸ਼ਟੀ ਤੋਂ ਸਹਜ ਸ਼ਬਦ ਦੇ ਅਰਥ ਸੁਭਾਵਿਕ, ਨਿਰਯਤਨ, ਆਤਮਿਕ ਅਡੋਲਤਾ ਆਦਿ ਕੀਤੇ ਹਨ। ਇਸ ਸ਼ਬਦ ਅਰਥ ਅਤੇ ਭਾਵ ਨੂੰ ਪ੍ਰਗਟਾਉਣ ਲਈ ਸਹਜਯਾਨੀ ਚਿੰਤਕਾਂ ਨੇ ਨਾਲ ਹੀ ਉਤਪੰਨ ਹੋਣ ਨੂੰ ਸਹਜ ਪਰਵਾਨ ਕੀਤਾ ਹੋਇਆ ਹੈ। ਸਿੱਧਾਂ ਦੀ ਇਕ ਸ਼ਾਖਾ 'ਸਹਿਜਯਾਨ' ਸਹਿਜ ਦੇ ਨਿਸ਼ਾਨੇ ਦੀ ਪ੍ਰਾਪਤੀ ਨੂੰ ਹੀ ਸਮਰਪਿਤ ਸੀ।[3] ਭਾਈ ਵੀਰ ਸਿੰਘ ਨੇ ਸਹਜ ਪਦ ਦੇ ਅਰਥ ਇਸ ਤਰਾਂ ਕੀਤੇ ਹਨ- 1. ਸੁਭਾਵਿਕ, ਕੁਦਰਤੀ ਅਵਸਥਾ 2. ਆਤਮਾ ਦੀ ਉਹ ਦਸ਼ਾ ਯਾ ਅਵਸਥਾ ਜੋ ਕਿਸੇ ਬਨਾਵਟ ਨੇ ਨਹੀਂ ਬਣਾਈ, ਜੋ ਆਪਣੇ ਆਪ ਵਿਚ ਸੁਤੇ ਸਿੱਧ, ਨਾਲ ਹੀ ਹੈ। ਇਉਂ ਉਸ ਨੂੰ ਅਵਸਥਾ ਭੀ ਨਹੀਂ ਕਹਿ ਸਕਦੇ। ਉਹ ਸਰਬ ਅਵਸਥਾ ਤੋਂ ਪਰੇ ਇਕ 'ਯਥਾਰਥ' ਹੈ। ਇਸ ਕਰਕੇ ਇਸ ਦਾ ਅਰਥ ਗਯਾਨ ਵੀ ਕਰਦੇ ਹਨ, ਪਰਮਪਦ ਵੀ ਕਰਦੇ ਹਨ। 3. ਸੁਖ ਰੂਪ ਤੇ ਹੌਲੇ ਹੌਲੇ ਵੀ ਅਰਥ ਇਸ ਦੇ ਹਨ।[4]

ਗੁਰਬਾਣੀ ਵਿਚ ਸਹਜ ਨੂੰ ਇਕ ਤੋਂ ਵੱਧ ਅਰਥਾਂ ਵਿਚ ਵਰਤਿਆ ਹੋਇਆ ਹੈ ਜਿਵੇਂ ਕਿ ਵਿਵੇਕ, ਆਨੰਦ, ਪਾਰਬ੍ਰਹਮ, ਸਨਮਾਨ ਜਾਂ ਆਦਰ, ਨਿਰਯਤਨ, ਸੁਭਾਵਿਕ ਅਤੇ ਆਸਾਨੀ ਨਾਲ ਆਦਿ।[5]

ਸਹਜ ਦੇ ਜੋ ਵਿਆਕਰਣਕ ਰੂਪ ਜਾਂ ਸ਼ਬਦ ਜੋੜ ਗੁਰਬਾਣੀ ਵਿਚ ਵਰਤੇ ਹੋਏ ਹਨ,

*ਰਿਸਰਚ ਸਕਾਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਉਨ੍ਹਾਂ ਵਿਚ ਸਹਜਇਆ, ਸਹਜ ਸਮਾਧਿ, ਸਹਜ ਸੁਖ, ਸਹਜ ਸੁਖਦਾਤਾ, ਸਹਜ ਸੁਭਾਇ, ਸਹਜ ਕਥਾ, ਸਹਜ ਘਰੇ, ਸਹਜ ਧੁਨਿ, ਸਹਜ ਬਿਚਾਰੰ ਅਤੇ ਸਹਿਜੋ ਆਦਿ ਸ਼ਾਮਿਲ ਹਨ।[6]

ਸਿੱਖ ਧਰਮ ਵਿਚ ਹਠ ਮਾਰਗ ਦੀ ਥਾਂ ਸਹਜ ਮਾਰਗ ਨੂੰ ਪ੍ਰਵਾਣ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਨੇ ਉਸ ਸਮੇਂ ਦੀ ਹਾਲਤ ਨੂੰ ਵੇਖਦੇ ਹੋਏ ਦੱਸਿਆ ਕਿ ਹਠ ਕਰਮ ਕਰਨ ਨਾਲ ਮਨ ਕਾਬੂ ਵਿਚ ਨਹੀਂ ਆਉਂਦਾ ਸਗੋਂ ਇਸ ਨਾਲ ਸਰੀਰ ਨੂੰ ਦੁੱਖ ਪਹੁੰਚਦਾ ਹੈ। ਹੋਰਨਾ ਮਤਾਂ ਵਿਚ ਕਠਿਨ ਸਾਧਨਾ ਜਾਂ ਸਮਾਧੀ ਦੁਆਰਾ, ਕਠੋਰ ਤਪ ਨਾਲ ਸਰੀਰ ਨੂੰ ਕਸ਼ਟ ਦੇ ਕੇ ਮੁਕਤੀ ਪ੍ਰਾਪਤੀ ਦਾ ਵਿਚਾਰ ਬਣਿਆ ਹੋਇਆ ਹੈ ਪਰੰਤੂ ਗੁਰਮਤਿ ਨੇ ਹਠਯੋਗ ਦੀ ਥਾਂ ਸਹਜਯੋਗ ਦਾ ਨਿਵੇਕਲਾ ਰਸਤਾ ਦਰਸਾਇਆ ਹੈ। ਇਸ ਰਸਤੇ ਤੇ ਚਲਣ ਨਾਲ ਬਿਨਾਂ ਸਰੀਰ ਨੂੰ ਕਸ਼ਟ ਦਿੱਤੇ, ਗ੍ਰਹਿਸਤ ਵਿਚ ਰਹਿ ਕੇ ਮਨੁੱਖ 'ਚਰਨ ਕਮਲ ਦੀ ਸਦੀਵੀ ਮੌਜ' ਦੇ ਰੂਪ ਵਿਚ ਸਹਜ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਇਹ ਸਹਜ ਅਵਸਥਾ ਦੁਨੀਆਂ ਵਿਚ ਵਰਤ ਰਹੀਆਂ ਤਿੰਨਾਂ ਅਵਸਥਾਵਾਂ ਤੋਂ ਉਚੇਰੀ ਨਿਰੋਲ ਅਧਿਆਤਮਿਕ 'ਚੌਥੀ' ਅਵਸਥਾ ਹੈ ਜਿਸ ਵਿਚ ਪੁੱਜ ਕੇ ਜੀਵਾਤਮਾ ਸਦੀਵੀ ਸੁਖ, ਖੇੜੇ, ਪਰਗਾਸ ਤੇ ਵਿਗਾਸ ਦੇ ਮੰਡਲ ਵਿਚ ਪ੍ਰਵੇਸ਼ ਕਰਦੀ ਹੈ।[7] ਡਾ. ਨਿਹਾਰ ਰੰਜਨ ਰੇ ਲਿਖਦੇ ਹਨ: "ਗੁਰੂ ਨਾਨਕ ਨੇ ਆਪਣੀ ਸਹਿਜ-ਸਾਧਨਾ ਦੁਆਰਾ ਮੱਧਯੁਗ ਦੇ ਭਾਰਤੀ ਧਰਮ ਅਤੇ ਸਮਾਜ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾ ਲਿਆ ਅਤੇ ਸੰਸਾਰ ਨੂੰ ਫਿਰ ਤੋਂ ਧਾਰਮਿਕ ਅਤੇ ਅਧਿਆਤਮਿਕ ਜਿਗਿਆਸਾ ਲਈ ਵਧੇਰੇ ਪਾਵਨ ਰੂਪ ਵਾਲਾ ਸਾਧਨ ਪ੍ਰਦਾਨ ਕੀਤਾ।[8]

ਸਹਜ ਸ਼ਬਦ ਨੂੰ ਦੋ ਭਾਗਾਂ ਵਿਚ ਵੰਡ ਕੇ ਵੇਖਿਆ ਜਾ ਸਕਦਾ ਹੈ:-

1. ਸੁਭਾਵਿਕ
2. ਨਿਰਬਾਣ ਪਦ[9]

ਸੁਭਾਵਿਕ ਦਾ ਅਰਥ ਹੈ ਸਹਜ ਸੁਭਾਅ, ਗੁਰਬਾਣੀ ਵਿਚ ਸਹਜ ਨੂੰ ਸੁਭਾਵਿਕ ਅਰਥਾਂ ਵਿਚ ਇਸ ਪ੍ਰਕਾਰ ਵਰਤਿਆ ਗਿਆ ਹੈ:

ਸਹਿਜ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥[10]
ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ ਕਿਛੂ ਨ ਜਾਇ ॥[11]

ਇਸ ਪ੍ਰਥਾਇ ਭਗਤ ਕਬੀਰ ਦਾ ਕਥਨ ਹੈ :

ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ ॥
ਕਹਤ ਕਬੀਰ ਉਆ ਕੋ ਸਹਜੁ ਨ ਜਾਈ ॥[12]

ਗੁਰਬਾਣੀ ਵਿਚ ਸਹਜ ਨੂੰ ਨਿਰਵਾਣ ਪਦ ਜਾਂ ਤੁਰੀਆ ਅਵਸਥਾ ਦੇ ਅਰਥਾਂ ਵਿਚ ਇਸ ਤਰ੍ਹਾਂ ਵਰਤਿਆ ਗਿਆ ਹੈ:

ਭੂਰਾ ਸਤਿਗੁਰੁ ਸਹਿਜ ਸਮਾਵੈ ॥[13]



ਸਹਜ ਗੁਫਾ ਮਹਿ ਆਸਣੁ ਬਾਧਿਆ ॥
ਜੋਤਿ ਸਰੂਪ ਅਨਾਹਦੁ ਵਾਜਿਆ ॥[14]

ਸਹਜ ਅਵਸਥਾ:

ਗੁਰਬਾਣੀ ਅਨੁਸਾਰ ਸਹਿਜ ਯੋਗ ਤੋਂ ਭਾਵ ਹੈ ਕਿ ਆਪਾ ਕਾਬੂ ਕਰਨਾ ਅਤੇ ਇਛਾਵਾਂ, ਭਾਵਨਾਵਾਂ, ਤਿਸ਼੍ਨਾ, ਕ੍ਰੋਧ, ਲਾਲਚ, ਲੋਭ ਤੇ ਹੰਕਾਰ ਤੋਂ ਛੁਟਕਾਰਾ ਪ੍ਰਾਪਤ ਕਰਨਾ, ਕਿਉਂਕਿ ਇਹੋ ਸਾਰੇ ਤੱਤ ਦੁਨਿਆਵੀ ਬੰਧਨਾਂ ਦਾ ਕਾਰਨ ਬਣਦੇ ਹਨ। ਮਨ ਭਾਵਨਾਵਾਂ ਦਾ ਟਿਕਾਣਾ ਹੈ, ਲੋਭ ਅਤੇ ਹਉਮੈ ਜਿਸਮਾਨੀ ਬੰਧਨ ਹਨ।[15] ਆਤਮਾ ਅਤੇ ਪਰਮਾਤਮਾ ਦੇ ਸੰਜੋਗ ਦੀ ਅਵਸਥਾ ਨੂੰ ਸਹਜ ਅਵਸਥਾ ਕਿਹਾ ਗਿਆ ਹੈ। ਗੁਰਮਤਿ ਅਨੁਸਾਰ ਸਹਜ ਉਸ ਸਰਲ, ਸੁਗਮ, ਅਡੋਲ, ਸ਼ਾਂਤ ਇਕਾਗਰ ਅਤੇ ਅਨੰਦਮਈ ਅਵਸਥਾ ਦਾ ਨਾਮ ਹੈ ਜੋ ਆਤਮਾ ਨੂੰ ਮਨ-ਮਾਇਆ ਅਤੇ ਕਾਲ ਦੇ ਤ੍ਰੈਗੁਣੀ ਮੰਡਲਾਂ ਤੋਂ ਪਰੇ ਚਉਥੇ ਪਦ ਵਿਚ ਪਹੁੰਚ ਕੇ ਪ੍ਰਾਪਤ ਹੁੰਦੀ ਹੈ। ਪਰਮਾਤਮਾ ਨੂੰ ਮਿਲ ਕੇ ਹੀ ਸਹਜ ਅਵਸਥਾ ਜਾਂ ਤੁਰੀਆ ਪਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਹਜ ਅਵਸਥਾ ਵਿਚ ਜੀਵ-ਆਤਮਾ ਆਤਮਿਕ ਆਨੰਦ ਪ੍ਰਾਪਤ ਕਰਦੀ ਹੈ ਤੇ ਪਰਮਾਤਮਾ ਰੂਪ ਹੋ ਜਾਂਦੀ ਹੈ।[16]

ਗੁਰੂ ਅਮਰਦਾਸ ਨੇ ਸਹਜ ਮਾਰਗ ਦੇ ਵਿਲਖਣ ਰੂਪ ਦੀ ਗੱਲ ਕਰਦਿਆਂ ਹੋਇਆ ਲਿਖਿਆ ਹੈ ਕਿ ਇਸ ਮਾਰਗ ਦੇ ਧਾਰਨੀ ਗੁਰਮੁਖ ਜਦੋਂ ਆਪਣੇ ਆਸੇ ਵਿਚ ਪਰਪੱਕ ਹੋ ਜਾਂਦੇ ਹਨ ਤਾਂ ਉਹ ਦਸਵੇਂ ਆਕਾਸ਼ ਭਾਵ ਕਿ ਵਿਸਮਾਦ ਦੀ ਅਵਸਥਾ ਵਿਚ ਪੁੱਜ ਜਾਂਦੇ ਹਨ।[17] ਇਸ ਅਵਸਥਾ ਵਿਚ ਪਹੁੰਚ ਕੇ ਸਰੀਰਕ ਲੋੜਾਂ (ਸੁੱਖ, ਦੁੱਖ, ਭੁੱਖ, ਪਿਆਸ) ਨਹੀਂ ਵਿਆਪਦੀਆਂ। ਇਸ ਅਵਸਥਾ ਤੇ ਪਹੁੰਚ ਕੇ ਮਨੁੱਖ ਸਦਾ ਹੀ ਆਤਮਿਕ ਅਡੋਲਤਾ ਵਿਚ ਲੀਨ ਰਹਿੰਦਾ ਹੈ:

ਓਥੈ ਸੋਗੁ ਵਿਜੋਗੁ ਨ ਵਿਆਪੈ ਸਹਜੇ ਸਹਜਿ ਸਮਾਇਆ ॥[18]

ਇਸ ਅਵਸਥਾ ਵਿਚ ਪਹੁੰਚ ਕੇ ਸਾਧਕ ਸਹਜ ਰੂਪ ਹੋ ਜਾਂਦਾ ਹੈ। ਇਹ ਸੁੱਖ ਦੀ ਅਵਸਥਾ ਹੈ ਜਿਸ ਵਿਚ ਸਾਰੇ ਸੰਸੇ, ਭਰਮ, ਦੁੱਖ, ਦਰਦ ਮਿਟ ਜਾਂਦੇ ਹਨ। ਮਨੁੱਖ ਸਮਦਰਸੀ ਹੋ ਜਾਂਦਾ ਹੈ। ਉਹ ਹਰ ਖੁਸ਼ੀ, ਗਮੀ ਵਿਚ ਅਡੋਲ ਰਹਿੰਦਾ ਹੈ ਤੇ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ। ਇਹ ਇਕ ਅਜਿਹੀ ਅਵਸਥਾ ਹੈ ਜਿੱਥੇ ਅਨਹਦ ਨਾਦ ਸੁਣਾਈ ਦੇਂਦਾ ਹੈ:

ਨਉ ਦਰ ਠਾਕੇ ਧਾਵਤੁ ਰਹਾਏ ॥
ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥[19]

ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਸਹਜ ਅਵਸਥਾ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ। ਗੁਰਬਾਣੀ ਅਨੁਸਾਰ ਇਸ ਅਵਸਥਾ ਦੀ ਪ੍ਰਾਪਤੀ ਗੁਰੂ ਸ਼ਬਦ, ਗੁਰੂ ਬਖਸ਼ਿਸ, ਤੇ ਆਪਾ ਪਛਾਨਣ ਨਾਲ ਹੁੰਦੀ ਹੈ। ਆਪੇ ਦੀ ਪਹਿਚਾਣ ਕਰ ਲੈਣ ਨਾਲ ਮਨ ਨਿਰਮਲ ਤੇ ਮਤਿ ਉੱਤਮ ਹੋ

ਜਾਂਦੀ ਹੈ। ਹਰੀ ਦੇ ਗੁਣ ਗਾਇਨ ਕਰਨ ਨਾਲ ਸਹਜ ਅਵਸਥਾ ਪ੍ਰਾਪਤ ਹੋ ਜਾਂਦੀ ਹੈ।[20]

ਸਹਜ ਅਵਸਥਾ ਦੀ ਪ੍ਰਾਪਤੀ ਜੀਵ ਦੇ ਆਪਣੇ ਯਤਨਾਂ ਤੋਂ ਪਰੇ ਪਰੇਰੇ ਦੀ ਗੱਲ ਹੈ। ਸੰਸਾਰਿਕ ਵਿਦਵਤਾ, ਜੋਤਿਸ਼ ਦੀ ਜਾਣਕਾਰੀ, ਭੇਖਾਂ ਦਾ ਧਾਰਨਾ ਆਦਿ ਉਰਲੀਆਂ ਗੱਲਾਂ ਹਨ। ਸਹਜ ਉਸ ਦੀ ਉਚਤਮ ਮੰਜਲ ਦੇ ਪਾਂਧੀ ਲਈ ਸਤਿਗੁਰੂ ਦੀ ਰਜ਼ਾ ਵਿਚ ਰਹਿਣਾ ਅਤਿ ਜ਼ਰੂਰੀ ਹੈ। ਗੁਰੂ ਸ਼ਬਦ ਤੋਂ ਬਿਨਾਂ ਸਹਜ ਨਹੀ ਉਪਜਦਾ[21] ਤੇ ਗੁਰੂ ਦਾ ਸ਼ਬਦ ਗੁਰੂ ਜੀ ਦੀ ਪ੍ਰਸੰਨਤਾ ਪ੍ਰਾਪਤੀ ਕਰਨ ਨਾਲ ਮਿਲਦਾ ਹੈ ਅਤੇ ਜੀਵ ਨੂੰ ਆਤਮਿਕ ਉਨਤੀ ਵਾਸਤੇ ਸਤਿਗੁਰੂ ਦੀ ਮਿਹਰ ਦੀ ਹਰ ਸਮੇਂ ਤੀਬਰ ਲੋੜ ਹੈ।[22]

ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ ॥
ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ ॥[23]

ਪਰਮੇਸ਼ਰ ਨੇ ਜਿਹੜੇ ਜਗਿਆਸੂਆਂ ਨੂੰ ਆਪਣੇ ਪਿਆਰ ਵਿਚ ਰੰਗ ਲਿਆ ਹੈ, ਉਹਨਾਂ ਨੂੰ ਗੁਰੂ ਸ਼ਬਦ ਵਿਚ ਲੀਨ ਕਰਕੇ ਆਪ ਰੰਗ ਚੜ੍ਹਾਇਆ ਹੈ। ਉਹਨਾਂ ਦੀ ਰਸਨਾ ਹਰ ਵੇਲੇ ਨਾਮ ਰੰਗ ਵਿਚ ਲੀਨ ਰਹਿੰਦੀ ਹੈ। ਉਹਨਾਂ ਨੇ ਸਹਜੇ ਹੀ ਪ੍ਰਭੂ ਨੂੰ ਪਾ ਲਿਆ ਹੈ ਤੇ ਹੋਰਨਾਂ ਨੂੰ ਵੀ ਇਸ ਅਵਸਥਾ ਵਿਚ ਮਿਲਾਉਣ ਵਾਲੇ ਬਣ ਗਏ ਹਨ।[24]

ਗੁਰੂ ਦੀ ਕ੍ਰਿਪਾ ਨਾਲ ਹਉਮੈ ਰੂਪੀ ਭਰਮ ਦਾ ਨਾਸ ਹੋ ਜਾਂਦਾ ਹੈ ਤੇ ਸੈਂਕੜੇ ਗੁਣਾਂ ਮਿੱਠਾ ਪ੍ਰਭੂ ਦਾ ਨਾਮ ਹੋਰ ਮਿੱਠਾ ਲੱਗਣ ਲੱਗ ਪੈਂਦਾ ਹੈ। ਸੱਚੀ ਬਾਣੀ ਜਦੋਂ ਸਹਜੇ ਸਹਜੇ ਮਨ ਵਿਚ ਸਮਾ ਜਾਂਦੀ ਹੈ ਤਾਂ ਫਿਰ ਪਰਮਾਤਮਾ ਮਨ ਵਿਚ ਨਿਵਾਸ ਕਰ ਲੈਂਦਾ ਹੈ।[25] ਗੁਰੂ ਦੇ ਸ਼ਬਦ ਨਾਲ ਹੀ ਸਹਜ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ:

ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥
ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥[26]
ਸਬਦੈ ਹੀ ਤੇ ਸਹਜੁ ਉਪਜੈ ਹਰਿ ਪਾਇਆ ਸਚੁ ਸੋਇ ॥[27]

ਗੁਰੂ ਨੂੰ ਮਿਲਣ ਨਾਲ ਮਨੁੱਖ ਦੀ ਸੁਰਤਿ ਕਾਮ, ਕ੍ਰੋਧ ਆਦਿਕ ਵਿਕਾਰਾਂ ਵਲੋਂ ਪਰਤ ਗਈ ਤੇ ਉਹ ਮਨੁੱਖ ਆਤਮਕ ਅਡੋਲਤਾ ਨਾਲ ਜੀਉ ਪਿਆ।[28] ਜਿਹੜੇ ਜੀਵ ਗੁਰੂ ਦੇ ਹੁਕਮ ਵਿਚ ਚਲਦੇ ਹਨ ਉਹ ਗੁਰੂ ਨੂੰ ਪਿਆਰੇ ਲਗਣ ਲਗ ਪੈਂਦੇ ਹਨ, ਤੇ ਗੁਰੂ ਜੀ ਕ੍ਰਿਪਾ ਕਰਕੇ ਉਨ੍ਹਾਂ ਨੂੰ ਸਹਜ ਪਦਵੀ ਬਖ਼ਸ਼ ਦੇਂਦੇ ਹਨ:

ਸੇਈ ਨਾਚਹਿ ਜੋ ਤੁਧੁ ਭਾਵਹਿ ਜਿ ਗੁਰਮੁਖਿ ਸਬਦੁ ਵੀਚਾਰੀ ॥
ਕਹੁ ਨਾਨਕ ਸੇ ਸਹਜ ਸੁਖੁ ਪਾਵਹਿ ਜਿਨ ਕਉ ਨਦਰਿ ਤੁਮਾਰੀ ॥[29]
ਜਿਨ ਕਉ ਪੂਰਬਿ ਲਿਖਿਆ ਤਿਨ੍ਹਾ ਭੇਟਿਆ ਗੁਰ ਗੋਵਿੰਦੁ ॥
ਨਾਨਕ ਸਹਜੇ ਮਿਲਿ ਰਹੇ ਹਰਿ ਪਾਇਆ ਪਰਮਾਨੰਦੁ ॥[30]

ਮਨੁੱਖ ਦੇ ਸਰੀਰ ਵਿਚ ਪਾਪ ਅਤੇ ਪੁੰਨ ਦੋਵੇਂ ਹੀ ਮੌਜੂਦ ਹਨ। ਇਹਨਾਂ ਦੋਹਾਂ ਦੇ



ਆਧਾਰ 'ਤੇ ਹੀ ਸ੍ਰਿਸ਼ਟੀ ਚਲਾਇਮਾਨ ਹੈ। ਜੋ ਇਹਨਾਂ ਦੋਹਾਂ ਦਾ ਪ੍ਰਭਾਵ ਛਡ ਕੇ ਪ੍ਰਭੂ ਚਰਨਾਂ ਵਿਚ ਆਉਂਦਾ ਹੈ ਉਹ ਗੁਰੂ ਦੀ ਮਤਿ ਨਾਲ ਸਹਜ ਵਿਚ ਭਾਵ ਪ੍ਰਭੂ ਵਿਚ ਸਮਾਉਣ ਵਾਲਾ ਬਣ ਜਾਂਦਾ ਹੈ।[31] ਮਾਇਆ ਮੋਹਣੀ ਦੇ ਪ੍ਰਭਾਵ ਕਰਕੇ ਮਨੁੱਖ ਮੋਹ ਵਿਚ ਫਸ ਕੇ ਵਿਸ਼ਿਆਂ ਵਿਕਾਰਾਂ ਦੇ ਭੋਗ ਨੂੰ ਹੀ ਜੀਵਨ ਸਮਝ ਲੈਂਦਾ ਹੈ ਤੇ ਉਸ ਨੂੰ ਅਖੀਰ ਨਿਰਾਸਤਾ ਹੁੰਦੀ ਹੈ। ਮਾਇਆ ਵਿਚ ਫਸਿਆ ਮਨੁੱਖ ਅਨੇਕ ਕਰਮ ਕਾਂਡ ਕਰਦਾ ਹੈ ਤੇ ਜੰਮਣ ਮਰਣ ਦੇ ਚੱਕਰ ਵਿਚ ਪਿਆ ਦੁੱਖ ਪਾਉਂਦਾ ਹੈ:

ਮਾਇਆ ਵਿਚ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥[32]

ਗੁਰਬਾਣੀ ਵਿਚ ਮਨ ਨੂੰ ਕਈ ਵਾਰ ਸੁਚੇਤ ਕੀਤਾ ਗਿਆ ਹੈ ਕਿ ਵਿਅਰਥ ਦੇ ਕਰਮ ਕਰਨ ਨਾਲ ਸਹਜ ਪ੍ਰਾਪਤੀ ਨਹੀਂ ਹੁੰਦੀ ਨਾ ਹੀ ਸਹਸਾ ਭਾਵ ਦੁਬਿਧਾ ਦੂਰ ਹੁੰਦੀ ਹੈ।[33] ਇਹ ਸਹਸਾ ਸਹਜ ਅਵਸਥਾ ਵਿਚ ਪਹੁੰਚ ਕੇ ਦੂਰ ਹੁੰਦਾ ਹੈ ਤੇ ਸਹਜ ਅਵਸਥਾ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦੀ ਹੈ। ਗੁਰੂ ਦੀ ਕ੍ਰਿਪਾ ਪ੍ਰਾਪਤ ਕਰਨ ਲਈ ਗੁਰੂ ਹੁਕਮ ਅਨੁਸਾਰ ਚਲਣਾ ਪੈਂਦਾ ਹੈ:

ਮੇਰੇ ਮਨ ਗੁਰ ਕੀ ਸਿਖ ਸੁਣੀਜੈ ॥
ਹਰਿ ਕਾ ਨਾਮੁ ਸਦਾ ਸੁਖਦਾਤਾ ॥
ਸਹਜੇ ਹਰਿ ਰਸੁ ਪੀਜੈ ॥[34]

ਜਦੋਂ ਤੱਕ ਜੀਵ ਰਜੋ, ਸਤੋ, ਤਮੋ ਤਿੰਨਾਂ ਗੁਣਾਂ ਤੋਂ ਜਾਗਤ, ਸੁਪਨ, ਸੁਖੋਪਤੀ ਤਿੰਨਾਂ ਅਵਸਥਾਵਾਂ ਦੇ ਦਾਇਰੇ ਵਿਚ ਵਿਚਰਦਾ ਹੈ ਤਦ ਤਕ ਇਹ ਭਰਮਾਂ ਵਿਚ ਭੁੱਲਾ ਭਟਕਦਾ ਫਿਰਦਾ ਹੈ। ਗੁਰਮੁਖਤਾਈ ਧਾਰਨ ਕਰਨ ਨਾਲ ਅਗਿਆਨਤਾ ਦੇ ਛੋੜ ਕਟੇ ਜਾਂਦੇ ਹਨ ਤੇ ਚਉਥੇ ਪਦ ਵਿਚ ਸਹਜ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ[35]:

ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥[36]
ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥
ਪਰਮ ਪਦਾਰਥੁ ਪਾਵੈ ਸੋਈ ॥
ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥[37]

ਗੁਰੂ ਜੀ ਨੇ ਵਾਰ ਵਾਰ ਗੁਰਬਾਣੀ ਰਾਹੀਂ ਸਮਝਾਉਣ ਦਾ ਯਤਨ ਕੀਤਾ ਹੈ ਕਿ ਸਹਜ ਅਵਸਥਾ ਦੀ ਪ੍ਰਾਪਤੀ ਗੁਰੂ ਕਿਰਪਾ ਤੇ ਨਾਮ ਜਪਣ ਨਾਲ ਹੁੰਦੀ ਹੈ। ਜਿਸ ਉਤੇ ਗੁਰੂ ਕਿਰਪਾ

ਕਰਦਾ ਹੈ ਉਸਨੂੰ ਇਹ ਅਵਸਥਾ ਆਪ ਸੁਤਿਆਂ ਉਠਾ ਕੇ ਦਿੰਦਾ ਹੈ,[38] ਇਸ ਪਰਥਾਇ ਗੁਰਬਾਣੀ ਦੇ ਅਨੇਕਾਂ ਫੁਰਮਾਣ ਜੀਵ ਨੂੰ ਸਮਝਾਉਂਦੇ ਹਨ:

ਬਾਬੀਹਾ ਤੂੰ ਸਹਜਿ ਬੋਲਿ ਸਚੈ ਸਬਦਿ ਸੁਭਾਇ ॥
ਸਭੁ ਕਿਛੁ ਤੇਰੈ ਨਾਲਿ ਹੈ ਸਤਿਗੁਰਿ ਦੀਆ ਦਿਖਾਇ ॥ [39]
ਗੁਰਮੁਖਿ ਧਿਆਨ ਸਹਜ ਧੁਨਿ ਉਪਜੈ ਸਚੁ ਨਾਮਿ ਚਿਤੁ ਲਾਇਆ ॥
ਗੁਰਮੁਖਿ ਅਨਦਿਨੁ ਰਹੈ ਰੰਗਿ ਰਾਤਾ ਹਰਿ ਕਾ ਨਾਮੁ ਮਨਿ ਭਾਇਆ ॥ [40]

ਇਸ ਪ੍ਰਕਾਰ ਅਸੀਂ ਇਹ ਕਹਿ ਸਕਦੇ ਹਾਂ ਕਿ ਮਨੁੱਖੀ ਜੀਵਨ ਦਾ ਮਨੋਰਥ ਪ੍ਰਭੂ-ਪਤੀ ਦਾ ਮਿਲਾਪ ਹੈ। ਪ੍ਰਭੂ ਦੇ ਮਿਲਾਪ ਦੀ ਇਸ ਅਵਸਥਾ ਨੂੰ ਸਹਜ ਅਵਸਥਾ ਕਿਹਾ ਗਿਆ ਹੈ। ਇਸ ਅਵਸਥਾ ਦੀ ਪ੍ਰਾਪਤੀ ਆਤਮਿਕ ਸੁਖਾਂ ਦੇ ਸਾਰੇ ਦਰਵਾਜੇ ਖੋਲ੍ਹ ਦਿੰਦੀ ਹੈ ਪਰ ਇੱਥੇ ਪਹੁੰਚਣਾ ਕਠਿਨ ਹੈ। ਸਹਜ ਪਦ ਤਕ ਪਹੁੰਚਣ ਲਈ ਜੀਵ ਨੂੰ ਰੱਬੀ ਭਾਣੇ ਤੇ ਰਜ਼ਾ ਆਦਿ ਦੀਆਂ ਮੰਜ਼ਿਲਾਂ ਤੈਅ ਕਰਕੇ ਗੁਰ-ਸ਼ਬਦ ਦੀ ਕਮਾਈ ਕਰਨੀ ਪਵੇਗੀ। ਜੇਕਰ ਜੀਵ ਪੂਰਨ ਤੌਰੇ ਤੇ ਹਉਮੈ ਅਤੇ ਮਾਇਆ ਦੇ ਮੋਹ ਦਾ ਤਿਆਗ ਕਰਕੇ ਗੁਰ ਸ਼ਬਦ ਵਿਚ ਲੀਨ ਹੋ ਜਾਵੇ ਤਾਂ ਗੁਰੂ ਬਖਸ਼ੀਸ ਸਦਕਾ ਉਸਨੂੰ ਸਹਜ ਅਵਸਥਾ ਪ੍ਰਾਪਤ ਹੋ ਸਕਦੀ ਹੈ। ਮਨੁੱਖ ਦੇ ਆਪਣੇ ਯਤਨਾਂ ਸਦਕਾ ਇਸ ਅਵਸਥਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਉਹ ਗੁਰਮੁੱਖ ਵੱਡੇ ਭਾਗਾਂ ਵਾਲੇ ਹਨ ਜਿਨਾਂ ਨੇ ਗੁਰੂ ਮਿਹਰ ਸਦਕਾ ਇਸ ਅਵਸਥਾ ਨੂੰ ਪਾ ਲਿਆ ਹੈ।

ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥ [41]
ਨਾਨਕ ਮਸਤਕਿ ਜਿਸੁ ਵਡਭਾਗੁ ॥
ਗੁਰ ਕੀ ਬਾਣੀ ਸਹਜ ਬੈਰਾਗੁ ॥ [42]

**ਹਵਾਲੇ:**


1. ਰਾਧਾ ਕ੍ਰਿਸ਼ਨਨ, ਭਾਰਤ ਕੀ ਅੰਤਰਾਤਮਾ (ਹਿੰਦੀ), ਪੰਨਾ 12.
2. ਪਰਸੂਰਾਮ ਚਤੁਰਵੇਦੀ, ਕਬੀਰ ਸਾਹਿਤਯ ਕੀ ਪਰਖ (ਹਿੰਦੀ), ਪੰਨਾ 250.
3. ਰਤਨ ਸਿੰਘ ਜੱਗੀ (ਸੰਪਾ.) ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਲਦ ਤੀਜੀ, ਪੰਨਾ 271.
4. ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਪੰਨਾ 77.
5. ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 137.
6. ਗੁਰਚਰਨ ਸਿੰਘ, ਸ਼ਬਦ ਅਨੁਕ੍ਰਮਣਿਕਾ, ਭਾਗ ਪਹਿਲਾ, ਪੰਨਾ 212.
7. ਰੂਪ ਸਿੰਘ (ਸੰਪਾ.), ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, ਸ੍ਰੋ.ਗੁ.ਪ੍ਰ.ਕ., ਅਮ੍ਰਿਤਸਰ, ਪੰਨਾ 263 .
8. ਹਰਜੋਤ ਕੌਰ, ਗੁਰਮਤਿ ਦੇ ਪ੍ਰਮੁੱਖ ਸੰਕਲਪ, ਪੰਨਾ 97.





9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 95.
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 157.
11. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 853.
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 481.
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1344.
14. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 370.
15. Guru Nanak Concept of Values, *The Journal of Sikh Studies*, Feb-Aug, p. 50
16. ਹਰਜੋਤ ਕੌਰ, ਗੁਰਮਤਿ ਦੇ ਪ੍ਰਮੁੱਖ ਸੰਕਲਪ, ਪੰਨੇ 95-96.
17. ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1414.
18. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1068.
19. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 124.
20. ਆਪੁ ਪਛਾਣੈ ਮਨੁ ਨਿਰਮਲੁ ਹੋਇ ॥
ਜੀਵਨ ਮੁਕਤਿ ਹਰਿ ਪਾਵੈ ਸੋਇ ॥
ਹਰਿ ਗੁਣ ਗਾਵੈ ਮਤਿ ਊਤਮ ਹੋਇ ॥
ਸਹਜੇ ਸਹਜ ਸਮਾਵੈ ਸੋਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 161.
21. ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥
ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥
ਭਾਈ ਰੇ ਗੁਰ ਬਿਨ ਸਹਜੁ ਨ ਹੋਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 68.
22. ਰੂਪ ਸਿੰਘ (ਸੰਪਾ.), ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, ਸੋ.ਗੁ.ਪ੍ਰ.ਕਮੇਟੀ, ਅੰਮ੍ਰਿਤਸਰ, ਪੰਨਾ 266.
23. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 638.
24. ਆਪੇ ਰੰਗੇ ਸਹਜਿ ਸੁਭਾਏ ॥

ਗੁਰ ਕੈ ਸਬਦਿ ਹਰਿ ਰੰਗੁ ਚੜਾਏ॥

– – – –

ਰਸਨਾ ਹਰਿ ਰਸਿ ਰਾਤੀ ਰੰਗੁ ਲਾਏ॥
ਮਨੁ ਤਨੁ ਮੋਹਿਆ ਸਹਜਿ ਸੁਭਾਏ॥
ਸਹਜੇ ਪ੍ਰੀਤਮੁ ਪਿਆਰਾ ਪਾਇਆ॥
ਸਹਜੇ ਸਹਜਿ ਮਿਲਾਵਣਿਆ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 114.

25. ਅੰਮ੍ਰਿਤ ਨਾਮੁ ਸਦ ਮੀਠਾ ਲਾਗਾ ਗੁਰ ਸਬਦੀ ਸਾਦੁ ਆਇਆ॥
ਸਚੀ ਬਾਣੀ ਸਹਜਿ ਸਮਾਣੀ ਹਰਿ ਜੀਉ ਮਨਿ ਵਸਾਇਆ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 559.
26. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 231.
27. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 68.
28. ਸਤਿਗੁਰਿ ਮਿਲੇ ਉਲਟੀ ਭਈ ਮਰਿ ਜੀਵਿਆ ਸਹਜਿ ਸੁਭਾਇ॥
29. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 506.
30. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1415.
31. ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ॥
ਦੁਹੀ ਮਿਲਿ ਕੈ ਸ੍ਰਿਸਟਿ ਉਪਾਈ॥
ਦੋਵੈ ਮਾਰਿ ਜਾਇ ਇਕਤੁ ਘਰਿ ਆਵੈ॥
ਗੁਰਮਤਿ ਸਹਜਿ ਸਮਾਵਣਿਆ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 126.
32. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 68.
33. ਕਰਮੀ ਸਹਜ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਏ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥

– – – –

ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥
ਕਹੈ ਨਾਨਕ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 919.
34. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1334.
35. ਰੂਪ ਸਿੰਘ (ਸੰਪਾ.), ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, ਪੰਨਾ 264.



36. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 68.
37. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 232.
38. (1)ਸਹਜਿ ਭਵੈ ਪ੍ਰਭੁ ਸਭਨੀ ਥਾਈ॥
ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ॥
ਆਪੇ ਸੁਤਿਆ ਦੇਇ ਜਗਾਈ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 160.
ਪ੍ਰਭੁ ਮੇਰਾ ਸਾਹਿਬੁ ਸਭਦੂ ਊਚਾ ਹੈ ਕਿਵ ਮਿਲਾਂ ਪ੍ਰੀਤਮ ਪਿਆਰੇ॥
ਸਤਿਗੁਰਿ ਮੇਲੀ ਤਾਂ ਸਹਜਿ ਮਿਲੀ ਪਿਰੁ ਰਾਖਿਆ ਉਰਧਾਰੇ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 584.
39. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1419.
40. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 512.
41. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 68.
42. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 560.

# ਗੁਰੂ ਅਮਰਦਾਸ ਇਕ ਆਦਰਸ਼ ਸਮਾਜ ਨਿਰਮਾਤਾ (ਮਹਿਮਾ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਪ੍ਰਸੰਗ ਵਿਚ)

**ਬੇਅੰਤ ਸਿੰਘ***

ਸਿੱਖ ਧਰਮ ਦਾ ਆਰੰਭ ਭਾਰਤੀ ਸਮਾਜ ਵਿਚ ਇਕ ਨਵਾਂ ਇਨਕਲਾਬ ਸੀ। ਇਸ ਇਨਕਲਾਬ ਦੇ ਮੋਢੀ ਗੁਰੂ ਨਾਨਕ ਦੇਵ ਇਕ ਮਹਾਨ ਪ੍ਰਚਾਰਕ ਤੇ ਪਰਵਰਤਕ ਸਨ। ਉਹਨਾਂ ਦੇ ਜੀਵਨ ਦਾ ਆਸ਼ਾ ਆਦਰਸ਼ ਮਨੁੱਖ ਤੋਂ ਆਦਰਸ਼ ਸਮਾਜ ਸਿਰਜਣਾ ਸੀ ਜਿਸ ਨੂੰ ਉਹ 'ਜਪੁਜੀ ਸਾਹਿਬ' ਦੇ ਆਰੰਭ ਵਿਚ ਹੀ ਅੰਕਿਤ ਕਰਦੇ ਹਨ।[1] ਗੁਰੂ ਨਾਨਕ ਦੇਵ ਦਾ ਉਦੇਸ਼, ਸਮੁੱਚਾ ਜੀਵਨ ਤੇ ਫਲਸਫਾ ਆਦਰਸ਼ ਸਮਾਜ ਦੇ ਨਿਰਮਾਣ 'ਤੇ ਪੂਰੀ ਤਰ੍ਹਾਂ ਕੇਂਦਰਿਤ ਸੀ ਕਿਉਂਕਿ ਗੁਰੂ ਸਾਹਿਬ ਦੇ ਸਮਕਾਲੀ ਹਾਲਾਤ ਮਨੁੱਖ ਨੂੰ ਮਾਨਵਤਾ ਤੋਂ ਦੂਰ ਧਕ ਕੇ ਗਿਲਾਨੀ ਵਲ ਲਿਜਾ ਰਹੇ ਸਨ। ਜਿਸ ਬਾਰੇ ਭਾਈ ਗੁਰਦਾਸ ਦਸਦੇ ਹਨ ਕਿ ਉਸ ਸਮੇਂ ਸਮਾਜ ਵਿਚ ਜੁਗ-ਗਰਦੀ ਫੈਲ ਗਈ ਸੀ ਅਤੇ ਸਮਾਜ ਦੇ ਕਾਰ-ਵਿਹਾਰ ਪਾਪਾਂ ਭਰੇ ਸਨ। ਜਿਸ ਤਰ੍ਹਾਂ ਬਾਂਸ ਆਪਸ ਵਿਚ ਖਹਿ ਕੇ ਅੱਗ ਨਾਲ ਸੜ ਜਾਂਦੇ ਹਨ ਉਸੇ ਤਰ੍ਹਾਂ ਮਨੁੱਖ ਵੀ ਧਰਮਾਂ, ਜਾਤਾਂ ਆਦਿ ਦੇ ਵਿਤਕਰਿਆਂ ਕਾਰਨ ਆਪਸ ਵਿਚ ਖਹਿ-ਖਹਿ ਕੇ ਖਤਮ ਹੋ ਰਹੇ ਸਨ। ਧਾਰਮਿਕ ਗ੍ਰੰਥਾਂ ਤੋਂ ਸੇਧ ਲੈਣ ਦੀ ਥਾਂ ਉਹਨਾਂ ਦੀ ਨਿੰਦਿਆਂ ਹੋ ਰਹੀ ਸੀ। ਧਾਰਮਿਕ ਆਗੂ ਲੋਕਾਂ ਨੂੰ ਸੁਧਾਰਨ ਦੀ ਥਾਂ ਧਾਰਮਿਕ ਗ੍ਰੰਥਾਂ ਦੇ ਸਹਾਰੇ ਆਪਣੀ ਰੋਜ਼ੀ ਰੋਟੀ ਚਲਾਉਣ ਦੇ ਹੀਲੇ ਬਣਾ ਕੇ ਦੁਕਾਨਾਂ ਖੋਲ੍ਹੀ ਬੈਠੇ ਸਨ। ਇਸ ਤਰ੍ਹਾਂ ਸੰਸਾਰ ਵਿਚ ਸਚ ਦਾ ਉਪਦੇਸ਼ ਦ੍ਰਿੜਾਉਣ ਵਾਲਾ ਕੋਈ ਵੀ ਨਹੀਂ ਸੀ।[2] ਗੁਰੂ ਸਾਹਿਬ ਨੇ ਇਹਨਾਂ ਵਿਤਕਰਿਆਂ ਨੂੰ ਦੂਰ ਕਰਨ ਅਤੇ ਆਪਸੀ ਭਾਈਚਾਰੇ ਨੂੰ ਕਾਇਮ ਕਰਨ ਲਈ ਸਾਂਝੇ ਧਰਮ ਦਾ ਨਿਰਮਾਣ ਕੀਤਾ ਜਿਸ ਵਿਚ ਇਕ ਖਾਸ ਖਿਤੇ, ਕੌਮ, ਜਾਤ ਜਾਂ ਧਰਮ ਦਾ ਸੁਧਾਰ ਨਾ ਹੋ ਕੇ ਸਗੋਂ ਸਮੁਚੇ ਸਮਾਜ ਦੇ ਸੁਧਾਰ ਦੀ ਸ਼ੁਰੂਆਤ ਕੀਤੀ ਗਈ। ਆਦਰਸ਼ ਸਮਾਜ ਦੇ ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਉਹਨਾਂ ਦੇ ਅਗਲੇ ਪਰਵਰਤਕਾਂ (ਗੁਰੂ ਸਾਹਿਬਾਨ) ਨੇ ਯਥਾਗਤ ਯੋਗਦਾਨ ਪਾਇਆ।

ਗੁਰੂ ਅਮਰਦਾਸ ਸਿੱਖ ਗੁਰੂ ਰਤਨਮਾਲਾ ਵਿਚ ਤੀਸਰੀ ਥਾਂ 'ਤੇ ਸੁਸ਼ੋਭਿਤ ਹਨ। ਜਿਹਨਾਂ ਨੇ ਗੁਰੂ ਨਾਨਕ ਦੇਵ ਦੇ ਅਧਿਆਤਮਕ ਵਿਚਾਰਾਂ ਅਤੇ ਸਮਾਜ ਸੁਧਾਰਾਂ ਨੂੰ ਦੋ ਦਹਾਕਿਆਂ ਤੋਂ ਵੱਧ ਸਮੇਂ ਤਕ ਜ਼ੋਰ ਸ਼ੋਰ ਨਾਲ ਪ੍ਰਚਾਰਿਆ ਤੇ ਪ੍ਰਸਾਰਿਆ। ਹਥਲੇ ਪਰਚੇ ਵਿਚ

***ਰਿਸਰਚ ਸਕਾਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**



ਗੁਰੂ ਅਮਰਦਾਸ ਦੁਆਰਾ ਕੀਤੇ ਸਮਾਜ ਸੁਧਾਰਾਂ 'ਤੇ ਹੀ ਕੇਂਦਰਿਤ ਰਿਹਾ ਜਾਵੇਗਾ। ਗੁਰੂ ਅਮਰਦਾਸ ਨੇ ਸਮਕਾਲੀ ਹਾਲਾਤਾਂ ਨੂੰ ਦੇਖਦੇ ਹੋਏ ਸਮਾਜ ਨੂੰ ਸਵਸਥ ਅਤੇ ਸਿਹਤਮੰਦ ਬਣਾਉਣ ਲਈ ਅਨੇਕਾਂ ਯਤਨ ਕੀਤੇ। ਜਿਸ ਬਾਰੇ ਗੁਰਬਾਣੀ ਵਿਚ ਭਾਈ ਸਤਾ ਤੇ ਰਾਇ ਬਲਵੰਡ ਲਿਖਦੇ ਹਨ:

ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ ॥
ਆਵਾ ਗਉਣੁ ਨਿਵਾਰਿਓ ਕਰਿ ਨਦਰਿ ਨੀਸਾਣੁ ॥
ਅਉਤਰਿਆ ਅਉਤਾਰ ਲੈ ਸੋ ਪੁਰਖੁ ਸੁਜਾਣੁ ॥
ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ ॥
ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣ ॥
ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜ ਸੁਜਾਣ ॥
ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ ॥
ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ ॥
ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥
ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ ॥[3]

ਗੁਰੂ ਅਮਰਦਾਸ ਨੇ ਅਉਤਰਿਆ ਜੀਵਾਂ ਨੂੰ ਤਾਰ ਕੇ ਜੀਵਨ ਮੁਕਤ ਕਰ ਦਿੱਤਾ ਜਿਸ ਕਰਕੇ ਆਪ ਦੀ ਪ੍ਰਸਿੱਧੀ ਚਾਰੇ ਦਿਸਾਵਾਂ ਵਿਚ ਫੈਲ ਗਈ। ਹਰ ਜਾਤ, ਨਸਲ, ਕੌਮ ਤੇ ਧਰਮ ਦਾ ਵਿਅਕਤੀ ਆਪ ਦੇ ਦਰਸ਼ਨਾਂ ਦੀ ਇੱਛਾ ਰਖਦਾ ਸੀ ਜਿਸ ਤੋਂ ਆਪ ਦੀ ਸਮਾਜਕ ਦ੍ਰਿਸ਼ਟੀ ਦਾ ਕਿਆਫ਼ਾ ਸਹਿਜੇ ਹੀ ਲਗ ਜਾਂਦਾ ਹੈ। ਜਿਸ ਤਰ੍ਹਾਂ ਗੁਰਬਾਣੀ ਵਿਚ ਆਪ ਦੇ ਸਮਕਾਲੀਆਂ ਨੇ ਨੈਤਿਕ ਜੀਵਨ ਦਾ ਚਿਤਰ ਖਿਚਿਆ ਹੈ ਉਸੇ ਤਰ੍ਹਾਂ ਬਹੁਤ ਸਾਰੀਆਂ ਸਾਖੀਆਂ ਗੁਰੂ ਅਮਰਦਾਸ ਦੇ ਜੀਵਨ ਨਾਲ ਸੰਬੰਧਤ ਹਨ, ਜੋ ਸਿੱਖ ਇਤਿਹਾਸ ਦੇ ਪੁਰਾਤਨ ਸਰੋਤਾਂ ਵਿਚ ਮਿਲਦੀਆਂ ਹਨ। ਸਮਾਜਕ ਸੁਧਾਰਾਂ ਲਈ ਆਪ ਨੇ ਜੀਵਨ ਭਰ ਜਿਹੜੇ ਕਾਰਜ ਕੀਤੇ ਉਹਨਾਂ ਦਾ ਵਰਨਣ ਇਨ੍ਹਾਂ ਸਰੋਤਾਂ ਵਿਚ ਮਿਲਦਾ ਹੈ।

ਜਾਤ-ਪਾਤ: ਗੁਰੂ ਅੰਗਦ ਦੇਵ ਤੋਂ ਪਿਛੋਂ ਸਿੱਖ ਧਰਮ ਦੀਆਂ ਸਾਰਥਕ ਕੀਮਤਾਂ ਨੂੰ ਭਾਂਬੜ ਰੂਪ ਉਜਾਗਰ ਕਰਨ ਅਤੇ ਨਿਰਾਰਥਕ ਕੀਮਤਾਂ ਨੂੰ ਰੱਦਣ ਵਾਸਤੇ ਜਥੇਬੰਦਕ ਰੂਪ ਵਿਚ ਜਿਵੇਂ ਪ੍ਰਚਾਰ ਲਹਿਰ ਗੁਰੂ ਅਮਰਦਾਸ ਨੇ ਚਲਾਈ ਉਸ ਦਾ ਆਪਣਾ ਇਕ ਇਤਿਹਾਸਕ ਮਹੱਤਵ ਹੈ। ਮਾਨਵਤਾ ਦੇ ਉਥਾਨ ਲਈ ਗੁਰੂ ਅਮਰਦਾਸ ਸਾਹਿਬ ਨੇ ਲੰਗਰ ਪੰਗਤ ਦੀ ਸੰਸਥਾ ਨੂੰ ਜਿਸ ਪ੍ਰਪਕ ਤੇ ਸਚਜੇ ਢੰਗ ਨਾਲ ਅੱਗੇ ਤੋਰਿਆ ਭਾਰਤੀ ਸਭਿਆਚਾਰ ਵਿਚ ਇਕ ਇਨਕਲਾਬੀ ਕਦਮ ਸੀ। ਭਾਰਤੀ ਸਮਾਜ ਦੀ ਸਦੀਆਂ ਪੁਰਾਣੀ ਸਮਾਜਿਕ ਦੂਰੀਆਂ ਪਾਉਣ ਵਾਲੀ

ਵਰਣ-ਵੰਡ ਨੂੰ ਖ਼ਤਮ ਕਰਕੇ 'ਚਾਰ ਵਰਨ ਕੋ ਇਕ ਮਤ ਕਰਾ' ਦਾ ਸਾਂਝਾ ਉਪਦੇਸ਼ ਸਵਸਥ ਸਮਾਜ ਦੀ ਨੀਂਹ ਸੀ। ਵਰਣ ਵੰਡ ਨੂੰ ਖਤਮ ਕਰਨ ਲਈ ਗੁਰੂ ਜੀ ਨੇ ਪਹਿਲਾਂ ਪੰਗਤ ਤੇ ਫਿਰ ਸੰਗਤ ਵਿਚ ਬੈਠਣ ਦਾ ਨਿਯਮ ਲਾਗੂ ਕੀਤਾ। ਜਦੋਂ ਸੰਗਤ ਗੁਰੂ ਜੀ ਦੇ ਦਰਸ਼ਨ ਕਰਨ ਆਉਂਦੀ ਤਾਂ ਲੰਗਰ ਦਾ ਸਮਾਜ ਵੀ ਭੇਟਾ ਵਜੋਂ ਲੈ ਕੇ ਆਉਂਦੀ। ਫਿਰ ਗੁਰੂ ਘਰ ਦੀ ਸਾਂਝੀ ਰਸੋਈ ਵਿਚ ਬਿਨਾਂ ਕਿਸੇ ਵਿਤਕਰੇ ਤੋਂ ਲੰਗਰ ਤਿਆਰ ਕੀਤਾ ਜਾਂਦਾ। ਗੁਰੂ ਜੀ ਉਸੇ ਨੂੰ ਹੀ ਦਰਸ਼ਨ ਦਿੰਦੇ ਜੋ ਇਕ ਪੰਗਤ ਵਿਚ ਬੈਠ ਕੇ ਬਿਨਾਂ ਭੇਦ-ਭਾਵ ਕੀਤੇ ਲੰਗਰ ਛਕਦਾ। ਜਿਸ ਨੂੰ ਮਹਿਮਾ ਪ੍ਰਕਾਸ਼ ਗ੍ਰੰਥ ਵਿਚ ਇਸ ਪ੍ਰਕਾਰ ਬਿਆਨ ਕੀਤਾ ਗਿਆ ਹੈ:

ਮੱਧਿਆਨ ਸਮੇਂ ਪ੍ਰਸਾਦਿ ਪ੍ਰਭ ਪਾਵੈਂ।
ਲੇ ਸਤਗੁਰ ਸੰਗਤ ਲੰਗਰ ਮੇਂ ਆਵੈਂ।
ਪਵਿਤ੍ਰ ਚੌਕੇ ਹ'ਵੈ ਪ੍ਰਸਾਦਿ।
ਤਹਾ ਬਰਨ ਆਸ੍ਰਮ ਕਾ ਨਾਹ ਬਿਬਾਦ।[4]
ਲੰਗਰ ਮੇਂ ਪ੍ਰਸਾਦ ਜੁ ਪਾਵੈ।
ਜੋ ਬਰਨ ਬਿਭੇਦ ਪ੍ਰਸਾਦਿ ਨ ਖਾਇ।
ਸਤਗੁਰ ਕੋ ਦਰਸਨ ਨਹੀਂ ਪਾਇ।[5]
ਸੁਨੀ ਦਿਆਲ ਤਿਸ ਕਹਿਓ ਪਠਾਇ।
ਲੰਗਰ ਪ੍ਰਸਾਦ ਕਰ ਦਰਸਨ ਆਇ।
ਬਿਨ ਸੰਜਮ ਪ੍ਰਸਾਦਿ ਨ ਪਾਵੈ।
ਪ੍ਰਭ ਬਿਨ ਖਾਏ ਦਰਸਨ ਨ ਦਿਖਾਵੈ।[6]

ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਦੀ ਪੁਸ਼ਟੀ ਇਸ ਪ੍ਰਕਾਰ ਕੀਤੀ ਹੈ:

ਪ੍ਰਥਮ ਦੇਗ ਮਹਿਂ ਜਾਇਕੇ ਭੋਜਨ ਕੋ ਖਾਵੈ।
ਪੁਨ ਦਰਸ਼ਨ ਗੁਰਕੋ ਕਰਹਿ ਚਲਿਕਰਿ ਢਿਗ ਜਾਵੈ।
ਜੋ ਨਹਿਂ ਅਚਹਿ ਅਹਾਰ ਕੋ ਸੁਚ ਸੰਜਮਵੰਤਾ।
ਤਿਸ ਕੋ ਦਰਸ਼ਨ ਹੋਤਿ ਨਹਿਂ ਹਟਿ ਘਰ ਗਮਨੰਤਾ।
ਆਸ਼੍ਰਮ ਬਰਨ ਜਿ ਭੇਦ ਮਹਿਂ ਲਹਿਂ ਮਿਲਹਿਂ ਹਦੂਰਾ।
ਖਾਵਹਿਂ ਕੁਨਕਾ ਦੇਗ ਕੋ ਦਰਸਹਿਂ ਗੁਰ ਪੂਰਾ।
ਨਿਤਿ ਪ੍ਰਤਿ ਆਨਹਿਂ ਅੰਨ ਕੋ ਸਿੱਖ ਸੇਵਕ ਜੋਈ।
ਹੋਤਿ ਦੇਗ ਬਿਨ ਤੋਟ ਕੇ ਖਾਵੈ ਸਭ ਕੋਈ।



ਭੇਦ-ਭਾਵ ਖਤਮ ਕਰਨ ਦੀ ਸਭ ਤੋਂ ਵੱਡੀ ਉਦਾਹਰਣ ਉਸ ਸਮੇਂ ਦੇ ਬਾਦਸ਼ਾਹ ਅਕਬਰ ਦਾ ਗੁਰੂ ਦਰਬਾਰ ਵਿਚ ਆਉਣਾ ਅਤੇ ਗੁਰੂ ਜੀ ਦੇ ਬਣਾਏ ਨਿਯਮ ਅਨੁਸਾਰ ਲੰਗਰ 'ਚੋਂ ਪ੍ਰਸ਼ਾਦ ਛਕ ਕੇ ਗੁਰੂ ਜੀ ਦੇ ਦਰਸ਼ਨ ਕਰਨਾ ਹੈ ਜੋ ਭੇਦਭਾਵ ਨੂੰ ਖਤਮ ਕਰਕੇ ਮਨੁੱਖੀ ਏਕਤਾ ਦਾ ਸਿਖਰ ਸੀ:

ਅਕਬਰ ਪਾਤਸਾਹ ਸੁਲਤਾਨ।
ਦਿਲੀਪਤ ਆਦਲ ਪਰਮਾਨ।
ਤਿਨ ਸਤਗੁਰ ਸੋ ਪਰਤਗਿਆ ਪਾਇਆ।
ਮਨ ਪਰਤੀਤ ਦਰਸਨ ਕੋ ਆਇਆ।
ਦਸਤਬੋਸੀ ਨਿਕਟ ਹੋਇ ਕਰੀ।
ਪ੍ਰੀਤ ਰੀਤ ਮਨ ਜੋ ਦ੍ਰਿੜ ਧਰੀ।
ਨਹੀ ਕਹ ਸਕੇ ਕਉ ਬਾਤ ਬਸੇਖਾ।
ਸਤਗੁਰ ਪ੍ਰਣ ਕੈਸੇ ਕੈ ਦੂਰੀ।
ਅਕਬਰ ਕੈ ਮਨ ਮੈ ਯਹ ਫੁਰੀ।
ਸਤਗੁਰ ਸੌ ਪੂਛੀ ਯਹ ਬਾਤ।
ਕਿਆ ਭਜਨ (ਭੋਜਨ) ਸਾਹਿਬ ਹੈ ਖਾਤ।[8]

ਜਦੋਂ ਅਕਬਰ ਗੁਰੂ ਜੀ ਨੂੰ ਮਿਲਣ ਗਿਆ ਤਾਂ ਉਹ ਬਿਨਾਂ ਲੰਗਰ ਛਕੇ ਮਿਲਣ ਚਲਾ ਗਿਆ। ਗੁਰੂ ਜੀ ਨੇ ਉਸ ਨਾਲ ਕੋਈ ਵਾਰਤਾਲਾਪ ਨਾ ਕੀਤਾ। ਉਸ ਨੇ ਇਸ ਦਾ ਕਾਰਨ ਪੁਛਿਆ ਤਾਂ ਗੁਰੂ ਜੀ ਦੇ ਬਣਾਏ ਨਿਯਮ ਬਾਰੇ ਪਤਾ ਲਗਾ। ਉਸ ਨੇ ਸੇਵਕਾਂ ਤੋਂ ਪੁਛਿਆ ਕਿ ਗੁਰੂ ਜੀ ਕੀ ਖਾਂਦੇ ਹਨ। ਸੇਵਕਾਂ ਦੇ ਦਸਣ 'ਤੇ ਗੁਰੂ ਜੀ ਦਾ ਖਾਣਾ 'ਅਲੂਣਾ ਉਗਰਾ' (ਬਾਥੂ ਜਿਹਾ ਇਕ ਜੰਗਲੀ ਅੰਨ) ਮੰਗਵਾ ਕੇ ਖਾਧਾ:

ਉਗਰਾ ਅਲੂਣਾ ਸਤਗੁਰ ਕਹਾ।
ਸੁਣ ਸੁਲਤਾਨ ਬਿਸਮ ਹੋਇ ਰਹਾ।
ਪੁਨ ਕਹਾ ਸੁਲਤਾਨ ਮਿਹਰ ਅਬ ਕੀਜੈ।
ਵਹੀ ਤਬਰਕ ਹਮ ਕੋ ਅਬ ਦੀਜੈ।
ਤਬ ਬਲੂਕੋ ਪ੍ਰਭ ਆਗਿਆ ਕਰਾ।
ਭਰ ਥਾਲੀ ਅਕਬਰ ਆਗੇ ਧਰਾ।
ਕਰ ਰੁਚਿ ਬਦਾਸਾਹਿ ਤਿਸ ਖਾਇਆ।
ਸਭ ਸੁਆਦ ਤਾਹੂ ਮੋ ਪਾਇਆ।[9]

ਭੋਜਨ ਖਾ ਕੇ ਅਕਬਰ ਬਾਦਸ਼ਾਹ ਨੇ ਗੁਰੂ ਜੀ ਨੂੰ ਕਿਹਾ ਕਿ ਹੁਣ ਮੇਰੀ ਬੇਨਤੀ ਕਬੂਲ ਕਰੋ ਤੇ ਮੇਰੇ ਉਤੇ ਸਦਾ ਮਿਹਰ ਦੀ ਨਜ਼ਰ ਰਖਣਾ

ਅਕਬਰ ਗਏ ਲਹੌਰ ਕੋ ਬਿਨੇ ਕਰੀ ਕਰ ਜੋਰ।
ਸਦਾ ਮਿਹਰ ਹਮ ਪਰ ਕਰੋ ਦੇਖੋ ਬਾਬਰ ਓਰ।[10]

ਗੋਇੰਦਵਾਲ ਨਗਰ ਦਾ ਨਿਰਮਾਣ ਤੇ ਨਵ ਸਮਾਜ ਦੀ ਨੀਂਹ:

ਗੁਰੂ ਸਾਹਿਬ ਨੇ ਜਿਥੇ ਨਵ ਸਮਾਜ ਦੀ ਨਿਰਮਾਣਕਾਰੀ ਵਿਚ ਅਨੇਕਾਂ ਵਿਚ ਅਨੇਕਾਂ ਯਤਨ ਕੀਤੇ ਉਥੇ ਗੋਇੰਦਵਾਲ ਸਾਹਿਬ ਨਗਰ ਦਾ ਨਿਰਮਾਣ ਸਮਾਜ ਦੀ ਏਕਤਾ ਵਿਚ ਅਹਿਮ ਰੋਲ ਅਦਾ ਕਰਦਾ ਹੈ। ਗੁਰੂ ਸਾਹਿਬ ਨੇ 22 ਖਤ੍ਰੀ ਜਾਤੀਆਂ ਅਤੇ ਹੋਰ ਕਈ ਅਖੌਤੀ ਛੋਟੀਆਂ ਜਾਤੀਆਂ ਇਕੋ ਨਗਰ ਵਿਚ ਵਸਾ ਕੇ ਭੇਦਭਾਵ ਰਹਿਤ ਨਵੇਂ ਸਮਾਜ ਦੇ ਪ੍ਰਤੀਮਾਨ ਸਥਾਪਿਤ ਕੀਤੇ:

ਨਿਜ ਕੁਟੰਬ ਕੇ ਮਾਨਵ ਜੇਈ, ਬਿੱਪ੍ਰ ਬ੍ਰਿੰਦ, ਕੋ ਬਾਂਟ ਸੁ ਦੀਨਿ।
ਬਾਈ ਜਾਤ ਜੁ ਖੱਤ੍ਰੀ ਕੁਲ ਕੀ ਗੋਇੰਦਵਾਲ ਬਾਸ ਤਿਨ ਲੀਨ।
ਸਰਬ ਜਾਤਿ ਸਿੱਖ ਸਦਨ ਕਰੇ ਤਹਿ ਤਿਨ ਕਾਸ਼ਟ ਲੇ ਨਿਜ ਘਰ ਕੀਨਿ।
ਬਸਨ ਹਾਰ ਪੁਨ ਜਿ ਮਾਨਵ ਬਾਂਛਤ ਦੀਨਸਿ ਗੁਰੂ ਪ੍ਰਬੀਨ।[11]

ਇਥੇ ਗੋਇੰਦਵਾਲ ਘਾਟ ਤੋਂ ਉਰਾਰ ਅਤੇ ਪਾਰ ਦੇ ਆਉਂਦੇ ਜਾਂਦੇ ਲੋਕ ਰਹਿੰਦੇ। ਇਹ ਜਗ੍ਹਾ ਇਕ ਚੰਗੇ ਤੀਰਥ ਦੇ ਸਮਾਨ ਸੀ:

ਘਾਟ ਉਰਾਰ ਪਾਰ ਉਤਰੇਬੈ।
ਆਵਤ ਜਾਤ ਲੋਕ ਠਹਿਰੈਬੇ।
ਤੀਰ ਬਿਪਾਸਾ ਸੁੰਦਰ ਥਾਨੂ।
ਊਚੋ ਸੋਭਤਿ ਦੇਖਿ ਮਹਾਨੂ।[12]

ਗੁਰੂ ਜੀ ਦੇ ਇਸ ਭੇਦਭਾਵ ਰਹਿਤ ਵਤੀਰੇ ਤੋਂ ਖਤ੍ਰੀ ਬਹੁਤ ਦੁਖੀ ਸਨ। ਉਹਨਾਂ ਅਨੁਸਾਰ ਗੁਰੂ ਜੀ ਨੇ ਚਾਰੇ ਵਰਨਾਂ ਨੂੰ ਇਕ ਕਰ ਦਿੱਤਾ ਤੇ ਸਭ ਨੂੰ ਇਕ ਬਰਾਬਰ ਬਿਠਾ ਦਿੱਤਾ:

ਚਤੁਰ ਬਰਨ ਕੋ ਇਕ ਮਤ ਕਰਯੋ।
ਭ੍ਰਿਸ਼ਟ ਹੋਇ ਜਗ ਧਰਮ ਪਹਰਯੋ।
ਇਕ ਥਲ ਭੋਜਨ ਸਭਿ ਕੋ ਖਈ।
ਸੰਕਰਿ ਬਰਨ ਪ੍ਰਜਾ ਅਬਿ ਭਈ।[13]

ਗੁਰੂ ਅਮਰਦਾਸ ਨੇ ਅਖੌਤੀ ਨੀਵਿਆਂ ਨੂੰ ਇਕੋ ਹੀ ਪੰਗਤ ਵਿਚ ਬਿਠਾ ਕੇ ਧਰਮ ਦਾ ਉਪਦੇਸ਼ ਦਿੱਤਾ। ਸਮਾਜ ਦੀਆਂ ਵੰਡੀਆਂ ਨੂੰ ਖਤਮ ਕਰ ਇਕੋ ਕਰਨ ਦਾ ਟੀਚਾ ਮਿਥਿਆ:



ਖਤ੍ਰੀ ਧਰਮੁ ਨਸਟ ਸਭ ਕੀਨਾ।
ਵਾਹਿਗੁਰੂ ਜਪੁ ਸਭ ਕੋ ਦੀਨਾ।
ਚਾਰ ਵਰਨ ਕੋ ਇਕ ਮਤ ਕਰਾ।
ਸਭ ਮਿਲ ਖਾਹਿ ਭ੍ਰਿਸਟਿ ਜਗ ਕਰਾ।[14]

ਭਰਮਾਂ ਤੇ ਪਾਖੰਡਾਂ ਦਾ ਨਾਸ ਕਰਨਾ:

ਗੁਰੂ ਜੀ ਵੇਲੇ ਅਖੌਤੀ ਧਾਰਮਿਕ ਆਗੂਆਂ ਨੇ ਸਮਾਜ ਨੂੰ ਫਜ਼ੂਲ ਦੇ ਕਰਮਕਾਂਡਾਂ ਵਿਚ ਉਲਝਾਇਆ ਹੋਇਆ ਸੀ। ਅਸਲੀ ਧਾਰਮਿਕ ਤਤਾਂ ਨੂੰ ਛੱਡ ਕੇ ਕਰਮਕਾਂਡਾਂ ਨੂੰ ਤਰਜੀਹ ਦਿੱਤੀ ਜਾਂਦੀ ਸੀ। ਗ੍ਰਹਿਸਤ ਤਿਆਗ ਕੇ ਸੰਨਿਆਸ ਨੂੰ ਧਾਰਨ ਕਰਨ ਦੀ ਪਿਰਤ ਪੈ ਚੁੱਕੀ ਸੀ। ਗੁਰੂ ਜੀ ਨੇ ਇਸ ਦੇ ਉਲਟ ਭੋਲੀ-ਭਾਲੀ ਲੋਕਾਈ ਨੂੰ ਸੱਚ ਦਾ ਮਾਰਗ ਦ੍ਰਿੜ੍ਹ ਕਰਵਾਇਆ:

ਦੇਵ ਪਿਤਰ ਕੀ ਮਨਤਾ ਛੋਰੀ।
ਸਭਿ ਮਿਰਯਾਦ ਜਗਤ ਕੀ ਤੋਰੀ।
ਅਬਿ ਉਪਾਇ ਇਕ ਕਰਨ ਪੁਕਾਰ।
ਬਰਜਹਿ ਪਾਤਸਾਹਿ ਇਸ ਢਾਰ।[15]

ਇਸਤਰੀ ਉਥਾਨ ਵਿਚ ਯੋਗਦਾਨ:

ਭਾਰਤਵਰਸ਼ ਵਿਚ ਔਰਤ ਦੀ ਦਸ਼ਾ ਬਹੁਤ ਮਾੜੀ ਸੀ। ਇਸ ਦੇ ਕਈ ਕਾਰਨ ਸਨ ਪਹਿਲਾ ਤਾਂ ਰੂੜੀਵਾਦੀ ਧਾਰਮਕ ਆਗੂਆਂ ਨੇ ਇਸ ਨੂੰ ਪੈਰ ਦੀ ਜੁੱਤੀ ਸਮਾਨ ਸਮਝਿਆ ਸੀ। ਦੂਸਰਾ ਭਾਰਤ 'ਤੇ ਬਾਹਰੀ ਹਮਲਾਵਰਾਂ ਵਲੋਂ ਕੀਤੇ ਜਾਂਦੇ ਹਮਲਿਆਂ ਨੇ ਇਥੋਂ ਦੀਆਂ ਔਰਤਾਂ ਦੀ ਪਤਿ ਨੂੰ ਮਲੀਨ ਕਰ ਰੱਖਿਆ ਸੀ। ਇਸ ਲਈ ਔਰਤ ਦੇ ਪੱਖ ਵਿਚ ਖਲੋਣ ਵਾਲਾ ਕੋਈ ਵੀ ਨਜ਼ਰ ਨਹੀਂ ਸੀ ਆਉਂਦਾ। ਗੁਰੂ ਨਾਨਕ ਸਾਹਿਬ ਨੇ ਔਰਤ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਤੇ ਗੁਰੂ ਅਮਰਦਾਸ ਨੇ ਉਸ ਦੇ ਸਨਮਾਨ ਵਿਚ ਆਵਾਜ਼ ਨੂੰ ਬੁਲੰਦ ਕੀਤਾ। ਗੁਰੂ ਸਾਹਿਬ ਨੇ ਨਾਰੀ ਦੀ ਹੋਂਦ ਨੂੰ ਕਾਇਮ ਕਰਨ ਲਈ ਅਨੇਕਾਂ ਯਤਨ ਕੀਤੇ।

ਗੁਰੂ ਜੀ ਨੇ ਔਰਤਾਂ ਨੂੰ ਪਰਦਾ ਕਰਨ ਦੀ ਮਨਾਹੀ ਕਰ ਦਿੱਤੀ। ਗੁਰੂ ਜੀ ਨੇ ਆਦੇਸ਼ ਕਰ ਦਿੱਤੇ ਕਿ ਕੋਈ ਵੀ ਔਰਤ ਉਹਨਾਂ ਦੇ ਦਰਸ਼ਨ ਕਰਨ ਆਵੇ ਤਾਂ ਪਰਦਾ ਨਾ ਕਰੇ ਅਤੇ ਇਸ ਸੰਬੰਧੀ ਕਿਸੇ ਪ੍ਰਕਾਰ ਦਾ ਕੋਈ ਵੀ ਸ਼ੰਕਾ ਮਨ ਵਿਚ ਨਾ ਰਖੇ:

ਹੋਇ ਦਿਆਲ ਪ੍ਰਭ ਆਗਿਆ ਕਰੀ।
ਆਵੈਂ ਦਰਸਨ ਬਿਧ ਇਹ ਕਰੀ।
ਧਰ ਬਸਤ੍ਰ ਸੁਏਤ ਖੁਲੇ ਮੁਖ ਆਵੈਂ।
ਕਛੁ ਸੰਕਾ ਲਾਜ ਨ ਮਨ ਮੋ ਲਿਆਵੈਂ।[16]

ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਵੀ ਇਸੇ ਤਰ੍ਹਾਂ ਦਿੱਤਾ ਗਿਆ ਹੈ ਕਿ ਗੁਰੂ ਜੀ ਨੇ ਸਿੱਖਾਂ ਨੂੰ ਆਦੇਸ਼ ਕਰ ਦਿਤਾ ਕਿ ਸਾਰੇ ਸਿੱਖ ਇਕੱਠੇ ਲੰਗਰ ਵਿਚ ਭੋਜਨ ਕਰਨ। ਇਸਤਰੀ ਪੁਰਖ ਦੀ ਪਰਖ ਨਾ ਕਰਨ:

ਸਭਿ ਸੋਂ ਸ੍ਵੇਤ ਕਰਿ ਪੋਸ਼ਿਸ਼ ਮੁਖ ਕੋ ਨਹੀਂ ਛੁਪਾਵਹਿ ਕੋਇ।[17]
ਸ੍ਰੀ ਗੁਰ ਅਮਰਦਾਸ ਕਰਿ ਕਰੁਨਾ ਕਹਿਯੋ ਦੇਗ ਤੇ ਭੋਜਨ ਖਾਇ।
ਨਰ ਸੰਗੀ ਸਭਿ ਹੀ ਸੰਗ ਆਨੈ ਇਸਤ੍ਰੀ ਰੂਪ ਨ ਆਵਨਿ ਪਾਇ।[18]

ਇਸ ਸੰਬੰਧੀ ਅਨੇਕਾਂ ਸਾਖੀਆਂ ਸਿੱਖ ਇਤਿਹਾਸਕ ਸਰੋਤਾਂ ਵਿਚ ਮਿਲਦੀਆਂ ਹਨ। ਇਕ ਵਾਰ ਹਰੀਪੁਰ ਦੀ ਰਾਣੀ ਗੁਰੂ ਜੀ ਦੇ ਦਰਸ਼ਨਾਂ ਲਈ ਆਉਂਦੀ ਹੈ। ਉਹ ਗੁਰੂ ਸਾਹਿਬ ਦੇ ਹੁਕਮ ਤੋਂ ਉਲਟ ਮੂੰਹ ਉਪਰ ਪਰਦਾ ਕਰ ਲੈਂਦੀ ਹੈ। ਉਸ ਨੂੰ ਵੇਖ ਕੇ ਗੁਰੂ ਜੀ ਆਖਦੇ ਹਨ ਕਿ ਇਹ ਕੌਣ ਝੱਲੀ ਹੈ ਅਤੇ ਉਹ ਪਾਗਲ ਹੋ ਜਾਂਦੀ ਹੈ। ਕਪੜੇ ਫਾੜ ਕੇ ਜੰਗਲਾਂ ਵਿਚ ਭਜ ਜਾਂਦੀ ਹੈ ਤੇ ਆਉਣ ਜਾਣ ਵਾਲੇ ਲੋਕਾਂ ਨੂੰ ਤੰਗ ਕਰਨ ਲਗ ਜਾਂਦੀ ਹੈ:

ਇਕ ਰਾਣੀ ਸਨਮੁਖ ਜਬਿ ਹੋਈ ਝਟਿਤ ਬਸਤ੍ਰ ਤੇ ਬਦਨ ਛਿਪਾਇ।
ਹੁਤੀ ਨਵੀਨ ਲਾਜ ਉਰ ਛਾਈ ਮਤਿ ਬਿਨ ਗੁਰ ਬਚਨ ਨ ਸਿਮਰਾਇ।
ਤਿਸ ਕੀ ਦਿਸਿ ਅਵਲੋਕਨ ਕਰਿਕੈ ਸਤਿਗੁਰ ਬੋਲੇ ਸਹਿਜ ਸੁਭਾਇ।
'ਇਹ ਕਮਲੀ ਕਿਸ ਕਾਰਨ ਆਈ ਜੇ ਹਮਰੋ ਦਰਸਨ ਨਹਿੰ ਭਾਇ'।
ਤਤ ਛਿਨ ਸੁਧਿਬੁਧਿ ਨਾਸ ਭਈ ਤਿਸ, ਬਸਤ੍ਰ ਉਤਾਰਤਿ ਦੀਏ ਬਗਾਇ।
ਧਾਇ ਅਚਾਨਕ ਗਈ ਵਹਿਰ ਕੋ ਮਾਨਵ ਘੇਰ ਰਹੇ ਸਮੁਦਾਇ।
ਨ੍ਰਿਪਤ ਬ੍ਰਿਤਾਂਤ ਸੁਨਯੋ ਗੁਰ ਬਚ ਕੋ ਅਧਿਕ ਤ੍ਰਾਸ ਕਰਿ ਉਰ ਬਿਸਮਾਇ।
ਸਰਧਾ ਵਧੀ ਅਮੋਘ ਵਾਕ ਅਸ ਜਿਮ ਰਘਬਰ ਕੇ ਸਰ ਸਫਲਾਇ।[19]

ਨਾਰੀ ਪੁਨਰ ਵਿਆਹ: ਗੁਰੂ ਅਮਰਦਾਸ ਨੇ ਇਸਤਰੀ ਦੇ ਪੁਨਰ ਵਿਆਹ ਦੀ ਰੀਤ ਚਲਾਉਣ ਵਿਚ ਭਰਪੂਰ ਯੋਗਦਾਨ ਪਾਇਆ। ਹਰੀਪੁਰ ਦੀ ਰਾਣੀ ਪਾਗਲ ਹੋ ਕੇ ਜੰਗਲਾਂ ਵਿਚ ਭਟਕਦੀ ਰਹੀ। ਇਕ ਦਿਨ ਭਾਈ ਸੱਚਨ ਸੱਚ ਜਦੋਂ ਲੱਕੜਾਂ ਲੈਣ ਗਏ ਤਾਂ ਪਾਗਲ (ਰਾਣੀ) ਉਸ ਨੂੰ ਮਿਲਦੀ ਹੈ। ਉਹ ਉਸ ਦੀ ਹਾਲਤ ਬਾਰੇ ਜਦੋਂ ਗੁਰੂ ਜੀ ਨੂੰ ਦੱਸਦਾ ਹੈ ਤਾਂ ਗੁਰੂ ਜੀ ਦੇ ਦਰਬਾਰ ਵਿਚ ਲਿਆਂਦੀ ਜਾਂਦੀ ਹੈ ਜਿਥੇ ਗੁਰੂ ਦੀ ਕਿਰਪਾ ਨਾਲ ਉਹ ਠੀਕ ਹੋ ਜਾਂਦੀ ਹੈ। ਗੁਰੂ ਸਾਹਿਬ ਸੱਚਨ ਸੱਚ ਜੀ ਨਾਲ ਉਸ ਦਾ ਪੁਨਰ ਵਿਆਹ ਕਰ ਦਿੰਦੇ ਹਨ। ਇਸ ਪ੍ਰਕਾਰ ਗੁਰੂ ਜੀ ਨੇ ਔਰਤ ਦੇ ਪੁਨਰ ਵਿਆਹ ਦੀ ਰੀਤ ਸ਼ੁਰੂ ਕੀਤੀ ਜੋ ਉਸ ਸਮੇਂ ਦੀਆਂ ਰੂੜੀਵਾਦ ਰਵਾਇਤਾਂ ਨੂੰ ਤੋੜਦੀ ਹੈ:

ਇਕ ਦਿਨ ਲਕਰੀ ਕੋ ਬਨ ਗਿਆ।



ਤਿਸ ਬਵਰ ਸੋ ਬਨ ਭੇਟਾ ਭਇਆ।
ਵੇ ਨਗਨ ਅੰਗ ਦੇਖਤ ਤਿਸ ਧਾਈ।
ਲਪਟ ਗਈ ਨਖ ਦਾਤ ਕਟਾਈ।[20]
ਹੇ ਗੁਰਸਿਖ ਮੁਹਿ ਬਸਤ੍ਰ ਦੇਹ ਤਨ ਓਢਲ ਸਤਗੁਰ ਤਹਿ ਜਾਉ।
ਕਰ ਆਗਿਆ ਭੰਗ ਇਹ ਫਲ ਲਹਾ ਕਰ ਦਰਸਨ ਬਖਸਾਉ।[21]
ਤਾ ਕੋ ਦੇਖ ਬਿਗਸੇ ਗੁਰ ਦਿਆਲ।
ਸੁਨੋ ਸਿਖ ਯਹ ਆਗਿਆ ਮੇਰੀ।
ਅਬ ਤੂੰ ਭਰਤਾ ਇਹ ਇਸਤ੍ਰੀ ਤੇਰੀ।[22]

ਮਾਇਆਧਾਰੀ ਸੰਬੰਧੀ ਉਪਦੇਸ਼:

ਗੁਰੂ ਜੀ ਨੇ ਗ੍ਰਿਹਸਤ ਜੀਵਨ ਨੂੰ ਬਿਤਾਉਂਦਿਆਂ ਪੈਸੇ ਦੇ ਲਾਲਚ ਤੋਂ ਬਚ ਕੇ ਆਪਣਾ ਜੀਵਨ ਸੱਚੀ-ਸੁਚੀ ਕਿਰਤ ਕਰਨ ਅਤੇ ਆਪਣੀ ਕਿਰਤ ਵਿਚੋਂ ਲੋੜਵੰਦਾਂ ਦੀ ਸਹਾਇਤਾ ਕਰਨ ਦਾ ਉਪਦੇਸ਼ ਦਿੱਤਾ। ਇਸ ਸੰਬੰਧੀ 'ਮਹਿਮਾ ਪ੍ਰਕਾਸ਼' ਵਿਚ ਇਕ ਸਾਖੀ ਮਿਲਦੀ ਹੈ ਕਿ ਇਕ ਗਰੀਬ ਬ੍ਰਾਹਮਣ ਨੂੰ ਗੁਰੂ ਜੀ ਉਸ ਦੀ ਲੋੜ ਪੂਰੀ ਕਰਨ ਲਈ ਆਪਣੇ ਇਕ ਸ਼ਰਧਾਲੂ ਗੰਗੋ ਕੋਲ ਭੇਜਦੇ ਹਨ ਪਰ ਗੰਗੋ ਉਸ ਦੀ ਮਦਦ ਨਹੀਂ ਕਰਦਾ। ਜਿਸ ਕਰਕੇ ਗੰਗੋ ਦਾ ਕੰਮ ਠੱਪ ਹੋ ਜਾਂਦਾ ਹੈ ਅਤੇ ਮੁੜ ਗੁਰੂ ਜੀ ਦੀ ਸ਼ਰਣ ਵਿਚ ਆ ਕੇ ਨਿਹਾਲ ਹੁੰਦਾ ਹੈ:

ਸਤਗੁਰ ਪਾਸ ਬ੍ਰਹਮਨ ਕੋਊ ਆਇਆ।
ਕੰਨਿਆ ਬਿਆਹੁ ਕੋ ਅਰਥ ਸੁਨਾਇਆ।
ਪਚਾਸ ਰੁਪਯਾ ਆਗਿਆ ਭਈ।
ਗੰਗੋ ਪਰ ਹੁੰਡੀ ਲਿਖ ਦਈ।
ਗੰਗੋ ਕੋ ਜਾਇ ਬ੍ਰਹਮਨ ਦਿਖਲਾਈ।
ਮੁਹਿ ਤੁਰਤ ਰੁਪਈਐ ਦੇਵੋ ਭਾਈ।
ਦੇਖ ਗੰਗੋ ਬਿਸਮੇ ਹੋਇ ਗਇਆ।
ਨਹ ਦੀਆ ਰੁਪਯਾ ਚੁਪ ਕਰ ਰਹਾ।[23]

ਗੁਰੂ ਜੀ ਕੋਲ ਅਨੇਕਾਂ ਸੰਗਤਾਂ ਭੇਟਾਵਾਂ ਲੈ ਕੇ ਆਉਂਦੀਆਂ ਸਨ। ਗੁਰੂ ਜੀ ਇਹਨਾਂ ਭੇਟਾਵਾਂ ਨੂੰ ਕਦੇ ਵੀ ਆਪਣੇ ਸਵਾਰਥ ਲਈ ਨਹੀਂ ਵਰਤਦੇ ਸਨ। ਉਹ ਆਪਣੇ ਸੇਵਕਾਂ ਨੂੰ ਲਾਲਚ ਤੋਂ ਹਮੇਸ਼ਾ ਦੂਰ ਰਹਿਣ ਦਾ ਉਪਦੇਸ਼ ਦਿੰਦੇ ਸਨ। ਇਕ ਵਾਰ ਉਹਨਾਂ ਦੇ ਸਪੁਤਰ ਬਾਬਾ ਮੋਹਰੀ ਦੇ ਮਨ ਵਿਚ ਆ ਗਿਆ ਕਿ ਉਸ ਨੇ ਕਦੇ ਇਕ ਲਖ ਟਕਾ ਨਹੀਂ ਵੇਖਿਆ। ਗੁਰੂ ਜੀ ਨੇ ਇਹ ਜਾਣ ਕੇ ਸਾਰੀਆਂ ਸੰਗਤਾਂ ਨੂੰ ਪੰਜ-ਪੰਜ ਪੈਸੇ ਭੇਟਾ ਵਜੋਂ ਲੈ ਕੇ ਆਉਣ ਲਈ ਕਿਹਾ। ਪੈਸਿਆਂ

ਦਾ ਢੇਰ ਲਗ ਗਿਆ। ਗੁਰੂ ਜੀ ਨੇ ਬਾਬਾ ਮੋਹਰੀ ਨੂੰ ਪੈਸੇ ਗਿਣਨ ਲਈ ਕਿਹਾ। ਜਦੋਂ ਬਾਬਾ ਮੋਹਰੀ ਪੈਸੇ ਗਿਣ ਹਟੇ ਤਾਂ ਗੁਰੂ ਜੀ ਨੇ ਕਿਹਾ ਕਿ ਦੇਖ ਤੇਰੇ ਹਥ ਕਾਲੇ ਹੋ ਗਏ ਹਨ ਅਤੇ ਉਪਦੇਸ਼ ਦਿੱਤਾ ਕਿ ਪੈਸਿਆਂ ਦਾ ਲਾਲਚ ਮਾੜਾ ਹੁੰਦਾ ਹੈ। ਇਨ੍ਹਾਂ ਨੂੰ ਲੋੜ ਤੋਂ ਵੱਧ ਇਕੱਠੇ ਕਰਨ ਨਾਲ ਘਰ ਵੀ ਅਪਵਿਤਰ ਹੋ ਜਾਂਦਾ ਹੈ। ਇਸ ਦਾ ਮੋਹ ਤਿਆਗ ਕੇ ਪਰਮਾਤਮਾ ਦੀ ਭਗਤੀ ਕਰਨ ਨਾਲ ਦੁਖਾਂ ਦਾ ਨਾਸ ਹੋ ਜਾਂਦਾ ਹੈ:

ਹਮ ਤੋ ਧਨ ਕੀ ਕਬੀ ਨ ਦੇਖਾ।
ਕਬੀ ਲਾਖ ਟਕਾ ਨੈਨ ਨਹੀ ਪੇਖਾ।
ਸਤਗੁਰ ਕੋ ਮਾਇਆ ਨਹੀ ਭਾਵੈ।
ਹਮ ਕਿਉ ਕਰ ਦੇਖੋ ਕੇ ਦਿਖਲਾਵੈ।
ਗੁਰ ਅੰਤਰਜਾਮੀ ਯਹ ਬਿਧ ਪਹਚਾਨੀ।
ਸੰਗ ਸੁਭਾਇ ਸੁਤ ਬਾਤ ਬਖਾਨੀ।
ਮੈ ਤਾ ਕੀ ਸੰਕਾ ਪਰਹਰਨੀ।
ਗੁਰ ਦਿਖਲਾਵੈ ਧਨ ਕੀ ਕਰਨੀ।
ਸਤਿਗੁਰ ਸੰਗਤ ਕਉ ਆਗਿਆ ਕਰੀ।
ਪੰਜ ਪੈਸੇ ਭੇਟ ਲੇ ਆਵੋ ਇਹ ਘਰੀ।
ਸਭ ਸਿੱਖਨ ਭੇਟ ਇਕਤ੍ਰ ਕਰਾਇਆ।
ਬਡਾ ਢੇਰ ਪੈਸਿਓ ਦਾ ਲਾਇਆ।
ਤਬ ਸਤਗੁਰ ਮੋਹਰੀ ਲੀਆ ਬੁਲਾਇ।
ਹੇ ਸੁਤ ਇਸ ਧਨ ਕੋ ਗਿਨ ਲੇ ਜਾਉ।
ਗੁਰ ਬਚਨ ਮਾਨ ਪੈਸਾ ਗਿਨ ਡਾਰਾ।
ਦੁਹੂੰ ਹਾਥ ਰੰਗ ਲਾਗਾ ਕਾਰਾ।
ਚਲਤੇ ਨ ਚਾਲੇ ਸੰਗ।
ਹਰਿ ਕੀ ਭਗਤ ਕਰੈ ਭੰਗ।
ਹੈ ਤਿਆਗ ਕਰਨਾ ਮੂਲ।
ਲਾਗੇ ਨ ਦੁਖ ਕੀ ਸੂਲ।[24]
ਔਧ ਪਰਜੰਤ ਸ੍ਰੀ ਮੋਹਰੀ ਨਹੀ ਧਨ ਕੌ ਕੀਨਾ ਨਹੀ ਚਿਤ।
ਸਤਗੁਰ ਕੀ ਰਹਨੀ ਰਹੇ ਕੀਆ ਭਗਤ ਸੰਚੌਨੀ ਨਿਤ।[25]



ਗ੍ਰਿਹਸਤ ਮਾਰਗ ਨੂੰ ਮਾਨਤਾ:

ਗੁਰੂ ਅਮਰਦਾਸ ਨੇ ਗੁਰਮਤਿ ਦੇ ਸਿਧਾਂਤ ਗ੍ਰਹਿਸਤ ਨੂੰ ਬਹੁਤ ਤਰਜੀਹ ਦਿੱਤੀ। ਗੁਰੂ ਭੈਅ ਵਿਚ ਸੱਚੇ ਮਨ ਨਾਲ ਸੇਵਾ ਕਰਨ ਵਾਲਾ ਗ੍ਰਹਿਸਤੀ ਥੋੜ੍ਹੇ ਸਮੇਂ ਵਿਚ ਹੀ ਉੱਚੀ ਆਤਮਕ ਅਵਸਥਾ ’ਤੇ ਪਹੁੰਚ ਜਾਂਦਾ ਹੈ ਜਿਥੇ ਜੋਗੀ, ਸਿੱਧ ਹਜ਼ਾਰਾਂ ਸਾਲਾਂ ਦੀ ਘਾਲਣਾ ਤੋਂ ਬਾਅਦ ਵੀ ਪਹੁੰਚ ਨਹੀਂ ਸਕਦੇ। ਇਸ ਤਰ੍ਹਾਂ ਹੀ ਕਾਬਲ ਦੀ ਇਕ ਇਸਤਰੀ ਗੋਇੰਦਵਾਲ ਸੇਵਾ ਲਈ ਰੋਜ਼ਾਨਾ ਆਉਂਦੀ ਸੀ ਜਿਸ ਬਾਬਤ ਸਿੱਖਾਂ ਨੇ ਗੁਰੂ ਸਾਹਿਬ ਨੂੰ ਪੁੱਛਿਆ। ਗੁਰੂ ਜੀ ਨੇ ਗ੍ਰਹਿਸਤ ਦੀ ਮਹਾਨਤਾ ਨੂੰ ਦੱਸਦੇ ਹੋਏ ਇਸ ਨੂੰ ਸਮਾਜ ਤੋਂ ਭੱਜੇ ਜੋਗੀਆਂ ਤੇ ਸਿੱਧਾਂ ਦੀ ਹਜ਼ਾਰਾਂ ਸਾਲਾਂ ਦੀ ਤਪਸਿਆ ਤੋਂ ਵੀ ਵੱਧ ਦੱਸਿਆ:

ਤਾ ਤੇ ਸਿਧ ਅਵਸਥਾ ਪਾਈ।
ਗ੍ਰਿਹਸਤ ਮਾਹਿ ਦ੍ਰਿੜ ਭਗਤ ਕਮਾਈ।
ਇਸ ਸਮਾਨ ਪਤਬ੍ਰਤੀ ਨ ਕੋਇ।
ਗੁਰ ਧਿਆਨੀ ਭਗਤੀ ਬਪੁ ਸੋਇ।[26]

ਕਰਮ ਧਰਮ ਦੀ ਸੱਚੀ ਕਿਰਤ ’ਤੇ ਜ਼ੋਰ:

ਗੁਰੂ ਅਮਰਦਾਸ ਸਾਹਿਬ ਨੇ ਸਿੱਖ ਨੂੰ ਸੱਚੀ ਕਿਰਤ ਕਰਨ ਦਾ ਉਪਦੇਸ਼ ਦਿੱਤਾ। ਸਮਾਜ ਵਿਚ ਵੱਢੀ ਲੈ ਕੇ ਧਨ ਕਮਾਉਣ ਵਾਲੇ ਤੇ ਵਿਹਲੜ (ਭਾਵੇਂ ਧਾਰਮਕ ਆਗੂ ਹੀ ਕਿਉਂ ਨਾ ਹੋਣ) ਨੂੰ ਉਹਨਾਂ ਅਧਰਮੀ ਕਿਹਾ ਹੈ। ਇਸ ਲਈ ਮਨੁੱਖ ਨੂੰ ਕਿਰਤ ਕਰਨ ਤੇ ਨਾਮ ਜਪਣ ’ਤੇ ਜ਼ੋਰ ਦਿੱਤਾ ਹੈ:

ਹੇ ਸੁਤ ਧਰਮ ਕਿਰਤ ਹਰਿ ਭਗਤਿ ਕਹਾਵੈ।
ਜੋ ਕਰੈ ਭਗਤਿ ਸੋਈ ਸੁਖ ਪਾਵੈ।
ਹਰਿ ਕੀ ਭਗਤਿ ਕਹਾਵੈ ਧਰਮ।
ਬਿਨਾ ਭਗਤ ਕਿਰਤ ਕਰਮ ਅਧਰਮ।[27]

ਲੋੜਵੰਦਾਂ ਦੀ ਮਦਦ ਸੰਬੰਧੀ:

ਗੁਰੂ ਜੀ ਹਮੇਸ਼ਾਂ ਹੀ ਦੀਨ ਤੇ ਲੋੜਵੰਦਾਂ ਦੀ ਮਦਦ ਲਈ ਤਤਪਰ ਰਹਿੰਦੇ ਸਨ। ਬਿਨਾਂ ਕਿਸੇ ਭੇਦ-ਭਾਵ, ਜਾਤ-ਪਾਤ ਜਾਂ ਊਚ-ਨੀਚ ਦੇ ਹਰ ਇਕ ਨੂੰ ਆਪਣੇ ਕਲਾਵੇ ਵਿਚ ਲੈਂਦੇ ਸਨ। ਇਕ ਵਾਰ ਇਕ ਗਰੀਬ ਅਨਾਥ ਪ੍ਰੇਮਾ ਖਤ੍ਰੀ ਨਾਮ ਦੇ ਵਿਅਕਤੀ ਨੂੰ ਕੋਹੜ ਦਾ ਰੋਗ ਹੋ ਜਾਂਦਾ ਹੈ। ਸਾਰੇ ਉਸ ਨੂੰ ਧ੍ਰਿਕਾਰ ਦਿੰਦੇ ਹਨ ਅਤੇ ਪਿੰਡ ਤੋਂ ਬਾਹਰ ਉਸ ਦੀ ਛੰਨ ਪਾ ਦਿੱਤੀ ਜਾਂਦੀ ਹੈ। ਕੋਈ ਵੀ ਉਸ ਦੇ ਨੇੜੇ ਨਹੀਂ ਲਗਦਾ। ਉਹ ਗੁਰੂ ਅਮਰਦਾਸ ਦੀ ਉਪਮਾ ਸੁਣਕੇ ਸਰਨ ਵਿਚ ਆਉਂਦਾ ਹੈ। ਗੁਰੂ ਸਾਹਿਬ ਉਸ ਨੂੰ ਅਰੋਗ ਕਰ ਦਿੰਦੇ ਹਨ। ਉਹ ਗੁਰੂ ਜੀ ਕੋਲ ਰਹਿ ਕੇ

ਹੀ ਸੇਵਾ ਕਰਨ ਲਗ ਜਾਂਦਾ ਹੈ। ਉਸ ਦੀ ਸੇਵਾ ਤੋਂ ਖੁਸ਼ ਹੋ ਕੇ ਗੁਰੂ ਜੀ ਉਸ ਨੂੰ ਬਹੁਤ ਪਿਆਰ ਕਰਨ ਲਗ ਜਾਂਦੇ ਹਨ ਅਤੇ ਉਸ ਦਾ ਨਾਮ ਮੁਰਾਰੀ ਰਖ ਦਿੰਦੇ ਹਨ। ਸੰਗਤ ਵਿਚ ਉਸ ਦੇ ਵਿਆਹ ਦੀ ਗੱਲ ਕਰਦੇ ਹਨ ਕਿ ਜੋ ਵੀ ਸਿੱਖ ਮੁਰਾਰੀ ਨਾਲ ਆਪਣੀ ਬੇਟੀ ਦਾ ਵਿਆਹ ਕਰੇਗਾ ਉਹ ਲੋਕ ਪ੍ਰਲੋਕ ਦੇ ਸੁਖ ਪ੍ਰਾਪਤ ਕਰੇਗਾ। ਗੁਰੂ ਦਾ ਧਨਾਢ ਸਿੱਖ ਸੀਹਾ ਉਪਲ ਆਪਣੀ ਬੇਟੀ ਦੀ ਸ਼ਾਦੀ ਭਾਈ ਮੁਰਾਰੀ ਨਾਲ ਕਰ ਦਿੰਦਾ ਹੈ। ਸੀਹਾ ਉਪਲ ਦੀ ਪਤਨੀ ਗੁਰੂ ਜੀ ਕੋਲ ਆ ਕੇ ਵਿਰਲਾਪ ਕਰਦੀ ਹੈ ਕਿ ਉਸ ਦੀ ਬੇਟੀ ਦੀ ਸ਼ਾਦੀ ਇਕ ਅਨਾਥ ਨਾਲ ਕਰ ਦਿੱਤੀ। ਗੁਰੂ ਜੀ ਉਸ ਨੂੰ ਕਹਿੰਦੇ ਹਨ ਕਿ ਮੁਰਾਰੀ ਅਨਾਥ ਨਹੀਂ, ਉਹ ਤਾਂ ਮੇਰਾ ਪੁਤਰ ਹੈ। ਇਸ ਤਰ੍ਹਾਂ ਗੁਰੂ ਜੀ ਨੇ ਮੁਰਾਰੀ ਨੂੰ ਆਪਣਾ ਪੁਤਰ ਬਣਾ ਲਿਆ ਅਤੇ ਕਿਹਾ ਕਿ ਇਸ ਨਾਲ ਵਿਆਹ ਕਰਕੇ ਤੇਰੀ ਬੇਟੀ ਦਾ ਨਾਂ ਅਮਰ ਹੋ ਜਾਏਗਾ ਅਤੇ ਮੁਰਾਰੀ ਤੋਂ ਵੀ ਪਹਿਲਾਂ ਲਿਆ ਜਾਵੇਗਾ। ਤਾਂ ਹੀ ਅੱਜ ਇਹ ਸਾਖੀ 'ਮਥੋ ਮੁਰਾਰੀ' ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਸਾਹਿਬ ਮੁਰਾਰੀ ਨੂੰ ਪ੍ਰਚਾਰ ਲਈ ਮੰਜੀ ਦੀ ਬਖਸ਼ਿਸ਼ ਕਰਦੇ ਹਨ। ਇਸ ਪ੍ਰਕਾਰ ਗੁਰੂ ਸਾਹਿਬ ਬਿਨਾਂ ਜਾਤ-ਪਾਤ, ਭੇਦ-ਭਾਵ ਅਤੇ ਧਨ ਦੌਲਤ ਦੇ ਭਾਈ ਮੁਰਾਰੀ ਦਾ ਵਿਆਹ ਕਰਕੇ ਸਿੱਖਾਂ ਲਈ ਨਵੀਂ ਰੀਤ ਚਲਾ ਦਿੰਦੇ ਹਨ। ਜਿਸ ਦਾ ਪ੍ਰਮਾਣ ਹੇਠ ਦਿਤੀ ਸਾਖੀ ਤੋਂ ਮਿਲ ਜਾਂਦਾ ਹੈ:

ਇਕ ਪ੍ਰੇਮ ਨਾਮ ਖਤ੍ਰੀ ਕੁਲ ਆਹਾ।
ਦਾਲਿਦ੍ਰ ਰੂਪ ਅਤ ਆਸੁਭ ਬੇਖ।
ਦੇਹੀ ਕੁਸਟ ਅਮੰਗਲ ਭੇਖ।
ਹਾਥ ਪਾਓ ਗਿੜ ਪੜੇ।
ਕੋਊਹੋਨ ਨ ਦੇਇ ਪਾਸ ਤਿਸ ਖੜੇ।
ਮਾਟੀ ਪਾਤ੍ਰ ਗਲ ਮੋ ਲਟਕਾਏ।
ਕੋਊਟੁਕੜਾ ਦੇਇ ਸੁ ਤਾ ਮੋ ਪਾਇ।[28]
ਤਿਨ ਸਤਗੁਰ ਦਿਆਲ ਕੀ ਮਹਮਾ ਸੁਨੀ।
ਭਲੀ ਭਾਂਤ ਸੋ ਮਨ ਮੋ ਗੁਨੀ।
ਗੁਰ ਭਏ ਦਿਆਲ। ਹੂਆ ਨਿਹਾਲ।
ਪੁਨ ਸਤਗੁਰ ਸਿੱਖਨ ਕਹਾ ਸੁਨਾਇ।
ਆਗਿਆ ਕਰੀ ਕੋਊਸਿੱਖ ਮਮ ਆਹ।
ਅਪਨੀ ਸੁਤਾ ਬਿਆਹ ਇਸ ਦੇਵੈ।
ਦੁਹੂੰ ਲੋਕ ਕੀਰਤ ਫਲ ਲੇਵੈ।[29]
ਸੀਹਾ ਉਪਲ ਬਢ ਸਿੱਖ ਕੁਲੀਨ।



ਹਾਥ ਜੋੜ ਤਿਨ ਬਿਨਤੀ ਕੀਨ।
ਬਰਪ੍ਰਾਪਤ ਕੰਨਿਆ ਮਮ ਆਹ।
ਹੇ ਪ੍ਰਭ ਇਸ ਕੋ ਦੇਵੋ ਬਿਆਹ।[30]

ਉਪਰੋਕਤ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਅਮਰਦਾਸ ਨੇ ਕਿਸ ਤਰ੍ਹਾਂ ਮਾਵਨਵਤਾ ਤੋਂ ਹੀਣੇ ਤੇ ਨੈਤਿਕ ਕਦਰਾਂ-ਕੀਮਤਾਂ ਤੋਂ ਡਿਗੇ ਸਮਾਜ ਨੂੰ ਮੁੜ ਸਵਸਥ ਕਰਨ ਲਈ ਪੁਰਜ਼ੋਰ ਯਤਨ ਕੀਤੇ। ਸਮਾਜ ਤੋਂ ਦਰਕਿਨਾਰ ਕੀਤੇ ਲੋਕਾਂ ਨੂੰ ਮੁੜ ਬਣਦਾ ਮਾਣ ਸਨਮਾਨ ਦਿਵਾਇਆ। ਸਮਾਜ ਤੋਂ ਦਰਕਾਰੀ ਔਰਤ ਨੂੰ ਸਮਾਨਤਾ ਤੇ ਸਤਿਕਾਰ ਦਾ ਭਾਗੀਦਾਰ ਬਣਾਇਆ। ਸਤੀ ਪ੍ਰਥਾ ਜਿਹੀ ਭੈੜੀ ਰਸਮ ਨੂੰ ਨਿੰਦਿਆ ਅਤੇ ਪੁਨਰ ਵਿਆਹ ਦੀ ਰੀਤ ਕਾਇਮ ਕੀਤੀ ਜੋ ਆਪਣੇ ਆਪ ਵਿਚ ਇਕ ਬਹੁਤ ਵਡਾ ਇਨਕਲਾਬੀ ਕਦਮ ਸੀ। ਜਿਥੇ ਬਹੁ-ਸੰਮਤੀ ਲੋਕ ਕਿਸੇ ਰਸਮ ਦੇ ਹੱਕ ਵਿਚ ਹੋਣ ਉਥੇ ਇਹੋ ਜਿਹੀ ਗੱਲ ਕਰ ਜਾਣੀ ਬਹੁਤ ਔਖਾਂ ਕੰਮ ਸੀ। ਸਦੀਆਂ ਪੁਰਾਣੀ ਧਾਰਮਕ ਕੱਟੜਤਾ ਤੋੜ ਕੇ 'ਜਿਤ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ' ਦਾ ਉਪਦੇਸ਼ ਦ੍ਰਿੜ ਕਰਾਉਣਾ ਉਹਨਾਂ ਦੇ ਹੀ ਹਿੱਸੇ ਆਇਆ। ਕੇਵਲ ਸਿਧਾਂਤਕ ਰੂਪ ਵਿਚ ਹੀ ਨਹੀਂ ਸਗੋਂ ਵਿਵਹਾਰਕ ਰੂਪ ਵਿਚ ਵੀ ਗੁਰੂ ਜੀ ਇਸ ਨੂੰ ਜੀਵਨ ਵਿਚ ਹੰਢਾਉਂਦੇ ਰਹੇ। ਗੁਰੂ ਸਾਹਿਬ ਨੇ 22 ਮੰਜੀਆਂ ਪ੍ਰਚਾਰ ਲਈ ਸਥਾਪਤ ਕੀਤੀਆਂ ਜਿਹਨਾਂ ਵਿਚ ਵੱਖੋ-ਵੱਖਰੀਆਂ ਜਾਤਾਂ, ਕੌਮਾਂ, ਇਲਾਕਿਆਂ ਤੇ ਕਿੱਤਿਆਂ ਦੇ ਲੋਕ ਸਨ ਜੋ ਪ੍ਰਤੱਖ ਰੂਪ ਵਿਚ ਆਦਰਸ਼ ਸਮਾਜ ਦਾ ਮਾਡਲ ਹੈ:

ਪੰਥ ਨਵੀਨ ਪ੍ਰਕਾਸ਼ਨ ਕਰਯੋ।
ਭੇਦ ਬਰਨ ਜਾਤੀ ਪਰਹਰਯੋ।
ਚਤੁਰ ਵਰਨ ਇਕ ਦੇਗ਼ਅਹਾਰਾ।
ਇਕ ਸਮ ਸੇਵਹਿ ਧਰਿ ਉਰ ਪਯਾਰਾ।[31]

ਸੋ ਗੁਰੂ ਅਮਰਦਾਸ ਨੇ ਗੁਰੂ ਨਾਨਕ ਦੇਵ ਦੁਆਰਾ ਚਲਾਏ ਨਵੇਂ ਪੰਥ ਦਾ ਵਿਕਾਸ ਕੀਤਾ ਅਤੇ ਜਾਤਾਂ ਵਰਨਾਂ ਦੇ ਭੇਦ-ਭਾਵ ਨੂੰ ਖਤਮ ਕਰਨ ਦਾ ਸਫ਼ਲ ਯਤਨ ਕੀਤਾ। ਸਭ ਨੂੰ ਇਕ ਕਰਕੇ ਆਪਸੀ ਪਿਆਰ ਕਾਇਮ ਕਰ ਦਿੱਤਾ।

**ਹਵਾਲੇ:**

1. ਕਿਵ ਸਚਿਆਰਾ ਹੋਈਐ ਕਿਵ ਕੂੜੇ ਤੁਟੈ ਪਾਲਿ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1.
2. ਜੁਗਿ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ।

ਉਠੇ ਗਿਲਾਨੀ ਜਗਤਿ ਵਿਚਿ ਵਰਤੇ ਪਾਪ ਭ੍ਰਿਸਟਿ ਸੰਸਾਰਾ।
ਵਰਨਾਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ।
ਨਿੰਦਿਆ ਚਲੇ ਵੇਦ ਕੀ ਸਮਝਨਿ ਨਹਿ ਅਗਿਆਨਿ ਗੁਬਾਰਾ।
ਬੇਦ ਗਿਰੰਥ ਗੁਰ ਹਟਿ ਹੈ ਜਿਸੁ ਲਗਿ ਭਵਜਲ ਪਾਰਿ ਉਤਾਰਾ।
ਵਾਰਾਂ ਭਾਈ ਗੁਰਦਾਸ ਜੀ, ਵਾਰ ਪਹਿਲੀ, ਪਉੜੀ 17ਵੀਂ

3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 968.
4. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਰਜਿੰਦਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪਟਿਆਲਾ, 1971, ਪੰਨਾ 102.
5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 102.
6. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 163.
7. ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ, ਭਾਈ ਵੀਰ ਸਿੰਘ (ਸੰਪਾ.) ਭਾਸ਼ਾ ਵਿਭਾਗ, ਪਟਿਆਲਾ, 1989, ਪੰਨਾ 1442.
8. ਮਹਿਮਾ ਪ੍ਰਕਾਸ਼, ਪੰਨੇ 240-241.
9. ਉਹੀ, ਪੰਨੇ 241-242.
10. ਉਹੀ, ਪੰਨਾ 243.
11. ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1449.
12. ਉਹੀ, ਪੰਨਾ 1395.
13. ਉਹੀ, ਪੰਨਾ 1504.
14. ਮਹਿਮਾ ਪ੍ਰਕਾਸ਼, ਪੰਨੇ 136-137.
15. ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1504.
16. ਮਹਿਮਾ ਪ੍ਰਕਾਸ਼, ਪੰਨਾ 112.
17. ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1504.
18. ਉਹੀ, ਪੰਨਾ 1454.
19. ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1456.
20. ਮਹਿਮਾ ਪ੍ਰਕਾਸ਼, ਪੰਨਾ 115.
21. ਉਹੀ, ਪੰਨਾ 116.
22. ਉਹੀ, ਪੰਨਾ 116.
23. ਮਹਿਮਾ ਪ੍ਰਕਾਸ਼, ਪੰਨਾ 179.
24. ਮਹਿਮਾ ਪ੍ਰਕਾਸ਼, ਪੰਨੇ 259-260.
25. ਉਹੀ, ਪੰਨਾ 261.
26. ਮਹਿਮਾ ਪ੍ਰਕਾਸ਼, ਪੰਨਾ 186.



27. ਉਹੀ, ਪੰਨਾ 268.
28. ਮਹਿਮਾ ਪ੍ਰਕਾਸ਼, ਪੰਨਾ 210.
29. ਉਹੀ, ਪੰਨਾ 214.
30. ਉਹੀ, ਪੰਨਾ 214.
31. ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1504.

# JOURNAL OF SRI GURU GRANTH SAHIB STUDIES

**FORM IV**

**(See Rule 8)**

| | | | |
|---|---|---|---|
| 1. | Registration No. | : | ISSN |
| 2. | Place of Publication | : | Sri Guru Granth Sahib World University, Fatehgarh Sahib |
| 3. | Periodicity of its publication | : | Biannual |
| 4. | Printer's Name | : | Dr. Pritpal Singh |
| | Nationality | : | Indian |
| | Address | : | Registrar, Sri Guru Granth Sahib World University, Fatehgarh Sahib |
| 5. | Publisher's Name | : | Professor Pritpal Singh |
| | Nationality | : | Indian |
| | Address | : | Registrar, Sri Guru Granth Sahib World University, Fatehgarh Sahib |
| 6. | Editor's Name | : | Dr. Kirandeep Kaur |
| | Nationality | : | Indian |
| | Address | : | Deptt. of Religious & Civilizational Studies, Sri Guru Granth Sahib World University, Fatehgarh Sahib |
| | Name and address of the individuals who own the newspaper and partners or shareholders holding more than one per cent of the total capital | : | Sri Guru Granth Sahib World University, Fatehgarh Sahib |

I, Professor Pritpal Singh, hereby declare the particulars given above are true to the best of my knowledge and belief.

**Professor Pritpal Singh**
Registrar
Sri Guru Granth Sahib World University,
Fatehgarh Sahib

**EXCHANGE OFFER**

Institutions are requested to send their journals in exchange of the Journal of Sri Guru Granth Sahib Studies to
Sri Guru Granth Sahib World University, Fatehgarh Sahib-140406